Reo-Bankowned Properties
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
Jassi Gill
CA DRE# 00966763

Ad Space Available
Call: 847-359-0746

ਸਸਤੀ ਅਤੇ ਵਧੀਆ
ਹੈਲਥ ਇੰਸ਼ੋਰੈਂਸ
Quality Health Care
Including MEDI-CAL
COVERED CALIFORNIA
Manjit Gill
Certified Insurance Agent
CA. Lic#0B23990
Ph:510-888-1180
209-524-4008
Gill Financial & Insurance Services
27165 Mission Blvd, Hayward CA 94544
www.gillfinancial.com

Fifteenth Year of Publication
ਕੈਲੀਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
www.punjabtimesusa.com

# ਪੰਜਾਬ ਟਾਈਮਜ਼

Punjab Times, Vol 15, Issue 4, January 25, 2014 20451 N Plum Grove Rd., Palatine, IL 60074 Ph:847-359-0746, Fax:847-705-9388

# ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਟੁੱਟਣ ਲਈ ਰਾਹ ਖੁੱਲ੍ਹਿਆ

## ਬੇਵਜ੍ਹਾ ਦੇਰੀ ਬਣੀ ਸਜ਼ਾ ਬਦਲਣ ਦਾ ਆਧਾਰ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਦੀ ਸੁਪਰੀਮ ਕੋਰਟ ਵੱਲੋਂ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ 15 ਕੈਦੀਆਂ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਨ ਨਾਲ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਦਾ ਰਾਹ ਮੋਕਲਾ ਹੋ ਗਿਆ ਹੈ। ਅਦਾਲਤ ਨੇ 21 ਜਨਵਰੀ ਨੂੰ ਇਹ ਅਹਿਮ ਫੈਸਲਾ ਸੁਣਾਇਆ ਹੈ ਕਿ ਰਹਿਮ ਦੀ ਅਪੀਲ ਦਾ ਨਿਬੇੜਾ ਕਰਨ ਵਿਚ ਸਰਕਾਰ ਵੱਲੋਂ ਹੋਈ ਦੇਰੀ ਦੇ ਆਧਾਰ 'ਤੇ ਫਾਂਸੀ ਦੀ ਸਜ਼ਾ ਵਾਲੇ ਕੈਦੀਆਂ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕੀਤੀ ਜਾ ਸਕਦੀ ਹੈ। ਅਦਾਲਤ ਦੇ ਇਸ ਫੈਸਲੇ ਨਾਲ ਪ੍ਰੋ. ਭੁੱਲਰ ਸਣੇ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਕਈ ਕੈਦੀਆਂ ਨੂੰ ਰਾਹਤ ਮਿਲ ਸਕਦੀ ਹੈ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਸਪਸ਼ਟ ਕਰ ਦਿੱਤਾ ਹੈ ਕਿ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਨ ਲਈ ਅਪੀਲ ਬਾਰੇ 12 ਅਪਰੈਲ 2013 ਨੂੰ ਜੋ ਫੈਸਲਾ ਦਿੱਤਾ ਗਿਆ ਸੀ, ਉਹ ਗਲਤ ਸੀ। ਉਦੋਂ ਜਸਟਿਸ ਜੀ.ਐਸ. ਸਿੰਘਵੀ ਅਤੇ ਐਸ.ਜੇ. ਮੁਖੋਪਾਧਿਆਏ ਦੇ ਬੈਂਚ ਨੇ ਭੁੱਲਰ ਦੀ ਪਟੀਸ਼ਨ ਖਾਰਜ ਕਰਦਿਆਂ ਕਿਹਾ ਸੀ ਕਿ ਕਿਸੇ ਦਹਿਸ਼ਤਪਸੰਦ ਨੂੰ ਰਹਿਮ ਦੀ ਅਪੀਲ ਵਿਚ ਸਰਕਾਰ ਕਾਰਨ ਦੇਰੀ ਜਾਂ ਕਿਸੇ ਹੋਰ ਕਾਰਨ ਦੇ ਆਧਾਰ 'ਤੇ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਦੀ ਅਪੀਲ ਦਾ ਕੋਈ ਹੱਕ ਨਹੀਂ ਹੈ।

ਹੁਣ ਚੀਫ ਜਸਟਿਸ ਪੀ. ਸਦਾਸ਼ਿਵਮ ਦੀ ਅਗਵਾਈ ਵਾਲੇ ਬੈਂਚ ਨੇ ਆਖਿਆ ਹੈ ਕਿ ਅਦਾਲਤ ਪ੍ਰੋ. ਭੁੱਲਰ ਵਾਲੇ ਕੇਸ ਵਿਚ ਪ੍ਰਗਟਾਏ ਗਏ ਵਿਚਾਰਾਂ ਨਾਲ ਸਹਿਮਤੀ ਪ੍ਰਗਟਾਉਣ ਤੋਂ ਅਸਮਰੱਥ ਹੈ। ਟਾਡਾ ਕੇਸਾਂ ਵਿਚ ਰਹਿਮ ਦੀ ਅਪੀਲ ਦੇ ਨਿਬੇੜੇ ਵਿਚ ਦੇਰੀ ਦੇ ਆਧਾਰ 'ਤੇ ਰਾਹਤ ਤੋਂ ਇਨਕਾਰ ਕਰਨ ਦੀ ਕੋਈ ਤੁੱਕ ਨਹੀਂ। ਹਰ ਕੇਸ ਨੂੰ ਤੱਥਾਂ ਦੇ ਆਧਾਰ 'ਤੇ ਵਾਚਣ ਦੀ ਲੋੜ ਹੁੰਦੀ ਹੈ। ਅਦਾਲਤ ਨੇ ਮੰਨਿਆ ਕਿ ਬੇਵਜ੍ਹਾ ਦੇਰੀ, ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰਨ ਦਾ ਆਧਾਰ ਹੈ ਤੇ ਇਹੋ ਜਿਹੇ ਹਾਲਾਤ ਟਾਡਾ ਅਧੀਨ ਮਾਮਲਿਆਂ ਸਮੇਤ ਹਰ ਤਰ੍ਹਾਂ ਦੇ ਕੇਸਾਂ ਵਿਚ ਲਾਗੂ ਹੋਣਗੇ। ਇਸ ਨਵੇਂ ਫੈਸਲੇ ਬਾਰੇ ਕਾਨੂੰਨੀ ਮਾਹਿਰਾਂ ਦੀ ਰਾਏ ਹੈ ਕਿ ਦਵਿੰਦਰਪਾਲ ਸਿੰਘ ਭੁੱਲਰ ਹੁਣ ਸੁਪਰੀਮ ਕੋਰਟ ਕੋਲ ਪਹੁੰਚ ਕਰ ਸਕਦਾ ਹੈ, ਕਿਉਂਕਿ ਚੀਫ ਜਸਟਿਸ ਦੀ ਅਗਵਾਈ ਵਾਲੇ ਬੈਂਚ ਨੇ ਪਿਛਲੇ ਸਾਲ 12 ਅਪਰੈਲ ਦੇ ਫੈਸਲੇ ਨੂੰ ਪਲਟ ਦਿੱਤਾ ਹੈ।

ਯਾਦ ਰਹੇ ਕਿ ਪ੍ਰੋ. ਭੁੱਲਰ ਨੂੰ 1993 ਵਿਚ ਤਤਕਾਲੀ ਯੂਥ ਕਾਂਗਰਸ ਪ੍ਰਧਾਨ ਐਮ.ਐਸ. ਬਿੱਟਾ 'ਤੇ ਬੰਬ ਧਮਾਕੇ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਇਸ ਹਮਲੇ ਵਿਚ ਬਿੱਟਾ ਸਮੇਤ 17 ਵਿਅਕਤੀ ਜ਼ਖ਼ਮੀ ਹੋਏ ਸਨ ਜਦਕਿ ਨੌਂ ਸੁਰੱਖਿਆ ਕਰਮਚਾਰੀ ਮਾਰੇ ਗਏ ਸਨ। ਦਿੱਲੀ ਦੀ ਅਦਾਲਤ ਨੇ ਪ੍ਰੋ. ਭੁੱਲਰ ਨੂੰ ਅਗਸਤ 2001 ਵਿਚ ਫਾਂਸੀ ਦੀ ਸਜ਼ਾ ਸੁਣਾਈ ਸੀ ਜਿਸ ਦੀ ਪੁਸ਼ਟੀ ਸੁਪਰੀਮ ਕੋਰਟ ਨੇ ਵੀ ਕਰ ਦਿੱਤੀ ਸੀ। ਦਵਿੰਦਰਪਾਲ ਸਿੰਘ ਭੁੱਲਰ ਨੇ ਰਹਿਮ ਦੀ ਪਟੀਸ਼ਨ ਰੱਦ ਕਰਨ ਵਿਚ ਹੋਈ ਦੇਰੀ ਖ਼ਿਲਾਫ਼ ਸੁਪਰੀਮ ਕੋਰਟ ਦਾ ਰੁਖ਼ ਕੀਤਾ ਪਰ ਅਦਾਲਤ ਨੇ ਕਿਹਾ ਸੀ ਕਿ ਰਾਸ਼ਟਰਪਤੀ ਵੱਲੋਂ ਦੇਰੀ ਨਾਲ ਫ਼ੈਸਲਾ ਲਏ ਜਾਣ 'ਤੇ ਖਾੜਕੂਆਂ ਨੂੰ ਕੋਈ ਰਾਹਤ ਨਹੀਂ ਦਿੱਤੀ ਜਾ ਸਕਦੀ।

ਹੁਣ ਸੁਪਰੀਮ ਕੋਰਟ ਨੇ ਚੰਦਨ ਦੇ ਸਮਗਲਰ ਵੀਰੱਪਨ ਦੇ ਚਾਰ ਸਾਥੀਆਂ ਸਣੇ ਫਾਂਸੀ ਦੀ ਸਜ਼ਾ ਵਾਲੇ 15 ਕੈਦੀਆਂ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰਦਿਆਂ ਇਹ ਫੈਸਲਾ ਵੀ ਸੁਣਾਇਆ ਹੈ ਕਿ ਸਕਿਜ਼ੋਫਰੇਨੀਆ ਜਿਹੇ ਮਾਨਸਿਕ ਰੋਗ ਨਾਲ ਪੀੜਤ ਕੈਦੀਆਂ ਨੂੰ ਫਾਂਸੀ ਨਹੀਂ ਦਿੱਤੀ ਜਾ ਸਕਦੀ। ਇਸ ਤੋਂ ਇਲਾਵਾ ਸੁਪਰੀਮ ਕੋਰਟ ਨੇ ਆਖਿਆ ਕਿ ਇਸ ਤਰ੍ਹਾਂ ਦੇ ਕੇਸਾਂ ਵਿਚ ਕੈਦੀਆਂ ਦੀ ਮਾਨਸਿਕ ਬਿਮਾਰੀ ਦੇ ਆਧਾਰ 'ਤੇ ਸਜ਼ਾ ਉਮਰ ਕੈਦ ਵਿਚ ਤਬਦੀਲ ਕੀਤੀ ਜਾ ਸਕਦੀ ਹੈ। ਰਹਿਮ ਦੀਆਂ ਪਟੀਸ਼ਨਾਂ ਦੇ ਨਿਬੇੜੇ ਤੇ ਫਾਂਸੀ ਦੀ ਸਜ਼ਾ ਦੇਣ ਬਾਰੇ ਦਿਸ਼ਾ-ਨਿਰਦੇਸ਼ ਘੜਦਿਆਂ ਚੀਫ ਜਸਟਿਸ ਪੀ. ਸਦਾਸ਼ਿਵਮ ਦੀ ਅਗਵਾਈ ਵਾਲੇ ਇਸ ਬੈਂਚ ਨੇ ਆਖਿਆ ਕਿ ਕੈਦੀ ਨੂੰ ਰਹਿਮ ਦੀ ਅਪੀਲ ਰੱਦ

(ਬਾਕੀ ਸਫਾ 6 'ਤੇ)

# ਕੇਜਰੀਵਾਲ ਨੇ ਕੇਂਦਰ ਸਰਕਾਰ ਦੀ ਪਿੱਠ ਲਾਈ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਪੁਲਿਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਨੂੰ ਲੈ ਕੇ ਖੁਦ ਹੀ ਧਰਨੇ 'ਤੇ ਬੈਠਣ ਨਾਲ ਨਵੀਂ ਚਰਚਾ ਛਿੜ ਗਈ ਹੈ। ਇਸ ਬਾਰੇ ਭਾਵੇਂ ਬਹੁਤੇ ਸਿਆਸਤਦਾਨਾਂ ਦਾ ਕਹਿਣਾ ਹੈ ਕਿ ਜਦੋਂ ਮੁੱਖ ਮੰਤਰੀ ਹੀ ਧਰਨੇ-ਮੁਜ਼ਾਹਰੇ ਕਰਨ ਲੱਗ ਪੈਣ, ਫਿਰ ਸਰਕਾਰ ਕੌਣ ਚਲਾਏਗਾ; ਪਰ ਕਈ ਟੈਲੀਵਿਜ਼ਨ ਚੈਨਲਾਂ ਵੱਲੋਂ ਕਰਵਾਏ ਸਰਵੇਖਣਾਂ ਦੌਰਾਨ ਇਹ ਤੱਥ ਸਾਹਮਣੇ ਆਇਆ ਕਿ ਆਮ ਜਨਤਾ ਨੇ ਕੇਜਰੀਵਾਲ ਦੇ ਫੈਸਲੇ ਦੀ ਖੁੱਲ੍ਹ ਕੇ ਹਾਮੀ ਭਰੀ ਹੈ। ਜ਼ਿਕਰਯੋਗ ਹੈ ਕਿ ਕੇਜਰੀਵਾਲ ਨੇ ਪੁਲਿਸ ਪ੍ਰਸ਼ਾਸਨ ਦੀ ਵਾਗਡੋਰ ਸੂਬਾ ਸਰਕਾਰ ਨੂੰ ਦੇਣ ਲਈ ਪਹਿਲੀ ਵਾਰ ਕੇਂਦਰ ਸਰਕਾਰ ਨੂੰ ਲਲਕਾਰਿਆ ਹੈ। ਪਹਿਲਾਂ ਵੀ ਬੇਸ਼ੱਕ ਇਹ ਮੰਗ ਉਠਦੀ ਰਹੀ ਹੈ ਪਰ ਕਿਸੇ ਵੀ ਮੁੱਖ ਮੰਤਰੀ ਨੇ ਸਰਕਾਰ ਨਾਲ ਮੱਥਾ ਲਾਉਣ ਦਾ ਹੀਆ ਨਹੀਂ ਸੀ ਕੀਤਾ। ਉਂਜ, ਦਿੱਲੀ ਸਰਕਾਰ ਵੱਲੋਂ ਕੇਂਦਰ ਸਰਕਾਰ ਖ਼ਿਲਾਫ਼ ਸ਼ੁਰੂ ਕੀਤਾ ਗਿਆ ਅਣਮਿਥੇ ਸਮੇਂ ਲਈ ਧਰਨਾ ਉਪ ਰਾਜਪਾਲ ਦੀ ਬੇਨਤੀ 'ਤੇ ਖ਼ਤਮ ਕਰ ਦਿੱਤਾ ਗਿਆ ਹੈ ਜਿਸ ਨਾਲ ਗਣਤੰਤਰ ਦਿਵਸ ਪਰੇਡ ਦੀਆਂ ਤਿਆਰੀਆਂ ਵਿਚ ਵਿਘਨ ਪੈਣ ਦਾ ਖ਼ਦਸ਼ਾ ਟਲ ਗਿਆ।

ਇਸੇ ਦੌਰਾਨ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਦਾਅਵਾ ਹੈ ਕਿ ਉਨ੍ਹਾਂ ਦੀਆਂ ਮੰਗਾਂ ਅੰਸ਼ਕ ਰੂਪ ਵਿਚ ਮੰਨੀਆਂ ਗਈਆਂ ਹਨ। ਉਨ੍ਹਾਂ ਅਨੁਸਾਰ ਮਾਲਵੀਆ ਨਗਰ ਦੇ ਐਸ.ਐਚ.ਓ. ਜਿਸ ਨੇ ਕਾਨੂੰਨ ਮੰਤਰੀ

(ਬਾਕੀ ਸਫਾ 6 'ਤੇ)

REAL ESTATE & HOME LOANS
Low Interest Rate
3.5% Down Payment
Free Credit Report
Free Pre-Approval
ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
Century 21
M&M and Associates
209.918.6464
ahundal@c21mm.com

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
AUTHORIZED CATERER FOR MAJOR 5-STAR HOTELS
Follow us on:
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਾਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)
Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

DHL GLOBALmail

Do More With Your Mail For Less

DHL Global Mail is dedicated to helping high-volume mailers save on shipping costs without sacrificing delivery performance or enhanced services like tracking.

Extensive Domestic & International Mail Services

DHL Global Mail connects you to customers in the U.S. and over 220 other countries and territories. With this reach and our robust selection of domestic and international mail services, we provide customized delivery solutions nobody else can match. What are your mailing needs?



Bigger Network, Larger Volume & More Postal Discounts

DHL Global Mail operates one of the world's largest domestic and international delivery networks..



*Amit Datta*
Direct: (510)-404-0087
Cell: (209) 915-9735
adatta@dhlglobalmail.com

*Tom Veit, Regional Sales Manager*
Direct: (916) 983-3183
Cell: (916) 847-3997
tveit@dhlglobalmail.com

Trinity Logistics Inc.

Brokerage Company California Office

Now Hiring Company Drivers

Team & Solo *(With Two Years Experience )*

Owner Operators

Specialize in Reefer & Dry Loads.
Run All 48 States



*Quick Pay Available
*Get paid weekly on time.
*Fuel advance

Transflo or fax your delivery BOL and get paid by ACH deposit in your account.

ਕੰਪਨੀ ਡਰਾਈਵਰਾਂ

ਟੀਮ ਅਤੇ ਸੋਲੋ (ਘੱਟੋ ਘੱਟ ਦੋ ਸਾਲ ਦਾ ਤਜ਼ਰਬਾ)

ਓਨਰ ਅਪਰੇਟਰਾਂ ਦੀ ਲੋੜ ਹੈ

*ਰੀਫਰ ਅਤੇ ਡਰਾਈ ਲੋਡ *ਸਾਰੀਆਂ 48 ਸਟੇਟਾਂ ਦੇ ਗੇੜੇ
*ਹਰ ਹਫਤੇ ਸਮੇਂ ਸਿਰ ਅਦਾਇਗੀ *ਫਿਊਲ ਐਡਵਾਂਸ

*Call Dispatch at*

661-213-3355 or 661-431-8692

2-4

GILL EXPRESS

REPAIR

ਟਰੱਕ ਅਤੇ ਟ੍ਰੇਲਰ ਰਿਪੇਅਰ





ਤਸੱਲੀਬਖਸ਼ ਕੰਮ ਤੇ ਵਾਜਬ ਰੇਟ

ਨਵੇਂ ਪੁਰਾਣੇ
ਟਾਇਰ
ਬ੍ਰੇਕ
ਆਇਲ ਚੇਂਜ
ਰੀਅਰਐਂਡ
ਟ੍ਰਾਂਸਮਿਸ਼ਨ
ਕਲੱਚ
ਵੈਲਡਿੰਗ
ਕਿੰਗਪਿੰਨਾਂ
ਸਸਪੈਂਸ਼ਨ
ਬੁਸ਼ਿੰਗ

EXIT HERNDON AVE. @ KLIEN TRUCK STOP, FRESNO CA

559-800-8687

# ਅਜੇ ਨਹੀਂ ਸੁਲਝਿਆ ਪਟਨਾ ਸਾਹਿਬ ਵਿਵਾਦ

## ਸ਼੍ਰੋਮਣੀ ਕਮੇਟੀ ਦੀ ਟੀਮ ਨੇ ਜਾਂਚ ਰਿਪੋਰਟ ਸੌਂਪੀ

**ਅੰਮ੍ਰਿਤਸਰ:** ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਵਾਪਰੀ ਮੰਦਭਾਗੀ ਘਟਨਾ ਦੀ ਜਾਂਚ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਭੇਜੀ ਗਈ ਜਾਂਚ ਟੀਮ ਨੇ ਆਪਣੀ ਜਾਂਚ ਰਿਪੋਰਟ ਸ਼੍ਰੋਮਣੀ ਕਮੇਟੀ ਤੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਸੌਂਪ ਦਿੱਤੀ ਜਿਸ ਵਿਚ ਉਨ੍ਹਾਂ ਇਸ ਘਟਨਾ ਤੇ ਇਸ ਦੇ ਹੱਲ ਲਈ ਕੀਤੇ ਯਤਨਾਂ ਦੇ ਵੇਰਵੇ ਦਿੱਤੇ ਹਨ। ਇਸ ਬਾਰੇ ਅਗਲੀ ਕਾਰਵਾਈ ਹੁਣ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਕੀਤੀ ਜਾਵੇਗੀ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਮਨਜੀਤ ਸਿੰਘ ਨੇ ਦੱਸਿਆ ਕਿ ਜਾਂਚ ਰਿਪੋਰਟ ਵਿਚ ਸੱਤ ਜਨਵਰੀ ਨੂੰ ਪਟਨਾ ਸਾਹਿਬ ਵਿਖੇ ਗੁਰਪੁਰਬ ਮੌਕੇ ਵਾਪਰੀ ਘਟਨਾ ਦੇ ਵੇਰਵੇ ਦਿੱਤੇ ਗਏ ਹਨ ਕਿ ਉਸ ਦਿਨ ਕੀ ਕੁਝ ਵਾਪਰਿਆ। ਇਸ ਤੋਂ ਇਲਾਵਾ ਜਾਂਚ ਕਮੇਟੀ ਵੱਲੋਂ ਦੋਵਾਂ ਧਿਰਾਂ ਵਿਚਾਲੇ ਤਣਾਅ ਘਟਾਉਣ ਤੇ ਮਸਲੇ ਨੂੰ ਹੱਲ ਕਰਨ ਲਈ ਕੀਤੇ ਗਏ ਯਤਨਾਂ ਦੇ ਵੇਰਵੇ ਹਨ। ਜਾਂਚ ਕਮੇਟੀ ਨੇ ਦੋਵਾਂ ਧਿਰਾਂ ਵਿਚਾਲੇ ਕਰਵਾਏ ਗਏ ਸਮਝੌਤੇ ਬਾਰੇ ਵੀ ਦੱਸਿਆ ਹੈ। ਇਹ ਸਮਝੌਤਾ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਹੋਇਆ ਸੀ ਤੇ ਇਸ ਉਪਰ ਦੋਵਾਂ ਧਿਰਾਂ ਦੇ ਆਗੂਆਂ ਵੱਲੋਂ ਦਸਤਖ਼ਤ ਕੀਤੇ ਗਏ ਸਨ। ਸਮਝੌਤਾ ਹੋਣ



ਮਗਰੋਂ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਸਮਝੌਤੇ ਤੋਂ ਪਿੱਛੇ ਹਟ ਗਏ ਹਨ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਨਿੱਜੀ ਸਹਾਇਕ ਜਸਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਜਾਂਚ ਰਿਪੋਰਟ ਪੁੱਜ ਗਈ ਹੈ ਤੇ ਹੁਣ ਸੰਤ ਸਮਾਜ ਵੱਲੋਂ ਭੇਜੀ ਜਾਣ ਵਾਲੀ ਜਾਂਚ ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ। ਦੂਜੀ ਰਿਪੋਰਟ ਮਿਲਣ ਮਗਰੋਂ ਅਕਾਲ ਤਖ਼ਤ ਸਾਹਿਬ ਤੋਂ ਇਹ ਮਾਮਲਾ ਵਿਚਾਰਿਆ ਜਾਵੇਗਾ ਤੇ ਘਟਨਾ ਲਈ ਜ਼ਿੰਮੇਵਾਰ ਵਿਅਕਤੀਆਂ ਖਿਲਾਫ਼ ਸਖ਼ਤ ਕਾਰਵਾਈ ਹੋਵੇਗੀ। ਦੂਜੇ ਪਾਸੇ ਪਟਨਾ ਸਾਹਿਬ ਵਿਖੇ ਸਥਿਤੀ ਜਿਉਂ ਦੀ ਤਿਉਂ ਬਣੀ ਹੋਈ ਹੈ ਤੇ ਦੋਵਾਂ ਧਿਰਾਂ ਵਿਚਾਲੇ ਮੁੜ ਆਪਸੀ ਸਹਿਮਤੀ ਬਾਰੇ ਕੋਈ ਗੱਲ ਨਹੀਂ ਹੋਈ ਹੈ।

ਜ਼ਿਕਰਯੋਗ ਹੈ ਕਿ ਇਹ ਘਟਨਾ ਵਾਪਰਨ ਤੋਂ ਬਾਅਦ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਵੱਲੋਂ ਸਖ਼ਤ ਕਾਰਵਾਈ ਕਰਦਿਆਂ ਗਿਆਨੀ ਇਕਬਾਲ ਸਿੰਘ ਸਮੇਤ ਤਿੰਨ ਕਰਮਚਾਰੀਆਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ ਜਦੋਂਕਿ ਗਿਆਨੀ ਇਕਬਾਲ ਸਿੰਘ ਵੱਲੋਂ ਹੁਕਮਨਾਮਾ ਜਾਰੀ ਕਰਕੇ ਪ੍ਰਬੰਧਕੀ ਕਮੇਟੀ ਸਮੇਤ ਗਿਆਨੀ ਪ੍ਰਤਾਪ ਸਿੰਘ ਦੀ ਵਧੀਕ ਗ੍ਰੰਥੀ ਵਜੋਂ ਕੀਤੀ ਗਈ ਨਵੀਂ ਨਿਯੁਕਤੀ ਰੱਦ ਕਰ ਦਿੱਤੀ ਗਈ ਸੀ।

# ਸਰਕਾਰ ਨੇ ਗੁਰੂ ਗੋਬਿੰਦ ਸਿੰਘ ਦੀਆਂ ਨਿਸ਼ਾਨੀਆਂ ਬਾਰੇ ਨਾ ਕੀਤਾ ਕੋਈ ਫ਼ੈਸਲਾ

**ਪਟਿਆਲਾ:** ਪਟਿਆਲਾ ਦੇ ਕਿਲ੍ਹਾ ਮੁਬਾਰਕ ਵਿਖੇ ਗੁਰੂ ਗੋਬਿੰਦ ਸਿੰਘ ਦੇ ਸ਼ਸਤਰ, ਵਸਤਰ ਤੇ ਹੋਰ ਵਸਤਾਂ ਪਿਛਲੇ ਸਵਾ ਚਾਰ ਸਾਲਾਂ ਸੀਲਬੰਦ ਬਕਸੇ ਵਿਚ ਪਈਆਂ ਹਨ ਅਤੇ ਇਨ੍ਹਾਂ ਬਾਰੇ ਕੋਈ ਤੋਂ ਮਰਿਆਦਾ ਨਹੀਂ ਅਪਣਾਈ ਜਾ ਰਹੀ। ਹਾਈ ਕੋਰਟ ਦੇ ਹੁਕਮਾਂ ਦੇ ਬਾਵਜੂਦ ਇਨ੍ਹਾਂ ਵਸਤਾਂ ਦੇ ਖੁੱਲ੍ਹੇ ਦਰਸ਼ਨ ਦੀਦਾਰ ਵੀ ਨਹੀਂ ਕਰਵਾਏ ਜਾ ਰਹੇ। ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਇਨ੍ਹਾਂ ਧਾਰਮਿਕ ਨਿਸ਼ਾਨੀਆਂ ਦੀ ਪਵਿੱਤਰਤਾ ਬਹਾਲੀ ਵਾਸਤੇ ਜੋ ਇਕ ਮਹੀਨੇ ਦੀ ਮੋਹਲਤ ਦਿੱਤੀ ਸੀ, ਉਹ ਵੀ ਖਤਮ ਹੋਣ ਕਿਨਾਰੇ ਹੈ।



*ਗੁਰੂ ਗੋਬਿੰਦ ਸਿੰਘ ਨਾਲ ਸਬੰਧਤ ਕੰਘਾ ਤੇ ਦਸਤਾਰ।*

ਇਹ ਧਾਰਮਿਕ ਨਿਸ਼ਾਨੀਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਕੁਝ ਸਮੇਂ ਦੀ ਸੰਭਾਲ ਮਗਰੋਂ ਸੰਗਤ ਦੇ ਖੁੱਲ੍ਹੇ ਦੀਦਾਰ ਵਾਸਤੇ ਕਿਸੇ ਢੁਕਵੀਂ ਜਗ੍ਹਾ ਟਿਕਾਉਣ ਲਈ ਸਪੁਰਦ ਕੀਤੀਆਂ ਗਈਆਂ ਸਨ ਪਰ ਪੰਜਾਬ ਸਰਕਾਰ ਨੇ ਨਵੰਬਰ 2009 ਦੌਰਾਨ ਇਹ ਵਸਤਾਂ ਕਿਲ੍ਹਾ ਮੁਬਾਰਕ ਦੇ ਬਾਬਾ ਬੁਰਜ ਆਲਾ ਸਿੰਘ ਵਿਖੇ ਅਜਿਹੀਆਂ ਟਿਕਾਈਆਂ ਕਿ ਇਹ ਹੁਣ ਤੱਕ ਉਥੇ ਹੀ ਪਈਆਂ ਹਨ। ਕਿਲ੍ਹਾ ਮੁਬਾਰਕ ਦਾ ਇਹ ਬੁਰਜ ਆਮ ਲੋਕਾਂ ਲਈ ਬੰਦ ਹੈ, ਇਸ ਕਾਰਨ ਲੋਕ ਇਨ੍ਹਾਂ ਨਿਸ਼ਾਨੀਆਂ ਦੇ ਦਰਸ਼ਨਾਂ ਤੋਂ ਵਾਂਝੇ ਹਨ।

ਪੰਜਾਬ ਸਿੱਖ ਕੌਂਸਲ ਵੱਲੋਂ ਇਹ ਮਾਮਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲ ਤਖਤ ਤੱਕ ਵੀ ਪਹੁੰਚਾਇਆ ਗਿਆ ਪਰ ਕੋਈ ਕਾਰਵਾਈ ਨਹੀਂ ਹੋਈ। ਇਨ੍ਹਾਂ ਨਿਸ਼ਾਨੀਆਂ ਦੀ ਪਵਿੱਤਰਤਾ ਬਹਾਲੀ ਲਈ ਨਾਭਾ ਦੀ ਸੰਗਤ ਵੱਲੋਂ ਹਾਈ ਕੋਰਟ ਵਿਚ ਚਾਰਾਜੋਈ ਤੋਂ ਮਹੀਨਾ ਪਹਿਲਾਂ 18 ਦਸੰਬਰ, 2013 ਨੂੰ ਅਦਾਲਤ ਵੱਲੋਂ ਪੰਜਾਬ ਸਰਕਾਰ ਨੂੰ ਤਾਈਦ ਕੀਤੀ ਗਈ ਕਿ ਇਕ ਮਹੀਨੇ ਦੀ ਮੋਹਲਤ ਦੌਰਾਨ ਇਨ੍ਹਾਂ ਵਸਤਾਂ ਨੂੰ ਨਾਭਾ ਸਥਿਤ ਗੁਰਦੁਆਰੇ ਵਿਚ ਸੁਸ਼ੋਭਿਤ ਲਈ ਕਦਮ ਚੁੱਕੇ ਜਾਣ। ਪੰਜਾਬ ਸਿੱਖ ਕੌਂਸਲ ਦੇ ਪ੍ਰਧਾਨ ਮੋਹਨ ਸਿੰਘ ਕਰਤਾਰਪੁਰ ਦਾ ਕਹਿਣਾ ਹੈ ਕਿ ਹੁਣ ਤਾਜ਼ਾ ਅਦਾਲਤੀ ਫੈਸਲੇ ਦੀ ਮੋਹਲਤ ਇਕ ਮਹੀਨੇ ਤੋਂ ਟੱਪਣ ਵਾਲੀ ਹੈ ਪਰ ਪੰਜਾਬ ਸਰਕਾਰ ਵੱਲੋਂ ਅਜੇ ਤੱਕ ਕਦਮ ਨਹੀਂ ਚੁੱਕੇ ਗਏ। ਉਨ੍ਹਾਂ ਕਿਹਾ ਕਿ ਪੰਥਕ ਮਰਿਆਦਾ ਤਹਿਤ ਗੁਰੂ ਸਾਹਿਬਾਂ ਨਾਲ ਸਬੰਧਤ ਹਰ ਅਸਤਰ, ਵਸਤਰ ਜਾਂ ਸ਼ਸਤਰ ਦੀ ਪੂਰੀ ਸਾਂਭ ਸੰਭਾਲ ਹੋਣੀ ਚਾਹੀਦੀ ਹੈ।

ਉਧਰ ਸਭਿਆਚਾਰਕ ਤੇ ਪੁਰਾਤੱਤਵ ਵਿਭਾਗ ਪੰਜਾਬ ਦੇ ਡਾਇਰੈਕਟਰ ਐਨ.ਐਸ. ਰੰਧਾਵਾ ਨੇ ਦੱਸਿਆ ਕਿ ਅਦਾਲਤੀ ਫੈਸਲੇ ਤਹਿਤ ਵਿਭਾਗ ਵੱਲੋਂ ਬੰਦ ਵਸਤਾਂ ਬਾਹਰ ਲਿਜਾਣ ਲਈ ਤਿਆਰੀਆਂ ਆਰੰਭੀਆਂ ਹੋਈਆਂ ਹਨ। ਉਂਜ, ਵਿਭਾਗ ਨੂੰ ਇਸ ਮਾਮਲੇ 'ਤੇ ਸਕੱਤਰੇਤ ਪੰਜਾਬ ਸਰਕਾਰ ਦੀ ਮਨਜ਼ੂਰੀ ਮਿਲਣੀ ਹਾਲੇ ਬਾਕੀ ਹੈ। ਇਨ੍ਹਾਂ ਵਸਤਾਂ ਇਕ ਚੋਲਾ ਹੈ ਜੋ ਗੁਰੂ ਗੋਬਿੰਦ ਸਿੰਘ ਨੇ ਬਾਬਾ ਤ੍ਰਿਲੋਕਾ ਨੂੰ ਦਿੱਤਾ ਸੀ। ਇਨ੍ਹਾਂ ਵਿਚ ਗੁਰੂ ਸਾਹਿਬ ਦੀ ਹੱਥ ਲਿਖਤ ਵੀ ਜੋ ਨਾਭਾ ਦੇ ਰਾਜਾ ਭਰਪੂਰ ਸਿੰਘ ਨੇ ਭਾਈ ਤਾਰਾ ਸਿੰਘ ਕੋਲੋਂ ਇੱਕ ਹਜ਼ਾਰ ਰੁਪਏ ਸਾਲਾਨਾ ਜਾਗੀਰ ਬਦਲੇ ਹਾਸਲ ਕੀਤੀ ਸੀ।

ਭੰਗਾਣੀ ਦੇ ਯੁੱਧ ਤੋਂ ਬਾਅਦ ਸਢੌਰਾ ਦੇ ਸੱਯਦ ਪੀਰ ਬੁੱਧੂ ਸ਼ਾਹ ਨੂੰ ਉਸਦੀ ਵਫ਼ਾਦਾਰੀ ਦੀ ਉਤਸਤ ਵਜੋਂ ਦਿੱਤੇ ਗਏ ਕੰਘਾ ਤੇ ਦਸਤਾਰ ਵੀ ਹਨ। ਇਹ ਉਸ ਵੇਲੇ ਬਾਬਾ ਤ੍ਰਿਲੋਕਾ ਨੂੰ ਭੇਟ ਕੀਤੇ ਗਏ ਸਨ। ਇਨ੍ਹਾਂ ਵਿਚ ਤਿੰਨ ਤਲਵਾਰਾਂ ਵੀ ਹਨ। ਇਕ ਤਲਵਾਰ ਉਹ ਹੈ ਜੋ ਦਮਦਮਾ ਸਾਹਿਬ ਵਿਖੇ ਭਾਈ ਤ੍ਰਿਲੋਕਾ ਸਿੰਘ ਨੂੰ ਅੰਮ੍ਰਿਤ ਛਕਾਉਣ ਵੇਲੇ ਭੇਟ ਕੀਤੀ ਗਈ ਸੀ।

ਦੂਜੀ ਤਲਵਾਰ ਮਹਾਰਾਜਾ ਮਾਲੇਰਕੋਟਲਾ ਦੇ ਅਸਰ-ਰਸੂਖ਼ ਸਦਕਾ ਨਾਭਾ ਦੇ ਰਾਜਾ ਜਸਵੰਤ ਸਿੰਘ ਵੱਲੋਂ ਖਰੀਦੀ ਗਈ ਸੀ ਤੇ ਰਾਏ ਕੱਲਾ ਨੂੰ ਭੇਟ ਕੀਤੀ ਗਈ ਸੀ। ਤੀਜੀ ਤਲਵਾਰ ਪਿੰਡ ਬਡਰੁੱਖਾਂ ਤੋਂ ਨਾਭਾ ਦੇ ਮਹਾਰਾਜਾ ਹੀਰਾ ਸਿੰਘ ਵੱਲੋਂ ਲਿਆਂਦੀ ਗਈ ਸੀ। ਇਸ ਉਪਰ 'ਗੁਰੂ ਗੋਬਿੰਦ ਸਿੰਘ ਜੀ ਕੇ ਕਮਰ ਕੀ ਤਲਵਾਰ ਹੈ ਜੀ' ਅੰਕਿਤ ਹੈ।

# ਪੰਜਾਬੀਆਂ ਦਾ ਮਨੁੱਖੀ ਅਧਿਕਾਰ ਕਮਿਸ਼ਨ ਤੋਂ ਮੋਹ ਭੰਗ

## ਸ਼ਿਕਾਇਤਾਂ ਦੀ ਗਿਣਤੀ ਘਟਣੀ ਸ਼ੁਰੂ

**ਚੰਡੀਗੜ੍ਹ:** ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦਾ ਦਰਵਾਜ਼ਾ ਖੜਕਾਉਣ ਵਾਲਿਆਂ ਦੀ ਗਿਣਤੀ ਪਿਛਲੇ ਪੰਜ ਸਾਲਾਂ ਮੁਕਾਬਲੇ ਬੀਤੇ ਵਰ੍ਹੇ ਵਿਚ ਘੱਟ ਰਹੀ ਹੈ। ਸਾਲ 2008 ਤੋਂ ਬਾਅਦ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ ਸਭ ਤੋਂ ਘੱਟ ਸ਼ਿਕਾਇਤਾਂ 2013 ਵਿਚ ਸੁਣਵਾਈ ਲਈ ਆਈਆਂ। ਪੁਲਿਸ ਵਿਰੁੱਧ ਸ਼ਿਕਾਇਤਾਂ ਦੀ ਗਿਣਤੀ ਵਿਚ ਵੀ ਗਿਰਾਵਟ ਆਈ ਹੈ। ਇਹ ਖੁਲਾਸਾ ਕਮਿਸ਼ਨ ਵੱਲੋਂ ਜਾਰੀ ਰਿਪੋਰਟ ਤੋਂ ਹੋਇਆ ਹੈ ਜਿਸ ਤੋਂ ਇਹ ਵੀ ਅੰਦਾਜਾ ਲਾਇਆ ਜਾ ਰਿਹਾ ਹੈ ਕਿ ਲੋਕਾਂ ਦਾ ਕਮਿਸ਼ਨ ਤੋਂ ਮੋਹ ਭੰਗ ਹੋ ਰਿਹਾ ਹੈ।

ਰਿਪੋਰਟ ਅਨੁਸਾਰ ਜੇਲ੍ਹਾਂ, ਸਿਹਤ ਵਿਭਾਗ, ਮਾਫੀਆ ਤੇ ਫਿਰਕੂ ਦੰਗਿਆਂ ਨੂੰ ਛੱਡ ਕੇ ਬਾਕੀਆਂ ਹਰ ਤਰ੍ਹਾਂ ਦੇ ਕੇਸਾਂ ਦੀ ਗਿਣਤੀ ਘਟ ਰਹੀ ਹੈ। ਕਮਿਸ਼ਨ ਨੂੰ 2012 ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀਆਂ 18322 ਸ਼ਿਕਾਇਤਾਂ ਸੁਣਵਾਈ ਲਈ ਮਿਲੀਆਂ ਜਦੋਂਕਿ ਲੰਘੇ ਵਰ੍ਹੇ ਇਹ ਗਿਣਤੀ ਘਟ ਕੇ 16350 ਰਹਿ ਗਈ। 1997 ਵਿਚ ਕਮਿਸ਼ਨ ਦੇ ਹੋਂਦ ਵਿਚ ਆਉਣ ਤੋਂ ਬਾਅਦ ਸਭ ਤੋਂ ਜ਼ਿਆਦਾ ਕੇਸ 2010 ਵਿਚ ਸੁਣਵਾਈ ਲਈ ਪ੍ਰਾਪਤ ਹੋਏ ਸਨ।

ਇਸ ਸਾਲ ਹੀ ਪੁਲਿਸ ਵਿਰੁੱਧ ਸ਼ਿਕਾਇਤਾਂ ਦੀ ਗਿਣਤੀ (10338) ਵੀ ਦੂਜੇ ਸਾਰੇ ਸਾਲਾਂ ਨਾਲੋਂ ਵੱਧ ਰਹੀ ਸੀ। ਪੁਲਿਸ ਖ਼ਿਲਾਫ਼ 2013 ਵਿਚ 9131 ਸ਼ਿਕਾਇਤਾਂ ਪ੍ਰਾਪਤ ਹੋਈਆਂ ਜਦੋਂਕਿ ਸਾਲ 2012 ਵਿਚ ਇਹ ਗਿਣਤੀ 9825 ਸੀ।



ਉਂਝ ਕੁੱਲ ਕੇਸਾਂ ਵਿਚੋਂ ਪੁਲਿਸ ਦੇ ਵਿਰੁੱਧ ਵੱਡੀ ਗਿਣਤੀ ਵਿਚ ਸ਼ਿਕਾਇਤਾਂ ਆਈਆਂ ਹਨ। ਕਮਿਸ਼ਨ ਕੋਲ ਪਹਿਲੇ ਸਾਲ ਹੀ (1997) ਸੁਣਵਾਈ ਲਈ ਕੁੱਲ 90 ਕੇਸ ਆਏ ਸਨ ਜਦੋਂਕਿ ਅਗਲੇ ਸਾਲ ਹੀ ਇਹ ਗਿਣਤੀ ਵਧ ਕੇ 987 ਹੋ ਗਈ।

ਉਸ ਮਗਰੋਂ 1999 ਵਿਚ 2134, 2000 ਵਿਚ 4926, 2001 ਵਿਚ 7520, 2002 ਵਿਚ 8312 ਤੇ 2003 ਵਿਚ ਸ਼ਿਕਾਇਤਾਂ ਦੀ ਗਿਣਤੀ 11572 ਨੂੰ ਤਕ ਪੁੱਜ ਗਈ। ਸਾਲ 2004 ਵਿਚ 16927, 2005 ਵਿਚ 17144, 2006 ਵਿਚ 15469, 2007 ਵਿਚ 15800, 2008 ਵਿਚ 15400, 2009 ਵਿਚ 16775, 2010 ਵਿਚ 19266, 2011ਵਿਚ 18311 ਤੇ 2012 ਵਿਚ 18322 ਪਟੀਸ਼ਨਾਂ ਦਾਇਰ ਹੋਈਆਂ ਸਨ। ਇਸੇ ਤਰ੍ਹਾਂ ਪਹਿਲੇ ਸਾਲ ਹੀ 90 ਵਿਚੋਂ ਪੁਲਿਸ ਦੇ ਵਿਰੁੱਧ 57 ਸ਼ਿਕਾਇਤਾਂ ਮਿਲੀਆਂ ਸਨ। ਅਗਲੇ ਸਾਲ ਇਹ ਗਿਣਤੀ ਵਧ ਕੇ 492 ਹੋ ਗਈ। ਸਾਲ 1999 ਵਿਚ ਪੁਲਿਸ ਦੇ ਵਿਰੁੱਧ 1094, 2000 ਵਿਚ 2401, 2001 ਵਿਚ 3642, 2002 ਵਿਚ 4344, 2003 ਵਿਚ 6422, 2004 ਵਿਚ 9661, 2005 ਵਿਚ 9835, 2006 ਵਿਚ 8852, 2007 ਵਿਚ 9410, 2008 ਵਿਚ 9026, 2009 ਵਿਚ 8905, 2010 ਵਿਚ 10338, 2011 ਵਿਚ 8562, 2012 ਵਿਚ 9825 ਤੇ ਬੀਤੇ ਸਾਲ 9131 ਪਟੀਸ਼ਨਾਂ ਸੁਣਵਾਈ ਲਈ ਦਾਇਰ ਹੋਈਆਂ ਹਨ।

ਫਿਰਕੂ ਦੰਗਿਆਂ ਨਾਲ ਸਬੰਧਤ ਬੀਤੇ ਸਾਲ 14 ਸ਼ਿਕਾਇਤਾਂ ਮਿਲੀਆਂ ਹਨ ਜਦੋਂਕਿ 2012 ਵਿਚ ਇਹ ਗਿਣਤੀ 11 ਸੀ। ਸੁਰੱਖਿਆ ਦਸਤਿਆਂ ਦੇ ਵਿਰੁੱਧ ਸ਼ਿਕਾਇਤਾਂ ਦੀ ਗਿਣਤੀ ਇਕ ਤੋਂ ਵਧ ਕੇ ਚਾਰ ਹੋ ਗਈ ਹੈ। ਕਮਿਸ਼ਨ ਦੇ ਸਿਸਟਮ ਮੈਨੇਜਰ ਰੋਹਿਤ ਚਤਰਥ ਦਾ ਮੰਨਣਾ ਹੈ ਕਿ ਲੋਕਾਂ ਵਿਚ ਮਨੁੱਖੀ ਅਧਿਕਾਰਾਂ ਬਾਰੇ ਜਾਗਰੂਕਤਾ ਵਧਣ ਦੇ ਬਾਵਜੂਦ ਸ਼ਿਕਾਇਤਾਂ ਦੀ ਗਿਣਤੀ ਘਟੀ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਬੀਤੇ ਵਰ੍ਹੇ ਦੇ ਆਖਰੀ ਮਹੀਨਿਆਂ ਵਿਚ ਪਟੀਸ਼ਨਾਂ ਦੀ ਗਿਣਤੀ ਵਿਚ ਗਿਰਾਵਟ ਆਈ ਹੈ।

ਵਾਜਬ ਭਾਅ ਉਤੇ ਵਧੀਆ ਹੈਲਥ ਇੰਸ਼ੋਰੈਂਸ ਲੈਣ ਲਈ

COVERED CALIFORNIA

YOUR DESTINATION FOR
AFFORDABLE
QUALITY HEALTH CARE
INCLUDING MEDI-CAL

CERTIFIED INSURANCE AGENT
GURCHARAN SINGH MANN
License # 0C70672


(510) 797-7989
2450 PERALTA BLVD, SUITE 203
FREMONT CA 94536

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

*We Accept Personal Injury (PI) Cases*






*Contact:*
**Dr. Baljit Jammu**
*Doctor of Chiropractic*
Ph: 510-940-8236
1090 La Palya Dr.,
Hayward CA 94545

# ਇੰਗਲੈਂਡ ਦੇ ਖੁਫੀਆ ਅਫਸਰਾਂ ਨੇ ਕੀਤਾ ਸੀ ਦਰਬਾਰ ਸਾਹਿਬ ਦਾ ਦੌਰਾ

**ਅੰਮ੍ਰਿਤਸਰ:** ਸਾਕਾ ਨੀਲਾ ਤਾਰਾ ਬਾਰੇ ਸਾਬਕਾ ਪ੍ਰਧਾਨ ਮੰਤਰੀ ਮਾਰਗੇਟ ਥੈਚਰ ਦੀ ਭੂਮਿਕਾ ਬਾਰੇ ਬਰਤਾਨੀਆਂ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਵੱਲੋਂ ਤੁਰੰਤ ਜਾਂਚ ਦੇਣ ਦੇ ਹੁਕਮ ਨਾਲ ਤਕਰੀਬਨ 30 ਸਾਲ ਪਹਿਲਾਂ ਵਾਪਰਿਆ ਇਹ ਕਾਂਡ ਮੁੜ ਸੁਰਖੀਆਂ ਵਿਚ ਆ ਗਿਆ ਹੈ। ਉਂਝ ਡੇਵਿਡ ਕੈਮਰੌਨ ਨੇ ਕਿਹਾ ਹੈ ਕਿ 1984 ਵਿਚ ਅਪਰੇਸ਼ਨ ਬਲਿਊ ਸਟਾਰ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਉਪਰ ਹਮਲੇ ਵਿਚ ਬਰਤਾਨਵੀ ਵਿਸ਼ੇਸ਼ ਹਵਾਈ ਫੌਜ ਦੀ ਭੂਮਿਕਾ ਦਾ ਕੋਈ ਸਬੂਤ ਨਹੀਂ ਮਿਲਿਆ।

ਦਲ ਖਾਲਸਾ ਨੇ ਮਹੱਤਵਪੂਰਨ ਖੁਲਾਸਾ ਕਰਦਿਆਂ ਦੱਸਿਆ ਕਿ ਭਾਰਤ ਦੀ ਖੁਫੀਆ ਏਜੰਸੀ ਦੇ ਸਾਬਕਾ ਅਫਸਰ ਬੀ ਰਮਨ ਨੇ ਆਪਣੀ ਕਿਤਾਬ ਵਿਚ ਲਿਖਿਆ ਹੈ ਕਿ ਬ੍ਰਿਟਿਸ਼ ਸਕਿਉਰਿਟੀ ਸਰਵਿਸ ਦੇ ਉੱਚ ਅਧਿਕਾਰੀ ਇੰਦਰਾ ਗਾਂਧੀ ਨੂੰ ਸਾਕਾ ਨੀਲਾ ਤਾਰਾ ਬਾਰੇ ਸੁਝਾਅ ਦੇਣ ਤੋਂ ਪਹਿਲਾਂ ਦਰਬਾਰ ਸਾਹਿਬ ਆਏ ਸਨ। ਸ੍ਰੀ ਰਮਨ ਜੋ 1984 ਵਿਚ ਹੋਏ ਸਾਕਾ ਨੀਲਾ ਤਾਰਾ ਸਮੇਂ ਸਿੱਖ ਵੱਖਵਾਦੀ ਬੈਂਚ ਦੇ ਮੁਖੀ ਸਨ, ਨੇ ਆਪਣੀ ਕਿਤਾਬ 'ਦੀ ਕਾਉਬੋਇਜ਼ ਆਫ ਰਾਅ' ਦੇ ਚੈਪਟਰ 'ਦੀ ਖਾਲਿਸਤਾਨੀ ਟੈਰਰਇਜ਼ਮ' ਵਿਚ ਸਪਸ਼ਟ ਲਿਖਿਆ ਹੈ ਕਿ ਇੰਦਰਾ ਗਾਂਧੀ ਦੇ ਮੁੱਖ ਸਲਾਹਕਾਰ ਆਰ.ਐਨ. ਕਾਉ ਦੇ ਕਹਿਣ 'ਤੇ ਬ੍ਰਿਟਿਸ਼ ਸਕਿਉਰਿਟੀ ਸਰਵਿਸ ਦੇ ਦੋ ਉੱਚ ਅਧਿਕਾਰੀ ਹਾਲਾਤ ਦਾ ਨਿਰੀਖਣ ਕਰਨ ਲਈ ਸ਼ਰਧਾਲੂਆਂ ਦੇ ਭੇਸ ਵਿਚ ਸ੍ਰੀ ਦਰਬਾਰ ਸਾਹਿਬ ਗਏ ਤੇ ਉਨ੍ਹਾਂ ਇੰਦਰਾ ਗਾਂਧੀ ਨੂੰ ਆਪਣੀ ਰਾਏ ਸੌਂਪੀ। ਭਾਈ ਕੰਵਰਪਾਲ ਸਿੰਘ ਨੇ ਦੱਸਿਆ ਕਿ ਕਿਤਾਬ ਵਿਚ ਜੋ ਲਿਖਿਆ ਹੈ, ਉਸ ਦੀ ਪੁਸ਼ਟੀ ਇੰਗਲੈਂਡ ਵਿਚ ਉਥੋਂ ਦੇ ਮੈਂਬਰ ਪਾਰਲੀਮੈਂਟ ਵੱਲੋਂ ਸਾਹਮਣੇ ਲਿਆਂਦੇ ਦਸਤਾਵੇਜ਼ ਰਾਹੀ ਹੋ ਗਈ ਹੈ। ਉਧਰ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਬਰਤਾਨੀਆ ਤੇ ਰੂਸ ਵੱਲੋਂ ਦਰਬਾਰ ਸਾਹਿਬ 'ਤੇ ਹਮਲੇ ਲਈ ਭਾਰਤ ਸਰਕਾਰ ਦੀ ਮਦਦ ਕਰਨ ਦੀ ਨਿਖੇਧੀ ਕਰਦਿਆਂ ਇੰਟਰਨੈਸ਼ਨਲ ਕੋਰਟ ਆਫ ਜਸਟਿਸ ਵਿਚ ਕੇਸ ਚਲਾਉਣ ਦੀ ਮੰਗ ਕੀਤੀ ਹੈ।



ਦਲ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਦੋਹਾਂ ਦੇਸ਼ਾਂ ਦੀਆ ਸਰਕਾਰਾਂ ਵਿਰੁੱਧ ਵੀ ਕੌਮਾਂਤਰੀ ਅਦਾਲਤ ਵਿਚ ਜਾਣ ਦੀ ਧਮਕੀ ਦਿੱਤੀ ਹੈ।

ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ. ਮਾਨ ਨੇ ਦੋਸ਼ ਲਾਇਆ ਕਿ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਸਮੇਤ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਮਰਹੂਮ ਸੰਤ ਹਰਚੰਦ ਸਿੰਘ ਲੌਂਗੋਵਾਲ, ਸੁਰਜੀਤ ਸਿੰਘ ਬਰਨਾਲਾ ਤੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਵੀ ਉਸ ਵੇਲੇ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨਾਲ ਹਮਲੇ ਤੋਂ ਪਹਿਲਾਂ ਮੁਲਾਕਾਤਾਂ ਕੀਤੀਆਂ ਸਨ। ਉਨ੍ਹਾਂ ਦੋਸ਼ ਲਾਇਆ ਕਿ ਹਮਲੇ ਵੇਲੇ ਬਰਤਾਨੀਆ, ਰੂਸ ਤੇ ਵੀਅਤਨਾਮ ਦੀਆਂ ਸੂਹੀਆ ਏਜੰਸੀਆਂ ਦੇ ਪ੍ਰਤੀਨਿਧ ਵੀ ਦਿੱਲੀ ਵਿਚ ਬੈਠੇ ਸਨ।

ਉਨ੍ਹਾਂ ਕਿਹਾ ਕਿ ਮਰਹੂਮ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਖੱਬੇ-ਸੱਜੇ ਰਹਿਣ ਵਾਲੇ ਵਿਰਸਾ ਸਿੰਘ ਵਲਟੋਹਾ, ਮਨਜੀਤ ਸਿੰਘ ਭੂਰੇ ਕੋਨਾ, ਰਾਜਿੰਦਰ ਸਿੰਘ ਮਹਿਤਾ, ਅਮਰਜੀਤ ਸਿੰਘ ਚਾਵਲਾ, ਗੁਰਚਰਨ ਸਿੰਘ ਗਰੇਵਾਲ ਤੇ ਰਾਮ ਸਿੰਘ ਰਾਗੀ ਦੀ ਵੀ ਡੂੰਘੀ ਸਾਜ਼ਿਸ਼ ਸੀ। ਸ. ਮਾਨ ਨੇ ਇਕ ਸੁਆਲ ਦੇ ਜਵਾਬ ਵਿਚ ਕਿਹਾ ਕਿ ਬਰਤਾਨੀਆ ਦੇ ਪ੍ਰਧਾਨ ਮੰਤਰੀ ਵੱਲੋਂ ਘਟਨਾ 'ਤੇ ਅਫਸੋਸ ਪ੍ਰਗਟ ਕਰਨਾ ਹੀ ਕਾਫੀ ਨਹੀਂ ਸਗੋਂ ਦੋਸ਼ੀਆਂ ਵਿਰੁੱਧ ਕੌਮਾਂਤਰੀ ਅਦਾਲਤ ਵਿਚ ਕੇਸ ਚੱਲਣੇ ਚਾਹੀਦੇ ਹਨ।

## ਥੈਚਰ ਨੇ ਕੀਤੀ ਸੀ ਇੰਦਰਾ ਗਾਂਧੀ ਦੀ ਹਮਾਇਤ

**ਲੰਡਨ:** ਸ੍ਰੀ ਹਰਿਮੰਦਰ ਸਾਹਿਬ ਵਿਚ ਅਪਰੇਸ਼ਨ ਬਲਿਊ ਸਟਾਰ ਪੂਰਾ ਕਰਨ ਮਗਰੋਂ ਬਰਤਾਨੀਆ ਦੀ ਤਤਕਾਲੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਨੇ ਆਪਣੀ ਭਾਰਤੀ ਹਮਰੁਤਬਾ ਇੰਦਰਾ ਗਾਂਧੀ ਪ੍ਰਤੀ ਪੂਰਾ ਸਮਰਥਨ ਪ੍ਰਗਟਾਉਂਦਿਆਂ ਨਿੱਜੀ ਨੋਟ ਭੇਜਿਆ ਸੀ। ਅਖ਼ਬਾਰ 'ਗਾਰਡੀਅਨ' ਦੀ ਰਿਪੋਰਟ ਅਨੁਸਾਰ ਸ੍ਰੀਮਤੀ ਥੈਚਰ ਨੇ ਸ੍ਰੀਮਤੀ ਗਾਂਧੀ ਨੂੰ ਜੋ ਨੋਟ ਭੇਜਿਆ ਸੀ, ਉਸ ਵਿਚ ਕਿਹਾ ਗਿਆ ਸੀ ਕਿ ਵੱਖਰੇ ਸਿੱਖ ਦੇਸ਼ ਦੀ ਮੰਗ ਦੇ ਮੱਦੇਨਜ਼ਰ ਬਰਤਾਨੀਆ ਭਾਰਤ ਦੀ ਅਖੰਡਤਾ ਦਾ ਪੂਰਾ ਸਮਰਥਨ ਕਰਦਾ ਹੈ ਤੇ ਇਥੋਂ ਦੇ ਭਾਰਤੀ ਡਿਪਲੋਮੈਟਾਂ ਦੀ ਸੁਰੱਖਿਆ ਨੂੰ ਖ਼ਤਰੇ ਦੇ ਮਾਮਲੇ ਦੀ ਪੁਲਿਸ ਜਾਂਚ ਕਰ ਰਹੀ ਹੈ। ਇਹ ਨੋਟ 30 ਜੂਨ, 1984 ਨੂੰ ਭੇਜਿਆ ਗਿਆ ਸੀ।

ਮੰਨਿਆ ਜਾ ਰਿਹਾ ਹੈ ਕਿ ਅਪਰੇਸ਼ਨ ਬਲਿਊ ਸਟਾਰ ਮਗਰੋਂ ਸ੍ਰੀਮਤੀ ਥੈਚਰ ਵੱਲੋਂ ਸ੍ਰੀਮਤੀ ਗਾਂਧੀ ਨੂੰ ਭੇਜਿਆ ਇਹ ਪਹਿਲਾ ਪੱਤਰ ਸੀ। ਇਸ ਵਿਚ ਬਰਤਾਨਵੀ ਪ੍ਰਧਾਨ ਮੰਤਰੀ ਨੇ ਲਿਖਿਆ ਸੀ ਕਿ ਇਹ ਤੁਹਾਡੇ ਲਈ ਪ੍ਰੇਸ਼ਾਨੀ ਭਰੇ ਹਫ਼ਤੇ ਰਹੇ ਹਨ ਜਿਸ ਵਿਚ ਔਖੇ ਫ਼ੈਸਲੇ ਲੈਣੇ ਪਏ। ਬਰਤਾਨਵੀ ਅਖ਼ਬਾਰ ਦੀ ਰਿਪੋਰਟ ਅਨੁਸਾਰ ਇਸ ਚਿੱਠੀ ਮਗਰੋਂ ਉਸ ਬਹਿਸ ਨੂੰ ਮੁੜ ਹਵਾ ਮਿਲੀ ਹੈ ਜੋ ਅਪਰੇਸ਼ਨ ਬਲਿਊ ਸਟਾਰ ਵਿਚ ਇਥੋਂ ਦੀ ਵਿਸ਼ੇਸ਼ ਹਵਾਈ ਸੇਵਾ (ਐਸਏਐਸ) ਦੀ ਭੂਮਿਕਾ ਬਾਰੇ ਸ਼ੁਰੂ ਹੋਈ ਹੈ।

# ਸ੍ਰੀ ਹਰਿਮੰਦਰ ਸਾਹਿਬ ਦੁਆਲੇ ਪ੍ਰਦੂਸ਼ਣ ਰੋਕਣ ਲਈ ਸਰਗਰਮੀ

**ਚੰਡੀਗੜ੍ਹ:** ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਪ੍ਰਦੂਸ਼ਣ ਦੇ ਪੈ ਰਹੇ ਮਾੜੇ ਪ੍ਰਭਾਵ ਨੂੰ ਰੋਕਣ ਲਈ ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਵਿਖਾਈ ਗਈ ਸਖ਼ਤੀ ਨੂੰ ਕੁਝ ਹੱਦ ਤੱਕ ਬੂਰ ਪੈਣਾ ਸ਼ੁਰੂ ਹੋ ਗਿਆ ਹੈ। ਪੰਜਾਬ ਸਰਕਾਰ ਨੇ ਹਾਈਕੋਰਟ ਨੂੰ ਜਾਣੂ ਕਰਵਾਇਆ ਹੈ ਕਿ ਮਾਹਿਰਾਂ ਦੇ ਸੁਝਾਵਾਂ ਤੇ ਹਦਾਇਤਾਂ 'ਤੇ ਕੰਮ ਕਰਦਿਆਂ ਮੁੱਢਲੇ ਰੂਪ ਵਿਚ ਸ੍ਰੀ ਦਰਬਾਰ ਸਾਹਿਬ ਦੁਆਲੇ ਚਾਰ ਪਹੀਆ ਇਲੈਕਟ੍ਰਿਕ ਵਾਹਨਾਂ ਦੀ ਹੀ ਆਮਦ ਹੋਣ ਦੇਣ ਤੇ ਇਨ੍ਹਾਂ ਰਾਹੀਂ ਹੀ ਫੁਹਾਰਾ ਚੌਕ ਤੋਂ ਦਰਬਾਰ ਸਾਹਿਬ ਤੱਕ ਸੰਗਤਾਂ ਨੂੰ ਢੋਏ ਜਾਣ, ਜ਼ਿਲ੍ਹਾ ਟਰਾਂਸਪੋਰਟ ਅਧਿਕਾਰੀ ਵੱਲੋਂ ਅੰਦਰੂਨੀ ਸ਼ਹਿਰ ਵਿਚ 15 ਸਾਲ ਤੋਂ ਪੁਰਾਣੇ ਵਾਹਨਾਂ ਦੀ ਆਮਦ ਸਵੇਰੇ ਅੱਠ ਤੋਂ ਸ਼ਾਮ ਅੱਠ ਵਜੇ ਦੇ ਦਰਮਿਆਨ ਮੁਕੰਮਲ ਬੰਦ ਕਰਨ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਜਾ ਚੁੱਕਾ ਹੈ ਤੇ ਇਸ 'ਤੇ ਅਮਲ ਕੀਤਾ ਜਾ ਰਿਹਾ ਹੈ।



ਇਸ ਤੋਂ ਇਲਾਵਾ ਹਾਈਕੋਰਟ ਨੂੰ ਦੱਸਿਆ ਗਿਆ ਕਿ ਪੁਰਾਣੇ ਸ਼ਹਿਰ ਵਿਚ ਭਾਰੇ ਵਾਹਨਾਂ ਦਾ ਦਾਖ਼ਲਾ ਬੰਦ ਕੀਤੇ ਜਾਣ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਇਹ ਦਾਅਵੇ ਤੇ ਸੁਝਾਅ ਇਸ ਮਾਮਲੇ ਨੂੰ ਲੈ ਕੇ ਹਾਈਕੋਰਟ ਦੇ ਚੀਫ਼ ਜਸਟਿਸ ਸੰਜੈ ਕਿਸ਼ਨ ਕੌਲ ਦੀ ਅਗਵਾਈ ਵਾਲੇ ਬੈਂਚ ਕੋਲ ਸੁਣਵਾਈ ਮੌਕੇ ਪੇਸ਼ ਕੀਤੇ ਗਏ। ਹਾਈਕੋਰਟ ਵੱਲੋਂ ਇਸ ਮਾਮਲੇ ਦੀ ਅਗਲੀ ਸੁਣਵਾਈ ਲਈ 23 ਮਈ ਦੀ ਤਾਰੀਖ਼ ਤੈਅ ਕਰਦਿਆਂ ਪੰਜਾਬ ਸਰਕਾਰ ਨੂੰ ਇਸ ਤੋਂ ਤਿੰਨ ਦਿਨ ਪਹਿਲਾਂ ਤੱਕ ਸਟੇਟਸ ਰਿਪੋਰਟ ਦਾਇਰ ਕਰ ਦੇਣ ਦੇ ਹੁਕਮ ਦਿੱਤੇ ਹਨ।

ਦੋ ਕੁ ਮਹੀਨੇ ਪਹਿਲਾਂ ਹੀ ਆਈ.ਆਈ.ਟੀ. ਦਿੱਲੀ ਵੱਲੋਂ ਇਕ ਵਿਸ਼ੇਸ਼ ਜਾਂਚ ਰਿਪੋਰਟ ਪੰਜਾਬ ਤੇ ਹਰਿਆਣਾ ਹਾਈਕੋਰਟ ਵਿਚ ਦਾਇਰ ਕੀਤੀ ਜਾ ਚੁੱਕੀ ਹੈ ਜਿਸ ਮੁਤਾਬਕ ਸਪਸ਼ਟ ਕਿਹਾ ਗਿਆ ਹੈ ਕਿ ਅੰਮ੍ਰਿਤਸਰ ਸ਼ਹਿਰ ਦੇ ਅੰਦਰੂਨੀ ਖ਼ਾਸਕਰ ਸ੍ਰੀ ਦਰਬਾਰ ਸਾਹਿਬ ਦੇ ਗਲਿਆਰੇ ਦੇ ਆਲੇ-ਦੁਆਲੇ ਸਥਿਤ ਹੋਟਲਾਂ, ਰੈਸਟੋਰੈਂਟਾਂ ਤੇ ਹੋਰਾਂ ਇਮਾਰਤਾਂ ਵਿਚ ਵਰਤੇ ਜਾ ਰਹੇ ਜਨਰੇਟਰਾਂ ਤੇ ਤੰਦੂਰਾਂ ਦੇ ਨਾਲ-ਨਾਲ ਇਸ ਇਲਾਕੇ ਵਿਚ ਚੱਲਦੇ ਬੇਸ਼ੁਮਾਰ ਵਾਹਨਾਂ, ਨੇੜਲੇ ਖੇਤਾਂ ਵਿਚ ਸਾੜੀ ਜਾਂਦੀ ਫ਼ਸਲੀ ਰਹਿੰਦ-ਖੂੰਹਦ ਤੇ ਸਨਅਤੀ ਪ੍ਰਦੂਸ਼ਣ ਮੁੱਖ ਕਾਰਨ ਬਣ ਰਹੇ ਹਨ।

## ਪਾਕਿਸਤਾਨ ਤੋਂ 200 ਬਿਰਧ ਸਰੂਪ ਲਿਆਂਦੇ

**ਅਟਾਰੀ:** ਪਾਕਿਸਤਾਨ ਦੇ ਗੁਰਧਾਮਾਂ ਦੇ ਦਰਸ਼ਨਾਂ ਤੇ ਗੁਰਮਿਤ ਪ੍ਰਚਾਰ ਲਈ ਪਾਕਿਸਤਾਨ ਗਏ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਜਥੇ ਸਮੇਤ ਵਾਪਸ ਭਾਰਤ ਪਰਤ ਆਏ ਹਨ। ਉਹ ਆਪਣੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 200 ਬਿਰਧ ਸਰੂਪ ਲੈ ਕੇ ਆਏ ਹਨ।

ਅਟਾਰੀ ਵਾਹਗਾ ਸਰਹੱਦ ਰਸਤੇ ਭਾਰਤ ਪਰਤੇ ਜਥੇਦਾਰ ਵੇਦਾਂਤੀ 13 ਜਨਵਰੀ ਨੂੰ 14 ਸਿੱਖ ਸ਼ਰਧਾਲੂਆਂ ਨਾਲ ਪਾਕਿਸਤਾਨ ਦੇ ਗੁਰਧਾਮਾਂ ਵਿਚ ਗੁਰਮਿਤ ਪ੍ਰਚਾਰ ਕਰਨ ਗਏ ਸਨ। ਉਹ ਪਾਕਿਸਤਾਨ ਦੇ ਵੱਖ ਵੱਖ ਗੁਰਧਾਮਾਂ 'ਚੋਂ ਇਕੱਤਰ ਕੀਤੇ ਗੁਰੂ ਗ੍ਰੰਥ ਸਾਹਿਬ ਦੇ 200 ਬਿਰਧ ਸਰੂਪਾਂ ਨੂੰ ਗੁਰੂ ਮਰਿਯਾਦਾ ਅਨੁਸਾਰ ਲੈ ਕੇ ਆਏ ਹਨ।

## ਫਿਰਕੂ ਪ੍ਰਚਾਰ ਵਾਲੀਆਂ ਸਾਈਟਾਂ 'ਤੇ ਪਾਬੰਦੀ ਦੀ ਮੰਗ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਇੱਥੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਸੋਸ਼ਲ ਸਾਈਟਾਂ ਰਾਹੀਂ ਇਕ ਫਿਰਕੇ ਦੇ ਲੋਕਾਂ ਵੱਲੋਂ ਸ਼ਰਾਰਤਪੂਰਨ ਕਾਰਵਾਈ ਕਰਦਿਆਂ ਦੂਸਰੇ ਫਿਰਕੇ ਦੀਆਂ ਬੱਚੀਆਂ ਨੂੰ 'ਲਵ ਜੇਹਾਦ' ਦੇ ਨਾਂ 'ਤੇ ਗੁੰਮਰਾਹ ਕਰਨ ਦਾ ਕੋਝਾ ਯਤਨ ਕੀਤਾ ਜਾ ਰਿਹਾ ਹੈ। ਇਸ ਨਾਲ ਭਾਈਚਾਰਕ ਸਾਂਝ ਨੂੰ ਸੱਟ ਵੱਜਣ ਦਾ ਖਤਰਾ ਬਣਿਆ ਹੋਇਆ ਹੈ।

ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਅਜਿਹੀਆਂ ਫੁੱਟਪਾਊ ਸੋਸ਼ਲ ਸਾਈਟਾਂ 'ਤੇ ਸਰਕਾਰ ਨੂੰ ਪਾਬੰਦੀ ਲਾਉਣੀ ਚਾਹੀਦੀ ਹੈ ਤੇ ਜਿਹੜੇ ਸ਼ਰਾਰਤੀ ਵਿਅਕਤੀਆਂ ਵੱਲੋਂ ਅਜਿਹਾ ਕੀਤਾ ਗਿਆ ਹੈ, ਉਨ੍ਹਾਂ ਨੂੰ ਤੁਰੰਤ ਗ੍ਰਿਫਤਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸ਼ਰਾਰਤੀ ਅਨਸਰਾਂ ਕਰਕੇ ਸੋਸ਼ਲ ਸਾਈਟਾਂ 'ਤੇ ਇਕ ਦੂਸਰੇ ਵਿਰੁੱਧ ਬਹੁਤ ਭੱਦੀ ਸ਼ਬਦਾਵਲੀ ਦੀ ਵਰਤੋਂ ਵੀ ਅਕਸਰ ਵੇਖਣ ਨੂੰ ਮਿਲਦੀ ਹੈ। ਉਨ੍ਹਾਂ ਕਿਹਾ ਕਿ 'ਲਵ ਜਹਾਦ' ਦੇ ਨਾਂ 'ਤੇ ਕੁਝ ਸ਼ਰਾਰਤੀ ਅਨਸਰਾਂ ਵੱਲੋਂ ਭਾਰਤ ਤੇ ਗੁਆਂਢੀ ਦੇਸ਼ ਦੇ ਫੋਨ ਨੰਬਰ, ਵੈਬਸਾਈਟ ਤੇ ਈ-ਮੇਲ ਆਈ.ਡੀ. ਐਡਰੈੱਸ ਦਿੱਤੇ ਗਏ ਹਨ। ਇਨ੍ਹਾਂ ਦੀ ਘੋਖ ਪੜਤਾਲ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਾਈਬਰ ਜ਼ੁਲਮ ਵਧਦਾ ਜਾ ਰਿਹਾ ਹੈ। ਜੇ ਇਸ ਨੂੰ ਰੋਕਣ ਦੇ ਯਤਨ ਨਾ ਹੋਏ ਤਾਂ ਖਤਰਨਾਕ ਸਿੱਟੇ ਭੁਗਤਣ ਲਈ ਵੀ ਦੇਸ਼ ਤੇ ਸਮਾਜ ਨੂੰ ਤਿਆਰ ਰਹਿਣਾ ਚਾਹੀਦਾ ਹੈ।

## ਜਨਰਲ ਬਰਾੜ 'ਤੇ ਹਮਲੇ ਬਾਰੇ ਇਕ ਹੋਰ ਸ਼ੱਕੀ ਦੀ ਤਲਾਸ਼

**ਲੰਡਨ:** ਸਾਕਾ ਨੀਲਾ ਤਾਰਾ ਦੀ ਕਾਰਵਾਈ ਮੌਕੇ ਭਾਰਤੀ ਫ਼ੌਜ ਦੀ ਅਗਵਾਈ ਕਰਨ ਵਾਲੇ ਭਾਰਤੀ ਸੇਵਾਮੁਕਤ ਲੈਫ਼ਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ 'ਤੇ ਲੰਡਨ 'ਚ 30 ਸਤੰਬਰ 2012 ਨੂੰ ਹੋਏ ਜਾਨਲੇਵਾ ਹਮਲੇ ਸਬੰਧੀ ਬਰਤਾਨੀਆਂ ਦੀ ਪੁਲਿਸ ਨੂੰ ਇਕ ਹੋਰ ਸ਼ੱਕੀ ਵਿਅਕਤੀ ਦੀ ਤਲਾਸ਼ ਹੈ। ਸੂਤਰਾਂ ਅਨੁਸਾਰ ਇਹ ਸ਼ੱਕੀ ਵਿਅਤਕੀ ਦਾ ਪਰਿਵਾਰ ਤੇ ਰਿਸ਼ਤੇਦਾਰ ਬ੍ਰਮਿੰਘਮ ਤੇ ਵੈਸਟ ਮਿਡਲੈਂਡ ਵਿਚ ਰਹਿੰਦੇ ਹਨ।

ਮੈਟਰੋਪੋਲਿਟਨ ਪੁਲਿਸ ਬੁਲਾਰੇ ਨੇ ਕਿਹਾ ਕਿ ਪੁਲਿਸ ਵੱਲੋਂ ਵੈਸਟ ਮਿਡਲੈਂਡ ਵਿਚ ਜਾ ਕੇ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ ਪਰ ਪੁਲਿਸ ਨੇ ਇਸ ਵਿਅਕਤੀ ਦੀ ਤਲਾਸ਼ ਬਾਰੇ ਅਜੇ ਤੱਕ ਕੋਈ ਜਨਤਕ ਅਪੀਲ ਨਹੀਂ ਕੀਤੀ।

# ਹਾਈ ਕੋਰਟ ਵੱਲੋਂ ਜਗਦੀਸ਼ ਟਾਈਟਲਰ ਨੂੰ ਝਟਕਾ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ 1984 ਦੇ ਸਿੱਖ ਕਤਲੇਆਮ ਦੇ ਕੇਸ ਵਿਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਸੀਬੀਆਈ ਜਾਂਚ 'ਤੇ ਰੋਕ ਲਾਉਣ ਤੋਂ ਇਨਕਾਰ ਕਰ ਦਿੱਤਾ ਹੈ। ਟਾਈਟਲਰ ਨੇ ਹੇਠਲੀ ਅਦਾਲਤ ਵੱਲੋਂ ਜਾਂਚ ਕਰਾਉਣ ਦੇ ਫ਼ੈਸਲੇ ਖ਼ਿਲਾਫ਼ ਪਾਈ ਪਟੀਸ਼ਨ 'ਤੇ ਤੁਰੰਤ ਸੁਣਵਾਈ ਕਰਨ ਦੀ ਅਰਜ਼ੀ ਨੂੰ ਹਾਈ ਕੋਰਟ ਨੇ ਰੱਦ ਕਰ ਦਿੱਤਾ ਹੈ। ਟਾਈਟਲਰ ਨੇ ਚੋਣਾਂ ਨੂੰ ਦੇਖਦਿਆਂ ਮਾਰਚ ਵਿਚ ਸੁਣਵਾਈ ਕਰਨ ਦੀ ਪਟੀਸ਼ਨ ਪਾਈ ਸੀ। ਅਦਾਲਤ ਨੇ ਇਸ ਨੂੰ ਰੱਦ ਕਰਦਿਆਂ 17 ਅਪਰੈਲ ਨੂੰ ਸੁਣਵਾਈ ਤੈਅ ਕਰ ਦਿੱਤੀ ਹੈ।

ਪਿਛਲੇ ਸਾਲ 10 ਅਪਰੈਲ ਨੂੰ ਹੇਠਲੀ ਅਦਾਲਤ ਨੇ ਟਾਈਟਲਰ ਖ਼ਿਲਾਫ਼ ਕੇਸ ਮੁੜ ਤੋਂ ਖੋਲ੍ਹਣ ਦਾ ਹੁਕਮ ਦਿੱਤਾ ਸੀ ਤੇ ਸੀ.ਬੀ.ਆਈ. ਵੱਲੋਂ ਕਾਂਗਰਸੀ ਆਗੂ ਨੂੰ ਕਲੀਨ ਚਿੱਟ ਦੇ ਕੇ ਮਾਮਲੇ ਨੂੰ ਬੰਦ ਕਰਨ ਦੀ ਰਿਪੋਰਟ ਨੂੰ ਵੀ ਪਾਸੇ ਰੱਖ ਦਿੱਤਾ ਸੀ। ਹੇਠਲੀ ਅਦਾਲਤ ਨੇ ਕਤਲੇਆਮ ਪੀੜਤ ਲਖਵਿੰਦਰ ਕੌਰ ਦੀ ਪਟੀਸ਼ਨ 'ਤੇ ਹੁਕਮ ਦਿੱਤੇ ਸਨ। ਲਖਵਿੰਦਰ ਕੌਰ ਨੇ ਪੁਰਾਣੀ ਦਿੱਲੀ ਦੇ ਗੁਰਦੁਆਰਾ ਪੁਲ ਬੰਗਸ਼ ਨੇੜੇ ਤਿੰਨ ਸਿੱਖਾਂ ਨੂੰ ਕਤਲ ਕਰਨ ਦੇ ਮਾਮਲੇ ਦੀ ਅੱਗੇ ਹੋਰ ਜਾਂਚ ਕਰਨ ਦੀ ਮੰਗ ਕੀਤੀ ਸੀ। ਟਾਈਟਲਰ 'ਤੇ ਦੋਸ਼ ਲੱਗੇ ਹਨ ਕਿ ਉਨ੍ਹਾਂ ਭੀੜ ਨੂੰ ਭੜਕਾਇਆ ਜਿਸ ਕਾਰਨ ਗੁਰਦੁਆਰੇ ਵਿਚ ਸ਼ਰਨ ਲੈਣ ਵਾਲੇ ਤਿੰਨ ਸਿੱਖਾਂ ਨੂੰ ਮਾਰ ਮੁਕਾਇਆ ਗਿਆ ਸੀ।

# ਆਨਲਾਈਨ ਪ੍ਰਸ਼ਾਦ ਵੇਚਣ ਬਾਰੇ ਮੁੜ ਚੇਤਾਵਨੀ ਦਿੱਤੇ ਜਾਣ ਦੀ ਮੰਗ

**ਟੋਰਾਂਟੋ:** ਕੈਨੇਡਾ ਦੇ ਸਿੱਖਾਂ ਨੇ ਆਨਲਾਈਨ ਪ੍ਰਸ਼ਾਦ ਵੇਚਣ ਵਾਲੀ ਕੰਪਨੀ ਵੱਲੋਂ ਦਰਬਾਰ ਸਾਹਿਬ ਦੇ ਪ੍ਰਸ਼ਾਦ ਦਾ ਵਪਾਰ ਰੋਕਣ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ ਪਰ ਵੈਬਸਾਈਟ 'ਤੇ ਦਰਬਾਰ ਸਾਹਿਬ ਦੀ ਤਸਵੀਰ ਲਾਈ ਰੱਖਣ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਟੋਰਾਂਟੋ ਵਿਚ ਭਾਈ ਜਸਬੀਰ ਸਿੰਘ ਨੇ ਦੱਸਿਆ ਕਿ ਹੋਰ ਧਰਮਾਂ ਦੇ ਪ੍ਰਸ਼ਾਦ ਵੇਚਣ ਵਾਲੀ ਵੈਬਸਾਈਟ 'ਤੇ ਸਿੱਖਾਂ ਦੇ ਪਵਿੱਤਰ ਅਸਥਾਨ ਦੀ ਤਸਵੀਰ ਲਾ ਕੇ ਪ੍ਰਸ਼ਾਦ ਨੂੰ 'ਅਨਅਵੇਲਬਲ' ਤੇ ਆਊਟ ਆਫ ਸਟਾਕ ਲਿਖਣਾ ਸਿੱਖੀ ਮਰਿਆਦਾ ਦੇ ਅਨੁਕੂਲ ਨਹੀਂ ਹੈ। ਭਾਈ ਕਰਨੈਲ ਸਿੰਘ ਨੇ ਆਖਿਆ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੱਲੋਂ ਇਸ ਮਾਮਲੇ ਵਿਚ ਵੈਬਸਾਈਟ ਦੇ ਸੰਚਾਲਕਾਂ ਨੂੰ ਸਖ਼ਤ ਤਾੜਨਾ ਕੀਤੀ ਜਾਣੀ ਚਾਹੀਦੀ ਹੈ।

ਇਸੇ ਦੌਰਾਨ ਕਰਨਾਟਕ ਤੋਂ ਪ੍ਰਸ਼ਾਦ ਵੇਚਣ ਦਾ ਕੰਮ ਕਰਦੇ ਗੁੰਜਨ ਮੱਲ ਦਾ ਕਹਿਣਾ ਹੈ ਕਿ ਬੀਤੇ ਹਫ਼ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੂੰ ਦੋ ਸਫਿਆਂ ਦੀ ਚਿੱਠੀ ਲਿਖੀ ਗਈ ਸੀ। ਉਸ ਚਿੱਠੀ ਵਿਚ ਸਥਿਤੀ ਸਪਸ਼ਟ ਕਰਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਮੁਆਫ਼ੀ ਮੰਗੀ ਗਈ ਹੈ ਪਰ ਚਿੱਠੀ ਵਿਚ ਇਹ ਵੀ ਲਿਖਿਆ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਤੇ 'ਆਨਲਾਈਨਪ੍ਰਸ਼ਾਦ' ਦਾ ਉਦੇਸ਼ ਇਕੋ ਜਿਹਾ (ਸ਼ਰਧਾਲੂਆਂ ਦੀ ਸੇਵਾ ਕਰਨਾ) ਹੈ।

ਇਕ ਸਵਾਲ ਦੇ ਜਵਾਬ ਵਿਚ ਸ੍ਰੀ ਮੱਲ ਨੇ ਕਿਹਾ ਕਿ ਜੇਕਰ ਭਵਿੱਖ ਵਿਚ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਦੀ ਚਿੱਠੀ ਦਾ ਜਵਾਬ ਭੇਜ ਕੇ ਦਿਸ਼ਾ ਨਿਰਦੇਸ਼ ਨਾ ਦਿੱਤੇ ਤਾਂ ਉਹ ਵੈੱਬਸਾਈਟ 'ਤੇ ਪ੍ਰਸ਼ਾਦ ਵੇਚਣ ਦਾ ਕੰਮ ਮੁੜ ਸ਼ੁਰੂ ਕਰ ਸਕਦੇ ਹਨ। ਜੇਕਰ ਉਨ੍ਹਾਂ ਨੂੰ ਅੰਮ੍ਰਿਤਸਰ ਬੁਲਾਇਆ ਜਾਵੇਗਾ ਤਾਂ ਉਹ ਆਪਣਾ ਪੱਖ ਪੇਸ਼ ਕਰਨ ਲਈ ਜਾਣ ਨੂੰ ਤਿਆਰ ਹਨ। ਸ਼੍ਰੋਮਣੀ ਕਮੇਟੀ ਦਾ ਸਪਸ਼ਟ ਜਵਾਬ ਮਿਲਣ ਤੋਂ ਪਹਿਲਾਂ ਵੈਬਸਾਈਟ ਤੋਂ ਦਰਬਾਰ ਸਾਹਿਬ ਦੀ ਤਸਵੀਰ ਹਟਾਉਣ ਦੀ ਲੋੜ ਨਹੀਂ ਹੈ।

## ਹੈਲੀਕਾਪਟਰ ਸੌਦਾ ਸਿਰੇ ਚਾੜ੍ਹਨ ਲਈ ਮਦਦ ਦੀ ਪੇਸ਼ਕਸ਼?

**ਲੰਡਨ:** ਬਰਤਾਨੀਆ ਵਿਚ ਵਿਰੋਧੀ ਲੇਬਰ ਪਾਰਟੀ ਦੇ ਸੰਸਦ ਮੈਂਬਰ ਟੌਮ ਵਾਟਸਨ ਨੇ ਪ੍ਰਧਾਨ ਮੰਤਰੀ ਡੇਵਿਡ ਕੈਮਰੌਨ ਨੂੰ ਕਿਹਾ ਹੈ ਕਿ ਉਨ੍ਹਾਂ ਨੂੰ ਇੰਜ ਲਗਦਾ ਹੈ ਕਿ ਬਰਤਾਨੀਆ ਦੀ ਤਤਕਾਲੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਨੇ ਭਾਰਤ ਨਾਲ ਅਗਸਤਾ ਵੈਸਟਲੈਂਡ ਹੈਲੀਕਾਪਟਰਾਂ ਦਾ ਸੌਦਾ ਸਿਰੇ ਚਾੜ੍ਹਨ ਲਈ ਅਪਰੇਸ਼ਨ ਬਲਿਊ ਸਟਾਰ ਵਿਚ ਮਦਦ ਦੀ ਪੇਸ਼ਕਸ਼ ਕੀਤੀ ਸੀ। ਸ੍ਰੀ ਵਾਟਸਨ ਨੇ ਸ੍ਰੀ ਕੈਮਰੌਨ ਨੂੰ ਕਿਹਾ ਹੈ ਕਿ ਉਹ ਇਸ ਸਚਾਈ ਤੋਂ ਪਰਦਾ ਚੁੱਕਣ ਲਈ ਉਦੋਂ ਥੈਚਰ ਦੇ ਮੰਤਰੀ ਮੰਡਲ ਵਿਚ ਸ਼ਾਮਲ ਸਬੰਧਤ ਮੰਤਰੀਆਂ ਲਾਰਡ ਜੈਫਰੀ ਤੇ ਲਿਓਨ ਬ੍ਰਿਟਨ ਤੋਂ ਸਿੱਧੇ ਹੀ ਪੁੱਛਣ।

# ਗੁਰਦੁਆਰਾ ਫਰੀਮਾਂਟ ਚੋਣਾਂ: ਸਿੱਖ ਪੰਚਾਇਤ ਵਲੋਂ ਸਾਰੀਆਂ ਧਿਰਾਂ ਨੂੰ ਸਰਬਸੰਮਤੀ ਕਰਨ ਦਾ ਸੱਦਾ

**ਫਰੀਮਾਂਟ (ਬਿਊਰੋ):** ਸਿੱਖ ਪੰਚਾਇਤ ਨੇ ਗੁਰਦੁਆਰਾ ਫਰੀਮਾਂਟ ਦੀਆਂ ਚੋਣਾਂ ਵਿਚ ਸਭ ਧਿਰਾਂ ਨੂੰ ਸਰਬਸੰਮਤੀ ਕਰਨ ਦੀ ਅਪੀਲ ਕੀਤੀ ਹੈ। ਪਿਛਲੇ ਕਈ ਸਾਲਾਂ ਤੋਂ ਇਕ ਦੂਜੇ ਦੇ ਸਖਤ ਵਿਰੁਧ ਰਹੀਆਂ ਧਿਰਾਂ ਨੇ ਪਿਛਲੀਆਂ ਚੋਣਾਂ ਵਿਚ ਏਕਾ ਕਰਕੇ ਗੁਰਦੁਆਰਾ ਫਰੀਮਾਂਟ ਵਿਚ ਸਦਭਾਵਨਾ ਵਾਲਾ ਮਾਹੌਲ ਬਣਾਉਣ ਲਈ ਵਚਨ ਦਿੱਤਾ ਸੀ ਤਾਂ ਜੋ ਕੌਮ ਦਾ ਸਰਮਾਇਆ ਤੇ ਪੈਸਾ ਕਚਹਿਰੀਆਂ ਵਿਚ ਬਰਬਾਦ ਨਾ ਹੋਵੇ। ਇਸੇ ਮੰਤਵ ਨਾਲ 2012 ਦੀਆਂ ਚੋਣਾਂ ਵਿਚ ਇਕ ਧਿਰ ਤੋਂ ਬਿਨਾਂ ਸਾਰੀਆਂ ਧਿਰਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਇਕੱਠਿਆਂ ਹੋ ਕੇ ਗੁਰਮਤਾ ਕਰਕੇ 5 ਸਿੰਘ ਚੁਣ ਲਏ ਸਨ। ਸਿੱਖ ਪੰਚਾਇਤ ਦੇ ਨੇੜਲੇ ਸੂਤਰਾਂ ਅਨੁਸਾਰ ਇਸ ਵਾਰ ਵੀ ਸਿੱਖ ਪੰਚਾਇਤ ਨੇ ਉਹੀ ਵਿਧੀ ਅਪਨਾਉਣ ਦਾ ਫੈਸਲਾ ਲਿਆ ਹੈ ਕਿਉਂਕਿ ਪਿਛਲੇ ਦੋ ਸਾਲਾਂ ਦੀ ਕਾਰਗੁਜ਼ਾਰੀ ਬਹੁਤ ਹੀ ਸਫ਼ਲ ਰਹੀ ਹੈ।

ਇਨ੍ਹਾਂ ਸੂਤਰਾਂ ਅਨੁਸਾਰ ਪਿਛਲੇ ਦੋ ਸਾਲਾਂ ਅੰਦਰ ਗੁਰਦੁਆਰਾ ਸਾਹਿਬ ਵਿਚ ਸ਼ਾਂਤੀ ਅਤੇ ਸਦਭਾਵਨਾ ਵਾਲਾ ਮਾਹੌਲ ਰਿਹਾ ਹੈ ਅਤੇ ਝਗੜਾ ਤਾਂ ਦੂਰ ਦੀ ਗੱਲ ਕੋਈ ਤਕਰਾਰ ਵੀ ਨਹੀਂ ਹੋਈ। ਗੁਰੂਘਰ ਦੀ ਆਮਦਨ ਵਧੀ ਹੈ ਤੇ ਖਰਚੇ ਘਟੇ ਹਨ। ਖਾਲਸਾ ਸਕੂਲ ਵਿਚ ਬੱਚਿਆਂ ਦੀ ਗਿਣਤੀ ਵਧੀ ਹੈ ਅਤੇ ਇਸ ਦੇ ਪ੍ਰਬੰਧ ਵਿਚ ਵੀ ਸੁਧਾਰ ਆਇਆ ਹੈ ਜਿਸ ਤੋਂ ਬੱਚਿਆਂ ਦੇ ਮਾਪੇ ਸੰਤੁਸ਼ਟ ਹਨ। ਧਾਰਮਿਕ ਪ੍ਰੋਗਰਾਮ ਵੀ ਪਹਿਲਾਂ ਦੀ ਤਰ੍ਹਾਂ ਵਧੀਆ ਢੰਗ ਨਾਲ ਕੀਤੇ ਗਏ ਹਨ। ਸੰਗਤ ਨਾਲ ਕੀਤੇ ਵਾਅਦਿਆਂ ਮੁਤਾਬਕ ਪ੍ਰਾਜੈਕਟ ਪੂਰੇ ਕੀਤੇ ਗਏ ਹਨ ਅਤੇ ਜੋ ਪੂਰੇ ਨਹੀਂ ਹੋ ਸਕੇ ਉਨ੍ਹਾਂ 'ਤੇ ਕੰਮ ਚੱਲ ਰਿਹਾ ਹੈ। ਉਸਾਰੀ ਦੇ ਪ੍ਰਾਜੈਕਟ ਵੀ ਕੁਝ ਦਿਨਾਂ ਵਿਚ ਹੀ ਸ਼ੁਰੂ ਹੋ ਜਾਣਗੇ। ਗੁਰੂਘਰ ਦੇ ਬਿਜਲੀ ਦੇ ਬਿਲ ਖਤਮ ਕਰਨ ਲਈ ਸੋਲਰ ਪ੍ਰਾਜੈਕਟ ਵੀ ਸਿਟੀ ਦੀ ਪ੍ਰਵਾਨਗੀ ਲਈ ਭੇਜਿਆ ਗਿਆ ਹੈ, ਪ੍ਰਵਾਨ ਹੋਣ 'ਤੇ ਇਸ ਨਾਲ ਹਰ ਸਾਲ 25-30 ਹਜ਼ਾਰ ਡਾਲਰ ਦੀ ਬਚਤ ਹੋਵੇਗੀ।

ਸਿੱਖ ਪੰਚਾਇਤ ਨੇ ਸਮੂਹ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਗੁਰਬਾਣੀ ਦੇ ਫੁਰਮਾਨ 'ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ' ਅਨੁਸਾਰ ਇਸ ਵਾਰ ਵੀ ਸਰਬਸੰਮਤੀ ਨਾਲ ਗੁਰਮਤਾ ਕਰੀਏ ਤਾਂ ਜੋ ਸੰਗਤ ਦੇ ਬੇਲੋੜੇ ਸਰਮਾਏ ਦੀ ਬਰਬਾਦੀ, ਆਪਸੀ ਨਫ਼ਰਤ ਅਤੇ ਕਸ਼ੀਦਗੀ ਖਤਮ ਕੀਤੀ ਜਾ ਸਕੇ।

ਜਾਰੀ ਕੀਤੇ ਬਿਆਨ ਵਿਚ ਸਿੱਖ ਪੰਚਾਇਤ ਨੇ ਸੰਗਤ ਨੂੰ ਅਪੀਲ ਕੀਤੀ ਹੈ ਕਿ ਗੁਰਮਤੇ ਰਾਹੀਂ 5 ਸਿੰਘਾਂ ਦੀ ਚੋਣ ਕੀਤੀ ਜਾਏ ਤਾਂ ਜੋ ਸਿੱਖ ਸਿਧਾਂਤ ਨੂੰ ਖੋਰਾ ਲਾਉਣ ਵਾਲੀਆਂ ਤਾਕਤਾਂ ਨੂੰ ਭਾਂਜ ਦਿੱਤੀ ਜਾ ਸਕੇ। ਸਿੱਖ ਪੰਚਾਇਤ ਨੇ ਕਿਹਾ ਕਿ ਸੰਗਤ ਦੇ ਜੋ ਮੈਂਬਰ ਗੁਰਮਤੇ ਦੇ ਹੱਕ ਵਿਚ ਹਨ, ਉਹ ਸਿੱਖ ਪੰਚਾਇਤ ਦੇ ਕਿਸੇ ਵੀ ਮੈਂਬਰ ਨੂੰ ਆਪਣਾ ਨਾਂ 31 ਜਨਵਰੀ ਤੱਕ ਦੇ ਸਕਦੇ ਹਨ ਤਾਂ ਜੋ ਪਹਿਲੀ ਤੇ ਦੂਜੀ ਫਰਵਰੀ ਨੂੰ ਮਿਲ ਬੈਠ ਕੇ ਸਰਬਸੰਮਤੀ ਕੀਤੀ ਜਾ ਸਕੇ।

ਸਿੱਖ ਪੰਚਾਇਤ ਵਲੋਂ 26 ਜਨਵਰੀ ਨੂੰ ਗੁਰਦੁਆਰਾ ਫਰੀਮਾਂਟ ਵਿਖੇ ਇੱਕ ਮੀਟਿੰਗ ਰੱਖੀ ਗਈ ਹੈ ਜਿਸ ਵਿਚ ਸੰਗਤ ਮੈਂਬਰ ਆ ਕੇ ਵਿਚਾਰ-ਵਟਾਂਦਰਾ ਕਰ ਸਕਦੇ ਹਨ।


## ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ

**ਫਲੋਰਿਡਾ ਵਿਚ ਚੰਗੇ ਚਲਦੇ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ। ਚੰਗੀ ਤਨਖਾਹ ਅਤੇ ਹੋਰ ਸਹੂਲਤਾਂ**

*ਸੰਪਰਕ ਕਰੋ:*

**ਫੋਨ 850-510-3466**


# ਸਿੱਖ ਕਾਂਗਰੈਸ਼ਨਲ ਕਾਕਸ ਨੂੰ ਮਤੇ ਵਿਚ 84 ਦੇ ਸਿੱਖ ਕਤਲੇਆਮ ਨੂੰ ਵੀ ਸ਼ਾਮਲ ਕਰਨ ਦੀ ਅਪੀਲ

**ਮਿਲਪੀਟਸ (ਬਿਊਰੋ):** ਫਰੈਂਡਜ਼ ਆਫ ਦਾ ਸਿੱਖ ਕਾਕਸ ਨੇ ਸਿੱਖ ਕਾਂਗਰੈਸ਼ਨਲ ਕਾਕਸ ਨੂੰ ਅਮਰੀਕੀ ਕਾਂਗਰਸ ਦੇ ਦੋਨਾਂ ਸਦਨਾ ਦੇ ਕੁਝ ਮੈਂਬਰਾਂ ਨੇ ਹਿੰਦੋਸਤਾਨ ਵਿਚ ਘਟ ਗਿਣਤੀਆਂ ਦੇ ਘਾਣ ਤੇ ਉਨ੍ਹਾਂ ਨਾਲ ਹੁੰਦੇ ਵਤੀਰੇ ਸਬੰਧੀ ਸਦਨ ਵਿਚ ਪੇਸ਼ ਕੀਤੇ ਗਏ ਬਿਲ ਦਾ ਸਮਰਥਨ ਕਰਨ ਦੀ ਅਪੀਲ ਕੀਤੀ ਹੈ। ਜ਼ਿਕਰਯੋਗ ਹੈ ਕਿ ਇਹ ਬਿਲ ਪਿਛਲੇ ਸਮੇਂ ਦੌਰਾਨ ਈਸਾਈ ਤੇ ਮੁਸਲਿਮ ਭਾਈਚਾਰੇ ਉਤੇ ਹਿੰਦੋਸਤਾਨ ਵਿਚ ਹੋਈਆਂ ਜ਼ਿਆਦਤੀਆਂ ਸਬੰਧੀ ਹੈ ਅਤੇ ਇਸ ਵਿਚ ਤਿੰਨ ਵਿਸ਼ੇਸ਼ ਘਟਨਾਵਾਂ ਦਾ ਜ਼ਿਕਰ ਹੈ, ਜਿਨ੍ਹਾਂ ਵਿਚ 1992 ਵਿਚ ਬਾਬਰੀ ਮਸਜਿਦ ਨੂੰ ਢਾਹੁਣ, 2002 ਵਿਚ ਗੁਜਰਾਤ ਵਿਚ ਮੁਸਲਿਮ ਕਤਲੇਆਮ ਅਤੇ 2008 ਵਿਚ ਉੜੀਸਾ ਵਿਚ ਈਸਾਈ ਭਾਈਚਾਰੇ ਦੇ ਕਤਲੇਆਮ ਦੀਆਂ ਘਟਨਾਵਾਂ ਸ਼ਾਮਲ ਹਨ।

ਫਰੈਂਡਜ਼ ਆਫ ਦ ਸਿੱਖ ਕਾਕਸ ਵੱਲੋਂ ਹਰਪ੍ਰੀਤ ਸਿੰਘ ਸੰਧੂ, ਜਿਨ੍ਹਾਂ ਦਾ ਸਿੱਖ ਕਾਕਸ ਬਣਾਉਣ ਵਿਚ ਵਿਸ਼ੇਸ਼ ਯੋਗਦਾਨ ਹੈ, ਨੇ ਸਿੱਖ ਕਾਂਗਰੈਸ਼ਨਲ ਕਾਕਸ ਨੂੰ ਬੇਨਤੀ ਕੀਤੀ ਹੈ ਕਿ ਜਿਥੇ ਇਨ੍ਹਾਂ ਤਿੰਨ ਵਿਸ਼ੇਸ਼ ਘਟਨਾਵਾਂ ਦਾ ਜ਼ਿਕਰ ਹੈ, ਉਥੇ ਨਾਲ ਹੀ 1984 ਵਿਚ ਹੋਏ ਸਿੱਖ ਕਤਲੇਆਮ ਨੂੰ ਵੀ ਸ਼ਾਮਲ ਕੀਤਾ ਜਾਵੇ।

ਸ. ਸੰਧੂ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਸਿੱਖ, ਮਜ਼ਲੂਮ ਦੇ ਨਾਲ ਖਲੋਣ ਨੂੰ ਆਪਣਾ ਫਰਜ਼ ਸਮਝਦੇ ਹਨ। ਇਸੇ ਹਫਤੇ ਕਾਂਗਰਸਮੈਨ ਮਾਈਕ ਹਾਂਡਾ ਸਮੇਤ ਕੁਝ ਹੋਰ ਕਾਂਗਰਸਮੈਨਾਂ ਨਾਲ ਇਸ ਮਸਲੇ ਸਬੰਧੀ ਮੀਟਿੰਗਾਂ ਤੈਅ ਹੋਈਆਂ ਹਨ। ਚੇਤੇ ਰਹੇ, ਦਸਮੇਸ਼ ਪਿਤਾ ਦੇ ਪ੍ਰਕਾਸ਼ ਉਤਸਵ ਮੌਕੇ ਜਦੋਂ ਕਾਕਸ ਦੇ ਕੋ-ਚੇਅਰਮੈਨ ਡੇਵਿਡ ਵਾਲਾਡਾਓ ਬੇਅ ਏਰੀਏ ਦੇ ਗੁਰਦੁਆਰਾ ਮਿਲਪੀਟਸ ਤੇ ਫਰੀਮਾਂਟ ਆਏ ਸਨ, ਤਾਂ ਸਿੱਖ ਆਗੂਆਂ ਨੇ ਉਨ੍ਹਾਂ ਨਾਲ ਰੈਜ਼ੋਲਿਊਸ਼ਨ 417 ਸਮੇਤ ਹੋਰ ਕਈ ਮਸਲਿਆਂ ਬਾਰੇ ਗੱਲਬਾਤ ਕੀਤੀ ਸੀ, ਤੇ ਕਾਂਗਰਸਮੈਨ ਨੇ ਉਨ੍ਹਾਂ ਨੂੰ ਇਸ ਬਾਰੇ ਗੱਲਬਾਤ ਕਰਨ ਦਾ ਪੂਰਨ ਭਰੋਸਾ ਦੁਆਇਆ ਸੀ।


## ਘਰੇਲੂ ਕੰਮ ਕਾਰ ਲਈ ਬੀਬੀ ਦੀ ਲੋੜ ਹੈ

**ਓਕਲੈਂਡ, ਕੈਲੀਫੋਰਨੀਆ ਵਿਚ ਇਕ ਪੰਜਾਬੀ ਪਰਿਵਾਰ ਦੇ ਨਾਲ ਰਹਿ ਕੇ ਘਰ ਦੀ ਸਾਫ-ਸਫਾਈ, ਰੋਟੀ-ਪਾਣੀ ਤੇ ਲੌਂਡਰੀ ਵਗੈਰਾ ਕਰਨ ਵਾਸਤੇ ਇਕ ਤੰਦਰੁਸਤ, ਖੁਸ਼ ਮਿਜਾਜ਼ ਬੀਬੀ ਦੀ ਲੋੜ ਹੈ। ਵਾਜਬ ਤਨਖਾਹ। ਬਜ਼ੁਰਗ ਬੀਬੀਆਂ ਸੰਪਰਕ ਨਾ ਕਰਨ।**

**ਫੋਨ: 510-703-4733**


# ਗੁਰਦੁਆਰਾ ਫਰੀਮਾਂਟ ਸੁਪਰੀਮ ਕੌਂਸਲ ਚੋਣਾਂ-2014

## ਚੋਣ ਨੋਟਿਸ

**20 ਜਨਵਰੀ 2014**
**ਸਤਿਕਾਰਯੋਗ ਸੰਗਤ ਮੈਂਬਰ ਜੀਓ,**
**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥**

### ਸੁਪਰੀਮ ਕੌਂਸਲ ਦੀਆਂ ਚੋਣਾਂ ਦਾ ਪ੍ਰੋਗਰਾਮ

**ਵੋਟਰਾਂ ਦੀ ਰਜਿਸਟਰੇਸ਼ਨ**
**29 ਜਨਵਰੀ 2014, ਸ਼ਾਮ 5 ਵਜੇ ਤੱਕ (ਐਤਵਾਰ ਅਤੇ ਬੁੱਧਵਾਰ)**

**ਸੁਪਰੀਮ ਕੌਂਸਲ ਦੇ ਉਮੀਦਵਾਰਾਂ ਲਈ ਨਾਮਜ਼ਦਗੀ ਭਰਨ ਦੀ ਅੰਤਿਮ ਤਾਰੀਖ ਤੇ ਸਮਾਂ: 5 ਫਰਵਰੀ 2014, ਰਾਤ 8 ਵਜੇ ਤੱਕ**

**ਨਾਮਜ਼ਦਗੀਆਂ ਵਾਪਸ ਲੈਣ ਦੀ ਅੰਤਿਮ ਤਾਰੀਖ ਤੇ ਸਮਾਂ: 9 ਫਰਵਰੀ 2014, ਸ਼ਾਮ 5 ਵਜੇ ਤੱਕ**



**ਚੋਣਾਂ ਐਤਵਾਰ, 9 ਮਾਰਚ 2014, ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਹੋਣਗੀਆਂ**

**ਕਿਸੇ ਵੀ ਸਵਾਲ ਜਾਂ ਸਪਸ਼ਟੀਕਰਨ ਲਈ ਸੁਪਰੀਮ ਕੌਂਸਲ ਨਾਲ ਫੋਨ: 510-790-0177 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।**

**ਵਲੋਂ: ਸੁਪਰੀਮ ਕੌਂਸਲ, ਗੁਰਦੁਆਰਾ ਸਾਹਿਬ ਫਰੀਮਾਂਟ (ਕੈਲੀਫੋਰਨੀਆ)**

**Punjab Times**
**Established in 2000**
**15th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ,**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਜ਼ਾ-ਏ-ਮੌਤ ਦੇ ਖ਼ਾਤਮੇ ਬਾਰੇ ਕਨਵੈਨਸ਼ਨ ਪਹਿਲੀ ਨੂੰ

**ਜਲੰਧਰ:** ਜਮਹੂਰੀ ਅਧਿਕਾਰ ਸਭਾ (ਪੰਜਾਬ) ਦੇ ਸੂਬਾ ਪ੍ਰਧਾਨ ਪ੍ਰੋਫੈਸਰ ਅਜਮੇਰ ਸਿੰਘ ਔਲੱਖ ਅਤੇ ਸੂਬਾ ਪ੍ਰੈੱਸ ਸਕੱਤਰ ਬੂਟਾ ਸਿੰਘ ਨੇ ਦੱਸਿਆ ਕਿ ਪੂਰੇ ਭਾਰਤ ਦੀਆਂ ਮਨੁੱਖੀ ਅਤੇ ਜਮਹੂਰੀ ਅਧਿਕਾਰ ਜਥੇਬੰਦੀਆਂ ਦੇ ਸਾਂਝੇ ਤਾਲਮੇਲ ਮੰਚ 'ਕੋਆਰਡੀਨੇਸ਼ਨ ਆਫ ਡੈਮੋਕਰੇਟਿਕ ਰਾਈਟੀਸ ਆਰਗੇਨਾਈਜੇਸ਼ਨਜ਼' ਵਲੋਂ ਪਹਿਲੀ ਫਰਵਰੀ ਨੂੰ ਦਿੱਲੀ ਦੇ ਰਾਜਿੰਦਰ ਭਵਨ ਵਿਚ ਸਜ਼ਾ-ਏ-ਮੌਤ ਖ਼ਤਮ ਕਰਨ ਬਾਰੇ ਸਰਵ ਭਾਰਤੀ ਕਨਵੈਨਸ਼ਨ ਕੀਤੀ ਜਾ ਰਹੀ ਹੈ। ਕਨਵੈਨਸ਼ਨ ਉਨ੍ਹਾਂ ਨਾਜ਼ੁਕ ਹਾਲਾਤ ਵਿਚ ਹੋ ਰਹੀ ਹੈ ਜਦੋਂ ਇਹ ਸਾਬਤ ਹੋ ਚੁੱਕਾ ਹੈ ਕਿ ਜੁਰਮਾਂ ਦੇ ਖ਼ਾਤਮੇ ਵਿਚ ਸਜ਼ਾ-ਏ-ਮੌਤ ਦੀ ਕੋਈ ਭੂਮਿਕਾ ਨਹੀਂ ਹੈ।

ਇਸੇ ਕਰ ਕੇ ਦੁਨੀਆਂ ਦੇ 97 ਦੇਸ਼ਾਂ ਨੇ ਇਸ ਨੂੰ ਖ਼ਤਮ ਕਰ ਦਿੱਤਾ ਹੈ; ਜਦੋਂਕਿ ਭਾਰਤ ਵਿਚ 450 ਕੈਦੀ ਸਜ਼ਾ-ਏ-ਮੌਤ ਦੀ ਕਤਾਰ ਵਿਚ ਹੋਣ ਕਾਰਨ ਮੌਤ ਦਾ ਸਾਹਮਣਾ ਕਰ ਰਹੇ ਹਨ। ਪਿਛਲੇ ਇਕ ਸਾਲ ਵਿਚ ਭਾਰਤ ਦੇ ਰਾਸ਼ਟਰਪਤੀ ਨੇ 25 ਜਣਿਆਂ ਦੀਆਂ ਰਹਿਮ ਦੀਆਂ ਅਪੀਲਾਂ ਖਾਰਜ ਕੀਤੀਆਂ ਹਨ। ਅੱਠ ਜਣਿਆਂ ਨੂੰ ਫਾਂਸੀ ਦਿੱਤੇ ਜਾਣ ਉਪਰ ਵੱਖ-ਵੱਖ ਅਦਾਲਤਾਂ ਨੇ ਆਰਜ਼ੀ ਰੋਕ ਲਾਈ ਹੋਈ ਹੈ, ਤੇ ਬਾਕੀ ਪੰਦਰਾਂ ਦੋਸ਼ੀਆਂ ਦੀਆਂ ਅਪੀਲਾਂ ਦੀ ਸੁਣਵਾਈ ਅਜੇ ਅਦਾਲਤਾਂ ਵਿਚ ਹੋਣੀ ਹੈ।

ਉਨ੍ਹਾਂ ਦੱਸਿਆ ਕਿ ਇਸ ਕਨਵੈਨਸ਼ਨ ਨੂੰ ਬੁੱਕਰ ਇਨਾਮ ਜੇਤੂ ਲੇਖਕਾ ਤੇ ਕਾਰਕੁਨ ਅਰੁੰਧਤੀ ਰਾਏ, ਜਸਟਿਸ ਅਜੀਤ ਸਿੰਘ ਬੈਂਸ, ਡਾ. ਅਨੂਪ ਸੁਰੇਂਦਰਨਾਥ (ਨੈਸ਼ਨਲ ਲਾਅ ਯੂਨੀਵਰਸਿਟੀ ਦਿੱਲੀ), ਜਸਟਿਸ ਬਿਲਾਲ ਨਾਜ਼ਕੀ (ਸਾਬਕਾ ਮੁੱਖ ਜਸਟਿਸ ਉੜੀਸਾ ਹਾਈਕੋਰਟ), ਬੌਜਾ ਤਾਰਾਕਮ (ਸੀਨੀਅਰ ਐਡਵੋਕੇਟ ਅਤੇ ਦਲਿਤ ਕਾਰਕੁਨ, ਆਂਧਰਾ ਪ੍ਰਦੇਸ), ਜਸਟਿਸ ਹੌਸਬੇਤ ਸੁਰੇਸ਼ (ਸਾਬਕਾ ਮੁੱਖ ਜਸਟਿਸ ਬੰਬਈ ਹਾਈ ਹਾਈਕੋਰਟ), ਪ੍ਰੋਫੈਸਰ ਜੀਨ ਡਰੀਜ਼ (ਅਰਥਸ਼ਾਸਤਰੀ ਦਿੱਲੀ ਸਕੂਲ ਆਫ ਇਕਨਾਮਿਕਸ ਅਤੇ ਇਲਾਹਾਬਾਦ ਯੂਨੀਵਰਸਿਟੀ), ਪ੍ਰੋਫੈਸਰ ਪ੍ਰਭਾਤ ਪਟਨਾਇਕ (ਅਰਥ-ਸ਼ਾਸਤਰ ਵਿਭਾਗ ਜਵਾਹਰਲਾਲ ਨਹਿਰੂ ਯੂਨੀਵਰਸਿਟੀ), ਕੇ. ਥਿਆਂਗਰਾਜਨ (ਜਨਰਲ ਸਕੱਤਰ ਤਾਮਿਲ ਨੈਸ਼ਨਲ ਲਿਬਰੇਸ਼ਨ ਮੂਵਮੈਂਟ), ਐਡਵੋਕੇਟ ਨਵਕਿਰਨ ਸਿੰਘ (ਮੌਤ ਦੀ ਸਜ਼ਾ ਵਿਰੁੱਧ ਮੁਹਿੰਮ ਦੇ ਸੰਚਾਲਕ), ਐਡਵੋਕੇਟ ਯੁਗ ਮੋਹਿਤ ਚੌਧਰੀ (ਮੌਤ ਦੀ ਸਜ਼ਾ ਖ਼ਿਲਾਫ਼ ਖੋਜਕਾਰ ਅਤੇ ਕਾਰਕੁਨ ਮੁੰਬਈ), ਜ਼ਾਹਿਦ ਅਲੀ ਖ਼ਾਨ (ਸੰਪਾਦਕ, ਰੋਜ਼ਾਨਾ ਸਿਆਸਤ ਆਂਧਰਾ ਪ੍ਰਦੇਸ਼) ਅਤੇ ਸੀ.ਡੀ.ਆਰ. ਓ. ਦੇ ਹੋਰ ਬੁਲਾਰੇ ਸੰਬੋਧਨ ਕਰਨਗੇ।

# ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਫਾਂਸੀ ਟੁੱਟਣ ਲਈ ਰਾਹ ਖੁੱਲ੍ਹਿਆ

*(ਸਫਾ ਇਕ ਦੀ ਬਾਕੀ)*

ਹੋਣ 'ਤੇ ਲਾਜ਼ਮੀ ਦੱਸਿਆ ਜਾਵੇ ਤੇ ਫਾਂਸੀ ਦੇਣ ਤੋਂ ਪਹਿਲਾਂ ਪਰਿਵਾਰ ਦੇ ਮੈਂਬਰਾਂ ਨੂੰ ਮਿਲਣ ਦਾ ਮੌਕਾ ਦਿੱਤਾ ਜਾਵੇ। ਬੈਂਚ ਨੇ ਇਹ ਵੀ ਤੈਅ ਕੀਤਾ ਕਿ ਫਾਂਸੀ ਦੀ ਸਜ਼ਾ ਵਾਲੇ ਕੈਦੀ ਨੂੰ ਇਕੱਲਾ ਰੱਖਣਾ ਗ਼ੈਰ-ਸੰਵਿਧਾਨਕ ਹੈ ਤੇ ਜੇਲ੍ਹਾਂ ਵਿਚ ਅਜਿਹਾ ਨਹੀਂ ਕੀਤਾ ਜਾਣਾ ਚਾਹੀਦਾ। ਫਾਂਸੀ ਦੀ ਸਜ਼ਾ ਰਹਿਮ ਦੀ ਅਪੀਲ ਰੱਦ ਹੋਣ ਤੋਂ 14 ਦਿਨਾਂ ਦੇ ਅੰਦਰ-ਅੰਦਰ ਦਿੱਤੀ ਜਾਣੀ ਚਾਹੀਦੀ ਹੈ। ਜੇਲ੍ਹ ਅਧਿਕਾਰੀਆਂ ਨੂੰ ਫਾਂਸੀ ਦੀ ਸਜ਼ਾ ਵਾਲੇ ਕੈਦੀਆਂ ਨੂੰ ਕਾਨੂੰਨੀ ਸਹਾਇਤਾ ਵੀ ਮੁਹੱਈਆ ਕਰਾਉਣੀ ਚਾਹੀਦੀ ਹੈ ਤਾਂ ਕਿ ਉਹ ਆਪਣੀ ਬਿਮਾਰੀ ਤੇ ਰਹਿਮ ਦੀ ਅਪੀਲ ਦੇ ਨਿਬੇੜੇ ਵਿਚ ਸਰਕਾਰ ਦੀ ਤਰਫੋਂ ਦੇਰੀ ਦੇ ਆਧਾਰ 'ਤੇ ਆਪਣੀ ਸਜ਼ਾ ਤਬਦੀਲ ਕਰਾਉਣ ਲਈ ਉਚੇਰੀਆਂ ਅਦਾਲਤਾਂ ਵਿਚ ਪਹੁੰਚ ਕਰ ਸਕਣ।

ਫਾਂਸੀ ਦੀ ਸਜ਼ਾ ਵਾਲੇ ਜਿਨ੍ਹਾਂ 15 ਕੈਦੀਆਂ ਦੀਆਂ ਪਟੀਸ਼ਨਾਂ 'ਤੇ 21 ਜਨਵਰੀ ਨੂੰ ਫੈਸਲਾ ਆਇਆ, ਉਨ੍ਹਾਂ ਵਿਚ ਸੁਰੇਸ਼, ਰਾਮਜੀ, ਗੁਰਮੀਤ ਸਿੰਘ, ਪ੍ਰਵੀਨ ਕੁਮਾਰ, ਸੋਨੀਆ ਤੇ ਉਸ ਦਾ ਪਤੀ ਸੰਜੀਵ, ਸੁੰਦਰ ਸਿੰਘ ਤੇ ਜ਼ਫ਼ਰ ਅਲੀ ਉਤਰ ਪ੍ਰਦੇਸ਼ ਦੀਆਂ ਜੇਲ੍ਹਾਂ ਵਿਚ ਕੈਦ ਹਨ ਜਦਕਿ ਹਰਿਆਣਾ ਦੇ ਸਾਬਕਾ ਵਿਧਾਇਕ ਰੇਲੂ ਰਾਮ ਪੂਨੀਆ ਦੀ ਧੀ ਸੋਨੀਆ ਤੇ ਉਸ ਦਾ ਪਤੀ ਸੰਜੀਵ ਹਰਿਆਣਾ ਦੀ ਜੇਲ੍ਹ ਵਿਚ ਹਨ। ਪ੍ਰਵੀਨ ਕਰਨਾਟਕ ਤੇ ਸੁੰਦਰ ਸਿੰਘ ਉਤਰਾਖੰਡ ਦੀ ਜੇਲ੍ਹ ਵਿਚ ਹਨ। ਸੋਨੀਆ ਤੇ ਉਸ ਦੇ ਪਤੀ ਸੰਜੀਵ ਨੂੰ 2001 ਵਿਚ ਆਪਣੇ ਮਾਪਿਆਂ ਤੇ ਤਿੰਨ ਬੱਚਿਆਂ ਸਣੇ ਪਰਿਵਾਰ ਦੇ ਅੱਠ ਜੀਆਂ ਦੀ ਹੱਤਿਆ ਦੇ ਦੋਸ਼ ਵਿਚ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। ਗੁਰਮੀਤ ਸਿੰਘ, ਜ਼ਫ਼ਰ ਅਲੀ ਤੇ ਸੁਰੇਸ਼ ਤੇ ਰਾਮਜੀ ਨੂੰ ਆਪੋ-ਆਪਣੇ ਪਰਿਵਾਰਕ ਮੈਂਬਰਾਂ ਦੀ ਹੱਤਿਆ ਦੇ ਕੇਸਾਂ ਵਿਚ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ।

## ਸਿੱਖ ਭਾਈਚਾਰੇ ਵੱਲੋਂ ਫੈਸਲੇ ਦਾ ਸਵਾਗਤ

**ਅੰਮ੍ਰਿਤਸਰ:** ਸੁਪਰੀਮ ਕੋਰਟ ਦੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਹੈ ਕਿ ਇਸ ਫ਼ੈਸਲੇ ਨਾਲ ਤਿਹਾੜ ਜੇਲ੍ਹ ਵਿਚ ਬੰਦ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਪ੍ਰੋ. ਭੁੱਲਰ ਨੂੰ ਵੀ ਰਾਹਤ ਮਿਲੇਗੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਆਖਿਆ ਕਿ ਇਹ ਅਦਾਲਤ ਵੱਲੋਂ ਦੇਰ ਨਾਲ ਕੀਤਾ ਗਿਆ ਠੀਕ ਫੈਸਲਾ ਹੈ ਜਿਸ ਦੀ ਪ੍ਰੋ. ਭੁੱਲਰ ਨੂੰ ਵਧੇਰੇ ਲੋੜ ਸੀ। ਲਾਇਰਸ ਫਾਰ ਹਿਊਮਨ ਰਾਈਟਸ ਦੇ ਆਗੂ ਐਡਵੋਕੇਟ ਨਵਕਿਰਨ ਸਿੰਘ ਨੇ ਆਖਿਆ ਕਿ ਸੁਪਰੀਮ ਕੋਰਟ ਦੇ ਫੈਸਲੇ ਨਾਲ ਭੁੱਲਰ ਦੀ ਸਜ਼ਾ ਮੁਆਫੀ ਤੇ ਰਿਹਾਈ ਲਈ ਰਾਹ ਪੱਧਰਾ ਹੋ ਗਿਆ ਹੈ। ਭਾਰਤ ਦੀ ਸੁਪਰੀਮ ਕੋਰਟ ਵੱਲੋਂ ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕੀਤੇ ਜਾਣ 'ਤੇ ਉਨ੍ਹਾਂ ਦੀ ਮਾਂ ਉਪਕਾਰ ਕੌਰ ਤੇ ਭਰਾ ਤਜਿੰਦਰ ਸਿੰਘ ਭੁੱਲਰ ਨੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਹੈ। ਇਸੇ ਦੌਰਾਨ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰੋ. ਭੁੱਲਰ ਦੀ ਫਾਂਸੀ ਦੀ ਸਜ਼ਾ ਰੱਦ ਹੋਣ ਉਤੇ ਤਸੱਲੀ ਪ੍ਰਗਟਾਉਂਦਿਆਂ ਇਸ ਨੂੰ ਸਿੱਖ ਕੌਮ ਦੇ ਸਿਰੜ ਦੀ ਜਿੱਤ ਕਰਾਰ ਦਿਤਾ ਹੈ ਜਿਸ ਪਿਛੇ ਲੰਮੇ ਸੰਘਰਸ਼, ਧਰਨਿਆਂ, ਅਪੀਲਾਂ, ਦਲੀਲਾਂ ਤੇ ਮੁਜ਼ਾਹਰਿਆਂ ਦਾ ਹੱਥ ਹੈ। ਉਨ੍ਹਾਂ ਕਿਹਾ ਕਿ ਪ੍ਰੋ. ਭੁੱਲਰ ਨੂੰ ਹੁਣ ਰਿਹਾਈ ਮਿਲਣੀ ਚਾਹੀਦੀ ਹੈ, ਕਿਉਂਕਿ ਉਹ ਪਹਿਲਾਂ ਹੀ ਉਮਰ ਕੈਦ ਭੁਗਤ ਚੁੱਕੇ ਹਨ।

# ਹਰਮਨਪਿਆਰਤਾ ਪੱਖੋਂ ਬਿਲ ਗੇਟਸ ਅੱਜ ਵੀ ਨੰਬਰ ਵੰਨ

**ਲੰਡਨ:** ਮਾਈਕਰੋਸਾਫਟ ਦੇ ਬਾਨੀ ਬਿਲ ਗੇਟਸ ਅੱਜ ਵੀ ਦੁਨੀਆ ਭਰ ਦੇ ਲੋਕਾਂ ਵਿਚ ਸਭ ਤੋਂ ਵੱਧ ਹਰਮਨਪਿਆਰੀ ਸ਼ਖ਼ਸੀਅਤ ਹਨ। ਭਾਰਤ ਦਾ ਕ੍ਰਿਕਟ ਖਿਡਾਰੀ ਸਚਿਨ ਤੇਂਦੁਲਕਰ ਇਸ ਸੂਚੀ ਵਿਚ ਪੰਜਵੇਂ ਸਥਾਨ ਉੱਤੇ ਹੈ। ਇਹ ਸਰਵੇ ਭਾਰਤ ਸਮੇਤ ਦੁਨੀਆਂ ਦੇ 13 ਦੇਸ਼ਾਂ ਵਿਚ ਕਰਵਾਇਆ ਗਿਆ ਹੈ। ਦੁਨੀਆ ਦੇ ਸਭ ਤੋਂ ਪ੍ਰਸੰਸਾਯੋਗ ਵਿਅਕਤੀਆਂ ਬਾਰੇ 'ਯੂਗੋਵ' ਵੱਲੋਂ ਦਿ ਟਾਈਮਜ਼ ਵਿਚ ਕਰਵਾਏ ਸਰਵੇ ਵਿਚ ਅਮਰੀਕੀ ਕੰਪਨੀ ਮਾਈਕਰੋਸਾਫਟ ਦੇ ਮਾਲਕ ਬਿਲ ਗੇਟਸ ਤੋਂ ਅੱਜ ਵੀ ਦੁਨੀਆਂ ਭਰ ਦੇ ਲੋਕ ਸਭ ਤੋਂ ਵੱਧ ਪ੍ਰਭਾਵਿਤ ਹਨ। ਪਹਿਲੇ ਦਸ ਵਿਅਕਤੀਆਂ ਦੀ ਸੂਚੀ ਵਿਚ ਚਾਰ ਵਿਅਕਤੀਆਂ ਨੇ ਸਥਾਨ ਲਿਆ ਹੈ।ਕੁੱਲ ਤੀਹ ਵਿਅਕਤੀਆਂ ਦੀ ਸੂਚੀ ਵਿਚ ਸਚਿਨ (40) ਨੂੰ ਪੰਜਵਾਂ ਸਥਾਨ, ਭਾਜਪਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਨਰਿੰਦਰ ਮੋਦੀ ਨੂੰ 7ਵਾਂ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ 18ਵਾਂ ਤੇ ਉੱਘੇ ਕਾਰੋਬਾਰੀ ਰਤਨ ਟਾਟਾ 30ਵੇਂ ਸਥਾਨ ਉੱਤੇ ਸਨ।

# ਅਰਵਿੰਦ ਕੇਜਰੀਵਾਲ ਨੇ ਕੇਂਦਰ ਸਰਕਾਰ ਦੀ ਪਿੱਠ ਲਾਈ

*(ਸਫਾ ਇਕ ਦੀ ਬਾਕੀ)*

ਸੋਮਨਾਥ ਭਾਰਤੀ ਦੇ ਆਦੇਸ਼ ਉਪਰ ਸ਼ੱਕੀ ਸਰਗਰਮੀਆਂ ਵਾਲੇ ਸਥਾਨ ਉਪਰ ਛਾਪਾ ਮਾਰਨ ਤੋਂ ਨਾਂਹ ਕਰ ਦਿੱਤੀ ਸੀ ਤੇ ਪਹਾੜਗੰਜ ਦੇ ਪੀ.ਸੀ.ਆਰ. ਵੈਨ ਇੰਚਾਰਜ ਜਿੱਥੇ ਪਿਛਲੇ ਹਫਤੇ ਡੈਨਿਸ਼ ਮਹਿਲਾ ਨਾਲ ਸਮੂਹਿਕ ਬਲਾਤਕਾਰ ਹੋਇਆ ਸੀ, ਨੂੰ ਜਾਂਚ ਮੁਕੰਮਲ ਹੋਣ ਤੱਕ ਛੁੱਟੀ ਉਪਰ ਭੇਜ ਦਿੱਤਾ ਗਿਆ ਹੈ। ਸ੍ਰੀ ਕੇਜਰੀਵਾਲ ਨੇ ਪੰਜ ਪੁਲਿਸ ਅਧਿਕਾਰੀਆਂ ਦੀ ਮੁਅੱਤਲੀ ਜਾਂ ਬਦਲੀ ਦੀ ਮੰਗ ਕੀਤੀ ਹੈ।

ਉਧਰ, ਦਿੱਲੀ ਪੁਲਿਸ ਦੇ ਦੋਸ਼ੀ ਅਧਿਕਾਰੀਆਂ ਦੇ ਤਬਾਦਲੇ ਦੀ ਮੰਗ ਨੂੰ ਲੈ ਕੇ ਮੁੱਖ ਮੰਤਰੀ ਦਾ ਧਰਨਾ ਕਿੰਨਾ ਕੁ ਜਾਇਜ਼ ਹੈ, ਇਸ ਬਾਰੇ ਬੁੱਧੀਜੀਵੀ ਵਰਗ ਦੀ ਰਾਏ ਵੱਖ-ਵੱਖ ਹੈ ਪਰ ਸਵਾਲ ਇਹ ਵੀ ਹੈ ਕਿ ਦਿੱਲੀ ਦੀ ਸੱਤਾ ਵਿਚ ਹੁੰਦਿਆਂ ਹੋਇਆਂ ਵੀ ਦਿੱਲੀ ਪੁਲਿਸ ਦੇ ਅਧਿਕਾਰੀਆਂ ਖਿਲਾਫ਼ ਕਾਰਵਾਈ ਕਰਨ ਲਈ ਰਾਜ ਦੇ ਮੁੱਖ ਮੰਤਰੀ ਨੂੰ ਅਜਿਹਾ ਰਾਹ ਕਿਉਂ ਅਖ਼ਤਿਆਰ ਕਰਨਾ ਪਿਆ?

ਇਸ ਦਾ ਕਾਰਨ ਇਹ ਹੈ ਕਿ ਦਿੱਲੀ ਪੁਲਿਸ 'ਤੇ ਰਾਜ ਦਾ ਅਖ਼ਤਿਆਰ ਨਹੀਂ, ਬਲਕਿ ਇਸ ਦੀ ਡੋਰ ਕੇਂਦਰ ਸਰਕਾਰ ਹੱਥ ਹੈ। 149 ਪੁਲਿਸ ਸਟੇਸ਼ਨਾਂ ਵਾਲੀ ਦਿੱਲੀ ਪੁਲਿਸ ਸੰਸਾਰ ਵਿਚ ਕਿਸੇ ਵੀ ਮਹਾਂਨਗਰ ਦੀ ਸਭ ਤੋਂ ਵੱਡੀ ਪੁਲਿਸ ਫੋਰਸ ਹੈ। 80,000 ਤੋਂ ਵੀ ਜ਼ਿਆਦਾ ਦੀ ਤਦਾਦ ਵਾਲੀ



ਇਸ ਪੁਲਿਸ ਫੋਰਸ ਨੂੰ ਦਿੱਲੀ ਸਰਕਾਰ ਦੇ ਅਧੀਨ ਲਿਆਉਣ ਦੀ ਹਾਲੇ ਤੱਕ ਕਿਸੇ ਵੀ ਮੁੱਖ ਮੰਤਰੀ ਨੇ ਕੋਈ ਕੋਸ਼ਿਸ਼ ਨਹੀਂ ਕੀਤੀ।

ਜੇ ਦਿੱਲੀ ਦੇ ਇਤਿਹਾਸ 'ਤੇ ਝਾਤ ਮਾਰੀਏ ਤਾਂ ਹਾਲੇ ਤੱਕ ਦਿੱਲੀ ਦੇ ਸੱਤ ਮੁੱਖ ਮੰਤਰੀ ਹੋਏ ਹਨ ਜਿਨ੍ਹਾਂ ਵਿਚੋਂ ਤਿੰਨ ਕਾਂਗਰਸ ਤੇ ਤਿੰਨ ਭਾਜਪਾ ਦੇ ਹਨ। ਦਿੱਲੀ ਦੇ ਪਹਿਲੇ ਮੁੱਖ ਮੰਤਰੀ ਚੌਧਰੀ ਬ੍ਰਹਮ ਪ੍ਰਕਾਸ਼ ਸਨ ਜਿਨ੍ਹਾਂ ਨੇ 1952 ਵਿਚ ਅਹੁਦਾ ਸੰਭਾਲਿਆ। ਉਸ ਤੋਂ ਬਾਅਦ ਜੀ.ਐਨ. ਸਿੰਘ ਨੇ ਇਹ ਅਹੁਦਾ ਸੰਭਾਲਿਆ ਪਰ ਦੋਵੇਂ ਹੀ ਮੁੱਖ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਕਾਰਜਕਾਲ ਵਿਚ ਮੁੱਖ ਮੰਤਰੀ ਬਣੇ। ਇਸ ਲਈ ਉਨ੍ਹਾਂ ਨੇ ਇਹ ਮੁੱਦਾ ਕਦੇ ਵੀ ਨਹੀਂ ਉਠਾਇਆ। 1956 ਤੋਂ ਬਾਅਦ ਅਗਲੇ 37 ਸਾਲਾਂ ਤੱਕ ਭਾਵ 1993 ਤੱਕ ਦਿੱਲੀ ਵਿਚ ਰਾਸ਼ਟਰਪਤੀ ਰਾਜ ਹੀ ਲਾਗੂ ਰਿਹਾ। 1993 ਤੋਂ 1998 ਦੇ ਪੰਜ ਸਾਲਾਂ ਦੇ ਅਰਸੇ ਦਰਮਿਆਨ ਭਾਜਪਾ ਦੇ ਤਿੰਨ ਮੁੱਖ ਮੰਤਰੀ ਦਿੱਲੀ ਦੀ ਸੱਤਾ 'ਤੇ ਕਾਬਜ਼ ਰਹੇ ਜਿਨ੍ਹਾਂ ਵਿਚ ਮਦਨ ਲਾਲ ਖੁਰਾਣਾ, ਸਾਹਿਬ ਸਿੰਘ ਵਰਮਾ ਤੇ ਸੁਸ਼ਮਾ ਸਵਰਾਜ ਸ਼ਾਮਲ ਹਨ। ਇਸ ਸਮੇਂ ਦੌਰਾਨ ਪੁਲਿਸ ਨੂੰ ਰਾਜ ਦੇ ਕੰਟਰੋਲ ਹੇਠਾਂ ਕਰਨ ਦੀ ਮੰਗ ਉਠੀ ਪਰ ਉਹ ਕਦੇ ਵੀ ਇੰਨੀ ਤਿੱਖੀ ਨਹੀਂ ਹੋਈ ਕਿ ਉਸ 'ਤੇ ਕੋਈ ਕਾਰਵਾਈ ਦੀ ਲੋੜ ਸਮਝੀ ਗਈ ਹੋਵੇ। 1998 ਤੋਂ ਬਾਅਦ ਅਗਲੇ 15 ਸਾਲ ਭਾਵ ਦਸੰਬਰ 2013 ਤੱਕ ਕਾਂਗਰਸ ਦੀ ਸ਼ੀਲਾ ਦੀਕਸ਼ਿਤ ਦੇ ਹੱਥ ਹੀ ਦਿੱਲੀ ਦੀ ਕਮਾਨ ਰਹੀ ਪਰ ਕੇਂਦਰ ਵਿਚ ਵੀ ਕਾਂਗਰਸ ਦੀ ਸਰਕਾਰ ਹੋਣ ਕਾਰਨ ਸ੍ਰੀਮਤੀ ਦੀਕਸ਼ਿਤ ਨੇ ਕਦੇ ਵੀ ਇਸ ਮੁੱਦੇ ਨੂੰ ਜ਼ੋਰ ਦੇ ਕੇ ਨਹੀਂ ਚੁੱਕਿਆ।

ਦਸੰਬਰ 2012 ਵਿਚ ਨਿਰਭੈ ਕਾਂਡ ਤੋਂ ਬਾਅਦ ਜਦੋਂ ਦਿੱਲੀ ਦੀ ਸੁਰੱਖਿਆ ਵਿਵਸਥਾ ਲਈ ਕਿਸੇ ਵੀ ਹੋਰ ਰਾਜ ਵਾਂਗ ਦਿੱਲੀ ਦੇ ਮੁੱਖ ਮੰਤਰੀ ਵੱਲ ਉਂਗਲਾਂ ਉੱਠਣ ਲੱਗੀਆਂ ਤਾਂ ਉਨ੍ਹਾਂ ਨੇ ਇਹ ਮੁੱਦਾ ਉਠਾਇਆ ਸੀ ਪਰ ਉਸ ਵੇਲੇ ਵੀ ਉਨ੍ਹਾਂ ਨੇ ਕੇਂਦਰ ਨਾਲ ਸਿੱਧੇ ਟਕਰਾਅ ਤੋਂ ਆਪਣੇ-ਆਪ ਨੂੰ ਬਚਾਈ ਰੱਖਿਆ ਤੇ ਦਿੱਲੀ ਪੁਲਿਸ 'ਤੇ ਹਮੇਸ਼ਾ ਵਾਂਗ ਗ੍ਰਹਿ ਮੰਤਰਾਲੇ ਦਾ ਹੀ ਕੰਟਰੋਲ ਰਿਹਾ; ਹਾਲਾਂਕਿ 1948 ਤੋਂ ਪਹਿਲਾਂ ਦਿੱਲੀ ਪੁਲਿਸ, ਪੰਜਾਬ ਪੁਲਿਸ ਦਾ ਹੀ ਹਿੱਸਾ ਰਹੀ ਸੀ ਤੇ ਆਜ਼ਾਦੀ ਤੋਂ ਬਾਅਦ ਵੀ ਦਿੱਲੀ ਪੁਲਿਸ, ਪੰਜਾਬ ਪੁਲਿਸ ਨੂੰ ਹੀ ਰਿਪੋਰਟ ਕਰਦੀ ਸੀ। 1966 ਦੇ ਇਸ ਦੇ ਮੁੜ ਸੰਗਠਨ ਤੋਂ ਬਾਅਦ ਪੁਲਿਸ ਦੀ ਅਗਵਾਈ ਪੁਲਿਸ ਕਮਿਸ਼ਨਰ ਦੇ ਹੱਥ ਆ ਗਈ ਜੋ ਡਾਇਰੈਕਟਰ ਜਨਰਲ ਦੇ ਰੁਤਬੇ ਦਾ ਅਧਿਕਾਰੀ ਹੁੰਦਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ

# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

## National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838



# Want to Sell Your Home

## We can sell your home fast @ best price.

ਵਧੀਆ ਕੀਮਤਾਂ 'ਤੇ ਘਰ ਵੇਚਣ ਦਾ ਸੁਨਹਿਰੀ ਮੌਕਾ



Sohanpreet (Sam) Chahal
CA Lic. 01504071
Realtor/Notary Public
email:samchahal@hotmail.com

*Sacramento, Stockton, Roseville area prices are on the rise.*

Please call me to find out value of your home.
If you are thinking to Buy or Sell a Home, please give us a chance

*Call: Sohanpreet 'Sam' Chahal*
**@916-612-5773**
Serving from Bay Area to Sacramento

Multi-Million Dollars Producer-2007 to 2012

## Golden State Realty

Sacramento Office: 9912 Kapalua Ln., Elk Grove, CA 95624
Tel: 916-612-5773 Fax: 916-689-5707



# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869



Gurbans Singh Gill
Realtor
DRE#01227109
15 Years Experiance in Real Estate
e-mail: gurbans@gotracy.com
Fax: 209-836-0706
www.gotracy.com

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

**Gurbans Gill 209-815-1869**



# ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

## ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ
*ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ



*Rates as low as 2.0%*

ਸੰਪਰਕ ਕਰੋ: ਪਾਲ ਫੋਨ 1-800-705-3863

**Trucking Companies-Improve Your Cash Flow**

*Low Rates *One-Time Discounts *No Minimums

## Call Paul at 1-800-705-3863

Transportation Funding Group, Inc.
Minneapolis , MN 55426

# ਉਮੀਦਵਾਰਾਂ ਦੀ ਚੋਣ ਬਾਰੇ ਪੰਜਾਬ ਕਾਂਗਰਸ ਵਿਚ ਭੰਬਲਭੂਸਾ

**ਚੰਡੀਗੜ੍ਹ:** ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਭਾਵੇਂ ਲੋਕ ਸਭਾ ਚੋਣਾਂ ਲਈ ਪੰਜਾਬ ਵਿਚ ਉਮੀਦਵਾਰਾਂ ਦਾ ਐਲਾਨ ਇਸੇ ਮਹੀਨੇ ਕਰਨ ਦੇ ਸੰਕੇਤ ਦਿੱਤੇ ਸਨ ਪਰ ਮੌਜੂਦਾ ਹਾਲਾਤ ਵਿਚ ਇਹ ਸੰਭਵ ਨਹੀਂ ਜਾਪਦਾ। ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਵੱਲੋਂ ਸਿਫਾਰਸ਼ ਕੀਤੇ ਉਮੀਦਵਾਰਾਂ ਬਾਰੇ ਹਾਈਕਮਾਂਡ ਵੀ ਚਰਚਾ ਕਰ ਚੁੱਕੀ ਹੈ।



ਹਾਈਕਮਾਂਡ ਵੱਲੋਂ ਪੰਜਾਬ ਕਾਂਗਰਸ ਲਈ ਥੋਕ ਵਿਚ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਤੋਂ ਖਫ਼ਾ ਕਾਂਗਰਸੀ ਆਗੂਆਂ ਨੂੰ ਸੁਣਨ ਲਈ ਜਲੰਧਰ ਦੇ ਸੰਸਦ ਮੈਂਬਰ ਤੇ ਕਾਂਗਰਸ ਵਰਕਿੰਗ ਕਮੇਟੀ ਮੈਂਬਰ ਮਹਿੰਦਰ ਸਿੰਘ ਕੇ.ਪੀ ਦੀ ਅਗਵਾਈ ਹੇਠ ਬਣਾਈ ਚਾਰ ਮੈਂਬਰੀ ਕਮੇਟੀ ਵੱਲੋਂ ਹਾਲੇ ਮੁਢਲੀ ਕਾਰਵਾਈ ਹੀ ਸ਼ੁਰੂ ਕੀਤੀ ਗਈ ਹੈ। ਇਸ ਤੋਂ ਸੰਕੇਤ ਮਿਲੇ ਹਨ ਕਿ ਇਹ ਕਮੇਟੀ ਛੇਤੀ ਆਪਣੀ ਰਿਪੋਰਟ ਤਿਆਰ ਕਰਨ ਦੇ ਸਮਰੱਥ ਨਹੀਂ।

ਹਾਈਕਮਾਂਡ ਵੱਲੋਂ ਸੱਤ ਜਨਵਰੀ ਨੂੰ ਬਣਾਈ ਇਸ ਕਮੇਟੀ ਨੂੰ ਇਕ ਮਹੀਨੇ ਵਿਚ ਰਾਜ ਦੇ ਸੀਨੀਅਰ ਲੀਡਰਾਂ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਆਪਣੀ ਰਿਪੋਰਟ ਭੇਜਣ ਲਈ ਕਿਹਾ ਗਿਆ ਸੀ। ਉਧਰ ਕਮੇਟੀ ਦੇ ਮੁਖੀ ਮਹਿੰਦਰ ਕੇ.ਪੀ ਦਾ ਕਹਿਣਾ ਹੈ ਕਿ ਉਹ ਸਿਰਫ ਅਹੁਦੇਦਾਰਾਂ ਦੀ ਸੂਚੀ ਵਿਰੁੱਧ ਇਤਰਾਜ਼ ਉਠਾਉਣ ਵਾਲੇ ਲੀਡਰਾਂ ਤੱਕ ਹੀ ਆਪਣੀ ਵਿਚਾਰ-ਚਰਚਾ ਸੀਮਤ ਨਹੀਂ ਰੱਖਣਗੇ ਸਗੋਂ ਹਰੇਕ ਅਹਿਮ ਲੀਡਰ ਨੂੰ ਸੁਣ ਕੇ ਉਨ੍ਹਾਂ ਦੇ ਸੁਝਾਵਾਂ ਤੇ ਸ਼ਿਕਾਇਤਾਂ ਦੇ ਆਧਾਰ 'ਤੇ ਹੀ ਰਿਪੋਰਟ ਤਿਆਰ ਹੋਵੇਗੀ।

ਇਸ ਤੋਂ ਲੱਗਦਾ ਹੈ ਕਿ ਰਿਪੋਰਟ ਨੂੰ ਕਾਫੀ ਸਮਾਂ ਲੱਗ ਸਕਦਾ ਹੈ ਤੇ ਹਾਈਕਮਾਂਡ ਇਸ ਰੋਸ ਨੂੰ ਠੰਢਾ ਕਰਨ ਤੋਂ ਪਹਿਲਾਂ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦਾ ਐਲਾਨ ਕਰਨ ਦਾ ਖਤਰਾ ਨਹੀਂ ਸਹੇੜੇਗੀ। ਹਾਈਕਮਾਂਡ ਨੇ ਨਾਟਕੀ ਢੰਗ ਨਾਲ ਅਹੁਦੇਦਾਰਾਂ ਦੀ ਸੂਚੀ ਵਿਰੁੱਧ ਉਠੀ ਬਗਾਵਤ ਨੂੰ ਠੱਲ੍ਹਣ ਲਈ ਬਣਾਈ ਕਮੇਟੀ ਵਿਚ ਇਤਰਾਜ਼ ਉਠਾਉਣ ਵਾਲੇ ਆਗੂਆਂ ਨੂੰ ਹੀ ਸ਼ਾਮਲ ਕਰ ਲਿਆ ਹੈ। ਇਸ ਕਮੇਟੀ ਦੇ ਮੁੱਖੀ ਮਹਿੰਦਰ ਕੇ.ਪੀ ਨੇ ਵੀ ਇਸ ਸੂਚੀ 'ਤੇ ਇਤਰਾਜ਼ ਉਠਾਏ ਸਨ।

ਇਸੇ ਤਰ੍ਹਾਂ ਕਮੇਟੀ ਵਿਚ ਸ਼ਾਮਲ ਪੰਜਾਬ ਪ੍ਰਦੇਸ਼ ਮਹਿਲਾ ਕਾਂਗਰਸ ਦੀ ਪ੍ਰਧਾਨ ਡਾਕਟਰ ਮਾਲਤੀ ਥਾਪਰ ਵੀ ਅਹੁਦੇਦਾਰਾਂ ਦੀ ਸੂਚੀ 'ਤੇ ਇਤਰਾਜ਼ ਕਰਨ ਵਾਲਿਆਂ ਵਿਚ ਮੋਹਰੀ ਸੀ। ਸਾਬਕਾ ਵਿਧਾਇਕ ਗੋਪਾਲ ਕ੍ਰਿਸ਼ਨ ਚਤਰਥ ਦੀ ਅਗਵਾਈ ਹੇਠ ਬਣਾਈ ਅਨੁਸ਼ਾਸਨੀ ਕਮੇਟੀ ਵਿਚ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਧੀ ਤੇ ਸਾਬਕਾ ਮੰਤਰੀ ਗੁਰਕੰਵਲ ਕੌਰ ਵੀ ਸ਼ਾਮਲ ਹਨ। ਉਨ੍ਹਾਂ ਨੇ ਵੀ ਇਸ ਮਾਮਲੇ ਵਿਚ ਜਨਤਕ ਤੌਰ 'ਤੇ ਸ. ਬਾਜਵਾ ਵਿਰੁੱਧ ਦੋਸ਼ ਲਾਏ ਸਨ। ਹਾਈਕਮਾਂਡ ਵੱਲੋਂ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦੀ ਚੋਣ ਲਈ ਬਣਾਈ ਗਈ ਸਕਰੀਨਿੰਗ ਕਮੇਟੀ ਵਿਚ ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਬੀਬੀ ਰਜਿੰਦਰ ਕੌਰ ਭੱਠਲ ਤੋਂ ਇਲਾਵਾ ਜਗਮੀਤ ਸਿੰਘ ਬਰਾੜ ਨੂੰ ਸ਼ਾਮਲ ਨਾ ਕਰਨ ਕਰਕੇ ਭਾਵੇਂ ਜਨਤਕ ਤੌਰ 'ਤੇ ਕੋਈ ਨਹੀਂ ਬੋਲਿਆ ਪਰ ਸੂਤਰ ਦੱਸਦੇ ਹਨ ਕਿ ਅੰਦਰ ਖਾਤੇ ਕੁਝ ਧਿਰਾਂ ਨੂੰ ਇਹ ਕਮੇਟੀ ਹਜ਼ਮ ਨਹੀਂ ਹੋ ਰਹੀ।

## ਕਾਂਗਰਸ ਨੇ ਬਣਾਈ 29 ਮੈਂਬਰੀ ਚੋਣ ਕਮੇਟੀ

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਨੇ ਆ ਰਹੀਆਂ ਲੋਕ ਸਭਾ ਚੋਣਾਂ ਲਈ ਪਾਰਟੀ ਦੇ ਚੋਣ ਮੁਹਿੰਮ ਮੁਖੀ ਰਾਹੁਲ ਗਾਂਧੀ ਦੀ ਸਲਾਹ ਨਾਲ ਪੰਜਾਬ ਪ੍ਰਦੇਸ਼ ਕਾਂਗਰਸ ਚੋਣ ਕਮੇਟੀ ਦੀ 29 ਮੈਂਬਰੀ ਟੀਮ ਬਣਾ ਦਿੱਤੀ ਹੈ। ਕਮੇਟੀ ਵਿਚ ਸੰਗਰੂਰ ਤੋਂ ਲੋਕ ਸਭਾ ਮੈਂਬਰ ਵਿਜੈਇੰਦਰ ਸਿੰਗਲਾ ਤੇ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੂੰ ਵੀ ਲਿਆ ਗਿਆ ਹੈ। ਇਹ ਕਮੇਟੀ ਅਗਾਮੀ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦੇ ਨਾਂ ਹਾਈ ਕਮਾਨ ਨੂੰ ਭੇਜੇਗੀ। ਪੰਜਾਬ ਪ੍ਰਦੇਸ਼ ਚੋਣ ਕਮੇਟੀ ਵਿਚ ਚੌਧਰੀ ਜਗਜੀਤ ਸਿੰਘ, ਈਸਾਈ ਭਾਈਚਾਰੇ ਦੇ ਆਗੂ ਗੁਰਦਾਸਪੁਰ ਤੋਂ ਸਲਾਮਤ ਮਸੀਹ, ਰਾਜ ਕਾਂਗਰਸ ਕਮੇਟੀ ਦੇ ਉਪ ਪ੍ਰਧਾਨ ਸਰਦੂਲ ਸਿੰਘ, ਰਾਜ ਮਹਿਲਾ ਕਾਂਗਰਸ ਦੀ ਨੇਤਾ ਮਾਲਤੀ ਥਾਪਰ, ਯੂਥ ਕਾਂਗਰਸ ਦੇ ਵਿਕਰਮ ਸਿੰਘ ਤੇ ਐਨ. ਐਸ. ਯੂ. ਆਈ. ਤੋਂ ਦਮਨ ਬਾਜਵਾ ਸ਼ਾਮਲ ਹਨ। ਇਸ ਕਮੇਟੀ ਦੀ ਖਾਸੀਅਤ ਇਹ ਹੈ ਕਿ ਸ੍ਰੀ ਗਾਂਧੀ ਨੇ ਯੂਥ ਬ੍ਰਿਗੇਡ ਸਣੇ ਹਰ ਵਰਗ ਨੂੰ ਪ੍ਰਤੀਨਿਧਤਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਕਮੇਟੀ ਵਿਚ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ, ਵਿਧਾਨ ਸਭਾ ਦੇ ਵਿਰੋਧੀ ਧਿਰ ਦੇ ਨੇਤਾ ਸੁਨੀਲ ਜਾਖੜ, ਕੁੱਲ ਹਿੰਦ ਕਾਂਗਰਸ ਕਮੇਟੀ ਮੈਂਬਰ ਅੰਬਿਕਾ ਸੋਨੀ, ਪ੍ਰਨੀਤ ਕੌਰ, ਮਨੀਸ਼ ਤਿਵਾੜੀ ਤੇ ਸੰਤੋਸ਼ ਚੌਧਰੀ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਰਾਜਿੰਦਰ ਕੌਰ ਭੱਠਲ, ਐਚ.ਐਸ ਹੰਸਪਾਲ, ਲਾਲ ਸਿੰਘ, ਦਰਬਾਰੀ ਲਾਲ, ਬ੍ਰਹਮ ਮਹਿੰਦਰਾ, ਰਜ਼ੀਆ ਸੁਲਤਾਨਾ ਤੇ ਮਹਿੰਦਰ ਸਿੰਘ ਕੇਪੀ, ਸਾਬਕਾ ਕੇਂਦਰੀ ਮੰਤਰੀ ਅਸ਼ਵਨੀ ਕੁਮਾਰ, ਵਿਧਾਇਕ ਕੁਲਜੀਤ ਸਿੰਘ ਨਾਗਰਾ ਤੇ ਅਸ਼ਵਨੀ ਸੇਖੜੀ, ਲੋਕ ਸਭਾ ਮੈਂਬਰ ਸੁਖਦੇਵ ਸਿੰਘ ਲਿਬੜਾ ਅਤੇ ਕੁੱਲ ਹਿੰਦ ਕਾਂਗਰਸ ਕਮੇਟੀ ਦੇ ਸਕੱਤਰ ਕੇ.ਐਲ. ਸ਼ਰਮਾ ਸ਼ਾਮਲ ਹਨ। ਯਾਦ ਰਹੇ ਕਿ ਪੰਜਾਬ ਵਿਚ ਕਾਂਗਰਸ ਦੀ ਪਾਟੋ-ਧਾੜ ਕੇਂਦਰੀ ਲੀਡਰਾਂ ਲਈ ਸਿਰਦਰਦੀ ਬਣੀ ਹੋਈ ਹੈ। ਕੇਂਦਰੀ ਲੀਡਰ ਡਰੇ ਹੋਏ ਹਨ ਕਿ ਲੋਕ ਸਭਾ ਦੌਰਾਨ ਵੀ ਕਿਤੇ ਵਿਧਾਨ ਸਭਾ ਚੋਣਾਂ ਵਾਲਾ ਹਾਲ ਨਾ ਹੋਵੇ। ਉਦੋਂ ਪਾਰਟੀ ਜਿੱਤਦੀ ਜਿੱਤਦੀ ਹਾਰ ਗਈ ਸੀ।

# ਬਾਦਲ ਦੀਆਂ ਰਾਮੂਵਾਲੀਆ ਬਾਰੇ ਤਿੱਖੀਆਂ ਟਿੱਪਣੀਆਂ ਦੀ ਚਰਚਾ

**ਚੰਡੀਗੜ੍ਹ:** ਬੀਤੇ ਦਿਨੀਂ ਹੋਏ ਪਰਵਾਸੀ ਪੰਜਾਬੀ ਸੰਮੇਲਨ ਦੇ ਆਖਰੀ ਦਿਨ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਬੜੇ ਬੋਚਵੇਂ ਜਿਹੇ ਢੰਗ ਨਾਲ ਸੀਨੀਅਰ ਆਗੂ ਬਲਵੰਤ ਸਿੰਘ ਰਾਮੂਵਾਲੀਆ ਦੀ ਲੰਬੀ-ਲੁਹਾਈ ਕਰ ਗਏ।



ਅਕਾਲੀ ਦਲ ਦੇ ਕਈ ਆਗੂ ਇਸ ਨੂੰ ਵੱਡੇ ਬਾਦਲ ਵੱਲੋਂ ਰਾਮੂਵਾਲੀਆ ਨੂੰ ਦਿੱਤੀ ਪਹਿਲੀ ਚੇਤਾਵਨੀ ਵਜੋਂ ਪ੍ਰਚਾਰ ਰਹੇ ਹਨ। ਗੌਰਤਲਬ ਹੈ ਕਿ ਪਰਵਾਸੀ ਸੰਮੇਲਨ ਦੇ ਆਖਰੀ ਦਿਨ ਸ. ਬਾਦਲ ਨੇ ਹਾਸੇ ਠੱਠੇ ਵਿਚ ਰਾਮੂਵਾਲੀਆ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਉਸ ਨੇ ਜ਼ਿੰਦਗੀ ਦੇ ਬੜੇ ਸਵਾਦ ਚੱਖੇ ਹਨ। ਪਹਿਲਾਂ ਉਹ ਕਾਂਗਰਸੀਆਂ ਤੋਂ ਗੱਫੇ ਲੈਂਦੇ ਰਹੇ ਤੇ ਹੁਣ ਸਾਡੇ ਵਿਚ ਆ ਰਲਿਆ।

ਚਰਚਾ ਤਾਂ ਇਹ ਵੀ ਹੈ ਕਿ ਪਰਵਾਸੀ ਪੰਜਾਬੀਆਂ ਵਿਚ ਸ਼੍ਰੋਮਣੀ ਅਕਾਲੀ ਦਲ ਨਾਲੋਂ ਵੱਧ ਪੈਂਠ ਰੱਖਣ ਵਾਲੇ ਰਾਮੂਵਾਲੀਆ ਨੂੰ ਨਿਸ਼ਾਨਾ ਬਣਾਉਣ ਲਈ ਸ. ਬਾਦਲ ਨੇ ਪਰਵਾਸੀ ਪੰਜਾਬੀਆਂ ਦਾ ਮੰਚ ਹੀ ਕਿਉਂ ਚੁਣਿਆ ਜਿਨ੍ਹਾਂ ਵਿਚ ਕਦੇ ਲੋਕ ਭਲਾਈ ਪਾਰਟੀ ਦੇ ਮੁਖੀ ਹੁੰਦਿਆਂ ਉਨ੍ਹਾਂ ਦੀ ਪੂਰੀ ਠੁੱਕ ਸੀ। ਇਸ ਪਰਵਾਸੀ ਸੰਮੇਲਨ ਵਿਚ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਹੋਰ ਦੇਸ਼ਾਂ ਤੋਂ ਉੱਚ ਅਹੁਦਿਆਂ 'ਤੇ ਬਿਰਾਜਮਾਨ ਪਰਵਾਸੀ ਪੰਜਾਬੀ ਵੀ ਆਏ ਹੋਏ ਸਨ।

ਇਹੀ ਪਰਵਾਸੀ ਪੰਜਾਬੀ ਪਹਿਲਾਂ ਰਾਮੂਵਾਲੀਆ ਨੂੰ ਹੱਥੀਂ ਛਾਵਾਂ ਕਰਦੇ ਸਨ ਪਰ ਐਤਕੀਂ ਸੰਮੇਲਨ ਦੌਰਾਨ ਕਿਸੇ ਵੀ ਪਰਵਾਸੀ ਪੰਜਾਬੀ ਨੇ ਬਾਦਲਾਂ ਤੇ ਮਜੀਠੀਏ ਤੋਂ ਇਲਾਵਾ ਸ਼ਾਇਦ ਹੀ ਕਿਸੇ ਹੋਰ ਆਗੂ ਦਾ ਨਾਂ ਲਿਆ ਹੋਵੇ। ਮੁੱਖ ਮੰਤਰੀ ਬਾਦਲ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਨੂੰ ਅਕਾਲੀ ਦਲ ਦਾ ਵੱਡਾ ਹਿੱਸਾ ਯੋਜਨਾਬੱਧ ਢੰਗ ਨਾਲ ਰਾਮੂਵਾਲੀਆ 'ਤੇ ਕੀਤੇ ਗਏ ਹਮਲੇ ਵਜੋਂ ਦੇਖ ਰਿਹਾ ਹੈ। ਉਧਰ ਸ. ਰਾਮੂਵਾਲੀਆ ਦੇ ਹਮਾਇਤੀ ਇਸ ਗੱਲੋਂ ਖੁਦ ਨੂੰ ਤਸੱਲੀ ਦੇ ਰਹੇ ਹਨ ਕਿ ਵੱਡੇ ਬਾਦਲ ਨੇ ਤਾਂ ਸੁਖਬੀਰ ਤੇ ਮਜੀਠੀਏ ਨੂੰ ਵੀ ਨਹੀਂ ਬਖਸ਼ਿਆ।

# ਘੁਬਾਇਆ ਦੇ ਸ਼ੈਲਰ 'ਚੋਂ ਕਰੋੜਾਂ ਦੇ ਚੌਲ ਗਾਇਬ

**ਫਿਰੋਜ਼ਪੁਰ:** ਇਸ ਸੰਸਦੀ ਖੇਤਰ ਵਿਚ ਅਕਾਲੀ ਪਾਰਟੀ ਦੇ ਲੋਕ ਸਭਾ ਮੈਂਬਰ ਸ਼ੇਰ ਸਿੰਘ ਘੁਬਾਇਆ ਦੀ ਰਾਈਸ ਮਿੱਲ (ਮੈਸ.ਐਸ ਆਰ ਇੰਡਸਟਰੀਜ਼) ਵਿਚ ਪਨਸਪ ਦਾ ਤਕਰੀਬਨ ਨੌਂ ਕਰੋੜ ਰੁਪਏ ਦਾ ਚੌਲ ਖੁਰਦ ਬੁਰਦ ਹੋ ਗਿਆ ਹੈ। ਸਾਲ 2011 ਵਿਚ ਕਸਟਮ ਮਿਲਿੰਗ ਲਈ ਲਾਏ ਗਏ ਇਸ ਚੌਲ ਦੀ ਨਾ ਤਾਂ ਅਜੇ ਤੱਕ ਪੂਰਤੀ ਕੀਤੀ ਗਈ ਹੈ ਤੇ ਨਾ ਹੀ ਸਬੰਧਤ ਵਿਭਾਗ ਨੇ ਕੋਈ ਠੋਸ ਕਦਮ ਚੁੱਕਿਆ ਹੈ।



ਪਨਸਪ ਵਿਭਾਗ ਨੇ ਬੀਤੇ ਡੇਢ ਸਾਲ ਵਿਚ ਪੁਲਿਸ ਵਿਭਾਗ ਨੂੰ ਪਰਚਾ ਦਰਜ ਕਰਨ ਲਈ ਪੱਤਰ ਲਿਖੇ ਹਨ ਪਰ ਪੁਲਿਸ ਨੇ ਅਜੇ ਤੱਕ ਪਰਚਾ ਦਰਜ ਨਹੀਂ ਕੀਤਾ ਹੈ। ਸ. ਘੁਬਾਇਆ ਦੀ ਪਤਨੀ ਕ੍ਰਿਸ਼ਨਾ ਰਾਣੀ ਤੇ ਜਲਾਲਾਬਾਦ ਪੱਛਮੀ ਵਾਸੀ ਰਮਨ ਕੁਮਾਰ ਪੁੱਤਰ ਰਜਿੰਦਰ ਕੁਮਾਰ ਇਸ ਰਾਈਸ ਮਿੱਲ ਵਿਚ 50-50 ਪੈਸੇ ਦੇ ਹਿੱਸੇਦਾਰ ਹਨ। ਕ੍ਰਿਸ਼ਨਾ ਰਾਣੀ ਨੇ ਸਪੈਸ਼ਲ ਪਾਵਰ ਆਫ਼ ਅਟਾਰਨੀ ਰਾਹੀਂ ਮਿੱਲ ਬਾਰੇ ਹਰ ਤਰ੍ਹਾਂ ਦੇ ਪੱਤਰ ਵਿਹਾਰ ਤੇ ਹੋਰ ਕਈ ਕੰਮ ਕਾਜ ਦੇ ਅਧਿਕਾਰ ਰਮਨ ਕੁਮਾਰ ਨੂੰ ਦਿੱਤੇ ਹੋਏ ਹਨ।

ਗੌਰਤਲਬ ਹੈ ਕਿ ਪਨਸਪ ਵਿਭਾਗ ਨੇ ਇਸ ਚੌਲ ਮਿੱਲ ਨੂੰ ਸਾਲ 2011-12 ਵਿਚ ਕਸਟਮ ਮਿਲਿੰਗ ਲਈ 174465 ਕੱਟੇ ਪੈਡੀ ਜਾਰੀ ਕੀਤੀ ਸੀ ਜਿਸ ਦਾ ਵਜ਼ਨ 61062.75 ਕੁਇੰਟਲ ਬਣਦਾ ਸੀ। ਰਾਈਸ ਮਿੱਲ ਵੱਲੋਂ40912.04 ਕੁਇੰਟਲ ਚੌਲ ਦਾ ਭੁਗਤਾਨ ਜੂਨ 2012 ਤੱਕ ਕੀਤਾ ਜਾਣਾ ਸੀ। ਇਸ ਦਰਮਿਆਨ ਰਾਈਸ ਮਿੱਲ ਨੇ 4048.83 ਕੁਇੰਟਲ ਚੌਲ ਪਨਸਪ ਦੇ ਖਾਤੇ ਵਿਚ ਐਫ.ਸੀ.ਆਈ ਨੂੰ ਤਾਂ ਭੁਗਤਾ ਦਿੱਤਾ ਪਰ ਬਕਾਇਆ ਰਹਿੰਦੇ ਮਾਲ ਦਾ ਭੁਗਤਾਨ ਨਹੀਂ ਕੀਤਾ।

ਜਲਾਲਾਬਾਦ ਪਨਸਪ ਦੇ ਕੇਂਦਰ ਇੰਚਾਰਜ ਗੁਰਦੀਪ ਸਿੰਘ ਤੇ ਜਰਨੈਲ ਸਿੰਘ ਵੱਲੋਂ ਜਦ 15 ਮਈ, 2012 ਨੂੰ ਮਾਲ ਦੀ ਫਿਜ਼ਿਕਲ ਵੈਰੀਫਿਕੇਸ਼ਨ ਕੀਤੀ ਗਈ ਤਾਂ 141745 ਗੱਟੇ ਪੈਡੀ ਦੀ ਘਾਟ ਪਾਈ ਗਈ। ਵਿਭਾਗ ਵੱਲੋਂ ਜਦ ਇਸ ਦੀ ਸੂਚਨਾ ਪੰਜਾਬ ਸਰਕਾਰ ਨੂੰ ਭੇਜੀ ਗਈ ਤਾਂ ਸਰਕਾਰ ਨੇ ਮਿਲਿੰਗ ਦਾ ਸਮਾਂ 15 ਅਕਤੂਬਰ 2012 ਤੱਕ ਵਧਾ ਦਿੱਤਾ ਪਰ ਰਾਈਸ ਮਿੱਲ ਵੱਲੋਂ ਨਿਗਮ ਦੇ ਚੌਲ ਦਾ ਭੁਗਤਾਨ ਨਹੀਂ ਕੀਤਾ ਗਿਆ।

ਸਰਕਾਰ ਨੇ ਇਸ ਦੌਰਾਨ ਫਿਰ ਮਿਲਿੰਗ ਦਾ ਸਮਾਂ 31 ਦਸੰਬਰ, 2012 ਤੱਕ ਵਧਾਇਆ ਅਤੇ ਰਾਈਸ ਮਿੱਲ ਨੇ 1880.99 ਕੁਇੰਟਲ ਚੌਲ ਨਿਗਮ ਦੇ ਖਾਤੇ ਵਿਚ ਐਫ.ਸੀ.ਆਈ ਨੂੰ ਹੋਰ ਭੁਗਤਾ ਦਿੱਤਾ ਪਰ ਬਕਾਇਆ 36071.61 ਕੁਇੰਟਲ ਚੌਲ ਦਾ ਭੁਗਤਾਨ ਅਜੇ ਤੱਕ ਵੀ ਨਹੀਂ ਕੀਤਾ ਗਿਆ ਹੈ। ਇਸ ਚੌਲ ਦੀ ਕੀਮਤ ਫਰਵਰੀ 2013 ਵਿਚ ਅੱਠ ਕਰੋੜ 88 ਲੱਖ 4450 ਰੁਪਏ ਬਣਾਈ ਗਈ ਸੀ।

ਜ਼ਿਲ੍ਹਾ ਅਟਾਰਨੀ (ਲੀਗਲ) ਨੇ ਜਾਂਚ ਅਧਿਕਾਰੀ ਦੀ ਪੜਤਾਲ 'ਤੇ ਹੀ ਕਈ ਸੁਆਲ ਖੜ੍ਹੇ ਕਰ ਦਿੱਤੇ। ਉਨ੍ਹਾਂ ਲਿਖਿਆ ਕਿ ਪਰਚਾ ਦਰਜ ਕਰਨ ਤੋਂ ਪਹਿਲਾਂ ਮਹਿਕਮੇ ਪਾਸੋਂ ਆਪਣੇ ਕਰਮਚਾਰੀਆਂ ਦੀ ਮਿਲੀਭੁਗਤ ਬਾਰੇ ਵੀ ਸਪਸ਼ਟ ਕੀਤਾ ਜਾਵੇ ਜਿਨ੍ਹਾਂ ਕਾਰਨ ਸਰਕਾਰ ਨੂੰ ਏਨਾ ਨੁਕਸਾਨ ਹੋਇਆ ਹੈ। ਇਸ ਬਾਰੇ ਸ਼ੇਰ ਸਿੰਘ ਘੁਬਾਇਆ ਦਾ ਕਹਿਣਾ ਹੈ ਕਿ ਖੁਰਦ-ਬੁਰਦ ਹੋਏ ਮਾਲ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ ਹੈ ਕਿਉਂਕਿ ਇਸ ਤੋਂ ਪਹਿਲਾਂ ਹੀ ਉਨ੍ਹਾਂ ਦੀ ਪਤਨੀ ਨੇ ਇਸ ਫਰਮ ਵਿਚੋਂ ਆਪਣਾ ਹਿੱਸਾ ਕੱਢ ਲਿਆ ਸੀ। ਉਨ੍ਹਾਂ ਇਹ ਵੀ ਆਖਿਆ ਕਿ ਇਸ ਬਾਰੇ ਸਾਰੇ ਦਸਤਾਵੇਜ਼ ਉਨ੍ਹਾਂ ਮਹਿਕਮੇ ਨੂੰ ਦੇ ਦਿੱਤੇ ਹਨ।

# ਅਰੁਣ ਜੇਤਲੀ ਨੂੰ ਅੰਮ੍ਰਿਤਸਰ ਤੋਂ ਉਮੀਦਵਾਰ ਬਣਾਉਣ ਬਾਰੇ ਚਰਚਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਤੇ ਭਾਰਤੀ ਜਨਤਾ ਪਾਰਟੀ ਦੀ ਸਾਂਝੀ ਤਾਲਮੇਲ ਕਮੇਟੀ ਦੀ ਮੀਟਿੰਗ ਦੌਰਾਨ ਅੰਮ੍ਰਿਤਸਰ ਪਾਰਲੀਮਾਨੀ ਹਲਕੇ ਤੋਂ ਸੀਨੀਅਰ ਭਾਜਪਾ ਆਗੂ ਅਰੁਣ ਜੇਤਲੀ ਨੂੰ ਉਮੀਦਵਾਰ ਬਣਾਉਣ ਬਾਰੇ ਚਰਚਾ ਕੀਤੀ ਗਈ। ਪਾਰਟੀ ਦੇ ਸੀਨੀਅਰ ਆਗੂ ਨੇ ਇਸ ਤੱਥ ਦੀ ਪੁਸ਼ਟੀ ਕੀਤੀ ਹੈ।

ਸੂਤਰਾਂ ਅਨੁਸਾਰ ਭਾਜਪਾ ਦੀ ਸੂਬਾਈ ਇਕਾਈ ਨੇ ਮੁੱਖ ਭਾਈਵਾਲਾਂ ਨੂੰ ਸਪਸ਼ਟ ਤੌਰ 'ਤੇ ਕਿਹਾ ਕਿ ਅੰਮ੍ਰਿਤਸਰ ਤੋਂ ਅਰੁਣ ਜੇਤਲੀ ਜਿਤਣ ਦੀ ਸਮਰਥਾ ਰੱਖਦੇ ਹਨ। ਭਾਜਪਾ ਆਗੂਆਂ ਨੇ ਤਾਂ ਇਹ ਵੀ ਕਿਹਾ ਕਿ ਆਗਾਮੀ ਲੋਕ ਸਭਾ ਚੋਣਾਂ ਦੌਰਾਨ ਜੇਕਰ ਸ੍ਰੀ ਜੇਤਲੀ ਅੰਮ੍ਰਿਤਸਰ ਤੋਂ ਉਮੀਦਵਾਰ ਹੋਣ ਤਾਂ ਆਸ-ਪਾਸ ਦੀਆਂ ਸੀਟਾਂ 'ਤੇ ਵੀ ਇਸ ਦਾ ਹਾਂ-ਪੱਖੀ ਅਸਰ ਪਵੇਗਾ।

ਸੂਤਰਾਂ ਮੁਤਾਬਕ ਪਾਰਟੀ ਦੇ ਸੂਬਾ ਪ੍ਰਧਾਨ ਕਮਲ ਸ਼ਰਮਾ ਤੇ ਹੋਰ ਭਾਜਪਾ ਆਗੂਆਂ ਨੇ ਮੀਟਿੰਗ ਦੌਰਾਨ ਕਿਹਾ ਕਿ ਬੇਸ਼ੱਕ ਇਸ ਤੋਂ ਪਹਿਲਾਂ ਵੀ ਅੰਮ੍ਰਿਤਸਰ ਤੋਂ ਉਮੀਦਵਾਰੀ ਬਾਰੇ ਸ੍ਰੀ ਜੇਤਲੀ ਨਾਲ ਗੱਲਬਾਤ ਹੋ ਚੁੱਕੀ ਹੈ ਜਿਸ ਸਬੰਧੀ ਉਨ੍ਹਾਂ (ਜੇਤਲੀ) ਹਾਮੀ ਨਹੀਂ ਭਰੀ ਸੀ। ਉਨ੍ਹਾਂ ਕਿਹਾ ਕਿ ਮੁੜ ਤੋਂ ਇਸ ਮਸਲੇ 'ਤੇ ਹਾਈਕਮਾਂਡ ਨਾਲ ਗੱਲ ਕੀਤੀ ਜਾਵੇਗੀ। ਭਾਜਪਾ ਆਗੂਆਂ ਵੱਲੋਂ ਪਹਿਲੀ ਵਾਰੀ ਭਾਈਵਾਲਾਂ ਨਾਲ ਮੀਟਿੰਗ ਦੌਰਾਨ ਇਸ ਮੁੱਦੇ 'ਤੇ ਚਰਚਾ ਕੀਤੀ ਗਈ।

ਅੰਮ੍ਰਿਤਸਰ ਲੋਕ ਸਭਾ ਹਲਕੇ ਦੀ ਨੁਮਾਇੰਦਗੀ ਇਸ ਸਮੇਂ ਸਾਬਕਾ ਕ੍ਰਿਕਟਰ ਨਵਜੋਤ ਸਿੰਘ ਸਿੱਧੂ ਕਰ ਰਹੇ ਹਨ। ਉਹ ਲਗਾਤਾਰ ਤੀਜੀ ਵਾਰ ਇਸ ਹਲਕੇ ਤੋਂ ਜਿੱਤੇ ਹਨ। ਪਿਛਲੇ ਸਮੇਂ ਤੋਂ ਸ. ਸਿੱਧੂ ਦੀ ਪਾਰਟੀ ਦੇ ਸੂਬਾਈ ਆਗੂਆਂ ਤੇ ਅਕਾਲੀ ਆਗੂਆਂ ਨਾਲ 'ਅਣਬਣ' ਚੱਲ ਰਹੀ ਹੈ। ਪਾਰਟੀ ਵੱਲੋਂ ਉਮੀਦਵਾਰ ਬਦਲੇ ਜਾਣ ਦੀ ਚਰਚਾ ਕਾਫੀ ਦੇਰ ਤੋਂ ਚੱਲ ਰਹੀ ਹੈ। ਅਕਾਲੀ-ਭਾਜਪਾ ਦੀ ਸਾਂਝੀ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਇਸ ਮਾਮਲੇ 'ਤੇ ਚਰਚਾ ਹੋਣ ਕਾਰਨ ਅੰਮ੍ਰਿਤਸਰ ਤੋਂ ਉਮੀਦਵਾਰ ਬਦਲੇ ਜਾਣ ਦੀ ਸੰਭਾਵਨਾ ਨੂੰ ਬਲ ਮਿਲਿਆ ਹੈ।

ਉਧਰ ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਤੇ ਉਨ੍ਹਾਂ ਦੀ ਪਤਨੀ ਸੰਸਦੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਨੂੰ ਲੰਘੇ ਦਿਨੀਂ ਉਨ੍ਹਾਂ ਦੇ ਆਪਣੇ ਸੰਸਦੀ ਹਲਕੇ ਵਿਚ ਉਸ ਸਮੇਂ ਨਿਰਾਸ਼ਾ ਦਾ ਸਾਹਮਣਾ ਕਰਨਾ ਪਿਆ ਜਦੋਂ ਇਥੇ ਉਦਘਾਟਨੀ ਸਮਾਗਮ ਵਿਚ ਪੁੱਜੇ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਸ ਜੋੜੇ ਨਾਲ ਸੱਤ-ਕਸੱਤ





ਕਰਨਾ ਤਾਂ ਦੂਰ ਦੀ ਗੱਲ ਸਗੋਂ ਸਾਰੇ ਸਮਾਗਮ ਵਿਚ ਇਨ੍ਹਾਂ ਦੇ ਮੂੰਹ ਲੱਗਣ ਤੋਂ ਵੀ ਟਾਲਾ ਵੱਟੀ ਰੱਖਿਆ।

ਉਂਝ ਸਮਾਗਮ ਵਿਚ ਸੰਬੋਧਨ ਦੌਰਾਨ ਬਾਦਲ ਨੇ ਦਾਅਵਾ ਜ਼ਰੂਰ ਕੀਤਾ ਕਿ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਭਾਰਤੀ ਜਨਤਾ ਪਾਰਟੀ ਜਿਸ ਵੀ ਉਮੀਦਵਾਰ ਨੂੰ ਮੈਦਾਨ ਵਿਚ ਉਤਾਰੇਗੀ, ਸ਼੍ਰੋਮਣੀ ਅਕਾਲੀ ਦਲ ਉਸ ਨੂੰ ਜਿਤਾਉਣ ਲਈ ਭਰਪੂਰ ਸਹਿਯੋਗ ਦੇਵੇਗੀ। ਉਦਘਾਟਨ ਵਾਲੀ ਥਾਂ 'ਤੇ ਸਿੱਧੂ ਜੋੜੇ ਤੋਂ ਇਲਾਵਾ ਕੈਬਨਿਟ ਮੰਤਰੀ ਅਨਿਲ ਜੋਸ਼ੀ, ਸੰਸਦੀ ਸਕੱਤਰ ਇੰਦਰਬੀਰ ਸਿੰਘ ਬੁਲਾਰੀਆ, ਪੰਜਾਬ ਦੇ ਮੀਤ ਪ੍ਰਧਾਨ ਰਜਿੰਦਰ ਮੋਹਨ ਸਿੰਘ ਛੀਨਾ ਤੇ ਤਰੁਣ ਚੁੱਘ ਸਮੇਤ ਹੋਰ ਆਗੂ ਹਾਜ਼ਰ ਸਨ। ਇਹ ਸਾਰੇ ਆਗੂ ਇਕ ਕਤਾਰ ਵਿਚ ਉਪ ਮੁੱਖ ਮੰਤਰੀ ਨੂੰ ਜੀ ਆਇਆਂ ਕਹਿਣ ਲਈ ਖੜ੍ਹੇ ਸਨ ਤੇ ਇਸੇ ਕਤਾਰ ਵਿਚ ਹੀ ਸਿੱਧੂ ਪਤੀ-ਪਤਨੀ ਵੀ ਸਨ।

ਸ. ਬਾਦਲ ਨੇ ਕਤਾਰ ਵਿਚ ਖੜ੍ਹੇ ਸਾਰੇ ਆਗੂਆਂ ਨਾਲ ਹੱਥ ਮਿਲਾਇਆ ਤੇ ਹਾਲ-ਚਾਲ ਪੁੱਛਿਆ ਪਰ ਜਿਵੇਂ ਹੀ ਉਹ ਸਿੱਧੂ ਪਤੀ-ਪਤਨੀ ਨੇੜੇ ਪੁੱਜੇ ਤਾਂ ਉਨ੍ਹਾਂ ਨਾਲ ਗੱਲ ਕੀਤਿਆਂ ਬਿਨਾਂ ਹੀ ਉਹ ਦੂਜੇ ਪਾਸੇ ਚਲੇ ਗਏ। ਇਸ ਦੌਰਾਨ ਸਿੱਧੂ ਪਤੀ-ਪਤਨੀ ਦੋਵੇਂ ਪਿਛਾਂਹ ਖੜ੍ਹੇ ਰਹੇ ਜਦੋਂਕਿ ਬਾਕੀ ਸਾਰੇ ਆਗੂ ਸ. ਬਾਦਲ ਦੇ ਨਾਲ ਹੀ ਉਦਘਾਟਨੀ ਰਸਮ ਲਈ ਚਲੇ ਗਏ।

ਜ਼ਿਕਰਯੋਗ ਹੈ ਕਿ ਸ. ਬਾਦਲ 20 ਕਰੋੜ ਰੁਪਏ ਦੀ ਲਾਗਤ ਨਾਲ ਬਣੇ ਜਿਸ ਪੁਲ ਦਾ ਉਦਘਾਟਨ ਕਰਨ ਆਏ ਸਨ, ਉਹ ਸ. ਸਿੱਧੂ ਦੇ ਉਨ੍ਹਾਂ ਪ੍ਰਾਜੈਕਟਾਂ ਵਿਚ ਸ਼ਾਮਲ ਸੀ, ਜਿਨ੍ਹਾਂ ਨੂੰ ਪੂਰਾ ਕਰਨ ਲਈ ਉਨ੍ਹਾਂ ਵੱਲੋਂ ਮੰਗ ਕੀਤੀ ਜਾ ਰਹੀ ਸੀ।

ਇਸ ਦੌਰਾਨ ਕੁਝ ਸਮੇਂ ਵਿਚ ਇਹ ਸਮਾਗਮ ਸਮਾਪਤ ਹੋ ਗਿਆ ਤੇ ਵਾਪਸੀ ਸਮੇਂ ਸ. ਬਾਦਲ ਨੇ ਸਿੱਧੂ ਪਤੀ-ਪਤਨੀ ਨਾਲ ਕੁਝ ਗੱਲ ਕੀਤੀ ਤੇ ਉਹ ਦੋਵੇਂ ਤੁਰੰਤ ਹੀ ਵਾਪਸ ਚਲੇ ਗਏ। ਇਸ ਬਾਰੇ ਸ. ਸਿੱਧੂ ਨੇ ਕਿਹਾ ਕਿ ਉਨ੍ਹਾਂ ਦਾ ਕਿਸੇ ਨਾਲ ਨਿੱਜੀ ਤੌਰ 'ਤੇ ਵੈਰ ਵਿਰੋਧ ਨਹੀਂ ਹੈ। ਉਹ ਤਾਂ ਸਿਰਫ ਅੰਮ੍ਰਿਤਸਰ ਦੇ ਵਿਕਾਸ ਦੀ ਮੰਗ ਨੂੰ ਲੈ ਕੇ ਸੰਘਰਸ਼ ਕਰ ਰਹੇ ਸਨ ਤਾਂ ਜੋ ਉਨ੍ਹਾਂ ਵੱਲੋਂ ਲੋਕਾਂ ਨਾਲ ਕੀਤੇ ਹੋਏ ਵਾਅਦੇ ਪੂਰੇ ਹੋ ਸਕਣ। ਸਮਾਗਮ ਵਿਚ ਅਣਗੌਲਿਆਂ ਕੀਤੇ ਜਾਣ ਬਾਰੇ ਉਨ੍ਹਾਂ ਕੁਝ ਵੀ ਕਹਿਣ ਤੋਂ ਇਨਕਾਰ ਕਰਦਿਆਂ ਆਖਿਆ ਕਿ ਮੀਡੀਆ ਨੇ ਖੁਦ ਸਭ ਕੁਝ ਦੇਖਿਆ ਹੈ।

## Matrimonial

### ਵਰ ਦੀ ਲੋੜ

ਨਿਊ ਯਾਰਕ ਵਸਦੀ ਰਾਮਗੜ੍ਹੀਆ ਸਿੱਖ ਲੜਕੀ, ਬੀ ਏ, 30 ਸਾਲ, 5'-2" ਲਈ ਨਸ਼ਿਆਂ ਤੋਂ ਰਹਿਤ ਅਮਰੀਕੀ ਸਿਟੀਜ਼ਨ/ ਗਰੀਨ ਕਾਰਡ ਹੋਲਡਰ ਲੜਕੇ ਦੀ ਲੋੜ ਹੈ। ਸੰਪਰਕ ਕਰੋ, ਫੋਨ: 516-450-7104, prince.kular@yahoo.com

Wanted suitable match for 27yrs, height 5'-2", divorced, US Citizen well settled girl. Must be living in the US. Contact: pb82268@gmail.com

### ਕੰਨਿਆਂ ਦੀ ਲੋੜ

**Suitable girl wanted for Jatt Sikh US citizen BSc, 24, 5'-10". Girl from US with DDS/ MBBS/Eng./Nursing degree, 22 to 24, height 5'-5". No caste bar. Send photo & bio-data @ bsimerb@yahoo.com**

Wanted mature, family oriented, vegetarian, preferably US based, over 28 girl for Lobana Sikh, 37, 5'-9" clean shaven, teetotaler, legally divorced, pending US immigration status. Issueless divorcee or widow can also be consided. Family owns business & home, brother citizen & parents legal permanent residents of USA. Early marriage. Caste no bar. Contact: plmultani@yahoo.com, Ph: 330-348-4561


# ਪੰਜਾਬ ਸਰਕਾਰ ਨੂੰ ਤੰਬਾਕੂ ਉਤਪਾਦਾਂ ਦੀ ਵਿਕਰੀ ਘਟਣ ਦਾ ਝੋਰਾ

**ਚੰਡੀਗੜ੍ਹ:** ਪੰਜਾਬ ਸਰਕਾਰ ਸੂਬੇ ਦੇ ਲੋਕਾਂ ਦੀ ਸਿਹਤ ਪ੍ਰਤੀ ਕਿੰਨੀ ਕੁ ਗੰਭੀਰ ਹੈ ਇਹ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਕੈਂਸਰ ਦੀ ਜੜ੍ਹ ਮੰਨੇ ਜਾਂਦੇ ਬੀੜੀ-ਸਿਗਰਟ ਤੇ ਹੋਰ ਤੰਬਾਕੂ ਉਤਪਾਦਾਂ ਦੀ ਵਿਕਰੀ ਵਧਾਉਣ ਲਈ ਇਨ੍ਹਾਂ ਨੂੰ ਸਸਤਾ ਕਰਨ ਜਾ ਰਹੀ ਹੈ। ਸਰਕਾਰ ਨੇ ਪਿਛਲੇ ਵਰ੍ਹੇ ਬੀੜੀ-ਸਿਗਰਟ ਤੇ ਹੋਰ ਤੰਬਾਕੂ ਉਤਪਾਦਾਂ 'ਤੇ ਵੈਟ ਦੀ ਦਰ 22 ਫ਼ੀਸਦੀ ਤੋਂ ਵਧਾ ਕੇ 59 ਫ਼ੀਸਦੀ ਕਰ ਦਿੱਤੀ ਸੀ ਜਿਸ ਕਾਰਨ ਇਸ ਦੀ ਵਿਕਰੀ ਕਾਫੀ ਘਟੀ ਸੀ। ਇਸ ਲਈ ਸੂਬੇ ਦੇ ਕਰ ਵਿਭਾਗ ਵੱਲੋਂ ਸਰਕਾਰ ਨੂੰ ਇਹ ਵਾਧਾ ਵਾਪਸ ਲੈ ਲਿਆ ਗਿਆ ਹੈ।

ਮਿਲੀ ਜਾਣਕਾਰੀ ਮੁਤਾਬਕ ਆਉਂਦੇ ਦਿਨਾਂ ਦੌਰਾਨ ਜੇਕਰ ਵਿੱਤ ਵਿਭਾਗ ਨੇ ਪਿਛਲੇ ਵਰ੍ਹੇ ਵੈਟ ਵਿਚ ਕੀਤਾ ਉਪਰੋਕਤ ਵਾਧਾ ਵਾਪਸ ਲੈ ਲਿਆ ਤਾਂ ਪੰਜਾਬ ਵਿਚ ਤੰਬਾਕੂ ਉਤਪਾਦ ਮੁੜ ਬਹੁਤ ਸਸਤੇ ਹੋ ਜਾਣਗੇ ਜਿਸ ਕਾਰਨ ਸੂਬੇ ਵਿਚ ਇਨ੍ਹਾਂ ਉਤਪਾਦਾਂ ਦੀ ਵਿਕਰੀ ਵਧੇਗੀ ਤੇ ਕੈਂਸਰ ਰੋਕੂ ਮੁਹਿੰਮ ਨੂੰ ਸੱਟ ਵੱਜੇਗੀ। ਚਾਲੂ ਵਿੱਤੀ ਵਰ੍ਹੇ ਦੇ ਨਵੰਬਰ ਮਹੀਨੇ ਤੱਕ ਕਰ ਵਿਭਾਗ ਨੇ ਬੀੜੀਆਂ-ਸਿਗਰਟਾਂ 'ਤੇ ਲੱਗੇ ਵੈਟ ਰਾਹੀਂ 25 ਕਰੋੜ ਰੁਪਏ ਦਾ ਮਾਲੀਆ ਇਕੱਤਰ ਕੀਤਾ।

ਸੂਤਰਾਂ ਮੁਤਾਬਕ ਸਰਕਾਰ ਨੂੰ ਆਸ ਸੀ ਕਿ ਉਹ ਤੰਬਾਕੂ ਉਤਪਾਦਾਂ 'ਤੇ ਵੈਟ ਰਾਹੀਂ ਚਾਲੂ ਵਿੱਤੀ ਵਰ੍ਹੇ ਦੌਰਾਨ ਤਕਰੀਬਨ 100 ਕਰੋੜ ਰੁਪਏ ਮਾਲੀਆ ਆਪਣੇ ਖ਼ਜ਼ਾਨੇ ਵਿਚ ਲੈ ਜਾਵੇਗੀ ਪਰ ਵੈਟ 22 ਫ਼ੀਸਦੀ ਤੋਂ ਵਧਾ ਕੇ 59 ਫ਼ੀਸਦੀ ਕਰਨ ਮਗਰੋਂ ਸੂਬੇ ਵਿਚ ਬੀੜੀਆਂ-ਸਿਗਰਟਾਂ ਤੇ ਹੋਰ ਤੰਬਾਕੂ ਉਤਪਾਦ ਮਹਿੰਗੇ ਹੋ ਗਏ ਤੇ ਸੂਬੇ ਵਿਚ ਉਨ੍ਹਾਂ ਦੀ ਵਿਕਰੀ ਘਟ ਗਈ ਜਿਸ ਨੇ ਕਰ ਵਿਭਾਗ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ। ਸਿਗਰਟ ਕੰਪਨੀਆਂ ਇਸ ਵਾਧੇ ਤੋਂ ਔਖੀਆਂ ਹਨ।

ਇਕ ਸਿਗਰਟ ਕੰਪਨੀ ਜਿਸ ਨੇ ਕੈਲੰਡਰ ਸਾਲ 2012 ਦੌਰਾਨ ਪੰਜਾਬ ਵਿਚ 27.90 ਕਰੋੜ ਰੁਪਏ ਦੀ ਕਮਾਈ ਕੀਤੀ, ਕੈਲੰਡਰ ਸਾਲ 2013 ਦੌਰਾਨ ਨਵੰਬਰ ਮਹੀਨੇ ਤੱਕ ਉਹ ਕੰਪਨੀ 24.90 ਕਰੋੜ ਰੁਪਏ ਹੀ ਕਮਾ ਸਕੀ। ਸੂਬੇ ਵਿਚ ਕੈਂਸਰ ਰੋਕੂ ਮੁਹਿੰਮ ਚਲਾਉਣ ਵਾਲੀ ਇਕ ਗੈਰ-ਸਰਕਾਰੀ ਸੰਸਥਾ 'ਜਨਰੇਸ਼ਨ ਸੇਵੀਅਰ ਐਸੋਸੀਏਸ਼ਨ' ਨੇ ਇਸ ਮਸਲੇ ਪ੍ਰਤੀ ਚਿੰਤਾ ਪ੍ਰਗਟ ਕਰਦਿਆਂ ਵਿੱਤ ਮੰਤਰੀ ਪੰਜਾਬ ਪਰਮਿੰਦਰ ਸਿੰਘ ਢੀਂਡਸਾ ਨਾਲ ਮੁਲਾਕਾਤ ਵੀ ਕੀਤੀ ਸੀ।

ਐਸੋਸੀਏਸ਼ਨ ਦੀ ਪ੍ਰਾਜੈਕਟ ਡਾਇਰੈਕਟਰ ਆਸ਼ਿਮਾ ਸਰੀਨ ਮੁਤਾਬਕ ਮੁਲਾਕਾਤ ਦੌਰਾਨ ਸ. ਢੀਂਡਸਾ ਨੇ ਉਨ੍ਹਾਂ ਨੂੰ ਇਹ ਕਹਿ ਕੇ ਹੈਰਾਨ ਕਰ ਦਿੱਤਾ ਕਿ ਸੂਬੇ ਵਿਚ ਤੰਬਾਕੂ ਉਤਪਾਦਾਂ 'ਤੇ ਵੈਟ ਵਧਾਉਣ ਕਰਕੇ ਉਨ੍ਹਾਂ ਦੀਆਂ ਕੀਮਤਾਂ ਵਧ ਗਈਆਂ ਸਨ ਜਿਸ ਕਾਰਨ ਸੂਬੇ ਵਿਚ ਹੋਰਾਂ ਸੂਬਿਆਂ ਤੋਂ ਤੰਬਾਕੂ ਉਤਪਾਦਾਂ ਦੀ ਤਸਕਰੀ ਹੋਣੀ ਸ਼ੁਰੂ ਹੋ ਗਈ ਸੀ ਜਿਸ ਨੂੰ ਵੇਖਦਿਆਂ ਇਨ੍ਹਾਂ ਉਤਪਾਦਾਂ 'ਤੇ ਵੈਟ ਵਿਚ ਕੀਤਾ ਵਾਧਾ ਵਾਪਸ ਲੈਣ ਦੀ ਤਜਵੀਜ਼ ਹੈ।

ਐਸੋਸੀਏਸ਼ਨ ਦੀ ਉਪਰੋਕਤ ਅਧਿਕਾਰੀ ਮੁਤਾਬਕ ਸ. ਢੀਂਡਸਾ ਨੇ ਮੁਲਾਕਾਤ ਦੌਰਾਨ ਇਹ ਵੀ ਕਿਹਾ ਕਿ ਤੰਬਾਕੂ ਉਤਪਾਦਾਂ ਤੋਂ ਇਕੱਤਰ ਵੈਟ ਸੂਬੇ ਵਿਚ ਕੈਂਸਰ ਮਰੀਜ਼ਾਂ ਦੇ ਰਾਹਤ ਫੰਡ ਲਈ ਵਰਤਿਆ ਜਾਂਦਾ ਹੈ। ਕੈਂਸਰ ਰੋਕੂ ਮੁਹਿੰਮਾਂ ਚਲਾਉਣ ਵਾਲੀ ਇਕ ਹੋਰ ਸੰਸਥਾ 'ਤੰਬਾਕੂ ਮੁਕਤ ਪੰਜਾਬ' ਦੀ ਅਧਿਕਾਰੀ ਐਡਵੋਕੇਟ ਅਮਿਤੇਸ਼ਵਰ ਕੌਰ ਦਾ ਕਹਿਣਾ ਹੈ ਕਿ ਸਰਕਾਰ ਦੀ ਇਹ ਕਿਹੋ ਜਿਹੀ ਨੀਤੀ ਹੈ ਕਿ ਤੰਬਾਕੂ ਨਾਲ ਕੈਂਸਰ ਸਭ ਤੋਂ ਵੱਧ ਫੈਲ ਰਿਹਾ ਹੈ ਪਰ ਸਰਕਾਰ ਉਸ ਦੀ ਵਿਕਰੀ ਵਧਾ ਕੇ ਉਸ ਤੋਂ ਇਕੱਤਰ ਵੈਟ ਰਾਹੀਂ ਕੈਂਸਰ ਮਰੀਜ਼ਾਂ ਦਾ ਇਲਾਜ ਕਰਨਾ ਚਾਹੁੰਦੀ ਹੈ। ਸੰਸਥਾ ਵੱਲੋਂ ਜੁਟਾਏ ਅੰਕੜਿਆਂ ਮੁਤਾਬਕ ਇਸ ਵੇਲੇ ਪੰਜਾਬ ਵਿਚ 25 ਲੱਖ ਲੋਕ ਤੰਬਾਕੂ ਉਤਪਾਦਾਂ ਦਾ ਸੇਵਨ ਕਰਦੇ ਹਨ ਤੇ ਉਨ੍ਹਾਂ ਵਿਚੋਂ ਨੌਂ ਲੱਖ ਲੋਕਾਂ ਨੂੰ ਭਿਆਨਕ ਬਿਮਾਰੀ ਹੋਣ ਦਾ ਖ਼ਦਸ਼ਾ ਹੈ।

## ਮਿਥੁਨ ਵੀ ਜਾਣਗੇ ਰਾਜ ਸਭਾ

**ਨਵੀਂ ਦਿੱਲੀ:** ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸ਼ਨਿਚਰਵਾਰ ਨੂੰ ਦੱਸਿਆ ਕਿ ਫਿਲਮ ਅਭਿਨੇਤਾ ਮਿਥੁਨ ਚੱਕਰਵਰਤੀ ਨੂੰ ਆਗਾਮੀ ਰਾਜ ਸਭਾ ਚੋਣਾਂ ਲਈ ਤ੍ਰਿਣਮੂਲ ਕਾਂਗਰਸ ਦਾ ਉਮੀਦਵਾਰ ਐਲਾਨ ਕੀਤਾ ਹੈ। ਮਮਤਾ ਨੇ ਇਸ ਬਾਰੇ ਜਾਣਕਾਰੀ ਫੇਸਬੁੱਕ 'ਤੇ ਦਿੱਤੀ। ਉਨ੍ਹਾਂ ਕਿਹਾ ਕਿ ਸੂਬੇ ਵਿਚੋਂ ਪੰਜ ਰਾਜ ਸਭਾ ਸੰਸਦ ਮੈਂਬਰਾਂ ਦੀ ਚੋਣ ਹੋਣੀ ਹੈ। ਪਾਰਟੀ ਨੇ ਇਨ੍ਹਾਂ ਵਿਚੋਂ ਇਕ ਸੀਟ ਲਈ ਮਿਥੁਨ ਨੂੰ ਨਾਮਜ਼ਦ ਕੀਤਾ ਹੈ।

## ਪੰਜਾਬ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਨੌਂ ਖੰਡ ਮਿੱਲਾਂ ਬੰਦ

**ਚੰਡੀਗੜ੍ਹ (ਬਿਊਰੋ):** ਸਰਕਾਰ ਵੱਲੋਂ ਗੰਨਾ ਮਿੱਲਾਂ ਪ੍ਰਾਈਵੇਟ ਹੱਥਾਂ ਵਿਚ ਦੇਣ ਅਤੇ ਸਮੇਂ ਸਿਰ ਬਕਾਏ ਨਾ ਦੇਣ ਕਾਰਨ ਕਿਸਾਨਾਂ ਨੂੰ ਫ਼ਸਲੀ ਚੱਕਰ ਵਿਚੋਂ ਕੱਢਣ ਦੀ ਨੀਤੀ ਨੂੰ ਬੂਰ ਨਹੀਂ ਪਿਆ। ਦੂਜਾ ਸਰਕਾਰ ਦੀਆਂ ਗ਼ਲਤ ਨੀਤੀਆਂ ਕਾਰਨ ਪੰਜਾਬ ਵਿਚ ਲੱਗੀਆਂ 16 ਸਹਿਕਾਰੀ ਖੰਡ ਮਿੱਲਾਂ ਵਿਚੋਂ ਇਸ ਵੇਲੇ ਕੇਵਲ 9 ਹੀ ਚੱਲ ਰਹੀਆਂ ਹਨ।

ਤਰਨ ਤਾਰਨ, ਜ਼ੀਰਾ, ਫ਼ਰੀਦਕੋਟ, ਮਲੋਟ, ਜਗਰਾਉਂ, ਪਟਿਆਲਾ ਤੇ ਬੁਢਲਾਡਾ ਵਿਚ ਬੰਦ ਹੋਈਆਂ ਖੰਡ ਮਿੱਲਾਂ ਵਾਂਗ ਅਜਨਾਲਾ ਮਿੱਲ ਨੂੰ ਵੀ ਸਰਕਾਰ ਨੇ ਘਾਟੇ ਵਿਚ ਦਸ ਕੇ ਪ੍ਰਾਈਵੇਟ ਹੱਥਾਂ ਵਿਚ ਦੇਣ ਦੀ ਤਿਆਰੀ ਕਰ ਲਈ ਸੀ ਪਰ ਮਿੱਲ ਦੇ ਕਾਮਿਆਂ ਵੱਲੋਂ ਕੀਤੇ ਵਿਰੋਧ ਕਾਰਨ ਇਹ ਮਿਲ ਵਿਕਣ ਤੋਂ ਬਚ ਗਈ। ਇਸ ਮਿੱਲ ਕੋਲ 123 ਏਕੜ ਜ਼ਮੀਨ ਹੈ ਜਿਸ ਵਿਚੋਂ 63 ਏਕੜ ਵਿਚ ਮਿੱਲ ਕੰਪਲੈਕਸ, ਮਿੱਲ ਮੁਲਾਜ਼ਮਾਂ ਲਈ ਕਲੋਨੀ ਤੇ ਕੇਨ ਯਾਰਡ ਹੈ ਤੇ 60 ਏਕੜ ਵਿਚ ਮਿੱਲ ਦਾ ਗੰਨਾ ਫਾਰਮ ਹੈ।

ਸ਼ੂਗਰ ਮਿੱਲ ਜੁਆਇੰਟ ਐਕਸ਼ਨ ਕਮੇਟੀ ਦੇ ਪ੍ਰੈਸ ਸਕੱਤਰ ਕਾਬਲ ਸਿੰਘ ਛੀਨਾ ਦਾ ਕਹਿਣਾ ਹੈ ਕਿ ਕੋਈ ਵੀ ਸਹਿਕਾਰੀ ਖੰਡ ਮਿੱਲ ਘਾਟੇ ਵਿਚ ਨਹੀਂ ਪਰ ਸਰਕਾਰ ਆਪਣੇ ਚਹੇਤਿਆਂ ਨੂੰ ਖੰਡ ਮਿੱਲਾਂ 'ਤੇ ਕਬਜ਼ੇ ਕਰਵਾਉਣ ਲਈ ਖੰਡ ਮਿੱਲਾਂ ਨੂੰ ਘਾਟੇ ਵਿਚ ਦੱਸ ਕੇ ਇਨ੍ਹਾਂ ਮਿੱਲਾਂ ਨੂੰ ਵੇਚਣ ਦਾ ਰਾਹ ਪੱਧਰਾ ਕਰ ਰਹੀ ਹੈ।

## ਬੁਢਾਪਾ ਪੈਨਸ਼ਨ ਦੇ 70 ਲੱਖ ਰੁਪਏ ਹੜੱਪੇ

**ਤਰਨ ਤਾਰਨ:** ਤਰਨ ਤਾਰਨ ਜ਼ਿਲ੍ਹੇ ਵਿਚ ਕਰੀਬ 70 ਲੱਖ ਰੁਪਏ ਦਾ ਬੁਢਾਪਾ ਪੈਨਸ਼ਨ ਘਪਲਾ ਹੋਇਆ ਹੈ। ਇਹ ਘਪਲਾ ਫ਼ਰੀਦਕੋਟ ਦੇ ਪੈਨਸ਼ਨ ਫਰਾਡ ਦੀ ਤਰਜ਼ 'ਤੇ ਹੀ ਹੋਇਆ ਹੈ। ਬਜ਼ੁਰਗਾਂ ਦੀ ਬੁਢਾਪਾ ਪੈਨਸ਼ਨ ਦੀ ਰਾਸ਼ੀ ਕਲਰਕ ਤੇ ਸੇਵਾਦਾਰ ਛਕ ਗਏ ਹਨ। ਸਰਪੰਚਾਂ ਵੱਲੋਂ ਬੁਢਾਪਾ ਪੈਨਸ਼ਨ ਦੀ ਬਕਾਇਆ ਰਾਸ਼ੀ ਸਰਕਾਰ ਨੂੰ ਚੈੱਕ ਜਾਂ ਡਰਾਫਟ ਰਾਹੀਂ ਵਾਪਸ ਭੇਜੀ ਜਾਂਦੀ ਹੈ।

ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ (ਡੀ.ਐਸ.ਐਸ.ਓ) ਤਰਨਤਾਰਨ ਕਮਲਜੀਤ ਕੌਰ ਵੱਲੋਂ ਵਿਭਾਗ ਦੇ ਡਾਇਰੈਕਟਰ ਨੂੰ ਸੌਂਪੀ ਰਿਪੋਰਟ ਅਨੁਸਾਰ ਕਲਰਕ ਜਗਤਾਰ ਸਿੰਘ ਨੇ ਸਾਲ 2011 ਵਿਚ ਤਤਕਾਲੀ ਡੀ.ਐਸ.ਐਸ.ਓ ਅਵਿਨਾਸ਼ ਕੁਮਾਰ ਦੇ ਜਾਅਲੀ ਦਸਤਖ਼ਤ ਕਰਕੇ ਤਰਨਤਾਰਨ ਦੀ ਪੰਜਾਬ ਨੈਸ਼ਨਲ ਬੈਂਕ ਵਿਚ ਜੂਨ 2011 ਵਿਚ ਖਾਤਾ ਖੁਲ੍ਹਵਾਇਆ ਸੀ। ਮਗਰੋਂ ਬੁਢਾਪਾ ਪੈਨਸ਼ਨਾਂ ਦੇ ਸਰਪੰਚਾਂ ਵੱਲੋਂ ਵਾਪਸ ਕੀਤੇ ਚੈੱਕ ਤੇ ਡਰਾਫਟ ਇਸ ਕਲਰਕ ਨੇ ਬੈਂਕ ਵਿਚ ਕੈਸ਼ ਹੋਣ ਲਈ ਲਾ ਦਿੱਤੇ। ਅਜਿਹੇ ਚੈੱਕਾਂ ਤੇ ਡਰਾਫਟਾਂ ਦੀ ਗਿਣਤੀ ਕਰੀਬ 250 ਹੈ ਜਿਨ੍ਹਾਂ ਦੀ ਰਾਸ਼ੀ 71 ਲੱਖ ਦੇ ਕਰੀਬ ਹੈ।

## ਤਿਰਲੋਕ ਸਿੰਘ ਸੰਗੂ ਦਾ ਦਿਹਾਂਤ

**ਫਰਿਜ਼ਨੋ (ਬਿਊਰੋ):** ਇਥੋਂ ਦੇ ਇਕ ਉਘੇ ਬਿਜ਼ਨਸਮੈਨ ਅਤੇ ਸਮਾਜ ਸੇਵਕ ਸ. ਤਿਰਲੋਕ ਸਿੰਘ ਸੰਗੂ ਬੀਤੀ 16 ਜਨਵਰੀ ਨੂੰ ਸਵਰਗਵਾਸ ਹੋ ਗਏ। ਉਨ੍ਹਾਂ ਦਾ ਅੰਤਮ ਸੰਸਕਾਰ ਸ਼ਾਂਤ ਭਵਨ ਵਿਖੇ 25 ਜਨਵਰੀ ਨੂੰ 2:30 ਵਜੇ ਕੀਤਾ ਜਾਵੇਗਾ ਅਤੇ ਉਸ ਤੋਂ ਬਾਅਦ ਅੰਤਮ ਅਰਦਾਸ



ਗੁਰਦੁਆਰਾ ਨਾਨਕਸਰ (ਚੈਰੀ ਰੋਡ) ਵਿਖੇ ਹੋਵੇਗੀ।

ਜੀ ਐਚ ਜੀ ਅਕੈਡਮੀ ਦੇ ਪ੍ਰਬੰਧਕੀ ਬੋਰਡ ਨੇ ਸ. ਸੰਗੂ ਦੇ ਅਚਾਨਕ ਚਲਾਣੇ ਉਪਰ ਡੂੰਘਾ ਦੁੱਖ ਪ੍ਰਗਟਾਇਆ ਹੈ। ਉਹ ਅਕੈਡਮੀ ਦੇ ਐਡਵਾਇਜ਼ਰੀ ਬੋਰਡ ਦੇ ਮੈਂਬਰ ਸਨ ਅਤੇ ਲੰਮੇ ਅਰਸੇ ਤੋਂ ਅਕੈਡਮੀ ਨਾਲ ਜੁੜੇ ਹੋਏ ਸਨ। ਅਕੈਡਮੀ ਦੇ ਮੈਂਬਰਾਂ ਪ੍ਰੀਤਮ ਸਿੰਘ ਪਾਸਲਾ, ਬਸੰਤ ਸਿੰਘ ਧਾਲੀਵਾਲ, ਸੁਖਦੇਵ ਸਿੰਘ ਚੀਮਾ, ਜਗਰੂਪ ਸਿੰਘ ਧਾਲੀਵਾਲ, ਪਰਮਜੀਤ ਸਿੰਘ ਧਾਲੀਵਾਲ, ਰਾਜਿੰਦਰ ਸਿੰਘ ਧਾਲੀਵਾਲ, ਸ਼ੇਰ ਸਿੰਘ, ਜਤਿੰਦਰਪਾਲ ਸਿੰਘ ਮਾਨ, ਅਮਨਦੀਪ ਸਿੰਘ ਖਹਿਰਾ, ਉਦੈਦੀਪ ਸਿੰਘ ਸਿੱਧੂ, ਸਰਬਜੀਤ ਸਿੰਘ ਸਿੱਧੂ, ਦਵਿੰਦਰ ਸਿੰਘ ਨਾਗੀ, ਸੁਖਮਿੰਦਰ ਸਿੰਘ ਸਰੋਏ, ਗੁਰਦੀਪ ਸਿੰਘ ਸ਼ੇਰਗਿੱਲ, ਹਰਦੀਪ ਸਿੰਘ ਕਲੇਰ, ਲਖਬੀਰ ਸਿੰਘ ਮੱਲੀ ਅਤੇ ਬਲਬੀਰ ਸਿੰਘ ਭੰਵਰਾ ਨੇ ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਹੈ। ਪਰਿਵਾਰ ਨਾਲ ਸੰਪਰਕ ਫੋਨ 559-940-2247 ਰਾਹੀਂ ਕੀਤਾ ਜਾ ਸਕਦਾ ਹੈ।


**SUPER TRAVEL**

847-676-9090, 773-465-5566

*E-mail: supertravel2003@yahoo.com*

*Lowest Fares With Excellent Service*

*AMERICAN AIR, CONTINENTAL AIR*



*JET AIRWAYS DELTA, AIR INDIA, KLM, LUFTHANSA.*

*For Emergency Call anytime at 847-673-3825*

*EARLY BIRD SALE!!!!*

India $545
London $250



**MRP TRAVEL**

*Lowest International and Domestic Fares*

ARC **FLY ANY AIRLINE OF YOUR CHOICE** IATA


*Providing the lowest Airfare, Cruise and Travel Packages to Asia, Africa, Europe, the Middle East and North America*

**408-929-8005**

E-mail:mrptravel@gmail.com
2123 Port Way, San Jose, CA 95133

*CST: 2097308-40*

*Passport & Visa services also available*



Emirates, Asiana Airlines, Singapore Airlines, Cathay Pacific, Korean Air, Lufthansa, China Airlines

*India Vacation tour package also available.*



ਪੰਜਾਬੀ ਰੇਡੀਓ ਯੂਐਸਏ

Punjabi RADIO USA

*Uniting Punjabi's All Over*

24 ਘੰਟੇ ਸੱਤੇ ਦਿਨ ਸੁਣੋ

**Listen on :**
**Radio Sets (CA, WA, NV)**
**Dial in**
**832-551-5029 or 605-475-6868**
**Android & iPhone App**

**www.PunjabiRadioUSA.com**
**Ph: 408-272-5200**



**Prince's Barber Shop**

**37477 Fremont Blvd, suite C, Fremont, CA 94536**

**Men & Children's Hair Cut**

*Threading *Custom Text
*Men's Facials *Hair Coler
*Custom Designing *Shave &
*Line-ups *Head Massage

*ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ*



**Business hours:**
**Mon thru Thursday 9am to 8pm**
**Friday, Sat- Sunday- 9am to 7pm**
**(Tuesday Closed)**



**Cell: (510)-677-9942**
**Shop: (510)-505-9605**

*www.princebarbershop.com*

# ਕੇਂਦਰ ਸਰਕਾਰ ਦਾ ਪੰਜਾਬ ਨਾਲ ਇਕ ਹੋਰ ਧੱਕਾ

## ਵਿਸ਼ੇਸ਼ ਸਨਅਤੀ ਪੈਕੇਜ ਦੇਣ ਤੋਂ ਇਨਕਾਰ

**ਚੰਡੀਗੜ੍ਹ:** ਕੇਂਦਰ ਸਰਕਾਰ ਵੱਲੋਂ ਹਿਮਾਚਲ ਪ੍ਰਦੇਸ਼ ਤੇ ਉਤਰਾਖੰਡ ਨੂੰ ਦਿੱਤੇ ਹੋਏ ਵਿਸ਼ੇਸ਼ ਰਾਜ ਦੇ ਦਰਜੇ ਦੀ ਮਿਆਦ 31 ਮਾਰਚ, 2017 ਤੱਕ ਵਧਾਉਣ ਨਾਲ ਪੰਜਾਬ ਦੀ ਸਨਅਤ ਨੂੰ ਵੱਡੀ ਢਾਹ ਲੱਗਣ ਦੀਆਂ ਕਿਆਸਅਰਾਈਆਂ ਲਾਈਆਂ ਜਾ ਰਹੀਆਂ ਹਨ। ਕੇਂਦਰ ਸਰਕਾਰ ਵੱਲੋਂ ਇਨ੍ਹਾਂ ਸੂਬਿਆਂ ਨੂੰ ਦਿੱਤੀਆਂ ਜਾ ਰਹੀਆਂ ਵਿਸ਼ੇਸ਼ ਰਿਆਇਤਾਂ ਕਾਰਨ ਪਹਿਲਾਂ ਹੀ ਸਨਅਤਕਾਰ ਪੰਜਾਬ ਵਿਚ ਉਦਯੋਗ ਲਾਉਣ ਦੀ ਥਾਂ ਦੋਵਾਂ ਸੂਬਿਆਂ ਵੱਲ ਰੁਖ ਕਰ ਚੁੱਕੇ ਹਨ। ਪੰਜਾਬ ਵੀ ਇਸ ਵਿਸ਼ੇਸ਼ ਦਰਜੇ ਦੀ ਮੰਗ ਚਿਰਾਂ ਤੋਂ ਕਰ ਰਿਹਾ ਹੈ।

ਪੰਜਾਬ ਦੇ ਸਨਅਤ ਮੰਤਰੀ ਮਦਨ ਮੋਹਨ ਮਿੱਤਲ ਨੇ ਸੂਬੇ ਨੂੰ ਵਿਸ਼ੇਸ਼ ਰਾਜ ਦਾ ਦਰਜਾ ਨਾ ਦੇਣ 'ਤੇ ਕੇਂਦਰ ਉਪਰ ਪੱਖਪਾਤੀ ਹੋਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਹਿਮਾਚਲ ਤੇ ਉਤਰਾਖੰਡ ਵਾਂਗ ਪੰਜਾਬ ਨੂੰ ਵੀ ਵਿਸ਼ੇਸ਼ ਪੈਕੇਜ ਮਿਲੇ। ਦੋਵਾਂ ਸੂਬਿਆਂ ਲਈ ਇਹ ਵਿਸ਼ੇਸ਼ ਪੈਕੇਜ 2003 ਵਿਚ ਸ਼ੁਰੂ ਹੋਇਆ ਸੀ। 2007 ਵਿਚ ਇਸ ਵਿਚ ਕਟੌਤੀ ਕਰ ਦਿੱਤੀ ਗਈ ਸੀ ਤੇ 2010 ਤੋਂ ਇਹ ਪੂਰਾ ਬਹਾਲ ਕਰ ਦਿੱਤਾ ਗਿਆ।

ਇਸ ਪੈਕੇਜ ਦਾ ਮੁੱਖ ਧੁਰਾ ਪੂੰਜੀ ਨਿਵੇਸ਼ ਸਬਸਿਡੀ ਹੈ। ਇਨ੍ਹਾਂ ਪਹਾੜੀ ਸੂਬਿਆਂ ਵਿਚ ਪੂੰਜੀ ਨਿਵੇਸ਼ ਕਰਨ 'ਤੇ ਕਈ ਕਰਾਂ ਤੋਂ ਛੋਟਾਂ ਮਿਲਦੀਆਂ ਹਨ। ਮੀਡੀਆ ਰਿਪੋਰਟਾਂ ਮੁਤਾਬਕ ਹਿਮਾਚਲ ਪ੍ਰਦੇਸ਼ ਵਿਚ ਸਾਲ 2003 ਤੋਂ 2010 ਤੱਕ ਵਿਸ਼ੇਸ਼ ਪੈਕੇਜ ਤਹਿਤ ਸਨਅਤੀ ਵਿਕਾਸ ਕਾਫ਼ੀ ਤੇਜ਼ ਹੋਇਆ ਹੈ ਤੇ ਇਸ ਤਹਿਤ ਦਵਾਈਆਂ, ਫੂਡ ਪ੍ਰਾਸੈਸਿੰਗ, ਕੱਪੜਾ, ਪੈਕਿੰਗ ਤੇ ਹਲਕੇ ਇੰਜੀਨੀਅਰਿੰਗ ਸੈਕਟਰ ਦੀਆਂ ਸਨਅਤਾਂ ਵੱਧ ਲੱਗੀਆਂ।



ਹਿਮਾਚਲ ਪ੍ਰਦੇਸ਼ ਤੇ ਉਤਰਾਖੰਡ ਦੇ ਵਿਸ਼ੇਸ਼ ਪੈਕੇਜ ਦੀ ਮਿਆਦ ਵਧਾਉਣ ਦੇ ਮਾਮਲੇ ਵਿਚ ਪੰਜਾਬ ਸਰਕਾਰ ਨੇ ਵੀ ਇਸੇ ਤਰ੍ਹਾਂ ਦੇ ਪੈਕੇਜ ਦੀ ਮੰਗ ਕੀਤੀ ਹੈ। ਮਿੱਤਲ ਨੇ ਕਿਹਾ ਹੈ ਕਿ ਕੇਂਦਰ ਨੇ ਪੰਜਾਬ ਨੂੰ ਅਜਿਹਾ ਵਿਸ਼ੇਸ਼ ਪੈਕੇਜ ਨਾ ਦੇ ਕੇ ਉਸ ਨਾਲ ਪੱਖਪਾਤ ਕੀਤਾ ਹੈ। ਪੰਜਾਬ ਨੇ ਅਤਿਵਾਦ ਦੌਰਾਨ ਬਹੁਤ ਆਰਥਿਕ ਨੁਕਸਾਨ ਝੱਲਿਆ ਹੈ ਤੇ ਸਰਹੱਦੀ ਸੂਬਾ ਹੋਣ ਦੇ ਨਾਤੇ ਉਸ ਨੂੰ ਵਿਸ਼ੇਸ਼ ਪੈਕੇਜ ਦੀ ਬਹੁਤ ਲੋੜ ਹੈ।

ਉਨ੍ਹਾਂ ਕੇਂਦਰ 'ਤੇ ਦੋਸ਼ ਲਾਇਆ ਹੈ ਕਿ ਉਹ ਸੂਬੇ ਦੀਆਂ ਸਨਅਤਾਂ ਨੂੰ ਖੋਰਾ ਲਾਉਣ 'ਤੇ ਤੁਲਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਨੂੰ ਬਿਨਾਂ ਦੇਰੀ ਤੋਂ ਪੰਜਾਬ ਦੀ ਸਨਅਤ ਖਾਸ ਤੌਰ 'ਤੇ ਹੌਜ਼ਰੀ, ਸਟੀਲ ਤੇ ਕੱਪੜੇ ਨੂੰ ਵਿਸ਼ੇਸ਼ ਪੈਕੇਜ ਦੇਣਾ ਚਾਹੀਦਾ ਹੈ।

ਪੰਜਾਬ ਕਈ ਵਾਰ ਵੱਖ-ਵੱਖ ਮੰਚਾਂ 'ਤੇ ਆਖ ਚੁੱਕਿਆ ਹੈ ਕਿ ਉਨ੍ਹਾਂ ਦੇ ਗੁਆਂਢੀ ਸੂਬੇ ਨੂੰ ਵਿਸ਼ੇਸ਼ ਪੈਕੇਜ ਮਿਲਣ ਨਾਲ ਨਾ ਸਿਰਫ਼ ਉਸ ਦੇ ਸਨਅਤੀ ਨਿਵੇਸ਼ 'ਤੇ ਮਾਰੂ ਅਸਰ ਪਿਆ ਹੈ, ਸਗੋਂ ਸੂਬੇ ਵਿਚ ਮੌਜੂਦ ਸਨਅਤਾਂ ਵੀ ਤਬਾਹੀ ਦੇ ਕੰਢੇ ਜਾ ਪੁੱਜੀਆਂ ਹਨ। ਉਧਰ ਸਨਅਤਕਾਰਾਂ ਦਾ ਕਹਿਣਾ ਹੈ ਕਿ ਇਸ ਪੈਕੇਜ ਦੇ ਐਲਾਨ ਪਿੱਛੋਂ ਹਿਮਾਚਲ ਦੀਆਂ ਸਨਅਤਾਂ ਨਾਲ ਮੁਕਾਬਲਾ ਕਰਨਾ ਔਖਾ ਹੋਵੇਗਾ।

ਕੇਂਦਰ ਨੇ ਪੰਜਾਬ ਨਾਲ ਦੁਸ਼ਮਣੀ ਕੱਢੀ ਹੈ। ਛੋਟੀਆਂ ਸਨਅਤਾਂ ਕਿਸੇ ਵੀ ਹਾਲਤ ਵਿਚ ਹਿਮਾਚਲ ਪ੍ਰਦੇਸ਼ ਤੇ ਉੱਤਰਾਖੰਡ ਵਿਚ ਜਾ ਕੇ ਗੁਜ਼ਾਰਾ ਨਹੀਂ ਕਰ ਸਕਦੀਆਂ।ਉਨ੍ਹਾਂ ਨੂੰ ਆਸ ਸੀ ਕਿ ਪਹਾੜੀ ਸੂਬਿਆਂ ਦਾ ਇਹ ਖਾਸ ਪੈਕੇਜ ਖ਼ਤਮ ਹੋਣ 'ਤੇ ਪੰਜਾਬ ਦੀਆਂ ਸਨਅਤਾਂ ਨੂੰ ਸਾਹ ਮਿਲੇਗਾ। ਹਿਮਾਚਲ ਵਾਤਾਵਰਣ ਨੂੰ ਖਰਾਬ ਕਰ ਰਿਹਾ ਹੈ।

## ਪੰਜਾਬ ਵੱਲੋਂ ਹੋਰ ਸੂਬਿਆਂ ਨੂੰ ਸਨਅਤੀ ਪੈਕੇਜ ਦਾ ਵਿਰੋਧ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੇਂਦਰ ਸਰਕਾਰ ਦੇ ਹਿਮਾਚਲ ਤੇ ਉਤਰਾਖੰਡ ਦੀਆਂ ਸਨਅਤਾਂ ਨੂੰ ਟੈਕਸ ਰਿਆਇਤਾਂ ਦੇਣ ਦੇ ਫ਼ੈਸਲੇ ਦੀ ਤਿੱਖੀ ਨੁਕਤਾਚੀਨੀ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਵੱਲੋਂ ਕੀਤੇ ਗਏ ਸਨਅਤੀ ਸੰਮੇਲਨ ਦੌਰਾਨ ਸੂਬੇ ਨੂੰ ਕੋਈ 65 ਹਜ਼ਾਰ ਕਰੋੜ ਰੁਪਏ ਪੂੰਜੀ ਨਿਵੇਸ਼ ਦਾ ਭਰੋਸਾ ਮਿਲਿਆ ਸੀ ਤੇ ਯੂ.ਪੀ.ਏ ਸਰਕਾਰ ਵੱਲੋਂ ਇਕ ਸਾਜ਼ਿਸ਼ ਅਧੀਨ ਪੰਜਾਬ ਦੀ ਇਸ ਸਫਲਤਾ ਨੂੰ ਤਾਰਪੀਡੋ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਵੀ ਸਪੱਸ਼ਟ ਕੀਤਾ ਕਿ ਅਕਾਲੀ ਦਲ ਸੂਬੇ ਨਾਲ ਕੇਂਦਰ ਵੱਲੋਂ ਹੋ ਰਹੇ ਅਜਿਹੇ ਵਿਤਕਰਿਆਂ ਤੇ ਧੱਕੇ ਨੂੰ ਚੁੱਪ-ਚਾਪ ਬਰਦਾਸ਼ਤ ਨਹੀਂ ਕਰੇਗਾ।

## ਡਰੱਗ ਕੇਸ ਵਿਚ ਦੋ ਹੋਰ ਤਸਕਰ ਗ੍ਰਿਫ਼ਤਾਰ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਕੌਮਾਂਤਰੀ ਸਿੰਥੈਟਿਕ ਡਰੱਗ ਰੈਕਟ ਵਿਚ ਸ਼ਾਮਲ ਦੋ ਅਹਿਮ ਵਿਅਕਤੀਆਂ ਨੂੰ ਨਵੀਂ ਦਿੱਲੀ ਤੇ ਮੁੰਬਈ ਤੋਂ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਮੁੰਬਈ ਵਾਸੀ ਡਾ. ਸੰਜੈ ਗੋਇਲ ਨੂੰ ਨਵੀਂ ਦਿੱਲੀ ਸਥਿਤ ਤਾਜ ਹੋਟਲ ਤੇ ਬਸੰਤ ਸ੍ਰੀਵਾਸਤਵ ਨੂੰ ਮੁੰਬਈ ਵਿਚੋਂ ਉਸ ਦੀ ਰਿਹਾਇਸ਼ ਤੋਂ ਕਾਬੂ ਕੀਤਾ ਹੈ।

ਵਧੀਕ ਡੀ.ਜੀ.ਪੀ ਕਾਨੂੰਨ ਤੇ ਵਿਵਸਥਾ ਦਿਨਕਰ ਗੁਪਤਾ ਨੇ ਦੱਸਿਆ ਕਿ 100 ਤੋਂ ਵੱਧ ਤਸਕਰਾਂ ਤੋਂ ਪੁੱਛਗਿੱਛ ਸਦਕਾ ਹੀ ਸਮੁੱਚੇ ਡਰੱਗ ਜਾਲ ਨੂੰ ਬੇਨਕਾਬ ਕਰਨ ਵਿਚ ਸਫਲਤਾ ਮਿਲੀ ਹੈ। ਤਸਕਰਾਂ ਵੱਲੋਂ ਕੀਟਾਮਾਈਨ, ਐਫੇਡਰਾਈਨ ਤੇ ਸੁਡੋਐਫੇਡਰਾਈਨ ਜਿਹੇ ਰਸਾਇਣਾਂ ਨੂੰ ਹੈਦਰਾਬਾਦ, ਮੁੰਬਈ ਤੇ ਦਿੱਲੀ ਆਦਿ ਤੋਂ ਹਾਸਲ ਕਰਕੇ ਕੈਨੇਡਾ ਭੇਜਿਆ ਜਾਂਦਾ ਸੀ। ਇਥੇ ਇਨ੍ਹਾਂ ਨੂੰ ਚੀਨ ਤੇ ਵੀਅਤਨਾਮ ਦੇ ਨਾਗਰਿਕਾਂ ਵੱਲੋਂ ਸਿੰਥੈਟਿਕ ਡਰੱਗ ਦੇ ਰੂਪ ਵਿਚ ਤਿਆਰ ਕੀਤਾ ਜਾਂਦਾ ਸੀ। ਉਨ੍ਹਾਂ ਦੱਸਿਆ ਕਿ ਡਾ. ਸੰਜੈ ਗੋਇਲ ਸੈਨਵਿੰਨ ਗਰੁੱਪ ਆਫ ਕੰਪਨੀਜ਼ ਦਾ ਮਾਲਕ ਹੈ ਤੇ ਉਸ ਦੀਆਂ ਛੇ ਕੰਪਨੀਆਂ ਹਨ। ਪੁੱਛਗਿੱਛ ਦੌਰਾਨ ਪਤਾ ਲੱਗਿਆ ਕਿ ਮੁੰਬਈ ਦੇ ਇਨ੍ਹਾਂ ਵਿਅਕਤੀਆਂ ਰਾਹੀਂ ਦਵਿੰਦਰ ਸਿੰਘ ਦੇਵ ਨੂੰ 4500 ਕਿਲੋਗ੍ਰਾਮ ਕੀਟਾਮਾਈਨ ਰਸਾਇਣ ਮੁਹੱਈਆ ਕਰਵਾਏ ਗਏ ਸਨ। ਸੰਜੈ ਦੀਆਂ ਦੋ ਫੈਕਟਰੀਆਂ ਦੀ ਭਾਲ ਲਈ ਮੁੰਬਈ ਦੀ ਸਬੰਧਤ ਅਦਾਲਤ ਤੋਂ ਤਲਾਸ਼ੀ ਵਰੰਟ ਲਏ ਗਏ ਹਨ।

# ਕਾਂਗਰਸ ਵੱਲੋਂ ਬਿਕਰਮ ਮਜੀਠੀਆ ਨੂੰ ਚੁਣੌਤੀ

**ਚੰਡੀਗੜ੍ਹ:** ਡਰੱਗ ਰੈਕਟ ਮਾਮਲੇ ਵਿਚ ਘਿਰੇ ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਖਿਲਾਫ ਸੀ.ਬੀ.ਆਈ ਜਾਂਚ ਕਰਵਾਉਣ ਲਈ ਕਾਂਗਰਸ ਨੇ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਫ਼ਤਿਹ ਜੰਗ ਸਿੰਘ ਬਾਜਵਾ ਨੇ ਮਜੀਠੀਆ ਨੂੰ ਭੋਲਾ ਡਰੱਗ ਰੈਕਟ ਮਾਮਲੇ ਵਿਚ ਲੋਕਾਂ ਨੂੰ ਗੁੰਮਰਾਹ ਕਰਨ ਦੀ ਥਾਂ ਸੀ.ਬੀ.ਆਈ ਜਾਂਚ ਦਾ ਸਾਹਮਣਾ ਕਰਨ ਦੀ ਚੁਣੌਤੀ ਦਿੱਤੀ ਹੈ।

ਸ. ਬਾਜਵਾ ਨੇ ਤਿੱਖੀ ਸੁਰ ਵਿਚ ਕਿਹਾ ਕਿ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰ ਕੇ ਲੋਕ ਰਾਏ ਨੂੰ ਪ੍ਰਭਾਵਿਤ ਕਰਨ ਦੀ ਅਸਫ਼ਲ ਕੋਸ਼ਿਸ਼ ਕੀਤੀ ਹੈ। ਲੋਕ ਫੋਕੀ ਬਿਆਨਬਾਜ਼ੀ ਵਿਚ ਨਹੀਂ ਸਗੋਂ ਤਰਕ ਅਤੇ ਨਿਰਪੱਖ ਜਾਂਚ ਵਿਚ ਵਿਸ਼ਵਾਸ ਰੱਖਦੇ ਹਨ। ਉਨ੍ਹਾਂ ਕਿਹਾ ਕਿ ਮਜੀਠੀਆ ਪਰਿਵਾਰ ਦੇ ਪਿਛੋਕੜ ਤੇ ਲੋਕ ਸੇਵਾ ਬਾਰੇ ਲੋਕਾਂ ਵਿਚ ਕੋਈ ਭੁਲੇਖਾ ਨਹੀਂ ਹੈ। ਭੋਲਾ ਡਰੱਗ ਰੈਕਟ ਦੀਆਂ ਤਾਰਾਂ ਵਿਦੇਸ਼ਾਂ ਨਾਲ ਜੁੜੀਆਂ ਹਨ ਤੇ ਇਹ ਇਕ ਕੌਮਾਂਤਰੀ ਮਾਮਲਾ ਹੈ। ਇੰਟਰਪੋਲ ਵਰਗੀ ਕੌਮਾਂਤਰੀ ਸੁਰੱਖਿਆ ਏਜੰਸੀ ਨਾਲ ਸੰਪਰਕ ਕਰਨ ਦਾ ਅਧਿਕਾਰ ਸਿਰਫ ਸੀ.ਬੀ.ਆਈ ਕੋਲ ਹੀ ਹੈ ਜਿਸ ਕਰਕੇ ਹੋਰ ਕਿਸੇ ਵੀ ਏਜੰਸੀ ਤੋਂ ਜਾਂਚ ਨੂੰ ਆਪਣੇ ਮੁਕਾਮ ਤੱਕ ਪਹੁੰਚਾਉਣ ਦੀ ਤਵੱਕੋ ਨਹੀਂ ਕੀਤੀ ਜਾ ਸਕਦੀ।

ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਪੁਲਿਸ ਸੂਬਾ ਸਰਕਾਰ ਦੇ ਇਸ਼ਾਰੇ 'ਤੇ ਮਜੀਠੀਆ ਨੂੰ ਬਚਾਉਣ ਦੇ ਯਤਨ ਕਰ ਰਹੀ ਹੈ। ਇਸੇ ਲਈ ਭੋਲੇ ਵੱਲੋਂ ਵਿਦੇਸ਼ਾਂ ਨੂੰ ਸਪਲਾਈ ਕੀਤੇ ਗਏ ਡਰੱਗ ਬਦਲੇ ਹਵਾਲੇ ਰਾਹੀਂ ਆਏ 5000 ਕਰੋੜ ਰੁਪਏ ਦੀ ਜਾਂਚ ਬਾਰੇ ਐਨਫੋਰਸਮੈਂਟ ਡਾਇਰੈਕਟੋਰੇਟ ਨੂੰ ਉਕਤ ਕੇਸ ਵਿਚ ਪ੍ਰੋਡਕਸ਼ਨ ਵਰੰਟ ਲੈਣ ਦਾ ਮੌਕਾ ਨਹੀਂ ਦਿੱਤਾ ਗਿਆ। ਪੁਲਿਸ ਨੂੰ ਖਦਸ਼ਾ ਹੈ ਕਿ ਭੋਲਾ ਮਜੀਠੀਆ ਦਾ ਨਾਂਅ ਲੈ ਸਕਦਾ ਹੈ। ਇਸ ਲਈ ਭੋਲਾ ਨੂੰ ਈ.ਡੀ ਦੇ ਹੱਥਾਂ ਵਿਚ ਜਾਣ ਤੋਂ ਬਚਾਉਣ ਲਈ ਪੰਜਾਬ ਪੁਲਿਸ ਇਕ ਦਿਨ ਪਹਿਲਾਂ ਹੀ ਇਕ ਏ.ਐਸ.ਆਈ ਦੇ ਕਤਲ ਕੇਸ ਵਿਚ ਰਿਮਾਂਡ 'ਤੇ ਲੈ ਗਈ ਸੀ।

## ਰਾਹੁਲ ਵੱਲੋਂ ਵੀ ਸੀ.ਬੀ.ਆਈ ਜਾਂਚ ਦੀ ਹਾਮੀ

**ਚੰਡੀਗੜ੍ਹ:** ਭੋਲਾ ਡਰੱਗ ਮਾਮਲੇ ਵਿਚ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਸ਼ਮੂਲੀਅਤ ਬਾਰੇ ਸੀ.ਬੀ.ਆਈ ਜਾਂਚ ਲਈ ਵਿੱਢੇ ਸੰਘਰਸ਼ ਲਈ ਆਲ ਇੰਡੀਆ ਕਾਂਗਰਸ ਕਮੇਟੀ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਵੀ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੂੰ ਥਾਪੜਾ ਦੇ ਦਿੱਤਾ ਹੈ। ਦਿੱਲੀ ਵਿਖੇ ਰਾਹੁਲ ਗਾਂਧੀ ਨੇ ਬਾਜਵਾ, ਪੰਜਾਬ ਦੇ ਸੰਸਦ ਮੈਂਬਰਾਂ, ਵਿਧਾਇਕਾਂ ਤੇ ਜ਼ਿਲ੍ਹਾ ਪ੍ਰਧਾਨਾਂ ਨਾਲ ਮੁਲਾਕਾਤ ਕਰਕੇ ਪ੍ਰਦੇਸ਼ ਕਾਂਗਰਸ ਵੱਲੋਂ ਡਰੱਗ ਸਕੈਂਡਲ ਆਦਿ ਮੁੱਦਿਆਂ ਨੂੰ ਲੈ ਕੇ ਅਕਾਲੀ-ਭਾਜਪਾ ਸਰਕਾਰ ਖਿਲਾਫ ਵਿੱਢੇ ਸੰਘਰਸ਼ ਦੀ ਸ਼ਲਾਘਾ ਕੀਤੀ। ਜ਼ਿਕਰਯੋਗ ਹੈ ਕਿ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਤੇ ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਵੱਲੋਂ ਇਹ ਮਾਮਲਾ ਸੀ.ਬੀ.ਆਈ ਨੂੰ ਨਾ ਦੇਣ ਦੀ ਮੰਗ ਉਠਾਉਣ ਕਾਰਨ ਅਕਾਲੀ ਦਲ ਨੇ ਚੁਫੇਰਿਓਂ ਸ. ਬਾਜਵਾ ਵਿਰੁੱਧ ਸਿਆਸੀ ਹਮਲੇ ਕਰ ਦਿੱਤੇ ਸਨ।



ਪਹਿਲਾਂ ਕਾਂਗਰਸ ਦੇ ਕੌਮੀ ਜਨਰਲ ਸਕੱਤਰ ਤੇ ਪੰਜਾਬ ਕਾਂਗਰਸ ਦੇ ਇੰਚਾਰਜ ਡਾਕਟਰ ਸ਼ਕੀਲ ਅਹਿਮਦ ਨੇ ਵੀ ਇਸ ਮੁੱਦੇ ਉਪਰ ਸ. ਬਾਜਵਾ ਦੇ ਸਟੈਂਡ ਨਾਲ ਸਹਿਮਤੀ ਪ੍ਰਗਟਾਈ ਸੀ। ਇਸ ਮੌਕੇ ਰਾਹੁਲ ਨੇ ਕਿਹਾ ਕਿ ਪੰਜਾਬ ਦੇ ਸਮੂਹ ਕਾਂਗਰਸੀ ਆਗੂਆਂ ਨੂੰ ਸ. ਬਾਜਵਾ ਨਾਲ ਇਕਜੁਟਤਾ ਨਾਲ ਖੜ੍ਹੇ ਹੋ ਕੇ ਆ ਰਹੀਆਂ ਲੋਕ ਸਭਾ ਚੋਣਾਂ ਦੌਰਾਨ ਜਿੱਤ ਲਈ ਅੱਗੇ ਵਧਣਾ ਚਾਹੀਦਾ ਹੈ।

# ਕਿਤਾਬਾਂ ਵੇਚਣ ਵਿਚ ਭਾਸ਼ਾ ਵਿਭਾਗ ਨੇ ਤੋੜੇ ਸਾਰੇ ਰਿਕਾਰਡ

**ਪਟਿਆਲਾ:** ਭਾਸ਼ਾ ਵਿਭਾਗ ਪੰਜਾਬ ਨੇ ਪਹਿਲੀ ਅਪਰੈਲ ਤੋਂ 31 ਦਸੰਬਰ, 2013 ਦੇ ਅਖੀਰ ਤੱਕ ਤਕਰੀਬਨ ਸਵਾ ਕਰੋੜ ਰੁਪਏ ਦੀਆਂ ਕਿਤਾਬਾਂ ਦੀ ਵਿਕਰੀ ਹੋਣ ਦਾ ਦਾਅਵਾ ਕੀਤਾ ਹੈ ਜੋ ਆਪਣੇ-ਆਪ ਵਿਚ ਇਕ ਰਿਕਾਰਡ ਹੈ। ਵਿਭਾਗ ਦਾ ਇਹ ਵੀ ਕਹਿਣਾ ਹੈ ਕਿ ਇਸ ਚਾਲੂ ਵਿੱਤੀ ਸਾਲ ਦੇ ਅੰਤ ਤੱਕ ਇਹ ਵਿਕਰੀ ਪੌਣੇ ਦੋ ਕਰੋੜ ਦਾ ਟੀਚਾ ਪਾਰ ਕਰ ਲਵੇ।

ਬੇਸ਼ਕ ਭਾਸ਼ਾ ਵਿਭਾਗ ਪੰਜਾਬ ਪਿਛਲੇ ਸਾਲ ਪੁਸਤਕਾਂ ਦੇ ਉਪਜੇ ਮੁੱਦੇ 'ਤੇ ਕਾਫ਼ੀ ਕਸੂਤਾ ਫਸਿਆ ਰਿਹਾ ਪਰ ਦੂਜੇ ਪਾਸੇ ਵਿਭਾਗ ਆਪਣੀਆਂ ਰੀਪ੍ਰਿੰਟ ਤੇ ਨਵੀਆਂ ਪੁਸਤਕਾਂ ਦੀ ਛਪਾਈ ਵੱਲ ਦਿੱਤੇ ਉਚੇਚੇ ਧਿਆਨ ਬਦੌਲਤ ਕਿਤਾਬਾਂ ਦੀ ਵਿਕਰੀ ਪੱਖੋਂ ਵੀ ਛਾਇਆ ਰਿਹਾ ਹੈ। ਭਾਸ਼ਾ ਵਿਭਾਗ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਐਨੀ ਵੱਡੀ ਤਾਦਾਦ ਵਿਚ ਕਿਤਾਬਾਂ ਦੀ ਵਿਕਰੀ ਹੋਈ ਹੈ।

ਪਿਛਲੇ ਸਾਲ ਪਹਿਲੀ ਅਪਰੈਲ ਤੋਂ 31 ਨਵੰਬਰ ਤੱਕ 98 ਲੱਖ ਰੁਪਏ ਤੋਂ ਵੱਧ ਕਿਤਾਬਾਂ ਦੀ ਵਿਕਰੀ ਹੋ ਚੁੱਕੀ ਸੀ ਤੇ ਇਸ ਮਗਰੋਂ ਦਸੰਬਰ ਮਹੀਨੇ ਦੌਰਾਨ ਇੱਕਲੇ ਮੁੱਖ ਦਫ਼ਤਰ ਤੋਂ ਕਿਤਾਬਾਂ ਦੀ ਵਿਕਰੀ ਚਾਰ ਲੱਖ ਤੋਂ ਉਪਰ ਹੋਈ ਜਦੋਂ ਕਿ ਵਿਭਾਗ ਦੇ ਬਾਕੀ ਜ਼ਿਲ੍ਹਾ ਸੈੱਲ ਕੇਂਦਰਾਂ ਤੋਂ ਤਕਰੀਬਨ 20 ਲੱਖ ਰੁਪਏ ਦੀਆਂ ਕਿਤਾਬਾਂ ਵਿਕ ਗਈਆਂ ਸਨ। ਇੰਜ ਭਾਸ਼ਾ ਵਿਭਾਗ ਨੇ ਲੰਘੇ ਸਾਲ ਵਿਚ ਤਕਰੀਬਨ ਸਵਾ ਕਰੋੜ ਰੁਪਏ ਦੀਆਂ ਕਿਤਾਬਾਂ ਵੇਚ ਕੇ ਵੱਡੀ ਪ੍ਰਾਪਤੀ ਕੀਤੀ ਹੈ।

ਕਿਤਾਬਾਂ ਦੀ ਵਿਕਰੀ ਤੋਂ ਭਾਸ਼ਾ ਵਿਭਾਗ ਨੇ ਤੈਅ ਕਮਿਸ਼ਨ ਕਟੌਤੀ ਉਪਰੰਤ ਪੰਜਾਬ ਸਰਕਾਰ ਦੇ ਖਜ਼ਾਨੇ ਵਿਚ 52 ਲੱਖ ਰੁਪਏ ਜਮ੍ਹਾਂ ਕਰਵਾਏ ਹਨ। ਭਾਸ਼ਾ ਵਿਭਾਗ ਪੰਜਾਬ ਦੀ ਡਾਇਰੈਕਟਰ ਬਲਬੀਰ ਕੌਰ ਮੁਤਾਬਕ ਪਹਿਲਾਂ ਵਿਭਾਗ ਮੁਸ਼ਕਲ ਨਾਲ ਵੀਹ-ਪੱਚੀ ਲੱਖ ਰੁਪਏ ਦੀਆਂ ਹੀ ਕਿਤਾਬਾਂ ਵੇਚਿਆ ਕਰਦਾ ਸਨ। ਪਿਛਲੇ ਤਿੰਨ ਚਾਰ ਸਾਲਾਂ ਤੋਂ ਸਮੁੱਚੇ ਵਿਭਾਗੀ ਅਮਲੇ ਦੀ ਮਿਹਨਤ ਸਦਕਾ ਵਿਕਰੀ ਦਾ ਇਹ ਅੰਕੜਾ ਵਧਿਆ ਹੈ।

ਭਾਸ਼ਾ ਵਿਭਾਗ ਵੱਲੋਂ ਭਾਈ ਕਾਨ੍ਹ ਸਿੰਘ ਨਾਭਾ ਰਚਿਤ 'ਮਹਾਨ ਕੋਸ਼' ਦੀ ਰਿਕਾਰਡ ਤੋੜ ਵਿਕਰੀ ਮਗਰੋਂ, ਇਹ ਕੋਸ਼ ਇਕ ਵਾਰ ਫਿਰ ਖ਼ਤਮ ਹੋ ਗਿਆ ਹੈ। ਇਹ ਰੀਪ੍ਰਿੰਟ ਵਜੋਂ ਲਗਾਤਾਰ ਅੱਠ ਵਾਰ ਪਾਠਕਾਂ ਨੂੰ ਮਿਲਿਆ ਹੈ ਤੇ ਇਸਦੀਆਂ ਹੁਣ ਤੱਕ ਤਕਰੀਬਨ 50 ਹਜ਼ਾਰ ਕਾਪੀਆਂ ਵਿਕ ਚੁੱਕੀਆਂ ਹਨ। ਹੁਣ ਵਿਭਾਗ ਪੰਜਾਬੀ ਵਿਸ਼ਵ ਕੋਸ਼ ਦੀ 14ਵੀਂ ਜਿਲਦ ਛਾਪ ਰਿਹਾ ਹੈ। ਇਸ ਕੋਸ਼ ਦੀਆਂ ਕੁੱਲ 17 ਜਿਲਦਾਂ ਛਾਪਣੀਆਂ ਹਨ ਜਿਨ੍ਹਾਂ ਵਿਚੋਂ ਹੁਣ ਤੱਕ 13 ਛਪ ਚੁੱਕੀਆਂ ਹਨ।

# ਕਰਨਾਟਕ ਤੋਂ ਬਾਅਦ ਪੰਜਾਬ ਵਿਚ ਬਿਜਲੀ ਹੈ ਸਭ ਤੋਂ ਮਹਿੰਗੀ

**ਪਟਿਆਲਾ:** ਕਰਨਾਟਕ ਤੋਂ ਬਾਅਦ ਪੰਜਾਬ ਵਿਚ ਦੇਸ਼ ਭਰ ਵਿਚੋਂ ਬਿਜਲੀ ਦਰਾਂ ਸਭ ਤੋਂ ਵੱਧ ਹਨ। ਇਸ ਬਾਰੇ ਪੰਜਾਬ ਸਰਕਾਰ ਨੇ ਪਾਵਰਕੌਮ ਤੋਂ ਮੌਜੂਦਾ ਘਰੇਲੂ ਬਿਜਲੀ ਦਰਾਂ ਦਾ ਬਿਊਰਾ ਮੰਗਿਆ ਹੈ। ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਬਿਜਲੀ ਦਰਾਂ ਘੱਟ ਕਰਨ ਦੇ ਰੌਂਅ ਵਿਚ ਹੈ। ਦਿੱਲੀ ਦੀ ਕੇਜਰੀਵਾਲ ਸਰਕਾਰ ਵੱਲੋਂ ਬਿਜਲੀ ਦਰਾਂ 50 ਫੀਸਦੀ ਘਟਾਉਣ ਮਗਰੋਂ ਹਰਿਆਣਾ ਸਰਕਾਰ ਵੱਲੋਂ ਵੀ ਬਿਜਲੀ ਖਪਤਕਾਰਾਂ ਨੂੰ 600 ਕਰੋੜ ਰੁਪਏ ਦੀ ਰਾਹਤ ਦਿੱਤੀ ਗਈ ਹੈ।



ਪੰਜਾਬ ਵਿਚ ਇਸ ਵੇਲੇ 5.70 ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਬਿਜਲੀ ਦਰਾਂ ਵਸੂਲੀਆਂ ਜਾ ਰਹੀਆਂ ਹਨ। ਕਰਨਾਟਕ ਵਿਚ ਇਹ ਦਰਾਂ 6.53 ਰੁਪਏ ਪ੍ਰਤੀ ਯੂਨਿਟ ਤੇ ਹਿਮਾਚਲ ਤੇ ਉਤਰਾਖੰਡ ਵਿਚ ਕ੍ਰਮਵਾਰ 3.01 ਤੇ 2.65 ਰੁਪਏ ਹਨ। ਹਰਿਆਣਾ ਵਿਚ ਇਹ ਦਰਾਂ 4.90 ਰੁਪਏ ਪ੍ਰਤੀ ਯੂਨਿਟ ਸਨ ਪਰ ਸੂਬਾ ਸਰਕਾਰ ਦੇ ਤਾਜ਼ਾ ਫ਼ੈਸਲੇ ਤੋਂ ਬਾਅਦ ਇਹ ਦਰਾਂ ਘਟ ਰਹੀਆਂ ਹਨ। ਉਧਰ, ਪਾਵਰਕੌਮ ਦੇ ਮੁੱਖ ਦਫ਼ਤਰ ਵਿਚ ਇਹ ਚਰਚਾ ਹੈ ਕਿ ਪੰਜਾਬ ਸਰਕਾਰ ਵੱਲੋਂ ਪਾਵਰ ਮੈਨੇਜਮੈਂਟ ਕੋਲੋਂ ਬਿਜਲੀ ਦੀਆਂ ਲਾਗੂ ਦਰਾਂ ਦਾ ਤਾਜ਼ਾ ਬਿਊਰਾ ਮੰਗਿਆ ਗਿਆ ਹੈ। ਇਸ ਬਾਰੇ ਭਾਵੇਂ ਪਾਵਰਕੌਮ ਦੇ ਕਿਸੇ ਅਧਿਕਾਰੀ ਵੱਲੋਂ ਪੁਸ਼ਟੀ ਨਹੀਂ ਕੀਤੀ ਗਈ ਪਰ ਅਸਿੱਧੇ ਤੌਰ 'ਤੇ ਡਾਇਰੈਕਟਰ ਕਮਰਸ਼ੀਅਲ ਨੇ ਕਿਹਾ ਕਿ ਪੰਜਾਬ ਸਰਕਾਰ ਚਾਹੇ ਤਾਂ ਕੁਝ ਵੀ ਕਰ ਸਕਦੀ ਹੈ। ਇਸ ਗੱਲੋਂ ਉਹ ਅਸਪਸ਼ਟ ਹੀ ਰਹੇ ਕਿ ਪੰਜਾਬ ਵਿਚ ਕਰਨਾਟਕ ਮਗਰੋਂ ਬਿਜਲੀ ਦਰਾਂ ਸਭ ਤੋਂ ਉਚੀਆਂ ਹਨ।

ਉਨ੍ਹਾਂ ਦਾ ਤਰਕ ਸੀ ਕਿ ਪੰਜਾਬ ਵਿਚ ਵਧੇਰੇ ਬਿਜਲੀ ਉਤਪਾਦਨ ਥਰਮਲਾਂ ਰਾਹੀਂ ਹੋਣ ਕਾਰਨ ਕੋਲੇ ਦੇ ਭੰਡਾਰ ਤੇ ਸਪਲਾਈ 'ਤੇ ਖਰਚਾ ਵਧੇਰੇ ਹੋਣਾ ਵੀ ਵੱਧ ਬਿਜਲੀ ਦਰਾਂ ਦਾ ਵੱਡਾ ਕਾਰਨ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿਚ 85 ਫੀਸਦੀ ਬਿਜਲੀ ਉਤਪਾਦਨ ਥਰਮਲ ਰਾਹੀਂ ਜਦੋਂਕਿ ਹਾਈਡਲ ਤੋਂ ਸਿਰਫ 15 ਫੀਸਦੀ ਹੀ ਬਿਜਲੀ ਉਤਪਾਦਨ ਹੁੰਦਾ ਹੈ। ਪੰਜਾਬ ਵਿਚ ਬਿਜਲੀ ਬਿੱਲਾਂ ਦੀ ਦੇਰੀ 'ਤੇ ਹੋਣ ਵਾਲੇ ਜੁਰਮਾਨੇ ਦੀ ਰਕਮ ਵੀ ਜ਼ਿਆਦਾਤਰ ਸੂਬਿਆਂ ਨਾਲੋਂ ਵੱਧ ਦੱਸੀ ਜਾਂਦੀ ਹੈ।

ਜ਼ਿਕਰਯੋਗ ਹੈ ਕਿ ਕਮਿਸ਼ਨ ਨੇ ਅਪਰੈਲ 2013 ਦੌਰਾਨ ਬਿਜਲੀ ਦੇ ਘਰੇਲੂ ਤੇ ਸਨਅਤੀ ਖਪਤਕਾਰਾਂ ਨੂੰ ਝਟਕਾ ਦਿੰਦਿਆਂ ਘਰੇਲੂ ਖੇਤਰ ਦੀਆਂ ਦਰਾਂ ਵਿਚ 14.49 ਫੀਸਦੀ ਅਤੇ ਸਨਅਤੀ ਖੇਤਰ ਦੀਆਂ ਦਰਾਂ ਵਿਚ 12.82 ਫੀਸਦੀ ਦਾ ਇਜ਼ਾਫ਼ਾ ਕੀਤਾ ਸੀ। ਬਿਜਲੀ ਦੇ ਛੋਟੇ ਘਰੇਲੂ ਖਪਤਕਾਰ, ਜਿਨ੍ਹਾਂ ਦੀ ਮਾਸਕ ਖਪਤ 100 ਯੂਨਿਟ ਤੱਕ ਹੈ, ਨੂੰ ਸਭ ਤੋਂ ਜ਼ਿਆਦਾ ਭਾਰ ਝੱਲਣਾ ਪਿਆ ਹੈ।

ਇਹ ਖ਼ਪਤਕਾਰ ਪ੍ਰਤੀ ਯੂਨਿਟ ਚਾਰ ਰੁਪਏ 56 ਪੈਸੇ ਅਦਾ ਕਰ ਰਹੇ ਹਨ। ਇਹ ਵਾਧਾ ਪਿਛਲੇ ਸਾਲ ਦੇ ਮੁਕਾਬਲੇ 14.49 ਫੀਸਦੀ ਬਣਦਾ ਸੀ। ਪ੍ਰਤੀ ਮਹੀਨਾ 300 ਯੂਨਿਟਾਂ ਤੋਂ ਜ਼ਿਆਦਾ ਬਿਜਲੀ ਫੂਕਣ ਵਾਲਿਆਂ ਲਈ ਵਾਧਾ 9.65 ਫੀਸਦੀ ਕੀਤਾ ਗਿਆ ਸੀ। ਪਹਿਲੀ ਵਾਰੀ ਗੈਰ ਘਰੇਲੂ ਖ਼ਪਤਕਾਰਾਂ ਲਈ ਵੀ 100 ਯੂਨਿਟ ਪ੍ਰਤੀ ਮਹੀਨਾ ਖਪਤ ਤੱਕ ਬਿਜਲੀ ਦਾ ਭਾਅ ਛੇ ਰੁਪਏ 45 ਪੈਸੇ ਪ੍ਰਤੀ ਯੂਨਿਟ ਰੱਖਿਆ ਗਿਆ ਸੀ। ਨਿਗਮ ਨੇ ਅਗਲੇ ਸਾਲ ਲਈ ਕੁੱਲ 2500 ਕਰੋੜ ਰੁਪਏ ਦਾ ਮਾਲੀਆ ਮੰਗਿਆ ਹੈ।

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਅਕਾਲੀ ਭਾਜਪਾ ਸਰਕਾਰ ਨੇ ਕਿਸਾਨਾਂ ਤੇ ਗਰੀਬਾਂ ਨੂੰ ਪਹਿਲਾਂ ਹੀ ਮੁਫ਼ਤ ਬਿਜਲੀ ਦੀ ਸਹੂਲਤ ਦਿੱਤੀ ਹੋਈ ਹੈ। ਗਰੀਬਾਂ ਨੂੰ ਸਸਤਾ ਅਨਾਜ ਵੀ ਦਿੱਤਾ ਜਾ ਰਿਹਾ ਹੈ। ਦੇਸ਼ ਦੀ ਹੋਰ ਕਿਸੇ ਵੀ ਸਰਕਾਰ ਨੇ ਇਹ ਸਹੂਲਤਾਂ ਨਹੀਂ ਦਿੱਤੀਆਂ।

# ਬੌਧਿਕ ਸੰਵਾਦ ਛੇੜੇਗੀ ਨਵੀਂ ਕਾਇਮ ਹੋਈ ਸੰਸਥਾ 'ਅਦਬੀ ਅੱਡਾ ਅਮਰੀਕਾ'

**ਫਰਿਜ਼ਨੋ (ਬਿਊਰੋ):** 'ਅਦਬੀ ਅੱਡਾ ਅਮਰੀਕਾ' ਦੀ ਪਲੇਠੀ ਮੀਟਿੰਗ ਉਭਰ ਰਹੇ ਪੰਜਾਬੀ ਕਹਾਣੀਕਾਰ ਮਿਨਹਾਸ ਤ੍ਰਿਲੋਕ ਦੇ ਘਰ ਕਲੋਵਿਸ ਵਿਖੇ ਹੋਈ, ਜਿਸ ਦੀ ਪ੍ਰਧਾਨਗੀ ਪੰਜਾਬੀ ਕਵੀ ਅਤੇ ਵਿਗਿਆਨੀ ਡਾ. ਗੁਰੂਮੇਲ ਸਿੱਧੂ ਨੇ ਕੀਤੀ। ਬੌਧਿਕ ਸੰਵਾਦ ਛੇੜਨ ਦੇ ਉਦੇਸ਼ ਨਾਲ ਸਥਾਪਤ ਕੀਤੀ ਗਈ ਇਸ ਸੰਸਥਾ ਬਾਰੇ ਬੋਲਦਿਆਂ ਰੇਡੀਓ ਹੋਸਟ ਤੇ ਕਵੀ ਸੰਤੋਖ ਮਿਨਹਾਸ ਨੇ ਕਿਹਾ ਕਿ ਇਹ ਸੰਸਥਾ ਸਾਹਿਤ ਅਤੇ ਪੰਜਾਬੀ ਭਾਸ਼ਾ ਤੋਂ ਇਲਾਵਾ ਸਮਾਜਿਕ, ਸਭਿਆਚਾਰਕ, ਸਿਆਸੀ ਅਤੇ ਮਾਨਵੀ ਮੁੱਦਿਆਂ ਬਾਰੇ ਚਰਚਾ ਛੇੜੇਗੀ, ਜਿਸ ਵਿਚ ਲੋੜ ਅਨੁਸਾਰ ਮੀਟਿੰਗਾਂ, ਸੈਮੀਨਾਰ, ਡਰਾਮੇ ਅਤੇ ਪ੍ਰਕਾਸ਼ਨ ਦੇ ਮਾਧਿਅਮਾਂ ਦਾ ਸਹਾਰਾ ਲਿਆ ਜਾਵੇਗਾ।

ਸੰਸਥਾ ਦੇ ਰੂਹੇ ਰਵਾਂ ਕਹਾਣੀਕਾਰ ਤੇ ਪੱਤਰਕਾਰ ਸਿੱਧੂ ਦਮਦਮੀ ਤੋਂ ਇਲਾਵਾ ਇਸ ਮੀਟਿੰਗ ਵਿਚ ਸ਼ਾਇਰ ਹਰਜਿੰਦਰ ਕੰਗ, ਸਾਧੂ ਸਿੰਘ ਸੰਘਾ ਅਤੇ ਅਵਤਾਰ ਗੋਂਦਾਰਾ ਨੇ ਭਾਗ ਲਿਆ। ਮੀਟਿੰਗ ਦੀ ਸ਼ੁਰੂਆਤ ਮਿਨਹਾਸ ਤ੍ਰਿਲੋਕ ਨੇ ਆਪਣੀ ਕਹਾਣੀ 'ਅਲੀਸ਼ਾਂ' ਪੜ੍ਹ ਕੇ ਕੀਤੀ ਜਿਸ ਨੇ ਸਾਰਿਆਂ ਨੂੰ ਭਾਵੁਕ ਕਰ ਦਿੱਤਾ। ਸਾਧੂ ਸਿੰਘ ਸੰਘਾ ਨੇ ਆਪਣੀ ਇਕ ਸਿਰਲੇਖ ਰਹਿਤ ਕਹਾਣੀ ਸਾਂਝੀ ਕੀਤੀ ਜਿਸ ਵਿਚ ਗੈਰਕਾਨੂੰਨੀ ਢੰਗਾਂ ਨਾਲ ਆਏ ਪਰਵਾਸੀਆਂ ਦਾ ਹਿਰਦੇਵੇਧਕ ਬਿਰਤਾਂਤ ਸੀ। ਮਿਨਹਾਸ ਤ੍ਰਿਲੋਕ ਦੀ ਦੂਜੀ ਕਹਾਣੀ 'ਨਸਲਕੁਸ਼ੀ' ਦੇ ਪਾਠ ਤੋਂ ਬਾਅਦ ਕਹਾਣੀਆਂ 'ਤੇ ਖੁੱਲ੍ਹ ਕੇ ਚਰਚਾ ਹੋਈ।

ਬਹਿਸ ਸ਼ੁਰੂ ਕਰਦਿਆਂ ਅਵਤਾਰ ਗੋਂਦਾਰਾ ਨੇ ਕਿਹਾ ਕਿ ਪਹਿਲੀ ਕਹਾਣੀ ਕਲਾ ਤੇ ਪ੍ਰਭਾਵ ਪੱਖੋਂ ਸਫਲ ਹੈ ਪਰ 'ਨਸਲਕੁਸ਼ੀ' ਵਧੀਆ ਕਹਾਣੀ ਹੋਣ ਦੇ ਬਾਵਜੂਦ ਆਪਣੇ ਸਿਰਲੇਖ ਨਾਲ ਨਿਆਂ ਨਹੀਂ ਕਰਦੀ। ਧਰਮ ਅਤੇ ਵਿਰਸੇ ਦੇ ਮਾਨਵੀ ਗੁਣਾਂ ਤੋਂ ਦੂਰ ਜਾ ਰਹੇ ਪ੍ਰਵਾਸੀਆਂ ਦਾ ਅਮਰੀਕੀਕਰਨ ਬੇਸ਼ਕ ਅਖਰ ਸਕਦਾ ਹੈ, ਇਸ ਨੂੰ ਨਸਲਕੁਸ਼ੀ ਨਾਲ ਨਹੀਂ ਜੋੜਿਆ ਜਾ ਸਕਦਾ। ਆਪਣੀ ਰਚਨਾ ਰਾਹੀਂ ਕਹਾਣੀਕਾਰ ਪ੍ਰਤਖ ਜਾਂ ਪ੍ਰੋਖ ਰੂਪ ਵਿਚ ਕੋਈ ਸੰਕਲਪ ਵਰਤੇ, ਉਸ ਦੀਆਂ ਅਰਥ ਸੰਭਾਵਨਾਵਾਂ ਬਾਰੇ ਉਸ ਨੂੰ ਸਪਸ਼ਟ ਹੋਣਾ ਚਾਹੀਦਾ ਹੈ।

ਡਾ. ਗੁਰੂਮੇਲ ਸਿੱਧੂ ਨੇ ਕਿਹਾ ਕਿ ਜਿਥੇ ਭਾਰਤ ਵਿਚਲਾ ਸਿੱਖ ਕਤਲੇਆਮ ਇਕ ਰਾਜਸੀ ਜਥੇਬੰਦਕ ਨਸਲਕੁਸ਼ੀ ਸੀ, ਉਥੇ ਪੰਜਾਬੀਆਂ ਦਾ ਪ੍ਰਵਾਸ ਸਵੈਇੱਛਤ ਚੋਣ ਹੈ। ਹਰਜਿੰਦਰ ਕੰਗ ਨੇ ਕਹਾਣੀ ਵਿਚ ਬੇਲੋੜੀ ਵਿਆਖਿਆ ਦੀ ਬਜਾਏ, ਬਿਰਤਾਂਤ ਦੇ ਸੰਜਮ 'ਤੇ ਜੋਰ ਦਿਤਾ। ਅਜੋਕੀ ਕਹਾਣੀ ਬਾਰੇ ਬੋਲਦਿਆਂ ਸੰਤੋਖ ਮਿਨਹਾਸ ਨੇ ਕਿਹਾ ਕਿ ਤ੍ਰਿਲੋਕ ਦੀਆਂ ਕਹਾਣੀਆਂ ਵਿਚ ਬੰਦੇ ਦੇ ਅੰਦਰਲੇ ਦਵੰਦ ਅਤੇ ਉਸ ਦੇ ਬਾਹਰੀ ਸੰਸਾਰ ਵਿਚਲੇ ਟਕਰਾਅ ਦਾ ਬਖੂਬੀ ਚਿਤਰਣ ਹੋਇਆ ਹੈ। ਕਹਾਣੀਆਂ ਬਾਰੇ ਹੁੰਦੀ ਚਰਚਾ, ਸਿੱਖ ਧਰਮ, ਪੰਜਾਬੀ ਸਭਿਆਚਾਰ ਦੀਆਂ ਪਰਤਾਂ 'ਚੋਂ ਹੁੰਦੀ ਹੋਈ ਪਰਵਾਸੀਆਂ ਦੀ ਅਜੋਕੀ ਪੀੜ੍ਹੀ ਦੇ ਸਭਿਆਚਾਰਕ ਸੰਕਟ ਤਕ ਪਹੁੰਚ ਗਈ। ਪੰਜਾਬੀ ਲੇਖਕਾਂ ਵਿਚ ਨਾ ਪੜ੍ਹਨ ਦੀ ਕਰੁਚੀ ਤੇ ਉਂਗਲ ਧਰਦਿਆਂ, ਡਾ. ਗੁਰੂਮੇਲ ਸਿੱਧੂ ਨੇ ਕਿਹਾ ਕਿ ਸਾਹਿਤਕਾਰ ਨੂੰ ਚੰਗਾ ਸਾਹਿਤ ਜਰੂਰ ਪੜ੍ਹਦੇ ਰਹਿਣਾ ਚਾਹੀਦਾ ਹੈ। ਉਭਰ ਰਹੇ ਦੋਨਾਂ ਕਹਾਣੀਕਾਰਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਕਿਹਾ ਕਿ ਲੇਖਕ ਦਾ ਚੰਗਾ ਪਾਠਕ ਹੋਣਾ ਵੀ ਜਰੂਰੀ ਹੈ।

ਦੂਸਰੀਆਂ ਜ਼ੁਬਾਨਾਂ ਦੇ ਸਮਕਾਲੀ ਸਾਹਿਤ ਦੀ ਚਰਚਾ ਕਰਦਿਆਂ ਸਿੱਧੂ ਦਮਦਮੀ ਨੇ ਬਹੁਪਰਤੀ ਆਧੁਨਿਕ ਕਹਾਣੀ ਦੇ ਨਮੂਨੇ ਵਜੋਂ ਪੰਜਾਬੀ ਦੇ ਅਦਬੀ ਰਸਾਲੇ 'ਸੰਖ' ਵਿਚੋਂ ਹਿੰਦੀ ਲੇਖਕ ਸ਼ਿਵ ਸਰਮਾ ਦੀ ਕਹਾਣੀ 'ਮੇਰਾ ਹੀ ਸ਼ਰਾਧ' ਪੜ੍ਹੀ। ਉਨ੍ਹਾਂ ਕਿਹਾ ਕਿ ਜ਼ਿੰਦਗੀ ਹੁਣ ਇਕਾਂਗੀ ਨਹੀਂ ਰਹੀ ਇਸ ਲਈ ਇਕਾਂਗੀ/ਇਕਹਿਰੀਆਂ ਕਹਾਣੀਆਂ ਦਾ ਜ਼ਮਾਨਾ ਲੱਦ ਗਿਆ ਹੈ। ਖੇਤਾਂ 'ਚੋਂ ਉਖੜ ਚੁਕਾ ਬੰਦਾ ਹੁਣ ਉਨਾ ਹੀ ਪੇਚੀਦਾ ਬਣ ਚੁਕਾ ਹੈ ਜਿੰਨਾ ਇਕ ਉਨਤ ਤੇ ਸਨਅਤੀ ਦੇਸ਼ ਦਾ ਬਾਸ਼ਿੰਦਾ।

# ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਸਾਲਾਨਾ ਕਾਨਫ਼ਰੰਸ 25 ਮਈ ਨੂੰ

**ਸੈਕਰਾਮੈਂਟੋ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਵਲੋਂ ਆਪਣੀ ਸਾਲਾਨਾ ਕਾਨਫ਼ਰੰਸ ਇਥੇ 25 ਮਈ 2014, ਐਤਵਾਰ ਨੂੰ ਕਰਵਾਈ ਜਾਵੇਗੀ। ਇਸ ਸਬੰਧੀ ਫੈਸਲਾ ਸਭਾ ਦੀ ਲੰਘੇ ਐਤਵਾਰ ਇਥੇ ਪ੍ਰਧਾਨ ਦਲਵੀਰ ਦਿਲ ਨਿੱਜਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਲਿਆ ਗਿਆ। ਹਾਜ਼ਰ ਮੈਂਬਰਾਂ ਨੇ ਇਸ ਕਾਨਫ਼ਰੰਸ ਦੀ ਰੂਪ-ਰੇਖਾ ਅਤੇ ਪ੍ਰਬੰਧਕੀ ਤਿਆਰੀਆਂ ਲਈ ਹਰ ਸਹਿਯੋਗ ਦੇਣ ਦਾ ਵਾਅਦਾ ਕੀਤਾ। ਮੀਟਿੰਗ ਵਿਚ ਇਕ ਸੋਵੀਨਾਰ ਛਾਪਣ ਦਾ ਵੀ ਫੈਸਲਾ ਹੋਇਆ ਜੋ ਕਾਨਫ਼ਰੰਸ ਮੌਕੇ ਰਿਲੀਜ਼ ਕੀਤਾ ਜਾਵੇਗਾ।

ਮੀਟਿੰਗ ਵਿਚ ਕਾਰਜਕਾਰਨੀ ਦੇ ਮੈਂਬਰਾਂ-ਪ੍ਰਧਾਨ, ਮੀਤ ਪ੍ਰਧਾਨ ਜੋਤੀ ਸਿੰਘ, ਸਕੱਤਰ ਜਸਵੰਤ ਸ਼ੀਮਾਰ, ਖਜ਼ਾਨਚੀ ਜੀਵਨ ਰੱਤੂ, ਸਾਹਿਤ ਸਕੱਤਰ ਇੰਦਰਜੀਤ ਗਰੇਵਾਲ ਥਰੀਕੇ ਅਤੇ ਸਭਾ ਦੇ ਡਾਇਰੈਕਟਰਾਂ-ਮਹਿੰਦਰ ਸਿੰਘ ਘੱਗ ਤੇ ਰਾਠੇਸ਼ਵਰ ਸਿੰਘ ਸੂਰਾਪੁਰੀ ਨੇ ਹਿੱਸਾ ਲਿਆ।

ਪ੍ਰਧਾਨ ਦਿਲ ਨਿੱਜਰ ਨੇ ਸਭ ਤੋਂ ਪਹਿਲਾਂ ਸਭਾ ਦੇ ਸਾਰੇ ਸਾਲ ਦੇ ਕੀਤੇ ਕੰਮਾਂ 'ਤੇ ਚਾਨਣਾ ਪਾਇਆ ਜਿਸ ਪਿਛੋਂ ਜਸ ਫ਼ਿਜ਼ਾ ਨੂੰ ਸਰਬਸੰਮਤੀ ਨਾਲ ਸਭਾ ਦੇ ਪੰਜਵੇਂ ਡਾਇਰੈਕਟਰ ਵਜੋਂ ਲਿਆ ਗਿਆ। ਸਭਾ ਦੇ ਪ੍ਰਧਾਨ ਦਿਲ ਨਿੱਜਰ ਅਤੇ ਸਕੱਤਰ ਇੰਦਰਜੀਤ ਗਰੇਵਾਲ ਨੇ ਜਾਰੀ ਕੀਤੇ ਇਕ ਬਿਆਨ ਵਿਚ ਸਭਾ ਦੇ ਸਾਰੇ ਨਵੇਂ-ਪੁਰਾਣੇ ਮੈਂਬਰ ਲੇਖਕਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਆਪਣੀ ਫ਼ੋਟੋ ਤੇ ਆਪਣੀਆਂ ਰਚਨਾਵਾਂ ਟਾਈਪ ਕਰਕੇ ਫ਼ਰਵਰੀ 2014 ਦੇ ਅੰਤ ਤੱਕ ਈ-ਮੇਲ ਰਾਹੀਂ ਕਾਰਜਕਾਰਨੀ ਦੇ ਕਿਸੇ ਵੀ ਮੈਂਬਰ ਜਾਂ ਸਭਾ ਦੀ ਈ-ਮੇਲ pssc93@gmail.com ਰਾਹੀਂ ਭੇਜ ਦੇਣ ਤਾਂ ਜੋ ਇਹ ਸੋਵੀਨਾਰ ਵਿਚ ਛਾਪੀਆਂ ਜਾ ਸਕਣ। ਹੋਰ ਜਾਣਕਾਰੀ ਲਈ ਦਿਲ ਨਿੱਜਰ ਫੋਨ 916-628-2210 ਜਾਂ ਇੰਦਰਜੀਤ ਗਰੇਵਾਲ ਫੋਨ 916-248-1535 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਭਾਈ ਇਕਬਾਲ ਸਿੰਘ ਭੱਟੀ ਦੇ ਹੱਕ 'ਚ ਕੈਂਡਲ ਵਿਜ਼ਿਲ 25 ਨੂੰ

**ਫਰੀਮਾਂਟ (ਬਿਊਰੋ):** 25 ਜਨਵਰੀ ਸਨਿਚਰਵਾਰ ਸ਼ਾਮ 5 ਵਜੇ ਇਥੇ ਐਲਿਜ਼ਾਬੈਥ ਲੇਕ ਉਤੇ ਮੋਮਬਤੀਆਂ ਜਗਾ ਕੇ ਇਨਸਾਫ ਦੀ ਮੰਗ ਲਈ ਜਾਗਰੂਕਤਾ ਪੈਦਾ ਕੀਤੀ ਜਾਵੇਗੀ ਤੇ ਇਹ ਰੋਸ਼ਨੀਆਂ ਦਾ ਸਮਾਗਮ ਦਿੱਲੀ ਵਿਚ ਇਕ ਮਹੀਨੇ ਤੋਂ ਉਪਰ ਭੁੱਖ ਹੜਤਾਲ ਉਤੇ ਬੈਠੇ ਭਾਈ ਇਕਬਾਲ ਸਿੰਘ ਭੱਟੀ ਦੇ ਸੰਘਰਸ਼ ਦੇ ਹੱਕ ਵਿਚ ਕੀਤਾ ਜਾ ਰਿਹਾ ਹੈ। ਇਹ ਸਮਾਗਮ ਪੰਥਕ ਜਥੇਬੰਦੀਆਂ, ਸਿੱਖ ਪੰਚਾਇਤ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸੰਗਤਾਂ ਦੇ ਸ਼ਹਿਯੋਗ ਨਾਲ ਕੀਤਾ ਜਾ ਰਿਹਾ ਹੈ। ਪ੍ਰਬੰਧਕਾਂ ਨੇ ਸਭ ਨੂੰ ਪਹੁੰਚਣ ਲਈ ਬੇਨਤੀ ਕੀਤੀ ਹੈ।

# ਚਾਲੀ ਮੁਕਤਿਆਂ ਦਾ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਇਆ

**ਸੈਂਟਾ ਕਲਾਰਾ, ਕੈਲੀਫੋਰਨੀਆ (ਬਿਊਰੋ):** ਸਥਾਨਕ ਸਿਲੀਕਾਨ ਵੈਲੀ ਗੁਰਦੁਆਰਾ ਸਾਹਿਬ ਵਿਚ ਮੁਕਤਸਰ ਦੇ ਚਾਲੀ ਮੁਕਤਿਆਂ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਸਬੰਧੀ 12 ਜਨਵਰੀ ਤੋਂ 19 ਜਨਵਰੀ ਤੱਕ ਹਰ ਰੋਜ਼ ਸ਼ਹੀਦਾਂ ਦੀ ਯਾਦ ਵਿਚ ਕਥਾ ਅਤੇ ਕੀਰਤਨ ਦਾ ਪ੍ਰਵਾਹ ਚੱਲਿਆ। ਇਨ੍ਹਾਂ ਸਮਾਗਮਾਂ ਦੌਰਾਨ ਭਾਈ ਨਿਰਮਲ ਸਿੰਘ ਅਤੇ ਭਾਈ ਜਗਜੀਤ ਸਿੰਘ ਕੋਮਲ ਦੇ ਰਾਗੀ ਜਥਿਆਂ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਦੀਵਾਨ ਨੂੰ ਸੰਬੋਧਨ ਕਰਦਿਆਂ ਭਾਈ ਗੁਰਬਖਸ਼ ਸਿੰਘ ਗੁਲਸ਼ਨ ਨੇ ਮਾਘ ਮਹੀਨੇ ਦੇ ਮਹੱਤਵ ਅਤੇ ਚਾਲੀ ਮੁਕਤਿਆਂ ਦੀ ਸ਼ਹੀਦੀ ਦਾ ਪ੍ਰਸੰਗ ਬੜੀ ਤਫਸੀਲ ਨਾਲ ਦੱਸਿਆ। 19 ਜਨਵਰੀ ਨੂੰ ਗੁਰਦੁਆਰਾ ਸਾਹਿਬ ਅੰਦਰ ਚੱਲ ਰਹੇ ਪੰਜਾਬੀ ਸਕੂਲ ਦੀ ਕਲਾਸ ਖਤਮ ਹੋਣ ਉਪਰੰਤ ਬੱਚਿਆਂ ਦੇ ਮਾਤਾ-ਪਿਤਾ ਨਾਲ ਸਦਭਾਵਨਾ ਮਿਲਣੀ ਕੀਤੀ ਗਈ। ਸ. ਗੁਰਿੰਦਰ ਸਿੰਘ ਢਿੱਲੋਂ ਨੇ ਕੰਪਿਊਟਰ ਪ੍ਰਾਜੈਕਟਰ ਰਾਹੀਂ ਸਕੂਲ ਪ੍ਰਾਜੈਕਟ ਬਾਰੇ ਹੁਣ ਤੀਕ ਦੀਆਂ ਪ੍ਰਾਪਤੀਆਂ ਅਤੇ ਭਵਿੱਖ ਦੀ ਨੀਤੀ ਬਾਰੇ ਜਾਣਕਾਰੀ ਦਿੱਤੀ। ਸਕੂਲ ਵਿਚ ਨਿਸ਼ਕਾਮ ਸੇਵਾ ਕਰ ਰਹੇ ਅਧਿਆਪਕਾਂ ਦਾ ਉਚੇਚਾ ਧੰਨਵਾਦ ਕੀਤਾ ਗਿਆ। ਪ੍ਰਬੰਧਕ ਕਮੇਟੀ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਆਉਂਦੀ 26 ਜਨਵਰੀ ਨੂੰ ਦੀਵਾਨ ਦੀ ਸਮਾਪਤੀ ਉਪਰੰਤ ਜਨਰਲਬਾਡੀ ਮੀਟਿੰਗ ਹੋਵੇਗੀ। ਪ੍ਰਬੰਧਕ ਕਮੇਟੀ ਨੇ ਸੰਗਤਾਂ ਨੂੰ ਬੇਨਤੀ ਕੀਤੀ ਹੈ ਕਿ ਗੁਰਦੁਆਰਾ ਸਾਹਿਬ ਲਈ ਆਪਣੀ ਇਮਾਰਤ ਦੀ ਖਰੀਦ ਕਰਨ ਵਾਸਤੇ ਸੰਗਤਾਂ ਯਥਾਯੋਗ ਮਾਇਕ ਹਿੱਸਾ ਪਾਉਣ। ਹੋਰ ਜਾਣਕਾਰੀ ਗੁਰਦੁਆਰਾ ਸਾਹਿਬ ਦੇ ਫੋਨ 408-475-0634 ਅਤੇ 408-948-4878 ਰਾਹੀਂ ਹਾਸਲ ਕੀਤੀ ਜਾ ਸਕਦੀ ਹੈ।

# ਫੌਜ ਦੀ ਅਫਸਰੀ 'ਚ ਗੁਰਦਾਸਪੁਰ, ਹੁਸ਼ਿਆਰਪੁਰ ਤੇ ਜਲੰਧਰ ਮੋਹਰੀ

**ਚੰਡੀਗੜ੍ਹ:** ਸਿਹਤ ਵਿਚ ਆਏ ਨਿਘਾਰ, ਵਿਦੇਸ਼ਾਂ ਵਿਚ ਵੱਸਣ ਦੀ ਚਾਹਤ ਤੇ ਬਹੁਕੌਮੀ ਕੰਪਨੀਆਂ ਦੇ ਵੱਡੇ ਤਨਖਾਹ ਪੈਕੇਜਾਂ ਨੇ ਭਾਵੇਂ ਭਾਰਤੀ ਫੌਜ ਵਿਚ ਪੰਜਾਬੀ ਨੌਜਵਾਨਾਂ ਦੀ ਭਰਤੀ ਪਹਿਲਾਂ ਨਾਲੋਂ ਘਟਾ ਦਿਤੀ ਹੈ, ਫਿਰ ਵੀ ਪੰਜਾਬ ਦੇ ਪੰਜ ਜ਼ਿਲ੍ਹੇ ਅਜਿਹੇ ਹਨ ਜੋ ਫੌਜ ਨੂੰ ਅਫਸਰ ਦੇਣ 'ਚ ਮੋਹਰੀ ਹਨ।

ਰੱਖਿਆ ਸੇਵਾਵਾਂ ਭਲਾਈ ਵਿਭਾਗ ਪੰਜਾਬ ਦੇ ਅੰਕੜਿਆਂ ਅਨੁਸਾਰ ਪਿਛਲੇ 4 ਸਾਲਾਂ ਵਿਚ ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਅਜੀਤਗੜ੍ਹ ਤੇ ਪਟਿਆਲਾ ਜ਼ਿਲ੍ਹਿਆਂ ਨੇ ਬਾਕੀ ਜ਼ਿਲ੍ਹਿਆਂ ਦੇ ਮੁਕਾਬਲੇ ਸਭ ਤੋਂ ਵੱਧ ਅਫਸਰ ਭਾਰਤੀ ਫ਼ੌਜ ਨੂੰ ਦਿੱਤੇ ਹਨ। ਅੰਕੜਿਆਂ ਅਨੁਸਾਰ ਇਨ੍ਹਾਂ ਸਾਲਾਂ ਵਿਚ ਫ਼ੌਜ ਨੂੰ ਗੁਰਦਾਸਪੁਰ ਜ਼ਿਲ੍ਹੇ ਨੇ 31, ਹੁਸ਼ਿਆਰਪੁਰ ਨੇ 28, ਅਜੀਤਗੜ੍ਹ ਨੇ 22, ਪਟਿਆਲਾ ਨੇ 21, ਜਲੰਧਰ ਨੇ 20, ਅੰਮ੍ਰਿਤਸਰ ਨੇ 11, ਰੂਪਨਗਰ ਨੇ 14, ਬਠਿੰਡਾ ਤੇ ਫਿਰੋਜ਼ਪੁਰ ਨੇ 5-5, ਲੁਧਿਆਣਾ ਨੇ 7, ਮੁਕਤਸਰ ਸਾਹਿਬ ਨੇ 2, ਸ਼ਹੀਦ ਭਗਤ ਸਿੰਘ ਨਗਰ ਨੇ 2 ਅਤੇ ਸੰਗਰੂਰ ਜ਼ਿਲ੍ਹੇ ਨੇ 5 ਤੋਂ ਵੱਧ ਅਫਸਰ ਫ਼ੌਜ ਦੀ ਝੋਲੀ ਪਾਏ। ਅਪਰੈਲ 2010 ਤੋਂ ਅਕਤੂਬਰ 2013 ਤੱਕ ਦੇ ਇਨ੍ਹਾਂ ਅੰਕੜਿਆਂ ਅਨੁਸਾਰ ਬਾਕੀ ਜ਼ਿਲ੍ਹਿਆਂ ਦਾ ਯੋਗਦਾਨ ਬਹੁਤ ਘੱਟ ਜਾਂ ਨਾਮਾਤਰ ਹੀ ਰਿਹਾ।

ਫੌਜ ਵਿਚ ਅਫਸਰ ਲੱਗਣ ਵਾਲੇ ਸੂਬੇ ਦੇ ਹਰ ਨੌਜਵਾਨ ਨੂੰ 1-1 ਲੱਖ ਰੁਪਏ 'ਹੌਂਸਲਾ ਵਧਾਊ' ਰਾਸ਼ੀ ਸੂਬਾ ਸਰਕਾਰ ਵੱਲੋਂ ਦਿੱਤੀ ਗਈ ਹੈ। ਵਿਭਾਗ ਦੇ ਡਾਇਰੈਕਟਰ ਬ੍ਰਿਗੇਡੀਅਰ (ਰਿਟ:) ਮਨਜੀਤ ਸਿੰਘ ਨੇ ਦੱਸਿਆ ਕਿ ਚਾਲੂ ਵਿੱਤੀ ਵਰ੍ਹੇ ਦੌਰਾਨ ਹੁਣ ਤੱਕ ਪੰਜਾਬ ਦੇ 178 ਨੌਜਵਾਨਾਂ ਜੋ ਫੌਜ ਵਿਚ ਅਫਸਰ ਲੱਗਣ ਲਈ ਨੈਸ਼ਨਲ ਡਿਫੈਂਸ ਅਕੈਡਮੀ (ਐਨ.ਡੀ.ਏ.) ਵਿਚ ਗਏ ਸਨ, ਨੂੰ 1-1 ਲੱਖ ਰੁਪਏ ਦੇ ਹਿਸਾਬ ਨਾਲ ਕੁੱਲ 1 ਕਰੋੜ 78 ਲੱਖ ਰੁਪਏ 'ਹੌਂਸਲਾ ਵਧਾਊ' ਰਾਸ਼ੀ ਦਿੱਤੀ ਜਾ ਚੁੱਕੀ ਹੈ ਤੇ ਵਿੱਤੀ ਸਾਲ ਦੇ ਅੰਤ ਤੱਕ ਐਨ.ਡੀ.ਏ. ਵਿਚ ਜਾਣ ਵਾਲੇ 72 ਹੋਰ ਨੌਜਵਾਨਾਂ ਨੂੰ 72 ਲੱਖ ਰੁਪਏ ਰਾਸ਼ੀ ਦਿੱਤੀ ਜਾਣੀ ਹੈ।


Are You Tired Of All Treatments?
Try Homeopathic Natural Medicines (HNM)

Gurdip Singh Sandhu
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply


Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)



ਪੰਜਾਬ ਟਾਈਮਜ਼

*ਸਨਿਚਰਵਾਰ, 25 ਜਨਵਰੀ 2014*

## 'ਆਪ' ਦੀ ਸਿਆਸਤ ਅਤੇ ਭਾਰਤ

ਅੰਗਰੇਜ਼ੀ ਮੁਹਾਵਰਾ ਹੈ-ਏ ਬੁੱਲ ਇਨ ਦਿ ਚਾਈਨਾ ਸ਼ਾਪ, ਯਾਨਿ ਚੀਨੀ ਦੇ ਭਾਂਡਿਆਂ ਦੀ ਦੁਕਾਨ ਵਿਚ ਸਾਨ੍ਹ। ਇਸ ਮੁਹਾਵਰੇ ਦੇ ਅਸਲ ਅਰਥ ਅੱਜ ਕੱਲ੍ਹ ਦਿੱਲੀ ਦਾ ਨਵਾਂ ਬਣਿਆ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਸਮਝਾ ਰਿਹਾ ਹੈ। ਜਦੋਂ ਦੇ ਵਿਧਾਨ ਸਭਾ ਚੋਣਾਂ ਦੇ ਨਤੀਜੇ ਆਏ ਹਨ, ਭਾਰਤ ਦੀ ਸਿਆਸਤ ਵਿਚ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ (ਆਪ) ਦੀ ਹੀ ਚਰਚਾ ਹੋ ਰਹੀ ਹੈ। ਕੋਈ ਵੀ ਚਿੰਤਕ, ਆਗੂ, ਕਾਰਕੁਨ ਅਤੇ ਆਮ ਬੰਦਾ ਇਸ ਦੇ ਅਸਰ ਤੋਂ ਬਾਹਰ ਨਹੀਂ ਰਹਿ ਸਕਿਆ। ਆਮ ਜਿਹੀ ਚਿੱਟੀ ਟੋਪੀ ਰਾਤੋ-ਰਾਤ ਇਸ ਪਾਰਟੀ ਦੀ ਪਛਾਣ ਬਣ ਗਈ ਹੈ। ਉਂਜ, ਇਹ ਤਾਂ ਅਜੇ ਆਉਣ ਵਾਲੇ ਵਕਤ ਨੇ ਤੈਅ ਕਰਨਾ ਹੈ ਕਿ 'ਆਪ' ਭਾਰਤ ਦੀ ਭ੍ਰਿਸ਼ਟ ਸਿਆਸਤ ਨੂੰ ਵੱਢ ਮਾਰਨ ਵਿਚ ਕਿੰਨੀ ਕੁ ਕਾਮਯਾਬ ਰਹੇਗੀ, ਪਰ ਫਿਲਹਾਲ ਇਸ ਭ੍ਰਿਸ਼ਟ ਸਿਆਸਤ ਦੇ ਮੋਹਰੀ ਆਗੂ ਇਸ ਫਿਕਰ ਨਾਲ ਅੱਧੋ ਹੋਏ ਪਏ ਹਨ ਕਿ ਜੇ 'ਆਪ' ਦੀ ਸਿਆਸਤ ਕਿਸੇ ਵੀ ਰੂਪ ਵਿਚ ਸਫਲ ਹੋ ਗਈ ਤਾਂ ਉਨ੍ਹਾਂ ਦਾ ਕੀ ਬਣੇਗਾ? ਇਸੇ ਲਈ ਮੁੱਖ ਧਾਰਾ ਸਿਆਸਤ ਨਾਲ ਜੁੜੀਆਂ ਪਾਰਟੀਆਂ ਦੇ ਆਗੂਆਂ ਨੇ ਹੁਣ ਕੇਜਰੀਵਾਲ ਖਿਲਾਫ ਮੋਰਚਾ ਬੰਨ੍ਹਣਾ ਅਤੇ ਚਿੱਤਕਾਂ ਨੇ ਉਸ ਦਾ ਉਹ ਪਿਛੋਕੜ ਫਰੋਲਣਾ ਸ਼ੁਰੂ ਕਰ ਦਿੱਤਾ ਹੈ ਜਦੋਂ ਉਹ ਵਿੱਤ ਮੰਤਰਾਲੇ ਦੇ ਰੈਵਨਿਊ ਵਿਭਾਗ (ਆਮਦਨ ਕਰ) ਵਿਚ ਜਾਇੰਟ ਕਮਿਸ਼ਨਰ ਹੁੰਦਾ ਸੀ। ਬਹੁਤ ਸਾਰੇ ਆਗੂ ਹਨ ਜਿਨ੍ਹਾਂ ਨੇ ਉਸ ਨੂੰ ਅਨਾਰਕਿਸਟ ਦਾ ਰੁਤਬਾ ਦੇ ਮਾਰਿਆ ਹੈ। ਇਸ ਰੁਤਬੇ ਨੂੰ ਉਸ ਨੇ ਖੁਦ ਸਵੀਕਾਰ ਵੀ ਕਰ ਲਿਆ ਹੈ ਅਤੇ ਸਾਫ ਸ਼ਬਦਾਂ ਵਿਚ ਕਹਿ ਦਿੱਤਾ ਹੈ ਕਿ ਹਾਂ! ਉਹ ਅਨਾਰਕਿਸਟ ਹੀ ਹੈ ਤੇ ਸੱਚਮੁੱਚ ਇਸ ਭ੍ਰਿਸ਼ਟ ਢਾਂਚੇ ਨੂੰ ਭੰਨਣ ਦੇ ਹੱਕ ਵਿਚ ਹੈ ਜਿਸ ਨੇ ਆਮ ਆਦਮੀ ਤੋਂ ਉਸ ਦੀ ਆਪਣੀ ਮਰਜ਼ੀ ਖੋਹ ਕੇ ਅਖੌਤੀ ਲੀਡਰਾਂ ਦੇ ਹੱਥਾਂ ਵਿਚ ਫੜਾ ਦਿੱਤੀ ਹੈ। ਭਾਰਤ ਦੀ ਸਿਆਸਤ ਵਿਚ ਇਸ ਤਰ੍ਹਾਂ ਦਾ ਗੜਕਾ ਬੜੀ ਦੇਰ ਬਾਅਦ ਸਾਹਮਣੇ ਆਇਆ ਹੈ। ਮੁੱਖ ਧਾਰਾ ਸਿਆਸਤ ਦੀ ਚੱਕੀ ਵਿਚ ਬੁਰੀ ਤਰ੍ਹਾਂ ਪਿਸ ਰਹੇ ਅਤੇ ਨਿੱਤ ਦਿਨ ਦੀਆਂ ਵਧੀਕੀਆਂ ਤੋਂ ਅੱਕੇ ਲੋਕ ਪਹਿਲਾਂ ਵੀ ਸਿਆਸੀ ਬਦਲ ਲਈ ਅਹੁਲਦੇ ਰਹੇ ਹਨ ਅਤੇ ਜਦੋਂ ਕਿਤੇ ਕਿਸੇ ਨੇ ਉਨ੍ਹਾਂ ਦੀ ਬਾਂਹ ਫੜੀ ਹੈ, ਉਨ੍ਹਾਂ ਨੇ ਭਰਵਾਂ ਹੁੰਗਾਰਾ ਦਿੱਤਾ ਹੈ। ਪੰਜਾਬ ਵਿਚ ਅਕਾਲੀਆਂ ਦੀ ਚੜ੍ਹਤ ਨੂੰ ਇਸ ਪ੍ਰਸੰਗ ਵਿਚ ਸਮਝਿਆ-ਸਮਝਾਇਆ ਜਾ ਸਕਦਾ ਹੈ। ਕਿਸੇ ਜ਼ਮਾਨੇ ਵਿਚ ਲੋਕਾਂ ਨੇ ਕਮਿਊਨਿਸਟ ਪਾਰਟੀਆਂ ਤੋਂ ਵੀ ਵੱਡੀਆਂ ਆਸਾਂ ਰੱਖੀਆਂ ਸਨ। ਅਜੇ ਕੱਲ੍ਹ ਦੀ ਹੀ ਗੱਲ ਹੈ, ਲੋਕਾਂ ਨੇ ਇਹੀ ਉਮੀਦਾਂ ਬਾਦਲਾਂ ਤੋਂ ਬਾਗੀ ਹੋਏ ਮਨਪ੍ਰੀਤ ਸਿੰਘ ਬਾਦਲ ਤੋਂ ਵੀ ਲਾਈਆਂ ਸਨ।

'ਆਪ' ਅਤੇ ਅਰਵਿੰਦ ਕੇਜਰੀਵਾਲ ਦੇ ਕੇਸ ਵਿਚ ਵਾਧਾ ਇਹ ਹੈ ਕਿ ਉਹ ਇਸ ਭ੍ਰਿਸ਼ਟ, ਮਹਿੰਗੇ ਅਤੇ ਬਾਹੂਬਲ ਦੇ ਜ਼ੋਰ ਚਲਦੇ ਚੋਣ ਢਾਂਚੇ ਵਿਚੋਂ ਜੇਤੂ ਹੋ ਕੇ ਨਿਕਲਿਆ ਹੈ ਅਤੇ ਦਿੱਲੀ ਸੂਬੇ ਦੀ ਸਿਆਸਤ ਵਿਚ ਝੰਡਾ ਗੱਡਣ ਵਿਚ ਸਫਲ ਰਿਹਾ ਹੈ। ਸਫਲ ਹੀ ਨਹੀਂ ਰਿਹਾ, ਉਸ ਨੇ ਸੱਤਾ ਸੰਭਾਲਣ ਤੋਂ ਬਾਅਦ ਵੀ ਆਪਣੀ 'ਅਨਾਰਕਿਸਟ' ਸਿਆਸਤ ਜਾਰੀ ਰੱਖੀ ਹੈ। ਆਮ ਕਰ ਕੇ ਬਾਗੀਆਂ ਨੂੰ ਇਹ ਉਲਾਂਭਾ ਮਿਲਦਾ ਰਿਹਾ ਹੈ ਕਿ ਉਹ ਸੱਤਾ ਵਿਚ ਆਉਣ ਸਾਰ ਹੋਰ ਢੰਗ-ਤਰੀਕਿਆਂ ਨਾਲ ਸੋਚਣ-ਵਿਚਰਨ ਲੱਗ ਪੈਂਦੇ ਹਨ। ਉਹ ਇਹ ਵੀ ਕਹਿੰਦੇ ਸੁਣੀਂਦੇ ਹਨ ਕਿ ਜਦੋਂ ਸਿਸਟਮ ਚਲਾਉਣਾ ਹੋਵੇ, ਤਾਂ ਥੋੜ੍ਹਾ-ਬਹੁਤ ਪੈਰ ਤਾਂ ਪਿਛਾਂਹ ਕਰਨਾ ਹੀ ਪੈਂਦਾ ਹੈ ਪਰ ਕੇਜਰੀਵਾਲ ਨੇ ਮੁੱਖ ਮੰਤਰੀ ਬਣਦਿਆਂ ਹੀ, ਪੈਂਦੀ ਸੱਟੇ ਸ਼ੀਲਾ ਦੀਕਸ਼ਿਤ ਸਰਕਾਰ ਦੇ ਕਈ ਫੈਸਲੇ ਉਲਟਾ ਦਿੱਤੇ। ਨਾਲ ਹੀ, ਆਪਣੇ ਮੈਨੀਫੈਸਟੋ ਵਿਚ ਦਰਜ ਵਾਅਦਿਆਂ ਮੁਤਾਬਕ ਲੋਕਾਂ ਨੂੰ ਰਾਹਤ ਵੀ ਦਿੱਤੀ। ਇਹੀ ਉਹ ਨੁਕਤਾ ਹੈ ਜਿਥੋਂ 'ਆਪ' ਅਤੇ ਮੁੱਖ ਧਾਰਾ ਸਿਆਸਤ ਦੀ ਅਸਲ ਬਹਿਸ ਅਰੰਭ ਹੁੰਦੀ ਹੈ। ਦਿੱਲੀ ਵਿਚ ਹੁਣ ਇਸੇ ਮੁੱਖ ਮੰਤਰੀ ਅਤੇ ਉਸ ਦੀ 'ਆਪ' ਨੇ ਧਰਨਾ ਮਾਰਿਆ, ਤੇ ਕੇਂਦਰ ਸਰਕਾਰ ਨੂੰ ਗੋਡਿਆਂ ਪਰਨੇ ਕਰ ਦਿੱਤਾ। ਭਾਰਤ ਦੇ ਇਤਿਹਾਸ ਵਿਚ ਇਹ ਸ਼ਾਇਦ ਪਹਿਲੀ ਵਾਰ ਹੀ ਹੈ ਕਿ ਕਿਸੇ ਸੂਬੇ ਦੇ ਮੁੱਖ ਮੰਤਰੀ ਨੇ ਮੰਗਾਂ ਮੰਨਵਾਉਣ ਲਈ ਇਉਂ ਸੜਕਾਂ ਉਤੇ ਰਾਤ ਬਿਤਾਈ ਹੋਵੇ। ਹੁਣ ਤਾਂ ਇਹ ਬਹਿਸ ਵੀ ਚੱਲ ਨਿਕਲੀ ਹੈ ਕਿ ਕੇਂਦਰ ਸਰਕਾਰ ਅਤੇ ਭਾਰਤੀ ਸਟੇਟ ਅਜਿਹੇ ਮੁੱਖ ਮੰਤਰੀ ਨੂੰ ਕਦੋਂ ਤੱਕ ਬਰਦਾਸ਼ਤ ਕਰੇਗੀ? ਇਹ ਸਵਾਲ ਵੀ ਹੁਣ ਉਠ ਰਹੇ ਹਨ ਕਿ ਇਸ ਢਾਂਚੇ ਵਿਚ ਅਜਿਹੀ ਸਿਆਸਤ ਲਈ ਕੋਈ ਥਾਂ ਹੈ ਵੀ? ਗਲ ਗਲ ਤੱਕ ਭ੍ਰਿਸ਼ਟਾਚਾਰ ਵਿਚ ਡੁੱਬੇ ਢਾਂਚੇ ਵਿਚ ਕਿਸੇ ਤਰ੍ਹਾਂ ਦੀ ਲੋਕ-ਪੱਖੀ ਤਬਦੀਲੀ ਸੰਭਵ ਵੀ ਹੈ? ਇਨ੍ਹਾਂ ਸਵਾਲਾਂ ਦੇ ਜਵਾਬ ਆਉਣ ਵਾਲੇ ਸਮੇਂ ਨੇ ਦੇਣੇ ਹਨ। ਹੁਣ ਇਸ 'ਬਦਲਵੀਂ' ਸਿਆਸਤ ਦੀ ਅਗਾਂਹ ਉਡਾਣ ਲਈ ਸਿਰਫ ਇਕ ਕਸਰ ਬਾਕੀ ਹੈ ਕਿ 'ਆਪ' ਦੇ ਲੀਡਰ ਆਪਣੇ-ਆਪ ਨੂੰ ਧੜੱਲੇਦਾਰ ਲੀਡਰ ਸਾਬਤ ਕਰਨ। ਹਾਲ ਹੀ ਵਿਚ ਕੁਝ ਅਜਿਹੀਆਂ ਘਟਨਾਵਾਂ ਹੋ ਗਈਆਂ ਹਨ ਜਿਨ੍ਹਾਂ ਨਾਲ ਉਨ੍ਹਾਂ ਦੀ ਅਗਵਾਈ ਕਰਨ ਦੀ ਸਮਰੱਥਾ ਉਤੇ ਸਵਾਲ ਖੜ੍ਹੇ ਹੋਏ ਹਨ। ਫਿਰ ਵੀ, ਜੋ ਲੋਕ ਇਸ ਸਮੁੱਚੇ ਢਾਂਚੇ ਨੂੰ ਵੰਗਾਰ ਕੇ ਲੜਾਈ ਨੂੰ ਇਸ ਮੁਕਾਮ ਤੱਕ ਲਿਜਾਣ ਵਿਚ ਕਾਮਯਾਬ ਹੋਏ ਹਨ, ਉਨ੍ਹਾਂ ਨੂੰ ਇਕ ਮੌਕਾ ਤਾਂ ਜ਼ਰੂਰ ਮਿਲਣਾ ਹੀ ਚਾਹੀਦਾ ਹੈ। ਨਾਲੇ ਇਹ ਤਾਂ ਕੁਦਰਤ ਦਾ ਨੇਮ ਵੀ ਹੈ, ਤੇ ਇਸ ਨੂੰ ਝੁਠਲਾਇਆ ਵੀ ਨਹੀਂ ਜਾ ਸਕੇਗਾ ਕਿ ਜਿਸ ਪਾਰਟੀ ਜਾਂ ਸ਼ਖਸ ਵਿਚ ਜਿੰਦ-ਪ੍ਰਾਣ ਹੋਏ, ਉਹ ਹੀ ਇਸ ਢਾਂਚੇ ਵਿਚ ਆਪਣੀ ਹੋਂਦ ਕਾਇਮ ਰੱਖ ਸਕੇਗਾ। ਇਹ ਕੰਮ ਸਦਾ ਔਖਾ ਹੁੰਦਾ ਹੈ, ਪਰ ਅਸੰਭਵ ਨਹੀਂ। ਦੇਖਣਾ ਇਹ ਹੈ ਕਿ 'ਆਪ' ਵਾਲੇ ਆਪਣੇ ਇਸ ਸਫਰ ਨੂੰ ਕਿਸ ਪੱਧਰ ਤੱਕ ਪਹੁੰਚਾ ਪਾਉਂਦੇ ਹਨ। ਇਨ੍ਹਾਂ ਲਈ ਹਰ ਦਿਨ, ਅਜ਼ਮਾਇਸ਼ ਦਾ ਦਿਨ ਹੈ ਪਰ ਆ ਰਹੀਆਂ ਲੋਕ ਸਭਾ ਚੋਣਾਂ ਇਨ੍ਹਾਂ ਦੀ ਅਸਲ ਪਰਖ ਹੋਵੇਗੀ। ਇਸ ਅਜ਼ਮਾਇਸ਼ ਵਿਚ 'ਆਪ' ਦੀ ਸਫਲਤਾ ਭਾਰਤ ਦੀ ਸਿਆਸਤ ਵਿਚ ਅਸਲੋਂ ਨਵਾਂ ਰਾਹ ਖੋਲ੍ਹ ਸਕਦੀ ਹੈ ਜਿਸ ਦੀ ਉਮੀਦ ਲੋਕ ਚਿਰਾਂ ਤੋਂ ਲਾਈ ਬੈਠੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਤੀਜੇ ਮੋਰਚੇ ਦਾ ਜੇ ਹੜ੍ਹ ਆਇਆ*

ਹਫੀ-ਹੁੱਟੀ ਪਈ ਕਾਂਗਰਸ ਪਾਰਟੀ ਨੇ, ਰਾਹੁਲ ਗਾਂਧੀ ਨੂੰ ਖੂਬ ਸ਼ਿੰਗਾਰਿਆ ਈ।
ਚੋਣ ਮੁਹਿੰਮ ਦਾ ਮੁਖੀਆ ਥਾਪ ਕੇ, ਤੇ ਵਿਚ ਰੜੇ ਮੈਦਾਨ ਉਤਾਰਿਆ ਈ।
ਬਾਲ ਕੱਲ੍ਹ ਦਾ ਕਰੂ ਕੀ ਪਾਰ ਬੇੜਾ, ਇਹਦੀ ਝੋਲੀ ਤਾਂ ਖਾਲੀ ਪਈ ਖੜਕਦੀ ਏ।
ਨ੍ਹੇਰੀ ਉਜਾਂ ਦੀ ਨਿਤ ਦਿਨ ਚੜ੍ਹੀ ਆਵੇ, ਬਿਜਲੀ ਸਿਆਸਤ ਦੀ ਉਤੋਂ ਪਈ ਕੜਕਦੀ ਏ।
ਬੇੜੀ ਵਿਚ ਮੰਝਧਾਰ ਦੇ ਫਸੀ ਯਾਰੋ, ਚੱਪੂ 'ਮਨਮੋਹਨਾ' ਟੁੱਟ ਕੇ ਰੁੜ੍ਹ ਚੱਲਿਆ।
ਦਸਾਂ ਸਾਲਾਂ 'ਚ ਉਤਲੀ ਹੇਠ ਹੋ ਗਈ, ਇਮਾਨਦਾਰ ਨਾਲ 'ਬੇਈਮਾਨ' ਜੁੜ ਚੱਲਿਆ।
ਪਹਿਲਾਂ ਮੋਦੀ ਨੇ ਪਾਇਆ ਸੀ ਵਖਤ ਭਾਰੀ, ਕੇਜਰੀਵਾਲ ਹੁਣ ਸਿਰ 'ਤੇ ਚੜ੍ਹ ਆਇਆ,
ਪੈਰਾਂ ਥੱਲਿਉਂ ਨਿਕਲ ਜ਼ਮੀਨ ਜਾਣੀ, ਤੀਜੇ ਮੋਰਚੇ ਦਾ ਜੇ ਕਿਤੇ ਹੜ੍ਹ ਆਇਆ।

# ਪੰਜਾਬ ਨੂੰ ਵਿਸ਼ੇਸ਼ ਸਨਅਤੀ ਪੈਕੇਜ ਕਿਉਂ ਨਹੀਂ?

## ਦੂਜੇ ਸੂਬਿਆਂ ਨੂੰ ਮਿਲ ਰਹੇ ਪੈਕੇਜ ਪੰਜਾਬ ਉਤੇ ਪੈ ਰਹੇ ਨੇ ਭਾਰੀ

ਡਾ. ਗਿਆਨ ਸਿੰਘ
ਫੋਨ: 91-99156-82196

ਭਾਰਤ ਸਰਕਾਰ ਨੇ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਨੂੰ ਦਿੱਤੇ ਹੋਏ ਵਿਸ਼ੇਸ਼ ਸੂਬੇ ਦੇ ਦਰਜੇ ਦੀ ਮਿਆਦ 31 ਮਾਰਚ 2017 ਤੱਕ ਵਧਾ ਦਿੱਤੀ ਹੈ। ਕੇਂਦਰ ਸਰਕਾਰ ਵੱਲੋਂ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਲਈ ਵਿਸ਼ੇਸ਼ ਸੂਬੇ ਦੇ ਦਰਜੇ ਲਈ ਆਰਥਿਕ ਪੈਕੇਜ ਦਿੱਤਾ ਜਾਣਾ ਸੰਨ 2003 ਵਿਚ ਸ਼ੁਰੂ ਕੀਤਾ ਗਿਆ ਸੀ। ਸੰਨ 2007 ਵਿਚ ਇਨ੍ਹਾਂ ਦੋਵਾਂ ਸੂਬਿਆਂ ਨੂੰ ਦਿੱਤੇ ਜਾਂਦੇ ਵਿਸ਼ੇਸ਼ ਆਰਥਿਕ ਪੈਕੇਜ ਵਿਚ ਕੁਝ ਕਟੌਤੀ ਕਰ ਦਿੱਤੀ ਗਈ ਪਰ ਸੰਨ 2010 ਤੋਂ ਇਸ ਕਟੌਤੀ ਨੂੰ ਪੂਰੀ ਤਰ੍ਹਾਂ ਵਾਪਸ ਲੈ ਲਿਆ ਗਿਆ ਸੀ। ਇਸ ਵਿਸ਼ੇਸ਼ ਆਰਥਿਕ ਪੈਕੇਜ ਦਾ ਮੁੱਖ ਧੁਰਾ ਭਾਵੇਂ ਪੂੰਜੀ ਨਿਵੇਸ਼ ਸਬਸਿਡੀ ਹੈ ਪਰ ਇਸ ਦੇ ਨਾਲ-ਨਾਲ ਇਨ੍ਹਾਂ ਦੋਵਾਂ ਸੂਬਿਆਂ ਵਿਚ ਨਿਵੇਸ਼ ਕਰ ਕੇ ਉਤਪਾਦਨ ਕਰਨ ਵਾਲੇ ਉਦਯੋਗਪਤੀਆਂ ਨੂੰ ਕਈ ਤਰ੍ਹਾਂ ਦੇ ਕਰਾਂ ਦੇ ਭੁਗਤਾਨ ਤੋਂ ਛੋਟਾਂ ਵੀ ਮਿਲਦੀਆਂ ਹਨ। ਸੰਨ 2003 ਤੋਂ 2013 ਦੌਰਾਨ ਇਨ੍ਹਾਂ ਦੋਵਾਂ ਸੂਬਿਆਂ ਨੂੰ ਦਿੱਤੇ ਗਏ ਵਿਸ਼ੇਸ਼ ਦਰਜੇ ਦੇ ਨਤੀਜੇ ਵਜੋਂ ਇਨ੍ਹਾਂ ਵਿਚ ਫੂਡ ਪ੍ਰੋਸੈਸਿੰਗ, ਕੱਪੜਾ, ਪੈਕਿੰਗ, ਦਵਾਈਆਂ ਅਤੇ ਹਲਕੇ ਇੰਜੀਨੀਅਰਿੰਗ ਖੇਤਰਾਂ ਦੀਆਂ ਉਦਯੋਗਿਕ ਇਕਾਈਆਂ ਵੱਧ ਲੱਗੀਆਂ ਹਨ ਜਿਸ ਦੇ ਨਤੀਜੇ ਵਜੋਂ ਇਨ੍ਹਾਂ ਦੋਵਾਂ ਸੂਬਿਆਂ ਦੇ ਉਦਯੋਗਿਕ ਵਿਕਾਸ ਵਿਚ ਜ਼ਿਕਰਯੋਗ ਤੇਜ਼ੀ ਆਈ ਹੈ।

ਪੰਜਾਬ ਸਰਕਾਰ ਅਤੇ ਸੂਬੇ ਦੀਆਂ ਵੱਖ-ਵੱਖ ਉਦਯੋਗਿਕ ਜਥੇਬੰਦੀਆਂ ਵੱਲੋਂ ਸਮੇਂ-ਸਮੇਂ 'ਤੇ ਸੂਬੇ ਨੂੰ ਵਿਸ਼ੇਸ਼ ਦਰਜਾ ਦੇਣ ਦੀ ਮੰਗ ਕੀਤੀ ਜਾਂਦੀ ਰਹੀ ਹੈ ਅਤੇ ਇਹ ਮੰਗ ਸਹੀ ਵੀ ਹੈ, ਪਰ ਕੇਂਦਰ ਸਰਕਾਰ ਨੇ ਕਦੇ ਵੀ ਇਸ ਮੰਗ ਨੂੰ ਪੂਰਾ ਨਹੀਂ ਕੀਤਾ। ਲੋਕ ਸਭਾ ਦੀਆਂ ਚੋਣਾਂ ਤੋਂ ਠੀਕ ਪਹਿਲਾਂ ਕੇਂਦਰ ਸਰਕਾਰ ਨੇ ਰਾਜਸੀ ਗਿਣਤੀਆਂ-ਮਿਣਤੀਆਂ ਅਧੀਨ ਕਾਂਗਰਸ ਦੇ ਰਾਜ ਵਾਲੇ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਸੂਬਿਆਂ ਲਈ ਵਿਸ਼ੇਸ਼ ਦਰਜੇ ਦੀ ਮਿਆਦ ਨੂੰ ਵਧਾਉਂਦੇ ਹੋਏ ਪੰਜਾਬ ਨੂੰ ਅਣਗੌਲਦਿਆਂ ਇਸ ਨੂੰ ਉਦਯੋਗਿਕ ਵਿਕਾਸ ਦੇ ਪੱਖ ਤੋਂ ਪਿੱਛੇ ਧੱਕ ਦਿੱਤਾ ਹੈ। ਪੰਜਾਬ ਨੂੰ ਵਿਸ਼ੇਸ਼ ਦਰਜੇ ਅਧੀਨ ਆਰਥਿਕ ਪੈਕੇਜ ਨਾ ਮਿਲਣ ਦੇ ਨਤੀਜੇ ਵਜੋਂ ਸਿਰਫ ਇਸ ਦੇ ਉਦਯੋਗਿਕ ਨਿਵੇਸ਼ ਉੱਪਰ ਹੀ ਮਾਰੂ ਅਸਰ ਨਹੀਂ ਪੈ ਰਿਹਾ ਹੈ, ਸਗੋਂ ਸੂਬੇ ਵਿਚ ਮੌਜੂਦ ਬਹੁਤ ਸਾਰੀਆਂ ਉਦਯੋਗਿਕ ਇਕਾਈਆਂ ਤਬਾਹੀ ਦੇ ਕੰਢੇ ਜਾ ਚੁੱਕੀਆਂ ਹਨ। ਕੇਂਦਰ ਸਰਕਾਰ ਦੇ ਪੰਜਾਬ ਨਾਲ ਇਸ ਤਰ੍ਹਾਂ ਦੇ ਪੱਖਪਾਤੀ ਫੈਸਲੇ ਪ੍ਰਤੀ ਪੰਜਾਬ ਸਰਕਾਰ ਅਤੇ ਉਦਯੋਗਪਤੀਆਂ ਵੱਲੋਂ ਪ੍ਰਤੀਕਰਮ ਆ ਰਹੇ ਹਨ ਜਿਹੜੇ ਬਹੁਤ ਹੀ ਸੁਭਾਵਿਕ ਹਨ।

ਪੰਜਾਬ ਨੇ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਦੌਰਾਨ ਹਰ ਤਰ੍ਹਾਂ ਦੀਆਂ ਦਿੱਤੀਆਂ ਗਈਆਂ ਕੁਰਬਾਨੀਆਂ ਵਿਚ ਦੇਸ਼ ਦੇ ਬਾਕੀ ਸੂਬਿਆਂ ਨਾਲੋਂ ਕਿਤੇ ਵੱਧ ਯੋਗਦਾਨ ਪਾਇਆ। ਸਰਹੱਦੀ ਸੂਬਾ ਹੋਣ ਕਾਰਨ ਦੇਸ਼ ਦੀ ਆਜ਼ਾਦੀ ਮੌਕੇ ਵੰਡ ਦਾ ਤੇ ਫਿਰ ਉਸ ਤੋਂ ਬਾਅਦ ਸੰਨ 1965 ਅਤੇ 1971 ਵਿਚ ਪਾਕਿਸਤਾਨ ਨਾਲ ਲੜਾਈਆਂ ਦਾ ਸਭ ਤੋਂ ਜ਼ਿਆਦਾ ਸੰਤਾਪ ਪੰਜਾਬ ਦੇ ਲੋਕਾਂ ਨੇ ਹੰਢਾਇਆ। ਦੂਜੀ ਪੰਜ ਸਾਲਾ ਯੋਜਨਾ ਦੌਰਾਨ ਮੁੱਖ ਤਰਜੀਹ ਖੇਤੀਬਾੜੀ ਖੇਤਰ ਤੋਂ ਹਟਾ ਕੇ ਉਦਯੋਗਿਕ ਖੇਤਰ ਨੂੰ ਦਿੱਤੇ ਜਾਣ ਦੇ ਨਤੀਜੇ ਵਜੋਂ ਦੇਸ਼ ਨੂੰ ਅਨਾਜਾਂ ਦੀ ਇੰਨੀ ਭਾਰੀ ਥੁੜ ਦਾ ਸਾਹਮਣਾ ਕਰਨਾ ਪਿਆ ਕਿ ਦੇਸ਼ ਦੀ ਸਰਕਾਰ ਨੂੰ ਬਾਹਰਲੇ ਦੇਸ਼ਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਦਾ ਸਾਹਮਣਾ ਕਰਨਾ ਪਿਆ। ਪੰਜਾਬ ਨੇ ਕੇਂਦਰ ਸਰਕਾਰ ਦਾ ਬਾਹਰਲੇ ਦੇਸ਼ਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਤੋਂ ਤਾਂ ਖਹਿੜਾ ਛੁਡਵਾ ਦਿੱਤਾ ਪਰ ਕੇਂਦਰ ਸਰਕਾਰ ਦੀਆਂ ਖੇਤੀਬਾੜੀ ਸਬੰਧੀ ਨੀਤੀਆਂ ਨੇ ਪੰਜਾਬ ਅਤੇ ਖਾਸ ਕਰ ਕੇ ਇਥੋਂ ਦੇ ਛੋਟੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦਾ ਹੁਲੀਆ ਵਿਗਾੜ ਕੇ ਰੱਖ ਦਿੱਤਾ ਹੈ। ਇਕੱਲਾ ਪੰਜਾਬ ਸੂਬਾ ਜੋ ਰਕਬੇ ਪੱਖੋਂ ਬਹੁਤ ਹੀ ਛੋਟਾ (1.53 ਫੀਸਦ) ਸੂਬਾ ਹੈ, ਸੰਨ 1970 ਤੋਂ ਲਗਾਤਾਰ ਕਣਕ ਅਤੇ ਚੌਲਾਂ ਪੱਖੋਂ ਕੇਂਦਰੀ ਅਨਾਜ-ਭੰਡਾਰ ਵਿਚ ਔਸਤਨ ਤਕਰੀਬਨ 50 ਫ਼ੀਸਦੀ ਯੋਗਦਾਨ ਪਾ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਕੁਝ ਖੇਤੀਬਾੜੀ ਜਿਣਸਾਂ ਦੇ ਭਾਅ ਤੈਅ ਕਰਨੇ ਸੰਨ 1964-65 ਤੋਂ ਸ਼ੁਰੂ ਕੀਤੇ ਗਏ ਜੋ ਅੱਜ ਤੱਕ ਜਾਰੀ ਹਨ। ਸੰਨ 1970 ਤੋਂ ਇਨ੍ਹਾਂ ਭਾਵਾਂ (ਕੀਮਤਾਂ) ਨੂੰ ਇਸ ਤਰ੍ਹਾਂ ਤੈਅ ਕੀਤਾ ਜਾਂਦਾ ਰਿਹਾ ਹੈ ਕਿ ਵਪਾਰ ਦੀਆਂ ਸ਼ਰਤਾਂ ਨੂੰ ਖੇਤੀਬਾੜੀ ਖੇਤਰ ਦੇ ਵਿਰੁੱਧ ਬਣਾ ਦਿੱਤਾ ਗਿਆ ਹੈ। ਸੰਨ 1991 ਵਿਚ ਕੇਂਦਰ ਸਰਕਾਰ ਵੱਲੋਂ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀ ਅਪਣਾਈ ਗਈ 'ਨਵੀਂ' ਆਰਥਿਕ ਨੀਤੀ' ਤੋਂ ਬਾਅਦ ਖੇਤੀਬਾੜੀ ਉਤਪਾਦਨ ਵਿਚ ਵਰਤੇ ਜਾਣ ਵਾਲੇ ਕਾਫ਼ੀ ਜ਼ਿਆਦਾ ਅਹਿਮੀਅਤ ਰੱਖਣ ਵਾਲੇ ਸਾਧਨਾਂ ਦੀਆਂ ਕੀਮਤਾਂ ਨੂੰ ਬੇਲਗਾਮ ਮੰਡੀ ਦੇ ਹਵਾਲੇ ਕੀਤੇ ਜਾਣ 'ਤੇ ਖੇਤੀਬਾੜੀ ਨੂੰ ਘਾਟੇ ਵਾਲਾ ਧੰਦਾ ਬਣਾ ਦਿੱਤਾ ਹੈ।

ਪੰਜਾਬ ਵਿਚ ਤਕਰੀਬਨ ਸਾਰੇ ਛੋਟੇ ਕਿਸਾਨ ਕਰਜ਼ੇ ਅਤੇ ਗ਼ਰੀਬੀ ਵਿਚ ਜੰਮਦੇ ਹਨ, ਕਰਜ਼ੇ ਅਤੇ ਗ਼ਰੀਬੀ ਵਿਚ ਔਖੀ ਦਿਨ-ਕਟੀ ਕਰਦੇ ਹਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਕਰਜ਼ੇ ਦੀ ਵਧੀ ਹੋਈ ਪੰਡ ਅਤੇ ਘੋਰ ਗ਼ਰੀਬੀ ਛੱਡ ਕੇ ਤੰਗੀਆਂ-ਤੁਰਸ਼ੀਆਂ ਵਾਲੀ ਮੌਤ ਮਰ ਜਾਂਦੇ ਹਨ। ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਹਾਲਤ ਤਾਂ ਛੋਟੇ ਕਿਸਾਨਾਂ ਤੋਂ ਵੀ ਕਿਤੇ ਵੱਧ ਭੈੜੀ ਬਣਾ ਦਿੱਤੀ ਗਈ ਹੈ, ਕਿਉਂਕਿ ਦੇਸ਼ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਜਿਹੜੀ ਖੇਤੀਬਾੜੀ ਦੀ ਨਵੀਂ ਜੁਗਤ ਅਪਣਾਈ ਗਈ ਹੈ, ਉਸ ਵਿਚ ਨਦੀਨ-ਨਾਸ਼ਕਾਂ ਅਤੇ ਮਸ਼ੀਨਰੀ ਦੀ ਵਰਤੋਂ ਜ਼ਿਆਦਾ ਹੋਣ ਕਾਰਨ ਇਨ੍ਹਾਂ ਵਰਗਾਂ ਲਈ ਰੁਜ਼ਗਾਰ ਦੇ ਮੌਕੇ ਸਾਲ ਵਿਚ 60 ਦਿਨਾਂ ਤੋਂ ਵੀ ਘੱਟ ਗਏ ਹਨ। ਕੇਂਦਰ ਸਰਕਾਰ ਦੀਆਂ ਕਿਸਾਨ-ਮਾਰੂ ਨੀਤੀਆਂ ਕਾਰਨ ਇਨ੍ਹਾਂ ਵਰਗਾਂ ਦੀ ਸ਼ੁੱਧ ਆਮਦਨ ਲਗਾਤਾਰ ਘਟ ਰਹੀ ਹੈ। ਪੰਜਾਬ ਸਰਕਾਰ ਦੁਆਰਾ ਕਰਵਾਏ ਸਰਵੇਖਣ ਤੋਂ ਤੱਥ ਸਾਹਮਣੇ ਆਏ ਹਨ ਕਿ ਇਕ ਦਹਾਕੇ ਦੌਰਾਨ ਪੰਜਾਬ ਵਿਚ 4687 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਕਰਜ਼ੇ ਤੇ ਗ਼ਰੀਬੀ ਕਾਰਨ ਖ਼ੁਦਕੁਸ਼ੀ ਕੀਤੀ ਹੈ। ਆਰਥਿਕ ਪੱਖੋਂ ਟੁੱਟੇ ਹੋਏ ਨੌਜਵਾਨ ਨਸ਼ਿਆਂ ਦੇ ਸ਼ਿਕਾਰ ਅਤੇ ਰੁਜ਼ਗਾਰ ਦੀ ਭਾਲ ਵਿਚ ਬਾਹਰਲੇ ਦੇਸ਼ਾਂ ਵਿਚ ਵੱਖ-ਵੱਖ ਤਰ੍ਹਾਂ ਦੀਆਂ ਜ਼ਿਆਦਤੀਆਂ ਝੱਲਣ ਲਈ ਮਜਬੂਰ ਹਨ।

ਦਰਿਆਈ ਪਾਣੀਆਂ ਦੀ ਵੰਡ ਵੇਲੇ ਵੀ ਵੱਡੀ ਬੇਇਨਸਾਫ਼ੀ ਕੀਤੀ ਗਈ ਹੈ। ਜਦੋਂ ਪੰਜਾਬ ਸੂਬੇ ਦਾ ਗੁਆਂਢੀ ਸੂਬਿਆਂ ਨਾਲ ਦਰਿਆਈ ਪਾਣੀਆਂ ਸਬੰਧੀ ਮੁਕੱਦਮਾ ਸੁਪਰੀਮ ਕੋਰਟ ਵਿਚ ਚੱਲ ਰਿਹਾ ਸੀ ਤਾਂ ਕੇਂਦਰ ਸਰਕਾਰ ਨੇ ਆਪਣੀਆਂ ਰਾਜਸੀ ਗਿਣਤੀਆਂ-ਮਿਣਤੀਆਂ ਅਧੀਨ ਉਸ ਸਮੇਂ ਦੇ ਮੁੱਖ ਮੰਤਰੀ ਦਰਬਾਰਾ ਸਿੰਘ ਨੂੰ ਸੁਪਰੀਮ ਕੋਰਟ ਵਿਚੋਂ ਮੁਕੱਦਮਾ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ ਸੀ। ਦਰਬਾਰਾ ਸਿੰਘ ਉਸ ਵਕਤ ਕੇਂਦਰ ਸਰਕਾਰ ਅਤੇ ਆਪਣੀ ਪਾਰਟੀ ਦੇ ਇਸ ਰਵੱਈਏ ਤੋਂ ਬਹੁਤ ਨਿਰਾਸ਼ ਅਤੇ ਦੁਖੀ ਸਨ।

ਪੰਜਾਬ ਨੂੰ ਲੰਬੇ ਸਮੇਂ ਲਈ ਖਾੜਕੂਵਾਦ ਦੀ ਸਮੱਸਿਆ ਨੂੰ ਝੱਲਣਾ ਪਿਆ। ਪੰਜਾਬ ਵਿਚ ਖਾੜਕੂਵਾਦ ਲਈ ਕੇਂਦਰ ਸਰਕਾਰ ਦੀਆਂ ਵਿਤਕਰੇ ਵਾਲੀਆਂ ਆਰਥਿਕ ਨੀਤੀਆਂ ਅਤੇ ਥੋੜ੍ਹੇ ਸਮੇਂ ਦੇ ਫ਼ਾਇਦੇ ਵਾਲੀਆਂ ਰਾਜਸੀ ਗਿਣਤੀਆਂ-ਮਿਣਤੀਆਂ ਜ਼ਿੰਮੇਵਾਰ ਸਨ। ਸੰਨ 1947 ਦੌਰਾਨ ਦੇਸ਼ ਦੇ ਆਜ਼ਾਦ ਹੋਣ ਤੋਂ ਬਾਅਦ ਪੰਜਾਬ ਨਾਲ ਲਗਾਤਾਰ ਬੇਇਨਸਾਫ਼ੀ ਅਤੇ ਵਿਤਕਰਾ ਹੋ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਇਥੋਂ ਦੇ ਲੋਕਾਂ ਖਾਸ ਕਰ ਕੇ ਨੌਜਵਾਨਾਂ ਵਿਚ ਬੇਗਾਨੇਪਨ ਦੀ ਭਾਵਨਾ ਉਪਜੀ ਅਤੇ ਇਸੇ ਤਰ੍ਹਾਂ ਕੇਂਦਰ ਵਿਚ ਰਾਜ ਕਰ ਰਹੀ ਪਾਰਟੀ ਦੁਆਰਾ ਪੰਜਾਬ ਵਿਚ ਆਪਣਾ ਦਬਦਬਾ ਕਾਇਮ ਰੱਖਣ ਲਈ ਸੌੜੇ ਰਾਜਸੀ ਫ਼ੈਸਲੇ ਲਏ ਗਏ ਜਿਸ ਨੇ ਪੰਜਾਬ ਵਿਚ ਖਾੜਕੂਵਾਦ ਪੈਦਾ ਕਰਨ, ਵਧਾਉਣ ਅਤੇ ਪੰਜਾਬ ਦੇ ਲੋਕਾਂ ਦਾ ਵੱਖ-ਵੱਖ ਪੱਖਾਂ ਤੋਂ ਘਾਣ ਕੀਤਾ। ਖਾੜਕੂਵਾਦ ਦੇ ਸਮੇਂ ਦੌਰਾਨ ਪੰਜਾਬ ਦੀਆਂ ਕੁਝ ਉਦਯੋਗਿਕ ਇਕਾਈਆਂ ਦੇਸ਼ ਦੇ ਹੋਰ ਸੂਬਿਆਂ ਵਿਚ ਚਲੀਆਂ ਗਈਆਂ। ਕੇਂਦਰ ਸਰਕਾਰ ਨੇ ਪੰਜਾਬ ਸੂਬੇ ਦੀ ਮਦਦ ਕਰ ਕੇ ਉਨ੍ਹਾਂ ਉਦਯੋਗਿਕ ਇਕਾਈਆਂ ਨੂੰ ਵਾਪਸ ਪੰਜਾਬ ਵਿਚ ਲਿਆਉਣ ਅਤੇ ਇਥੋਂ ਦਾ ਉਦਯੋਗਿਕ ਵਿਕਾਸ ਕਰਨ ਵਿਚ ਮਦਦ ਤਾਂ ਕੀ ਕਰਨੀ ਸੀ, ਸਗੋਂ ਹੋਰ ਸੂਬਿਆਂ ਨੂੰ ਰਿਆਇਤਾਂ ਦੇ ਕੇ ਪੰਜਾਬ ਦਾ ਬਹੁਤ ਨੁਕਸਾਨ ਕੀਤਾ। ਕੇਂਦਰ ਸਰਕਾਰ ਦੇਸ਼ ਦੇ ਵੱਖ-ਵੱਖ ਸੂਬਿਆਂ ਦੇ ਲੋਕਾਂ ਤੋਂ ਇਕੱਠੇ ਕੀਤੇ ਗਏ ਕਰਾਂ ਦਾ ਵੱਡਾ ਹਿੱਸਾ ਆਪ ਰੱਖ ਲੈਂਦੀ ਹੈ ਜਿਸ ਦੇ ਨਤੀਜੇ ਵਜੋਂ ਸੂਬਾ ਸਰਕਾਰਾਂ ਨੂੰ ਕਰਜ਼ਾ ਲੈਣਾ ਪੈਂਦਾ ਹੈ। ਪਿਛਲੇ ਸਮੇਂ ਦੌਰਾਨ ਕੇਂਦਰ ਸਰਕਾਰ ਵੱਲੋਂ ਲਾਏ ਗਏ ਸਰਵਿਸ ਟੈਕਸ ਦਾ ਘੇਰਾ ਬਹੁਤ ਵਧਾਇਆ ਗਿਆ ਹੈ ਪਰ ਇਸ ਤੋਂ ਪ੍ਰਾਪਤ ਆਮਦਨ ਵਿਚੋਂ ਸੂਬਿਆਂ ਨੂੰ ਕੁਝ ਵੀ ਨਹੀਂ ਦਿੱਤਾ ਜਾਂਦਾ। ਜਿਹੜੇ ਕਰਾਂ ਵਿਚੋਂ ਸੂਬਿਆਂ ਨੂੰ ਹਿੱਸਾ ਦਿੱਤਾ ਜਾਂਦਾ ਹੈ, ਉਹ ਸਾਰੇ ਸੂਬਿਆਂ ਲਈ ਇਨ੍ਹਾਂ ਕਰਾਂ ਤੋਂ ਪ੍ਰਾਪਤ ਆਮਦਨ ਵਿਚੋਂ ਔਸਤਨ 32 ਫ਼ੀਸਦੀ ਬਣਦਾ ਹੈ ਪਰ ਇਸ ਸਬੰਧ ਵਿਚ ਵੀ ਪੰਜਾਬ ਨਾਲ ਮਤਰੇਈ-ਮਾਂ ਵਾਲਾ ਸਲੂਕ ਕੀਤਾ ਜਾਂਦਾ ਹੈ। 11ਵੇਂ ਵਿੱਤ ਕਮਿਸ਼ਨ (ਸੰਨ 2000-01 ਤੋਂ 2004-05) ਦੀਆਂ ਸਿਫ਼ਾਰਸ਼ਾਂ ਅਨੁਸਾਰ ਕੇਂਦਰੀ ਕਰਾਂ ਅਤੇ ਗਰਾਂਟਾਂ ਵਿਚੋਂ ਪ੍ਰਤੀ ਵਿਅਕਤੀ ਆਧਾਰ ਉੱਪਰ ਦਿੱਤੇ ਗਏ ਧਨ ਦੇ ਜਿਹੜੇ 15 ਸੂਬਿਆਂ ਦੇ ਅੰਕੜੇ ਉਪਲੱਬਧ ਹਨ, ਉਨ੍ਹਾਂ ਅਨੁਸਾਰ ਪੰਜਾਬ ਨਾਲੋਂ 10 ਹੋਰ ਸੂਬਿਆਂ ਅਤੇ 12ਵੇਂ ਵਿੱਤ ਕਮਿਸ਼ਨ (ਸੰਨ 2005-06 ਤੋਂ 2009-10) ਦੀਆਂ ਸਿਫ਼ਾਰਸ਼ਾਂ ਅਨੁਸਾਰ 15 ਸੂਬਿਆਂ ਵਿਚੋਂ 11 ਹੋਰ ਸੂਬਿਆਂ ਨੂੰ ਵੱਧ ਹਿੱਸਾ ਦਿੱਤਾ ਗਿਆ। ਕੇਂਦਰ ਸਰਕਾਰ ਵੱਲੋਂ ਭਾਵੇਂ ਪਹਾੜੀ ਸੂਬਿਆਂ ਨੂੰ ਰਿਆਇਤਾਂ ਦੇਣਾ ਬਿਲਕੁਲ ਜਾਇਜ਼ ਹੈ ਪਰ ਪੰਜਾਬ ਵੱਲੋਂ ਦੇਸ਼ ਦੀ ਆਜ਼ਾਦੀ ਲਈ ਦਿੱਤੀਆਂ ਗਈਆਂ ਕੁਰਬਾਨੀਆਂ, ਪਾਕਿਸਤਾਨ ਵਿਰੁੱਧ ਭਾਰਤ ਦੀਆਂ ਲੜਾਈਆਂ ਵਿਚ ਪਾਏ ਯੋਗਦਾਨ, ਖਾੜਕੂਵਾਦ ਦੀ ਸਮੱਸਿਆ ਨੂੰ ਝੱਲਣ ਅਤੇ ਦੇਸ਼ ਦੇ ਅਨਾਜ-ਭੰਡਾਰ ਵਿਚ ਸੰਨ 1970 ਤੋਂ ਅੱਜ-ਤੱਕ ਘਾਟਾ ਸਹਿ ਕੇ ਪਾਏ ਸ਼ਾਨਦਾਰ ਯੋਗਦਾਨ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੂੰ ਪੰਜਾਬ ਨਾਲ ਇਨਸਾਫ਼ ਕਰਨਾ ਚਾਹੀਦਾ ਹੈ। ਪੰਜਾਬ ਦੇ ਉਦਯੋਗਿਕ ਵਿਕਾਸ ਲਈ ਕੇਂਦਰ ਸਰਕਾਰ ਨੂੰ ਵਿਸ਼ੇਸ਼ ਸਹੂਲਤਾਂ ਦੇਣੀਆਂ ਚਾਹੀਦੀਆਂ ਹਨ।



# ਅਮਰੀਕਾ ਬਨਾਮ ਹਿੰਦੁਸਤਾਨੀ ਗੌਰਵ ਅਤੇ ਪਰੰਪਰਾ

***ਭਾਰਤ ਵਿਚ ਕਈ ਪ੍ਰਾਈਵੇਟ ਕਾਲਜ ਅਜਿਹੇ ਹਨ ਜੋ ਲੈਕਚਰਾਰਾਂ ਨੂੰ ਦਿਖਾਵੇ ਵਜੋਂ ਯੂ.ਜੀ.ਸੀ. ਤਨਖ਼ਾਹ-ਸਕੇਲਾਂ ਦੇ ਆਧਾਰ 'ਤੇ ਨੌਕਰੀ ਉਪਰ ਰੱਖਦੇ ਹਨ। ਹਕੀਕਤ ਵਿਚ, ਉਨ੍ਹਾਂ ਨੂੰ ਇਸ ਦਾ ਥੋੜ੍ਹਾ ਜਿਹਾ ਹਿੱਸਾ ਹੀ ਦਿੱਤਾ ਜਾਂਦਾ ਹੈ ਪਰ ਇਸ ਨੂੰ 'ਸਾਧਾਰਨ' ਗੱਲ ਹੀ ਮੰਨਿਆ ਜਾਂਦਾ ਹੈ। ਵਿਦੇਸ਼ਾਂ ਵਿਚ ਇਨਸਾਨਾਂ ਦਾ ਵਪਾਰ ਕਰਨ ਵਾਲੀਆਂ ਗਿਰਝਾਂ ਵਲੋਂ ਅਵਾਮ ਨਾਲ ਠੱਗੀ ਨੂੰ ਵੀ 'ਸਾਧਾਰਨ' ਗੱਲ ਹੀ ਮੰਨਿਆ ਜਾਂਦਾ ਹੈ। ਖਾੜੀ ਦੇ ਕਈ ਮੁਲਕ ਦਹਾਕਿਆਂ ਤੋਂ ਇਸ ਵਪਾਰ ਆਸਰੇ ਮੌਜਾਂ ਕਰ ਰਹੇ ਹਨ। ਇਸ ਕਰ ਕੇ ਜਦੋਂ ਵਿਦੇਸ਼ ਵਿਚ ਇਹ ਮੁਕੱਦਮਾ ਕਰਨ ਵਾਲੇ ਅਜਿਹੇ ਵਿਹਾਰ ਨੂੰ ਸਾਧਾਰਨ ਗੱਲ ਵਜੋਂ ਪ੍ਰਵਾਨ ਨਹੀਂ ਕਰਦੇ, ਫਿਰ ਖ਼ੌਫ਼ ਤਾਂ ਪੈਦਾ ਹੋਣਾ ਹੀ ਹੋਇਆ; ਜ਼ਿਆਦਾ ਇਸ ਕਾਰ ਕੇ, ਕਿਉਂਕਿ ਇਸ ਦਾ ਅਸਰ ਹਿੰਦੁਸਤਾਨੀ ਕੁਲੀਨ ਅਧਿਕਾਰੀਆਂ ਉਪਰ ਪੈਂਦਾ ਹੈ। ਅਸੀਂ ਤਾਂ ਪੁਰਾਤਨ ਹਿੰਦੁਸਤਾਨੀ ਕੁਲੀਨ ਪਰੰਪਰਾ ਨੂੰ ਚਾਰ ਚੰਨ ਲਾਉਣ ਲਈ ਐਨਾ ਕੁਝ ਕਰਦੇ ਰਹੇ ਹਾਂ। ਫਿਰ ਕਿਸੇ ਦੀ ਹਿੰਮਤ ਕਿਵੇਂ ਹੈ ਇਸ ਨੂੰ ਵੰਗਾਰਦਾ ਫਿਰੇ?***

ਜੇ ਕਿਸੇ ਨੇ ਅਮਰੀਕੀ ਅਦਾਲਤ ਵਿਚ ਭਾਰਤੀ ਘਰੇਲੂ ਨੌਕਰਾਣੀਆਂ ਨਾਲ ਠੱਗੀ ਬਾਰੇ ਕਾਨੂੰਨੀ ਦਾਅਵਾ ਠੋਕ ਦਿੱਤਾ, ਫੇਰ ਕੀ ਬਣੇਗਾ? ਇਹੀ ਖ਼ੌਫ਼ ਹੈ ਜੋ ਹਿੰਦੁਸਤਾਨੀ ਹਕੂਮਤ ਨੂੰ ਦੇਵਯਾਨੀ ਖੋਬਰਾਗੜੇ ਦੀ ਗ੍ਰਿਫ਼ਤਾਰੀ ਬਾਰੇ ਗੁਸੈਲ ਪ੍ਰਤੀਕਰਮ ਵੱਲ ਧੱਕ ਰਿਹਾ ਹੈ।

ਦੇਵਯਾਨੀ ਖੋਬਰਾਗੜੇ ਨਾਟਕ ਵਿਚ, ਮੀਡੀਆ ਨੇ ਆਮ ਤੌਰ 'ਤੇ ਦੋ ਮੁੱਦਿਆਂ 'ਤੇ ਧਿਆਨ ਕੇਂਦਰਤ ਕੀਤਾ ਹੋਇਆ ਹੈ ਅਤੇ ਇਨ੍ਹਾਂ ਦੇ ਆਲੇ-ਦੁਆਲੇ ਜ਼ਖ਼ਮੀ ਕੌਮੀ ਗੌਰਵ ਉਛਾਲਿਆ ਗਿਆ ਹੈ। ਇਕ, ਹਿੰਦੁਸਤਾਨੀ ਦੂਤਾਵਾਸ ਅਧਿਕਾਰੀ ਦੀ ਘਿਨਾਉਣੇ ਢੰਗ ਨਾਲ

**ਪੀ. ਸਾਈਨਾਥ**
**ਪੇਸ਼ਕਸ਼: ਬੂਟਾ ਸਿੰਘ**
**ਫੋਨ: 91-94634-74342**

ਗ੍ਰਿਫਤਾਰੀ। ਦੂਜਾ, ਅਮਰੀਕਾ ਦਾ ਵਿਸਾਹਘਾਤ। ਪਿਛਲੇ ਕੁਝ ਸਾਲਾਂ ਵਿਚ ਮਗਰਲੇ ਮਾਮਲੇ ਦੀਆਂ ਬਥੇਰੀਆਂ ਮਿਸਾਲਾਂ ਸਾਹਮਣੇ ਆਈਆਂ ਹਨ, ਪਰ ਅਮਰੀਕਾ ਵਿਰੋਧੀ ਭਾਵਨਾਵਾਂ ਦੀ ਇਸ ਤਰ੍ਹਾਂ ਦੀ ਰੀਸ-ਰੀਸ ਕਦੇ ਦੇਖਣ 'ਚ ਨਹੀਂ ਆਈ। ਇਹ ਖੋਬਰਾਗੜੇ ਮਾਮਲੇ ਵਿਚ ਹੀ ਨਜ਼ਰ ਆਈ ਹੈ। ਉਸ ਦੇ ਖ਼ਿਲਾਫ਼ ਨਿਊ ਯਾਰਕ ਵਿਚ ਵੀਜ਼ਾ ਫਰਾਡ ਅਤੇ ਆਪਣੀ ਘਰੇਲੂ ਸਹਾਇਕ ਸੰਗੀਤਾ ਰਿਚਰਡ ਨੂੰ ਘੱਟ ਤਨਖ਼ਾਹ ਦੇਣ ਦੀ ਲਾਕਾਨੂੰਨੀ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ (ਉਹ ਵੀ ਤਾਂ ਹਿੰਦੁਸਤਾਨੀ ਨਾਗਰਿਕ ਹੈ)। ਇਹ ਮਨੁੱਖੀ ਬਿਰਤਾਂਤ ਅਤੇ ਅਮਰੀਕੀ ਬਦਮਾਸ਼ੀ ਦੀ ਕਥਾ ਮੌਜ ਨਾਲ ਹੀ ਸੁਣਾਈ ਜਾ ਰਹੀ ਹੈ, ਅਤੇ ਇਨ੍ਹਾਂ ਕੁਝ ਦਿਨਾਂ ਵਿਚ ਤਾਂ ਬਥੇਰੀ ਵਾਰ ਸੁਣਾਈ ਗਈ ਹੈ। ਉਸ ਦੀ ਗ੍ਰਿਫ਼ਤਾਰੀ ਦੇ ਘਿਨਾਉਣੇ ਕੁਚੱਜ ਅਤੇ ਇਸ ਲਈ ਅਖ਼ਤਿਆਰ ਕੀਤੇ ਬੇਰਹਿਮ ਤਰੀਕੇ ਤੋਂ ਹਿੰਦੁਸਤਾਨ ਲੋਹਾਲਾਖਾ ਹੈ। ਨਿਸ਼ਚੇ ਹੀ ਕੂਟਨੀਤਕ ਛੋਟ ਬਾਰੇ ਅਮਰੀਕਾ ਦੇ ਦੋਹਰੇ ਮਿਆਰਾਂ ਦੇ ਇਕ ਵਾਰ ਹੋਰ ਦੀਦਾਰ ਹੋ ਗਏ ਹਨ।

ਇਸ ਤਰ੍ਹਾਂ ਦੇ ਵਾਕਿਆ ਅਤੇ ਹਿੰਦੁਸਤਾਨੀ ਪ੍ਰਤੀਕਰਮ: ਇਸ ਮਾਮਲੇ 'ਚ ਹਿੰਦੁਸਤਾਨੀ ਹਕੂਮਤ ਨੇ ਜੋ ਤਿੱਖੇ ਤੇਵਰ ਅਤੇ ਰੋਹ ਦਿਖਾਇਆ, ਇਸ ਦਾ ਹਾਈ-ਵੋਲਟੇਜ ਪ੍ਰਤੀਕਰਮ ਇਕ ਗੁੱਝਾ ਰਾਜ਼ ਵੀ ਹੈ ਅਤੇ ਇਕ ਦਿਲਚਸਪ ਕਹਾਣੀ ਵੀ। ਹੋਰ ਬਥੇਰਾ ਕੁਝ ਵਾਪਰਿਆ ਜਦੋਂ ਅਮਰੀਕੀ ਕਰਤੂਤਾਂ ਬਾਰੇ ਇਸ ਤੋਂ ਕਿਤੇ ਸਖ਼ਤ ਜਵਾਬ ਦਰਕਾਰ ਸੀ ਪਰ ਨਜ਼ਰ ਨਹੀਂ ਆਇਆ। ਥੋੜ੍ਹਾ ਚਿਰ ਹੀ ਹੋਇਆ, ਅਜੇ ਪਿਛਲੇ ਸਾਲ ਹੀ ਐਡਵਰਡ ਸਨੋਡੈਨ ਦੇ ਖ਼ੁਲਾਸਿਆਂ ਨੇ ਭੇਤ ਖੋਲ੍ਹਿਆ ਕਿ ਹਿੰਦੁਸਤਾਨ ਉਨ੍ਹਾਂ ਮੁਲਕਾਂ ਵਿਚੋਂ ਇਕ ਹੈ ਜੋ ਅਮਰੀਕਾ ਦੀ ਕੌਮੀ ਸੁਰੱਖਿਆ ਏਜੰਸੀ (ਐਨ.ਐਸ.ਏ.) ਦੀ ਬਿਜਲਈ ਜਾਸੂਸੀ ਦੀ ਸਭ ਤੋਂ ਵੱਧ ਮਾਰ ਹੇਠ ਹਨ; ਰੂਸ ਅਤੇ ਚੀਨ ਤੋਂ ਵੀ ਵੱਧ ਮਾਰ ਹੇਠ। ਅਮਰੀਕਾ ਵਲੋਂ ਸਾਡੇ ਮੁਲਕ ਦੇ ਕੀਤੇ ਨੁਕਸਾਨ ਦੀ ਵਿਆਪਕਤਾ ਦੀ ਅਜੇ ਤਕ ਕੋਈ ਘੋਖ-ਪੜਤਾਲ ਨਹੀਂ ਕੀਤੀ ਗਈ। ਅਸੀਂ ਜਾਣਦੇ ਹਾਂ ਕਿ ਸੰਯੁਕਤ ਰਾਸ਼ਟਰ ਬਾਰੇ ਹਿੰਦੁਸਤਾਨ ਦੇ ਮਿਸ਼ਨ ਦੀ ਜਾਸੂਸੀ ਹੋਈ, ਅਤੇ ਸ਼ਾਇਦ ਇਹ ਅਜੇ ਵੀ ਕੀਤੀ ਜਾ ਰਹੀ ਹੈ। ਅਸੀਂ ਜਾਣਦੇ ਹਾਂ ਕਿ 2010 'ਚ ਲੰਡਨ ਵਿਚ ਹੋਏ ਜਿਸ ਜੀ-20 ਸੰਮੇਲਨ ਵਿਚ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਸ਼ਾਮਲ ਹੋਏ, ਉਸ ਦੀ ਵੀ ਜਾਸੂਸੀ ਕੀਤੀ ਗਈ ਸੀ। ਇਹ ਜਾਸੂਸੀ ਐਨ.ਐਸ.ਏ. ਦੀ ਭੈਣ ਬਰਤਾਨਵੀ ਏਜੰਸੀ ਹਕੂਮਤੀ ਸੰਚਾਰ ਸਦਰ-ਮੁਕਾਮ (ਜੀ.ਸੀ.ਐਚ.ਕਿਊ.) ਨੇ ਕੀਤੀ ਸੀ।

ਜਾਸੂਸੀ ਦੇ ਮਾਮਲੇ 'ਚ ਬਰਾਜ਼ੀਲ ਹਿੰਦੁਸਤਾਨ ਤੋਂ ਕਿਤੇ ਘੱਟ ਸ਼ਿਕਾਰ ਹੋਇਆ, ਪਰ ਉਥੋਂ ਦੀ ਰਾਸ਼ਟਰਪਤੀ ਡਿਲਮਾ ਰੂਜ਼ੈਫ ਨੇ ਇਸੇ ਕਾਰਨ ਅਮਰੀਕਾ ਦਾ ਸਰਕਾਰੀ ਦੌਰਾ ਰੱਦ ਕਰ ਦਿੱਤਾ ਸੀ। ਰੂਜ਼ੈਫ ਨੂੰ ਐਨਾ ਗੁੱਸਾ ਚੜ੍ਹਿਆ ਕਿ ਉਸ ਨੇ ਇਸ ਬਾਬਤ ਮੁਆਫ਼ੀ ਅਤੇ ਡਿਜੀਟਲ ਜਾਸੂਸੀ ਖ਼ਤਮ ਕਰਨ ਦੀ ਮੰਗ ਕੀਤੀ। ਲੰਘੇ ਸਤੰਬਰ ਵਿਚ ਸੰਯੁਕਤ ਰਾਸ਼ਟਰ ਸਭਾ ਵਿਖੇ ਤਕਰੀਰ ਵਿਚ ਉਸ ਨੇ ਅਮਰੀਕੀ ਜਾਸੂਸੀ ਨੂੰ ਤਿੱਖਾ ਨਿਸ਼ਾਨਾ ਬਣਾਇਆ ਸੀ। ਹਿੰਦੁਸਤਾਨ ਨੇ ਨਾ ਕੁਝ ਬੋਲਿਆ ਤੇ ਨਾ ਕੁਝ ਕੀਤਾ। ਹਾਲਾਂਕਿ ਇਕ ਅਮਰੀਕੀ ਜੱਜ ਨੇ ਵੀ ਕਹਿ ਦਿੱਤਾ ਸੀ ਕਿ ਜ਼ਿਆਦਾਤਰ ਇਹੀ ਲਗਦਾ ਹੈ ਕਿ ਐਨ.ਐਸ.ਏ. ਵਲੋਂ ਕੀਤੀ ਜਾ ਰਹੀ ਜਨਤਕ ਜਾਸੂਸੀ ਤਾਂ ਅਮਰੀਕਾ ਦੇ ਅੰਦਰ ਵੀ ਗ਼ੈਰਕਾਨੂੰਨੀ ਲਗਦੀ ਹੈ। ਇਹ ਭਾਰਤ ਦੀ ਨਿੰਸਲ ਖ਼ਾਮੋਸ਼ੀ ਦਾ ਕ੍ਰਿਸ਼ਮਾ ਸੀ ਕਿ ਮਨਮੋਹਨ ਸਿੰਘ ਦੇ ਅਮਰੀਕਾ ਦੌਰੇ 'ਚ ਕੋਈ ਰੁਕਾਵਟ ਨਹੀਂ ਆਈ।

ਜਦੋਂ ਪਿਛਲੇ ਸਾਲ ਜੁਲਾਈ ਵਿਚ ਅਮਰੀਕੀ ਸਮੁੰਦਰੀ ਫ਼ੌਜ ਦੇ ਜਹਾਜ਼ ਨੇ ਦੁਬਈ ਵਾਲੇ ਪਾਸੇ ਮਛੇਰਿਆਂ ਦੀ ਨਿੱਕੀ ਜਿਹੀ ਕਿਸ਼ਤੀ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਇਆ, ਉਦੋਂ ਵੀ ਆਹਲਾ ਅਧਿਕਾਰੀਆਂ ਤੋਂ ਕੋਈ ਗੁਸੈਲ ਬਿਆਨ ਨਹੀਂ ਸਰੇ। ਉਦੋਂ ਅਮਰੀਕੀ ਜਹਾਜ਼ ਰੈਪਾਹਨੌਕ ਨੇ ਗੋਲੀਆਂ ਚਲਾ ਕੇ ਇਕ ਹਿੰਦੁਸਤਾਨੀ ਮਛੇਰੇ ਨੂੰ ਮਾਰ ਦਿੱਤਾ ਸੀ ਅਤੇ ਤਿੰਨ ਫੱਟੜ ਕਰ ਦਿੱਤੇ ਸਨ। ਇਨ੍ਹਾਂ ਚਾਰਾਂ ਸਮੇਤ ਕੁਲ ਛੇ ਮਛੇਰਿਆਂ ਦੀ ਇਹ ਟੋਲੀ ਤਾਮਿਲਨਾਡੂ ਦੇ ਰਾਮਨਾਥਪੁਰਮ ਤੋਂ ਸੀ। ਮਰਨੋਂ ਮਸਾਂ ਬਚੇ ਮਛੇਰਿਆਂ ਨੇ ਦੱਸਿਆ ਕਿ ਹਮਲਾ ਕਰਨ ਵਾਲਿਆਂ ਨੇ ਨਾ ਉਨ੍ਹਾਂ ਨੂੰ ਕੋਈ ਚੇਤਾਵਨੀ ਦਿੱਤੀ ਸੀ ਅਤੇ ਨਾ ਉਨ੍ਹਾਂ ਨੂੰ ਹਮਲੇ ਦਾ ਕੋਈ ਸੰਕੇਤ ਦਿੱਤਾ ਗਿਆ ਸੀ।

ਆਬੂਧਾਬੀ ਵਿਚ ਹਿੰਦੁਸਤਾਨੀ ਸਫ਼ੀਰ ਨੇ ਉਦੋਂ ਰਾਇਟਰਜ਼ ਖ਼ਬਰ ਏਜੰਸੀ ਨੂੰ ਦੱਸਿਆ: "ਜ਼ਾਹਿਰ ਹੈ ਕਿ ਜੇ ਉਨ੍ਹਾਂ ਨੂੰ ਚੇਤਾਵਨੀ ਦਿੱਤੀ ਗਈ ਹੁੰਦੀ, ਉਨ੍ਹਾਂ ਨੇ ਐਨੇ ਵੱਡੇ ਸਮੁੰਦਰੀ ਬੇੜੇ ਦੇ ਲਾਗੇ ਕਦੇ ਨਹੀਂ ਸੀ ਜਾਣਾ। ਜੇ ਹਵਾਈ ਫਾਇਰ ਵੀ ਕਰ ਦਿੰਦੇ, ਤਾਂ ਵੀ ਇਨ੍ਹਾਂ ਮਛੇਰਿਆਂ ਨੇ ਪਰ੍ਹਾਂ ਹਟ ਜਾਣਾ ਸੀ।" ਮੀਡੀਆ ਵਿਚ ਦੋ ਕੁ ਦਿਨ ਰਿਪੋਰਟਾਂ ਛਾਇਆ ਹੋਣ ਪਿੱਛੋਂ ਇਹ ਕਹਾਣੀ ਖ਼ਾਮੋਸ਼ੀ ਦੀ ਭੇਟ ਚੜ੍ਹ ਗਈ। ਉਦੋਂ ਵਿਦੇਸ਼ ਮਾਮਲਿਆਂ ਦਾ ਮੰਤਰੀ ਅੱਗ ਬਗੂਲਾ ਹੋ ਕੇ ਅਮਰੀਕਾ ਨੂੰ ਕੋਸਦਾ ਨਜ਼ਰ ਨਹੀਂ ਆਇਆ। ਨਾ ਸੰਸਦੀ ਮਾਮਲਿਆਂ ਦਾ ਮੰਤਰੀ ਇਸ ਤਰ੍ਹਾਂ ਦੇ ਬਿਆਨ ਦਿੰਦਾ ਨਜ਼ਰ ਆਇਆ: "ਲੋਕਾਚਾਰੀ ਲਈ ਅਫ਼ਸੋਸ ਜ਼ਾਹਰ ਕਰਨਾ ਕਾਫ਼ੀ ਨਹੀਂ ਹੈ। ਉਨ੍ਹਾਂ ਨੂੰ ਸਾਫ਼ ਸਾਫ਼ ਮੁਆਫ਼ੀ ਮੰਗਣੀ ਚਾਹੀਦੀ ਹੈ ਅਤੇ ਗ਼ਲਤੀ ਮੰਨਣੀ ਚਾਹੀਦੀ ਹੈ।" ਇਹ ਸਾਰਾ ਕੁਝ ਹਾਲੀਆ ਵਾਦ-ਵਿਵਾਦ ਲਈ ਰਾਖਵਾਂ ਸੀ। ਟੋਗੋ (ਪੱਛਮੀ ਅਫ਼ਰੀਕੀ ਮੁਲਕ) ਵਿਚ ਨਜਾਇਜ਼ ਹੀ ਜੇਲ੍ਹ ਵਿਚ ਡੱਕਿਆ ਹਿੰਦੁਸਤਾਨੀ ਜਹਾਜ਼ੀ ਅਮਲਾ ਮਹੀਨਿਆਂ ਬੱਧੀ ਉਡੀਕਦਾ ਰਿਹਾ ਕਿ ਉਨ੍ਹਾਂ ਦੀ ਹਕੂਮਤ ਕੁਝ ਕਰੇਗੀ। ਉਨ੍ਹਾਂ ਵਿਚੋਂ ਇਕ ਦੀ ਰਿਹਾਈ ਅਜੇ ਵੀ ਬਾਕੀ ਹੈ ਪਰ ਦੇਵਯਾਨੀ ਮਾਮਲੇ ਵਿਚ ਹਿੰਦੁਸਤਾਨ ਪਹਿਲੇ ਦਿਨ ਤੋਂ ਹੀ ਹਮਲੇ 'ਤੇ ਹੈ।

ਕਈ ਬਾਰਸੂਖ਼ ਹਿੰਦੋਸਤਾਨੀਆਂ ਨੂੰ ਅਮਰੀਕਾ ਵਿਚ ਹਵਾਈ ਅੱਡਿਆਂ ਉਪਰ ਜ਼ਲੀਲ ਕਰਨ ਵਾਲੀ ਜਿਸਮਾਨੀ ਤਲਾਸ਼ੀ ਤੇ ਜਾਂਚ ਵਿਚੋਂ ਲੰਘਣਾ ਪੈਂਦਾ ਰਿਹਾ ਹੈ। ਇਨ੍ਹਾਂ ਵਿਚ ਇਸ ਮੁਲਕ ਦੇ ਸਾਬਕਾ ਰਾਸ਼ਟਰਪਤੀ, ਅਮਰੀਕਾ ਵਿਚ ਕੰਮ ਕਰ ਰਹੇ ਸਫ਼ੀਰ ਅਤੇ ਹੋਰ ਕਈ ਜਣੇ ਸ਼ਾਮਲ ਹਨ। ਜਾਰਜ ਫਰਨਾਂਡੇਜ਼ ਨੂੰ ਰੱਖਿਆ ਮੰਤਰੀ ਹੋਣ ਸਮੇਂ ਦੋ ਵਾਰ ਜ਼ਲੀਲ-ਕਰੂ ਤਲਾਸ਼ੀ ਦਾ ਸ਼ਿਕਾਰ ਹੋਣਾ ਪਿਆ ਸੀ। ਇਨ੍ਹਾਂ ਵਿਚੋਂ ਇਕ ਤਾਂ ਅਮਰੀਕਾ ਦੇ ਸਾਬਕਾ ਉਪ ਵਿਦੇਸ਼ ਮੰਤਰੀ ਦੇ ਕਥਨ ਅਨੁਸਾਰ "ਕੱਪੜੇ ਉਤਾਰ ਕੇ ਲਈ ਤਲਾਸ਼ੀ" ਸੀ। ਹੋਰ ਤਾਂ ਹੋਰ, ਇਹ ਬਾਲੀਵੁੱਡ ਦੀਆਂ ਸਭ ਤੋਂ ਮਸ਼ਹੂਰ ਹਸਤੀਆਂ ਨਾਲ ਵੀ ਹੋਇਆ ਪਰ ਇਨ੍ਹਾਂ ਵਿਚੋਂ ਕਿਸੇ ਬਾਰੇ ਵੀ ਉਸ ਤਰ੍ਹਾਂ ਦਾ ਪ੍ਰਤੀਕਰਮ ਨਹੀਂ ਆਇਆ ਜਿਵੇਂ ਖੋਬਰਾਗੜੇ ਮਾਮਲੇ 'ਚ ਦੇਖਣ ਨੂੰ ਮਿਲਿਆ।

ਕਿਉਂ? ਕਿਉਂਕਿ ਉਸ ਦੇ ਖ਼ਿਲਾਫ਼ ਜਿਹੜੇ ਇਲਜ਼ਾਮ ਹਨ, ਉਹ ਸਾਡੇ ਸਫ਼ਾਰਤੀ ਅਤੇ ਵਣਜ ਦੂਤਾਵਾਸ ਅਮਲੇ ਦੀ ਬਹੁਤ ਵੱਡੀ ਤਾਦਾਦ ਉਪਰ ਲਾਗੂ ਹੋ ਸਕਦੇ ਹਨ; ਤੇ ਉਹ ਵੀ ਸਿਰਫ਼ ਨਿਊ ਯਾਰਕ ਵਿਚ ਨਹੀਂ। ਜੇ ਭਲਾ ਇਹ ਬਾਕੀ ਅਮਲਾ ਵੀ ਉਸ ਮੁਕੱਦਮੇ ਦੀ ਜ਼ੱਦ ਵਿਚ ਆ ਗਿਆ, ਜ਼ਰਾ ਉਸ ਭਾਰੀ ਉਲਝਣ ਬਾਰੇ ਸੋਚ ਕੇ ਦੇਖੋ! ਆਖ਼ਿਰ, ਜਿਨ੍ਹਾਂ ਘਰੇਲੂ ਨੌਕਰਾਣੀਆਂ ਨਾਲ ਠੱਗੀ ਕੀਤੀ ਗਈ, ਉਹ ਵੀ ਤਾਂ ਹਿੰਦੁਸਤਾਨੀ ਨਾਗਰਿਕ ਹਨ। ਜੇ ਕਿਸੇ ਸੰਸਥਾ ਨੇ ਇਹ ਸਾਰੇ ਮਾਮਲੇ ਇਕੱਠੇ ਚੁੱਕ ਲਏ ਅਤੇ ਅਮਰੀਕੀ ਅਦਾਲਤਾਂ ਵਿਚ ਇਕ ਪੂਰੇ ਸਮੂਹ ਵਲੋਂ ਕਾਨੂੰਨੀ ਦਾਅਵਾ ਠੋਕ ਦਿੱਤਾ, ਤਾਂ ਫਿਰ ਕੀ ਬਣੂੰ? ਇਹ ਪੂਰੀ ਤਰ੍ਹਾਂ ਤਰਕਸੰਗਤ ਹੋਵੇਗਾ ਅਤੇ ਇਸ ਨਾਲ ਹਿੰਦੁਸਤਾਨੀ ਹਕੂਮਤ ਨੂੰ ਦਹਿ-ਲੱਖਾਂ ਡਾਲਰਾਂ ਦੇ ਰੂਪ 'ਚ ਭਾਰੀ ਮੁੱਲ ਚੁਕਾਉਣਾ ਪੈ ਸਕਦਾ ਹੈ।

ਘੱਟ ਤਨਖ਼ਾਹ ਦੇਣ ਦਾ ਸਵਾਲ: ਦੇਵਯਾਨੀ ਮਾਮਲੇ ਵਿਚ ਉਠਾਏ ਕਿਰਤ ਅਤੇ ਲੁੱਟ-ਖਸੁੱਟ ਦੇ ਮੁੱਦਿਆਂ ਨੂੰ ਮੀਡੀਆ ਵਿਚ ਬਹੁਤ ਮਹਿਦੂਦ ਥਾਂ ਦਿੱਤੀ ਜਾਂਦੀ ਹੈ। ਘਰਾਂ ਵਿਚ ਕੰਮ ਕਰਨ ਵਾਲਿਆਂ ਦੇ ਹੱਕ 'ਚ ਆਵਾਜ਼ ਉਠਾਉਣ ਵਾਲੀਆਂ ਯੂਨੀਅਨਾਂ ਅਤੇ ਕਾਰਕੁਨਾਂ ਕੋਲ ਕਹਿਣ ਲਈ ਬੜਾ ਕੁਝ ਹੈ, ਪਰ ਅਕਸਰ ਹੀ ਉਨ੍ਹਾਂ ਦੀ ਗੱਲ ਅਣਸੁਣੀ ਕਰ ਦਿੱਤੀ ਜਾਂਦੀ ਹੈ। ਅੱਜ ਤਕ ਹਿੰਦੁਸਤਾਨ ਨੇ ਕੌਮਾਂਤਰੀ ਕਿਰਤ ਜਥੇਬੰਦੀ (ਆਈ.ਐਲ.ਓ.) ਦੀ ਘਰਾਂ ਵਿਚ ਕੰਮ ਕਰਨ ਵਾਲਿਆਂ ਬਾਬਤ ਕਨਵੈਨਸ਼ਨ 2011 (189) ਉਪਰ ਵੀ ਦਸਖ਼ਤ ਨਹੀਂ ਕੀਤੇ ਹਨ।

ਦੇਵਯਾਨੀ ਮਾਮਲੇ ਦੀ ਪੂਰੀ ਸਚਾਈ ਤਾਂ ਅਜੇ ਸਾਹਮਣੇ ਆਉਣੀ ਹੈ ਪਰ ਜਿਨ੍ਹਾਂ ਤੋਂ ਹਿੰਦੁਸਤਾਨੀ ਲੋਕ ਘਰਾਂ ਵਿਚ ਕੰਮ ਕਰਵਾਉਂਦੇ ਹਨ, ਉਨ੍ਹਾਂ ਨੂੰ ਘੱਟ ਤਨਖ਼ਾਹ ਦੇਣਾ ਅਤੇ ਮਾੜਾ ਵਰਤਾਓ ਆਮ ਗੱਲ ਹੈ ਅਤੇ ਇਹ ਘਿਨਾਉਣੇ ਰੂਪ 'ਚ ਮੌਜੂਦ ਹੈ। ਅਮਰੀਕਾ ਵਿਚ ਵੀ ਅਤੇ ਹੋਰ ਥਾਈਂ ਵੀ। ਅਸਲ ਵਿਚ, ਨਿਊ ਯਾਰਕ ਵਿਚ ਅਜਿਹੇ ਕਾਮਿਆਂ ਨੂੰ ਜਥੇਬੰਦ ਕਰਨ ਲਈ 1990ਵਿਆਂ ਵਿਚ ਕਾਰਕੁਨਾਂ ਦੇ ਗਰੁੱਪ ਉਭਰੇ ਜੋ ਅਣਮਨੁੱਖੀ ਵਤੀਰੇ ਤੋਂ ਉਨ੍ਹਾਂ ਦੀ ਰਾਖੀ ਕਰਦੇ ਹਨ। ਇਹ ਆਪਣੇ ਆਪ ਵਿਚ ਹੀ ਬਥੇਰੀਆਂ ਕਹਾਣੀਆਂ ਹਨ। ਅਕਸਰ ਹੀ ਹਿੰਦੁਸਤਾਨ ਤੋਂ ਘਰੇਲੂ ਕੰਮ ਕਰਨ ਵਾਲਿਆਂ ਨੂੰ 'ਟੱਬਰ ਦੇ ਜੀਅ' ਦੱਸ ਕੇ ਅਮਰੀਕਾ ਸੱਦਿਆ ਜਾਂਦਾ ਹੈ। ਇਥੇ ਆਉਂਦੇ ਸਾਰ ਇਹ 'ਟੱਬਰ' ਵਾਲੇ ਇਨ੍ਹਾਂ ਵਿਚੋਂ ਕਈਆਂ ਦੇ ਪਾਸਪੋਰਟ ਖੋਹ ਲੈਂਦੇ ਹਨ। ਇਨ੍ਹਾਂ ਵਿਚੋਂ ਕਈ ਕਾਮਿਆਂ ਨੂੰ ਕਈ ਕਈ ਹਫ਼ਤੇ ਅਪਾਰਟਮੈਂਟਾਂ ਜਾਂ ਘਰਾਂ ਵਿਚ ਡੱਕ ਕੇ ਉਨ੍ਹਾਂ ਦੇ 'ਟੱਬਰ' ਛੁੱਟੀਆਂ ਮਨਾਉਣ ਤੁਰ ਜਾਂਦੇ ਹਨ ਅਤੇ ਉਨ੍ਹਾਂ ਨੂੰ ਨਿਗੂਣਾ ਜਿਹਾ ਰਾਸ਼ਨ ਦੇ ਕੇ ਭੁੱਖੇ ਮਰਨ ਲਈ ਛੱਡ ਜਾਂਦੇ ਹਨ।

ਇਹ ਪਹਿਲੀ ਵਾਰ ਨਹੀਂ ਹੋਇਆ ਕਿ ਅਜਿਹੇ ਕਿਸੇ ਮਾਮਲੇ ਵਿਚ ਅਮਰੀਕੀ ਕਾਨੂੰਨੀ ਮਸ਼ੀਨਰੀ ਹਰਕਤ 'ਚ ਆਈ ਹੋਵੇ। ਹੋਰ ਮਿਸਾਲਾਂ ਵੀ ਇਸ ਤੋਂ ਘੱਟ ਸ਼ਰਮਨਾਕ ਨਹੀਂ। ਹਾਲਾਂਕਿ, ਜੇ ਇਹ ਮੁਕੱਦਮਾ ਠੋਕਣ ਵਾਲੇ ਸਾਰੇ ਗੁਨਾਹਗਾਰਾਂ ਨੂੰ ਇਸ ਵਿਚ ਧਰ ਲੈਂਦੇ ਹਨ ਤਾਂ ਇਥੇ ਇਸ ਲਾਣੇ ਦਾ ਬਹੁਤ ਵੱਡਾ ਹਿੱਸਾ ਖ਼ਤਰੇ ਦੇ ਮੂੰਹ ਆ ਜਾਵੇਗਾ। ਇਸੇ ਕਰ ਕੇ ਕਿਹਾ ਜਾ ਰਿਹਾ ਹੈ, "ਲੋਕਾਚਾਰੀ ਲਈ ਅਫ਼ਸੋਸ ਜ਼ਾਹਰ ਕਰਨਾ ਕਾਫ਼ੀ ਨਹੀਂ ਹੈ।" ਹਿੰਦੁਸਤਾਨੀ ਹਕੂਮਤ ਚਾਹੁੰਦੀ ਹੈ ਕਿ ਇਹ ਪੂਰੀ ਕਾਰਵਾਈ ਰਫ਼ਾ-ਦਫ਼ਾ ਕਰ ਦਿੱਤੀ ਜਾਵੇ।

ਘੱਟ ਤਨਖ਼ਾਹ ਇਕ ਹੋਰ ਕਹਾਣੀ ਹੈ। ਹਿੰਦੁਸਤਾਨ ਵਿਚ ਇਹ ਸਭ ਤੋਂ ਦੁਖਦਾਈ ਆਮ ਵਿਹਾਰ ਹੈ। ਤੇ ਇਹ ਨਿਰਾ ਘਰੇਲੂ ਕੰਮ ਕਰਨ ਵਾਲਿਆਂ ਨਾਲ ਹੀ ਨਹੀਂ ਹੁੰਦਾ। ਮਸਲਨ, ਭਾਰਤ ਵਿਚ ਕਈ ਪ੍ਰਾਈਵੇਟ ਕਾਲਜ ਅਜਿਹੇ ਹਨ ਜੋ ਲੈਕਚਰਾਰਾਂ ਨੂੰ ਦਿਖਾਵੇ ਵਜੋਂ ਯੂ.ਜੀ.ਸੀ. ਤਨਖ਼ਾਹ-ਸਕੇਲਾਂ ਦੇ ਆਧਾਰ 'ਤੇ ਨੌਕਰੀ ਉਪਰ ਰੱਖਦੇ ਹਨ। ਹਕੀਕਤ ਵਿਚ, ਉਨ੍ਹਾਂ ਨੂੰ ਇਸ ਦਾ ਥੋੜ੍ਹਾ ਜਿਹਾ ਹਿੱਸਾ ਹੀ ਦਿੱਤਾ ਜਾਂਦਾ ਹੈ ਪਰ ਇਸ ਨੂੰ 'ਸਾਧਾਰਨ' ਗੱਲ ਹੀ ਮੰਨਿਆ ਜਾਂਦਾ ਹੈ। ਵਿਦੇਸ਼ਾਂ ਵਿਚ ਇਨਸਾਨਾਂ ਦਾ ਵਪਾਰ ਕਰਨ ਵਾਲੀਆਂ ਗਿਰਝਾਂ ਵਲੋਂ ਅਵਾਮ ਨਾਲ ਠੱਗੀ ਨੂੰ ਵੀ 'ਸਾਧਾਰਨ' ਗੱਲ ਹੀ ਮੰਨਿਆ ਜਾਂਦਾ ਹੈ। ਖਾੜੀ ਦੇ ਕਈ ਮੁਲਕ ਦਹਾਕਿਆਂ ਤੋਂ ਇਸ ਵਪਾਰ ਆਸਰੇ ਮੌਜਾਂ ਕਰ ਰਹੇ ਹਨ।

ਇਸ ਕਰ ਕੇ ਜਦੋਂ ਵਿਦੇਸ਼ ਵਿਚ ਇਹ ਮੁਕੱਦਮਾ ਕਰਨ ਵਾਲੇ ਅਜਿਹੇ ਵਿਹਾਰ ਨੂੰ ਸਾਧਾਰਨ ਗੱਲ ਵਜੋਂ ਪ੍ਰਵਾਨ ਨਹੀਂ ਕਰਦੇ, ਫਿਰ ਖ਼ੌਫ਼ ਤਾਂ ਪੈਦਾ ਹੋਣਾ ਹੀ ਹੋਇਆ; ਜ਼ਿਆਦਾ ਇਸ ਕਾਰ ਕੇ, ਕਿਉਂਕਿ ਇਸ ਦਾ ਅਸਰ ਹਿੰਦੁਸਤਾਨੀ ਕੁਲੀਨ ਅਧਿਕਾਰੀਆਂ ਉਪਰ ਪੈਂਦਾ ਹੈ। ਅਸੀਂ ਤਾਂ ਪੁਰਾਤਨ ਹਿੰਦੁਸਤਾਨੀ ਕੁਲੀਨ ਪਰੰਪਰਾ ਨੂੰ ਚਾਰ ਚੰਨ ਲਾਉਣ ਲਈ ਐਨਾ ਕੁਝ ਕਰਦੇ ਰਹੇ ਹਾਂ। ਫਿਰ ਕਿਸੇ ਦੀ ਹਿੰਮਤ ਕਿਵੇਂ ਹੈ ਇਸ ਨੂੰ ਵੰਗਾਰਦਾ ਫਿਰੇ?

ਹਿੰਦ-ਅਮਰੀਕਾ ਪਰਮਾਣੂ ਸਮਝੌਤਾ ਮੀਡੀਆ ਪੁਣ-ਛਾਣ ਦੀ ਮੰਗ ਵੀ ਕਰਦਾ ਹੈ ਤੇ ਹਕੂਮਤੀ ਕਾਰਵਾਈ ਦੀ ਮੰਗ ਵੀ। ਅੱਜ ਤਕ, ਹਿੰਦੁਸਤਾਨ ਨੇ ਇਸ ਨੂੰ ਘੋਖਣ ਲਈ ਕੋਈ ਤਰੱਦਦ ਨਹੀਂ ਕੀਤਾ, ਕਿ ਆਖ਼ਿਰ ਇਹ ਕਾਹਦੀ ਖ਼ਾਤਰ ਸਹੀਬੰਦ ਕੀਤਾ ਗਿਆ ਸੀ। ਇਥੇ ਗੁਸੈਲ ਪ੍ਰਤੀਕਰਮ ਅਤੇ ਹਰਜਾਨਾ ਪੂਰਤੀ ਦੀਆਂ ਮੰਗਾਂ ਕਿਧਰ ਗਈਆਂ? ਅਸਲ 'ਚ, ਅਮਰੀਕੀ ਹਕੂਮਤ ਨੇ ਮੰਗ ਕੀਤੀ ਹੈ ਕਿ ਜੇ ਭਾਰਤ ਉਸ ਪਰਮਾਣੂ ਸਮਝੌਤੇ ਨੂੰ ਲਾਗੂ ਕਰਾਉਣਾ ਚਾਹੁੰਦਾ ਹੈ ਤਾਂ ਭਾਰਤ ਨੂੰ ਆਪਣੇ ਜਵਾਬਦੇਹੀ ਕਾਨੂੰਨ ਬਦਲਣੇ ਹੋਣਗੇ। ਹਿੰਦੁਸਤਾਨੀ ਹਕੂਮਤ ਤਾਂ ਬਸ ਇੰਨੀ ਮੰਗ ਹੀ ਕਰ ਰਹੀ ਹੈ ਕਿ ਖੋਬਰਾਗੜੇ ਮਾਮਲੇ 'ਚ ਦੋਸ਼ ਵਾਪਸ ਲਏ ਜਾਣ। ਅਮਰੀਕਨ ਚਾਹੁੰਦੇ ਹਨ ਕਿ ਭਾਰਤ ਆਪਣੇ ਕਾਨੂੰਨ ਬਦਲ ਲਵੇ; ਉਨ੍ਹਾਂ ਕਾਨੂੰਨਾਂ ਨੂੰ ਵੀ ਜੋ ਅਜ਼ਮਾਏ ਹੋਏ ਹਨ ਅਤੇ ਜਿਨ੍ਹਾਂ ਨੂੰ ਭਾਰਤ ਦੀ ਸੁਪਰੀਮ ਕੋਰਟ ਵੀ ਬੁਲੰਦ ਕਰਦੀ ਹੈ। ਅਜੇ ਹੁਣੇ ਹੀ ਭਾਰਤ ਬਾਲੀ ਵਿਚ ਹੋਏ ਉਸ ਸਮਝੌਤੇ ਨੂੰ "ਹਰ ਕਿਸੇ ਲਈ ਫ਼ਾਇਦੇਮੰਦ" ਆਖ ਕੇ 'ਜਿੱਤ' ਦੇ ਜਸ਼ਨ ਮਨਾ ਕੇ ਹਟਿਆ ਹੈ ਜਿਸ ਦਾ ਇਸ ਵਕਤ ਖ਼ੁਰਾਕ ਸੁਰੱਖਿਆ ਨਾਲ ਸ਼ਾਇਦ ਹੀ ਕੋਈ ਲੈਣਾ-ਦੇਣਾ ਹੈ ਪਰ ਇਸ ਦਾ ਭਵਿੱਖੀ ਵਪਾਰ ਨਾਲ ਬਹੁਤ ਕੁਝ ਜੁੜਿਆ ਹੋਇਆ ਹੈ। ਇਥੇ ਇਕ ਵਾਰ ਫਿਰ ਸਖ਼ਤ ਪ੍ਰਤੀਕਰਮ ਦੀ ਉਘੜਵੀਂ ਅਣਹੋਂਦ ਨਜ਼ਰੀਂ ਪੈਂਦੀ ਹੈ। ਇਸ ਮਾਮਲੇ ਵਿਚ ਸਾਜ਼ਿਸ਼ ਦੀ ਕੋਈ ਹਾਏ-ਤੌਬਾ ਨਹੀਂ ਮਚੀ। ਇੰਨਾ ਵੀ ਨਹੀਂ ਕਿ ਵਸੂਲੀ ਦੀਆਂ ਜਾਇਜ਼ ਦਰਾਂ ਕੀ ਹੋਣਗੀਆਂ। ਇਸ ਤਰ੍ਹਾਂ ਦੀ ਸੂਚੀ ਬੇਅੰਤ ਹੈ। ਪਰ ਜਿਥੇ ਮਾਮਲਾ ਮਹਿਜ਼ ਇਕ ਦੂਤਾਵਾਸ ਅਧਿਕਾਰੀ ਦਾ ਹੈ, ਉਥੇ ਹੈਰਤਅੰਗੇਜ਼ ਹੱਦ ਤਕ ਰੋਸ ਪ੍ਰਗਟਾਇਆ ਜਾ ਰਿਹਾ ਹੈ। ਇਹ ਸੰਭਵ ਹੈ ਕਿ ਪਰਦੇ ਪਿੱਛੇ ਬਹੁਤ ਕੁਝ ਚੱਲ ਰਿਹਾ ਹੋਵੇ ਜਿਸ ਦੀ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਹੈ। ਅਜੇ ਤਾਂ ਖੋਬਰਾਗੜੇ ਦੀਆਂ ਅਮਰੀਕਾ ਵਿਚਲੀਆਂ ਉਲਝਣਾਂ ਹੀ ਨਹੀਂ ਮੁੱਕੀਆਂ, ਹੁਣ ਭਾਰਤ ਵਿਚ ਉਸ ਅੱਗੇ ਹੋਰ ਖੜ੍ਹੀਆਂ ਹੋ ਗਈਆਂ ਹਨ। ਉਸ ਦਾ ਨਾਂ ਆਦਰਸ਼ ਘੁਟਾਲੇ ਬਾਰੇ ਕਮਿਸ਼ਨ ਦੀ ਰਿਪੋਰਟ ਵਿਚ ਬੋਲ ਰਿਹਾ ਹੈ। ਉਹ ਉਨ੍ਹਾਂ ਬਹੁਤ ਸਾਰੀਆਂ ਅਯੋਗ ਹਸਤੀਆਂ ਵਿਚੋਂ ਇਕ ਹੈ ਜਿਨ੍ਹਾਂ ਨੇ ਆਦਰਸ਼ ਸੁਸਾਇਟੀ ਵਿਚ ਨਾਜਾਇਜ਼ ਫਲੈਟ ਲਏ ਹੋਏ ਹਨ।

ਅਮਰੀਕਾ ਵਲੋਂ ਉਸ ਦੇ ਖ਼ਿਲਾਫ਼ ਦੋਸ਼ ਵਾਪਸ ਲੈਣ ਦੀ ਮੰਗ ਰੱਦ ਕਰਨ ਨਾਲ ਮਾਮਲਾ ਹੋਰ ਵੀ ਨਾਜ਼ੁਕ ਹੋ ਜਾਵੇਗਾ। ਅਸਲ ਵਿਚ ਇਹ ਅਸੂਲਾਂ ਦਾ ਮਾਮਲਾ ਹੈ, ਨਾ ਕਿ ਖੋਬਰਾਗੜੇ ਦਾ ਵਿਅਕਤੀਗਤ; ਪਰ ਜੇ ਕਿਸੇ ਤਰ੍ਹਾਂ ਦਾ ਕੋਈ ਆਹਮਣਾ-ਸਾਹਮਣਾ ਹੁੰਦਾ ਵੀ ਹੈ, ਇਹ ਉਨ੍ਹਾਂ ਵਿਚੋਂ ਕਿਸੇ ਮੁੱਦੇ ਉਪਰ ਨਹੀਂ ਹੋਣਾ ਜਿਨ੍ਹਾਂ ਉਪਰ ਸਾਨੂੰ ਅਮਰੀਕਾ ਨਾਲ ਟੱਕਰ ਲੈਣ ਦੀ ਲੋੜ ਹੈ। ਇਹ ਮਹਿਜ਼ ਉਸ ਆਧਾਰ 'ਤੇ ਹੋਵੇਗਾ ਜੋ ਭਾਰਤੀ ਦਾ ਆਪਣੇ ਨੌਕਰਾਂ ਨਾਲ ਠੱਗੀ ਕਰਨ ਤੇ ਕਾਮਿਆਂ ਦੀ ਲੁੱਟ-ਖਸੁੱਟ ਕਰਨ ਦਾ ਪਰੰਪਰਾਗਤ 'ਹੱਕ' ਹੈ।



ਸੰਗੀਤਾ ਰਿਚਰਡ

***ਦੇਵਯਾਨੀ ਮਾਮਲੇ ਦੀ ਪੂਰੀ ਸਚਾਈ ਤਾਂ ਅਜੇ ਸਾਹਮਣੇ ਆਉਣੀ ਹੈ ਪਰ ਜਿਨ੍ਹਾਂ ਤੋਂ ਹਿੰਦੁਸਤਾਨੀ ਲੋਕ ਘਰਾਂ ਵਿਚ ਕੰਮ ਕਰਵਾਉਂਦੇ ਹਨ, ਉਨ੍ਹਾਂ ਨੂੰ ਘੱਟ ਤਨਖ਼ਾਹ ਦੇਣਾ ਅਤੇ ਮਾੜਾ ਵਰਤਾਓ ਆਮ ਗੱਲ ਹੈ ਅਤੇ ਇਹ ਘਿਨਾਉਣੇ ਰੂਪ 'ਚ ਮੌਜੂਦ ਹੈ।***



ਦੇਵਯਾਨੀ ਖੋਬਰਾਗੜੇ

## ਦੇਸ-ਪਰਦੇਸ

### ਭਾਰਤੀ ਇਮੀਗਰੇਸ਼ਨ ਘੁਟਾਲੇ ਤਹਿਤ 19 ਗ੍ਰਿਫਤਾਰ

**ਲੰਡਨ:** ਇਥੇ ਇਮੀਗਰੇਸ਼ਨ ਘੁਟਾਲੇ ਦਾ ਪਰਦਾਫਾਸ਼ ਕਰਦਿਆਂ, ਮਾਰੇ ਗਏ ਛਾਪਿਆਂ ਦੌਰਾਨ ਭਾਰਤ ਤੋਂ ਲਿਆਂਦੇ 19 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ 'ਤੇ ਦੋਸ਼ ਹੈ ਕਿ ਇਹ ਸਿੱਖ ਪ੍ਰਚਾਰਕਾਂ ਵਜੋਂ ਇਥੇ ਆਏ ਸਨ। ਸੂਤਰਾਂ ਅਨੁਸਾਰ ਮਾਨਚੈਸਟਰ ਆਧਾਰਤ ਖਾਲਸਾ ਮਿਸ਼ਨਰੀ ਸੁਸਾਇਟੀ ਦੇ ਕਾਰਜਾਂ ਦੀ ਚੱਲ ਰਹੀ ਪੜਤਾਲ ਦੇ ਆਧਾਰ 'ਤੇ ਛਾਪੇ ਮਾਰੇ ਗਏ।

ਇਹ ਛਾਪੇ ਬਰਮਿੰਘਮ, ਲੈਸੈਸਟਰ, ਸਾਊਥਹੈਂਪਟਨ, ਸਾਊਥਹਾਲ ਆਦਿ ਥਾਵਾਂ 'ਤੇ ਮਾਰੇ ਗਏ। ਗ੍ਰਿਹ ਵਿਭਾਗ ਦੀ ਅਪਰਾਧ ਰੋਕੂ ਟੀਮ ਦੇ ਅਧਿਕਾਰੀ ਨਿਕ ਵੁੱਡ ਨੇ ਦੱਸਿਆ ਕਿ ਇਸ ਸਬੰਧ ਵਿਚ ਬਰਤਾਨੀਆ ਭਰ ਵਿਚ ਵੱਡੇ ਪੱਧਰ 'ਤੇ ਕਾਰਵਾਈ ਕੀਤੀ ਜਾ ਰਹੀ ਹੈ। ਹੁਣ ਸਾਰੇ ਦਸਤਾਵੇਜ਼ਾਂ ਦੀ ਘੋਖ ਕੀਤੀ ਜਾ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਨ੍ਹਾਂ ਵਿਅਕਤੀਆਂ ਨੂੰ ਭਾਰਤ ਤੋਂ ਧਾਰਮਿਕ ਪ੍ਰਚਾਰ ਦੇ ਮਕਸਦ ਨਾਲ ਇਥੇ ਲਿਆਂਦਾ ਗਿਆ ਸੀ। ਜਾਂਚ ਟੀਮਾਂ ਵੱਲੋਂ ਫੜੇ ਗਏ ਵਿਅਕਤੀਆਂ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਤੇ ਇਨ੍ਹਾਂ ਦੀਆਂ ਰਿਹਾਇਸ਼ਗਾਹਾਂ ਦਾ ਪਤਾ ਲਾਇਆ ਜਾ ਰਿਹਾ ਹੈ।

# ਭਗਤ ਕਾਲਾ ਕੁੱਤਾ

**ਸੁਖਦੇਵ ਸਿੱਧੂ**

ਪਾਕਿਸਤਾਨੋਂ ਉਜੜ ਕੇ ਆਏ ਮੇਰੇ ਘਰ ਦੇ ਅਜੇ ਤਿੰਨ-ਚਾਰ ਮਹੀਨੇ ਹੀ ਪਿੰਡ ਬੈਠੇ ਸੀ। ਹੋਰ ਰਾਹ ਖੁੱਲ੍ਹ ਗਿਆ। ਦਾਦੀ ਦੱਸਦੀ ਹੁੰਦੀ ਕਿ ਉਹ ਦਿਨ ਬਾਹਲੇ ਔਖੇ ਸੀ। ਉਜਾੜੇ ਦਾ ਦੁੱਖ ਬਹੁਤਾ ਸੀ। ਝੱਟ 'ਚ ਲੱਖੋਂ ਕੱਖ ਦੇ ਹੋ ਗਏ, ਦਿਨਾਂ ਵਿਚ ਹੀ। ਦਿਨਾਂ ਦਾ ਗੇੜ, ਮੁਹਾਵਰਾ ਸ਼ਾਇਦ ਇਸੇ ਕਰ ਕੇ ਹੀ ਬਣਿਆ ਹੈ ਤੇ ਦਿਨ ਬਦਲਦਿਆਂ ਨੂੰ ਵੀ ਅੱਖ ਦਾ ਫੋਰ ਲਗਦਾ ਹੈ।

ਫਿਰ ਸਬੱਬ ਬਣ ਗਿਆ। ਬਾਬੇ ਦੇ ਜਾਣੂੰ ਜੇਹਲਮੀਆਂ ਨੂੰ ਪਤਾ ਲੱਗ ਗਿਆ ਕਿ ਰਾਮ ਸਿਉਂ ਖਾਲਮ-ਖਾਲੀ ਹੋ ਕੇ ਬਾਰ ਵਿਚੋਂ ਆਇਆ ਹੈ। ਲੁੱਟ-ਪੁੱਟ ਹੋ ਕੇ। ਉਹ ਇਨ੍ਹਾਂ ਨੂੰ ਲੈਣ ਆ ਗਏ। ਕਹਿੰਦੇ, ਰਾਮ ਸਿਆਂ, ਸਾਡੇ ਨਾਲ ਚੱਲ, ਇਥੇ ਵੀ ਤੂੰ ਕੀ ਕਰੇਂਗਾ? ਉਥੇ ਆ ਕੇ ਜ਼ਮੀਨ ਸਾਂਭ ਲੈ। ਮੁੜ ਵਾਹੀ ਖੇਤੀ ਕਰ ਲੈ। ਬਾਬੇ ਦੇ ਮਨ ਨੂੰ ਇਹ ਗੱਲ ਭਾਅ ਗਈ। ਉਹ ਅੱਧਾ ਟੱਬਰ ਲੈ ਕੇ ਸਿੰਘਪੁਰੇ (ਕਾਗਜ਼ਾਂ ਵਿਚ ਸਿੰਘਪੁਰ) ਚਲੇ ਗਿਆ। ਲਾਗਲੇ, ਹੋਰ ਪਿੰਡ। ਸਤਲੁਜ ਦਰਿਆ ਦੇ ਕੰਢੇ, ਬੇਟ 'ਚ। ਪਿੰਡੋਂ 3-4 ਮੀਲ, ਦੱਖਣ ਵੱਲ।

ਮੁਸਲਮਾਨ ਵੀ ਵਿਚਾਰੇ ਇਧਰੋਂ ਇੱਦਾਂ ਹੀ ਉਠ ਕੇ ਗਏ ਸੀ। ਵਸਦੇ-ਰਸਦੇ। ਨੰਗ-ਮਲੰਗ ਹੋ ਕੇ। 'ਆਪਣੇ' ਮੁਲਕ 'ਚੋਂ 'ਆਪਣੇ' ਮੁਲਕ ਜਾਣ ਨੂੰ। ਆਵਦੀ ਮਨ ਮਰਜ਼ੀ ਦੇ ਖਿਲਾਫ। ਸਭ ਕੁਝ ਪਿੱਛੇ ਛੱਡ ਕੇ ਜਾਣਾ ਪਿਆ ਸੀ। ਉਦਾਂ ਹੀ ਜਿੱਦਾਂ ਮੇਰਾ ਬਾਬਾ ਛੱਡ ਆਇਆ ਸੀ। ਉਨ੍ਹਾਂ ਦਾ ਮਾਲ ਡੰਗਰ ਪਿੰਡਾਂ ਦੇ ਬਦਮਾਸ਼ਾਂ ਜਾਂ ਤਕੜਿਆਂ ਨੇ ਦਬੋਚ ਲਿਆ ਸੀ। ਸੁਆਰਥੀਆਂ ਨੇ ਲੁੱਟ ਵੀ ਕੀਤੀ ਸੀ। ਕਈ ਤਾਂ ਮੁਸਲਮਾਨਾਂ ਦੇ ਬੈਠਿਆਂ 'ਤੇ ਹੀ ਵਧੀਕੀਆਂ ਕਰਨ ਲੱਗ ਪਏ ਸੀ। ਮਾਲ-ਢਾਂਡਾ ਖੋਲ੍ਹਣਾ ਸ਼ੁਰੂ ਕਰ ਦਿੱਤਾ ਸੀ। ਅੱਖਾਂ ਪਰੇ ਕਰਦਿਆਂ ਸਮਾਨ ਲੁੱਟ ਲਿਆ ਸੀ। ਕਈ ਥੁੜਿਆਂ ਨੇ ਘਰ ਵਸਾਉਣ ਲਈ ਮੁਸਲਮਾਨਾਂ ਦੀਆਂ ਧੀਆਂ ਭੈਣਾਂ 'ਤੇ ਅੱਖਾਂ ਰੱਖ ਲਈਆਂ। ਕੁਝ ਕੁ ਨੇ ਜ਼ੋਰ ਨਾਲ ਚੱਕ ਵੀ ਲਿਆਂਦੀਆਂ। ਇਹੋ ਕੁਝ ਉਧਰ ਹੋਇਆ।

ਸਿੰਘਪੁਰੇ ਬਾਬਾ ਆ ਕੇ ਜਿਸ ਮਕਾਨ 'ਚ ਬੈਠਾ, ਉਹ ਵੀ ਮੁਸਲਮਾਨ ਛੱਡ ਕੇ ਗਏ ਸੀ। ਸਰਦੇ-ਪੁੱਜਦੇ ਲਗਦੇ ਸੀ। ਵਿਚੇ ਆਟਾ ਪੀਹਣ ਵਾਲੀ ਚੱਕੀ ਲੱਗੀ ਹੋਈ ਸੀ। ਉਦਾਂ ਹੀ ਛੱਡ ਗਏ ਸੀ। ਹੁਣ ਰੁੰਡ-ਮਰੁੰਡ ਸੀ; ਲੁੱਟ ਵਾਲੇ ਇਹਦਾ ਸਮਾਨ ਲਾਹ ਕੇ ਲੈ ਗਏ ਸੀ।

ਸਾਰੇ ਜੀਆਂ ਰਲ ਕੇ ਪੋਹਰਿਆ ਪੋਹਰਿਆ ਕਰ ਕੇ ਮਿਹਨਤ ਕੀਤੀ ਤੇ ਬਾਬੇ ਦੀ ਵਾਹੀ ਫਿਰ ਚੱਲ ਪਈ। ਲਹਿਰ ਬਹਿਰ ਹੋਣ ਲੱਗ ਪਈ। ਪਿੰਡ ਵਾਲੇ ਸੜਦੇ। ਬਾਬੇ ਨੇ ਕਾਲਾ ਕਤੂਰਾ ਲੈ ਆਂਦਾ। ਨਜ਼ਰਵੱਟੂ। ਨਿੱਕੀ-ਜਿਹੀ ਮਲੂਕੜੀ ਜਿੰਦ। ਬੜੇ ਚਾਅ ਨਾਲ ਪਾਲਿਆ ਇਨ੍ਹਾਂ ਨੇ। ਪਹਿਲਾਂ ਰੂੰਅ ਦੀਆਂ ਬੱਤੀਆਂ ਬਣਾਉਣੀਆਂ, ਫਿਰ ਦੁੱਧ 'ਚ ਭਿਉਣੀਆਂ। ਫਿਰ ਚੁੰਘਾਉਣੀਆਂ। ਹੌਲੀ-ਹੌਲੀ ਕਤੂਰੇ ਨੇ ਅੱਖਾਂ ਖੋਲ੍ਹ ਲਈਆਂ। ਰਤਾ ਕੁ ਸੁਰਤ ਫੜੀ ਤਾਂ ਇਹ ਵਿਹੜੇ ਵਿਚ ਘਰ ਦੇ ਜੀਆਂ ਮਗਰ, ਖੇਲ੍ਹਣ-ਮੱਲ੍ਹਣ ਭੱਜਣ-ਨੱਠਣ ਲੱਗਾ-ਨਿਆਣਿਆਂ ਹਾਰ। ਇਕ ਦਿਨ ਕੋਈ ਕੁੱਤੀ ਆਈ। ਅਵਾਰਾ। ਕਤੂਰਾ ਮਮਤਾ ਵੱਸ ਕੁੱਤੀ ਵੱਲ ਹੋਇਆ। ਤਿਹੁ ਕਰਨ ਨੂੰ। ਕੁੱਤੀ ਨੇ ਐਸਾ ਝਪਟਾ ਮਾਰਿਆ ਕਿ ਕਤੂਰੇ ਦੀ ਅੱਖ ਕੱਢ ਦਿੱਤੀ। ਵਿਚਾਰਾ ਬੜਾ ਕੁਰਲਾਇਆ; ਬਾਲ ਉਮਰੇ ਹੀ ਅੱਖ ਗਵਾ ਬੈਠਾ। ਬਾਅਦ 'ਚ ਘਰ ਵਾਲੇ ਤਾਂ ਇਹਨੂੰ ਕਾਲਾ ਕੁੱਤਾ ਆਖਦੇ ਰਹੇ, ਪਿੰਡ ਵਾਲੇ ਕਾਣਾ ਕੁੱਤਾ ਕਹਿੰਦੇ। ਦਾਦੀ ਇਹਨੂੰ ਭਗਤ ਕਿਹਾ ਕਰਦੀ ਸੀ।



ਘਰਦਿਆਂ ਇਹਦੀ ਬੜੀ ਸੇਵਾ ਕੀਤੀ। ਘੱਟ ਇਹਨੇ ਵੀ ਨਹੀਂ ਕੀਤੀ, ਪੂਰਾ ਮੋੜ ਮੋੜਿਆ। ਦਰਿਆ ਕੰਢੇ ਹੋਣ ਕਰ ਕੇ ਫਸਲਾਂ ਨੂੰ ਗਿੱਦੜ, ਗੋਂਦਾਂ ਤੇ ਜੰਗਲੀ ਸੂਰ ਪੈਂਦੇ ਸੀ। ਕਮਾਦ ਤੇ ਮੱਕੀ ਨੂੰ ਵੱਧ ਮਾਰ ਕਰਦੇ ਸੀ। ਮੇਰੇ ਬਾਪ ਨੇ ਰਾਤ ਨੂੰ ਕਾਲੇ ਕੁੱਤੇ ਨੂੰ ਫਸਲ ਦੇ ਵਿਚਾਲੇ ਕਰ ਕੇ ਬੰਨ੍ਹ ਆਉਣਾ। ਜਦੋਂ ਸੂਰਾਂ, ਗੋਂਦਾਂ ਜਾਂ ਗਿੱਦੜਾਂ ਫਸਲ ਵੱਲ ਆਉਣਾ, ਕਾਲੇ ਕੁੱਤੇ ਨੇ ਜ਼ੋਰ ਜ਼ੋਰ ਨਾਲ ਭੌਂਕਣਾ। ਜੰਗਲੀ ਜਾਨਵਰਾਂ ਡਰਦਿਆਂ ਭੱਜ ਜਾਣਾ। ਸੈਆਂ ਦੀ ਫਸਲ ਦਾ ਬਚਾਅ ਹੋ ਜਾਣਾ। ਇਨ੍ਹਾਂ ਨੇ ਸਵੇਰ ਨੂੰ ਕੁੱਤੇ ਨੂੰ ਖੋਲ੍ਹ ਕੇ ਲੈ ਆਉਣਾ। ਘਰ ਦਾ ਖੁੱਲ੍ਹਾ ਦੁੱਧ ਸੀ; ਦਾਦੀ ਨੇ ਦੁੱਧ ਪਿਆਉਣਾ, ਰੋਟੀ ਪਾਉਣੀ, ਟਹਿਲ ਸੇਵਾ ਕਰਨੀ।

ਦਾਦੀ ਨੇ ਜਾਂ ਮਾਂ ਨੇ ਖੂਹ 'ਤੇ ਰੋਟੀ ਲੈ ਕੇ ਜਾਣੀ। ਇਹਨੇ ਵੀ ਨਾਲ ਤੁਰ ਪੈਣਾ। ਆਪੇ ਹੀ। ਪੋਲੇ ਪੋਲੇ ਪੈਰੀਂ। ਹੌਲੀ ਹੌਲੀ। ਮਗਰੇ ਮਗਰ। ਛਾਹ ਵੇਲੇ ਵੀ। ਦੁਪਹਿਰ ਵੇਲੇ ਵੀ ਤੇ ਲੌਢੇ ਵੇਲੇ ਵੀ। ਜਿੱਦਾਂ ਜਾਣਾ, ਉਦਾਂ ਹੀ ਨਾਲ ਮੁੜ ਆਉਣਾ। ਰਾਤ ਨੂੰ ਘਰ ਦੀ ਰਾਖੀ ਕਰਨੀ ਜਾਂ ਫਸਲਾਂ ਦੀ। ਕਾਲਾ ਕੁੱਤਾ ਘਰ ਦਾ ਜੀਅ ਸੀ।

ਜਿੱਦਾਂ ਦਾ ਪਾਕਿਸਤਾਨ 'ਚ ਛੱਡ ਕੇ ਆਏ ਸੀ, ਬਾਬੇ ਦਾ ਕੰਮ ਸਿੰਘਪੁਰੇ ਆ ਕੇ ਮੁੜ ਉਦਾਂ ਦਾ ਹੀ ਹੋ ਗਿਆ। ਬਾਪ ਦੱਸਦਾ ਹੈ, ਬਈ ਲੋਹੜੇ ਦੀ ਫਸਲ ਹੋਣੀ। ਬੋਹਲਾਂ ਦੇ ਬੋਹਲ ਲੱਗ ਜਾਣੇ। ਫਸਲ ਰੱਖਣ ਨੂੰ ਥਾਂ ਥੁੜ ਜਾਣਾ। ਲੋਕਾਂ ਸੜਨਾ। ਕਾਲੇ ਕੁੱਤੇ ਨੇ ਬੋਹਲਾਂ ਮੁੱਢ ਬੈਠੇ ਰਹਿਣਾ। ਖਬਰਦਾਰੀ ਰੱਖਣੀ, ਪੂਰੀ ਰਾਖੀ ਕਰਨੀ। ਮਜਾਲ ਆ ਕਿਤੇ ਚਿੜੀ ਵੀ ਫੜਕਣ ਦੇਣੀ।

ਫਿਰ ਅਚਾਨਕ ਚੰਗੇ ਭਲੇ ਵਗਣ ਵਾਲੇ ਪਸ਼ੂ ਮਰਨ ਲੱਗ ਪਏ। ਇਕ ਇਕ ਕਰ ਕੇ ਘਰ ਦੇ ਜੀਅ ਮਰਨ ਲੱਗ ਪਏ। ਮੈਥੋਂ ਵੱਡੀਆਂ ਦੋ ਭੈਣਾਂ ਬਾਲ ਉਮਰੇ ਤੁਰ ਗਈਆਂ। ਮੈਥੋਂ ਵੱਡਾ ਵੀ ਮਰ ਗਿਆ। ਫਿਰ ਬਾਬਾ ਆਪ ਵੀ ਤੁਰ ਗਿਆ। ਬਾਪ ਦਾ ਦਿਲ ਟੁੱਟ ਗਿਆ। ਉਤੋਂ ਕਿਸੇ ਨੇ ਭਰਮ ਪਾ ਦਿੱਤਾ, ਜੇ ਇਥੇ ਰਹੋਗੇ ਤਾਂ ਨੁਕਸਾਨ ਹੋਈ ਹੀ ਜਾਣਾ। ਜੀਆਂ ਦੇ ਬਚਾਅ ਲਈ ਥਾਂ ਬਦਲੋ। ਦਾਦੀ ਨੇ ਬਾਪ ਨੂੰ ਕਿਹਾ, ਦੇਖ ਪੁੱਤ, ਇਕੋ ਇਕ ਟਿੰਙ ਬਚੀ ਆ, ਇਹਨੂੰ ਪਿੰਡ ਲੈ ਚੱਲ। ਜੀਅ ਰਾਜ਼ੀ ਖ਼ੁਸ਼ੀ ਰਹਿਣ, ਕੰਮ ਆਪੇ ਚੰਗੇ ਮਾੜੇ ਚਲਦੇ ਰਹਿੰਦੇ ਹੁੰਦੇ ਆ। ਬਾਪ ਨੇ ਖਾਂਦਾ-ਪੀਂਦਾ ਘਰ ਛੱਡ ਕੇ ਮੁੜ ਪਿੰਡ ਆਉਣ ਦਾ ਮਨ ਬਣਾ ਲਿਆ। ਛੇ ਮਹੀਨੇ ਸਿੰਘਪੁਰਿਓਂ ਸਾਮਾਨ ਢੋਂਦੇ ਰਹੇ। ਲੋਕਾਂ ਸੁੱਤੇ ਹੋਣਾ, ਮਾਂ ਬਾਪ ਨੇ ਰਾਤ ਨੂੰ ਦੋ ਗੇੜੇ ਲਾਉਣੇ। ਕਾਲੇ ਕੁੱਤੇ ਨੇ ਵੀ ਨਾਲ ਹੀ ਹੋਣਾ। ਇਨ੍ਹਾਂ ਦੇ ਮਗਰੇ ਮਗਰ। ਜਦੋਂ ਪਿੰਡ ਆ ਵਸੇ, ਤਾਂ ਕਾਲਾ ਕੁੱਤਾ ਨਾਲ ਤਾਂ ਆ ਗਿਆ ਪਰ ਫਿਰ ਮੁੜ ਗਿਆ। ਇਕ ਦੋ ਵਾਰ ਫਿਰ ਲਿਆਂਦਾ, ਇਹਨੇ ਫਿਰ ਮੁੜ ਜਾਣਾ।

ਹਰ ਸਾਲ ਦਾਦੀ ਨਾਲ ਮੈਂ ਸਿੰਘਪੁਰੇ ਮੇਲੇ 'ਤੇ ਜਾਣਾ। ਕੁੱਤੇ ਨੇ ਸਾਡੇ ਕੋਲ ਆ ਕੇ ਬਹਿ ਜਾਣਾ। ਹੌਲੀ ਹੌਲੀ ਨੇੜੇ ਹੋ ਕੇ ਆਵਦੀ ਬੂਥੀ ਦਾਦੀ ਦੇ ਪੈਰਾਂ ਨੂੰ ਲਾ ਦੇਣੀ। ਜਿਵੇਂ ਪੈਰੀਂ ਪੈਣਾ ਕਰਦਾ ਹੋਵੇ। ਦਾਦੀ ਨੇ ਇਹਦੇ ਸਿਰ 'ਤੇ ਹੱਥ ਫੇਰਨਾ। ਪਿਆਰ ਦੇਣਾ। ਇਹਨੇ ਲੋਟਣੀਆਂ ਖਾਣ ਲੱਗ ਜਾਣਾ। ਚਾਂਬਲ ਜਾਣਾ। ਜਿੰਨਾ ਚਿਰ ਅਸੀਂ ਉਥੇ ਰਹਿਣਾ, ਕੁੱਤੇ ਨੇ ਸਾਡੇ ਕੋਲ ਹੀ ਬੈਠੇ ਰਹਿਣਾ। ਭੋਰਾ ਵਿਸਾਹ ਨਾ ਕਰਨਾ। ਜੇ ਅਸੀਂ ਉਠ ਕੇ ਕਿਸੇ ਹੋਰ ਦੇ ਘਰੇ ਵੀ ਜਾਣਾ ਤਾਂ ਦੱਬਵੇਂ ਪੈਰੀਂ ਇਹਨੇ ਵੀ ਨਾਲ ਹੋ ਤੁਰਨਾ। ਸਾਡਾ ਰਤਾ ਵਿਸਾਹ ਨਾ ਕਰਨਾ।

ਜਦੋਂ ਦਾਦੀ ਤੇ ਮੈਂ ਸਿੰਘਪੁਰਿਓਂ ਘਰ ਵਾਪਸ ਮੁੜਨਾ ਤਾਂ ਇਹਨੇ ਵੀ ਨਾਲ ਤੁਰ ਪੈਣਾ। ਸਹਿਜੇ ਸਹਿਜੇ, ਸਾਡੇ ਪਿੱਛੇ-ਪਿੱਛੇ। ਪੈੜ 'ਚ ਪੈੜ ਰੱਖੀ ਆਉਣੀ। ਅਖ਼ੀਰ ਤੇ ਜਦੋਂ ਬਾਲੋਕੀ ਲਾਗੇ ਆਉਣਾ ਤਾਂ ਦਾਦੀ ਨੇ ਪਿੱਛੇ ਮੁੜ ਕੇ ਕਹਿਣਾ, ਭਗਤਾ, ਚੱਲ ਹੁਣ ਮੁੜ ਜਾਹ। ਇਹਨੇ ਪਹਿਲਾਂ ਉਥੇ ਖੜ੍ਹੋ ਜਾਣਾ। ਫਿਰ ਬਹਿ ਜਾਣਾ। ਜਿੰਨਾ ਚਿਰ ਅਸੀਂ ਅੱਖਾਂ ਤੋਂ ਓਹਲੇ ਨਾ ਹੋ ਜਾਣਾ, ਇਹਨੇ ਬੈਠਾ ਰਹਿਣਾ। ਫਿਰ ਮੋੜਾ ਪਾ ਲੈਣਾ। ਸਾਲੋ-ਸਾਲੀ ਇਹੀ ਵਰਤਾਰਾ ਚਲਦਾ ਰਿਹਾ ਸੀ।

ਫਿਰ ਇਕ ਵਾਰੀ ਮੇਲੇ 'ਤੇ ਗਏ, ਤਾਂ ਕਾਲਾ ਕੁੱਤਾ ਸਾਡੇ ਕੋਲ ਨਾ ਆਇਆ। ਨਾ ਈ ਹੋਰ ਕਿਤੇ ਦਿਸਿਆ। ਮੇਲੇ ਤੋਂ ਵਿਹਲੀ ਹੋ ਕੇ ਦਾਦੀ ਨੇ ਪੁੱਛਿਆ ਤਾਂ ਪਤਾ ਲੱਗਾ ਕਿ ਉਹ ਤਾਂ ਤਿੰਨ ਕੁ ਮਹੀਨੇ ਹੋਏ ਤੁਰ ਗਿਆ ਸੀ। ਮਸੋਸੀ ਹੋਈ ਦਾਦੀ ਕਹਿੰਦੀ, ਭਗਤ ਆਵਦੀ ਪੂਰੀ ਨਿਭਾ ਗਿਆ।

ਸਿੰਘਪੁਰਾ ਮੁੜ ਕੇ ਉਹ ਨਹੀਂ ਸੀ ਰਿਹਾ। ਪਹਿਲਾਂ ਜਾਣਾ ਘਟ ਗਿਆ; ਫਿਰ ਉਕਾ ਹੀ ਛੁੱਟ ਗਿਆ। ਹੌਲੀ ਹੌਲੀ ਸਿੰਘਪੁਰਾ ਭੁੱਲਦਾ ਭੁੱਲਦਾ ਭੁੱਲ ਹੀ ਗਿਆ ਪਰ ਘਰਦਿਆਂ ਨੂੰ ਆਪਣਾ ਜੀਅ ਕਾਲਾ ਕੁੱਤਾ ਹਾਲੇ ਵੀ ਯਾਦ ਹੈ।

## ਸੰਪਾਦਕ ਦੀ ਡਾਕ

# ਕਹਾਣੀ 'ਦੂਲੋ' ਤੇ 'ਕਿਉਂ ਚੀਜ਼ ਫਾਲਤੂ ਲੱਗਣ ਲੱਗ ਪਏ ਬੁੱਢੜੇ ਮਾਪੇ ਵੇ'

ਪੰਜਾਬ ਟਾਈਮਜ਼ ਵਿਚ ਪਿਛਲੇ ਹਫਤੇ ਛਪੀ ਉਪਿੰਦਰ ਨਾਥ ਅਸ਼ਕ ਦੀ ਕਹਾਣੀ 'ਦੂਲੋ' ਪੜ੍ਹੀ ਜਿਸ ਦਾ ਤਰਜ਼ਮਾ ਸੁਰਜੀਤ ਸਿੰਘ ਪੰਛੀ ਨੇ ਕੀਤਾ ਹੈ। ਪੜ੍ਹ ਕੇ ਇਉਂ ਜਾਪਿਆ ਜਿਦਾਂ ਇਹ ਕਹਾਣੀ ਮੇਰੇ ਇਕ ਬਹੁਤ ਹੀ ਕਰੀਬੀ ਦੋਸਤ ਦੀ ਹਡਬੀਤੀ ਹੋਵੇ। ਮੇਰੇ ਇਸ ਦੋਸਤ ਨੇ ਦੂਲੋ ਵਾਂਗ ਹੀ ਪੁੱਤਰ ਮੋਹ ਵਿਚ ਆ ਕੇ ਆਪਣੀ ਸਾਰੀ ਜਾਇਦਾਦ ਆਪਣੇ ਦੋ ਪੁੱਤਰਾਂ ਦੇ ਨਾਂ ਕਰ ਦਿਤੀ ਅਤੇ ਹੁਣ ਵਿਚਾਰੇ ਦੋਵੇਂ ਜੀਅ ਸੱਚ ਜਾਣਿਓਂ ਰੱਬ ਤਰਸੀ 'ਤੇ ਹੀ ਬਸ ਦਿਨ ਕਟੀ ਕਰ ਰਹੇ ਹਨ। ਕਈ ਵਾਰ ਉਹ ਸਤ ਕੇ ਗੁਰਦੁਆਰੇ ਵੀ ਜਾ ਬੈਠੇ ਪਰ ਉਥੇ ਵੀ ਕਿਹੜਾ ਕੋਈ ਬਜ਼ੁਰਗਾਂ ਦੀ ਸਾਰ ਲੈਣ ਵਾਲਾ ਹੁੰਦਾ ਹੈ। ਪ੍ਰਬੰਧਕਾਂ ਨੂੰ ਤਾਂ ਆਪਣੀਆਂ ਚੌਧਰ ਦੀਆਂ ਲੜਾਈਆਂ ਤੋਂ ਹੀ ਵਿਹਲ ਨਹੀਂ। ਉਂਜ ਵੀ ਚੌਥੇ ਦਿਨ ਉਨ੍ਹਾਂ ਨੂੰ ਸੁਣਾ ਦਿਤਾ ਜਾਂਦਾ ਹੈ, ਗੁਰਦੁਆਰਾ ਰੈਣ ਬਸੇਰਾ ਨਹੀਂ। ਫਿਰ ਹੁੰਦਾ ਇਹ ਹੈ ਕਿ ਉਨ੍ਹਾਂ ਦੇ ਦੋਹਾਂ ਪੁਤਰਾਂ ਵਿਚੋਂ ਕੋਈ ਦੁਨੀਆਂ ਦੀ ਸ਼ਰਮ ਦਾ ਮਾਰਿਆ ਉਨ੍ਹਾਂ ਨੂੰ ਘਰ ਲੈ ਜਾਂਦਾ ਹੈ ਪਰ ਹਾਲ ਉਹੀ ਰਹਿੰਦਾ ਹੈ। ਵੈਸੇ ਇੰਡੀਆ ਰਹਿੰਦੇ ਮੇਰੇ ਆਪਣੇ ਇਕ ਭਰਾ ਦਾ ਇਹੋ ਹਾਲ ਹੈ। ਕਈ ਵਾਰ ਮਨ ਵਿਚ ਆਉਂਦਾ ਹੈ, ਕਿਤੇ ਰੱਬ ਸੱਚਾ ਹੀ ਗੁਰਦੁਆਰਾ ਪ੍ਰਬੰਧਕਾਂ ਜਾਂ ਫਿਰ ਇਥੇ ਖੇਡ ਮੇਲੇ ਕਰਵਾਉਣ ਵਾਲਿਆਂ ਨੂੰ ਸੁਮੱਤ ਦੇ ਦੇਵੇ ਅਤੇ ਉਹ ਕੋਰਟ-ਕਚਹਿਰੀਆਂ ਦੇ ਲੇਖੇ ਲਾਉਣ ਜਾਂ ਵਡੀਆਂ ਵਡੀਆਂ ਇਮਾਰਤਾਂ ਉਸਾਰਨ ਤੇ ਫੋਕੀ ਚੌਧਰ ਲਈ ਮੇਲੇ ਕਰਵਾ ਕੇ ਪੈਸੇ ਉਜਾੜਨ ਦੀ ਥਾਂ ਧੀਆਂ-ਪੁੱਤਰਾਂ ਵਲੋਂ ਦੁਰਕਾਰੇ ਗਏ ਬਜ਼ੁਰਗਾਂ ਲਈ ਕੋਈ ਰੈਣ-ਬਸੇਰਾ ਹੀ ਬਣਾ ਛਡਣ। ਕਹਾਣੀ 'ਦੂਲੋ' ਦੇ ਨਾਲ ਛਾਪੀ ਗਈ ਬਲਬੀਰ ਸੂਫੀ ਦੀ ਕਵਿਤਾ 'ਕਿਉਂ ਚੀਜ਼ ਫਾਲਤੂ ਲੱਗਣ ਲੱਗ ਪਏ ਬੁੱਢੜੇ ਮਾਪੇ ਵੇ' ਵੀ ਅਜਿਹੇ ਹੀ ਬਜ਼ੁਰਗਾਂ ਦੇ ਦਿਲ ਦੀ ਹੂਕ ਹੈ। ਮਾਪਿਆਂ ਦੇ ਦਿਲ ਦੀ ਸੁਣੋ, ਜੋ ਇਸ ਸਭ ਦੇ ਬਾਵਜੂਦ ਆਪਣੇ ਬੱਚਿਆਂ ਦੀ ਸੁਖ ਮੰਗਦਾ ਹੈ।

ਪੰਜਾਬ ਟਾਈਮਜ਼ ਅਖਬਾਰ ਦਾ ਸ਼ੁਕਰੀਆ, ਜਿਸਨੇ ਇਹੋ ਜਿਹੀ ਕਾਲਜੇ ਨੂੰ ਧੂ ਪਾਉਣ ਵਾਲੀ ਕਹਾਣੀ ਛਾਪੀ। ਵੈਸੇ ਝੂਠ ਨਾ ਜਾਣਿਓ, ਪੰਜਾਬ ਟਾਈਮਜ਼ ਦਾ ਮੈਂ ਪਿਛਲੇ 12 ਸਾਲਾਂ ਤੋਂ ਪੱਕਾ ਪਾਠਕ ਹਾਂ। ਇਹ ਮੇਰੀ ਰੂਹ ਦੀ ਖੁਰਾਕ ਹੈ, ਹਰ ਹਫਤੇ ਜਦੋਂ ਤਕ ਪੜ੍ਹ ਨਾ ਲਵਾਂ, ਮਨ ਨੂੰ ਤਸੱਲੀ ਜਿਹੀ ਨਹੀਂ ਹੁੰਦੀ। ਮੇਰੀ ਉਮਰ ਇਸ ਵੇਲੇ 76 ਸਾਲ ਹੈ। ਮੈਨੂੰ ਜਾਪਦਾ ਹੈ, ਮੇਰੀ ਉਮਰ ਦੇ ਬਹੁਤੇ ਲੋਕਾਂ ਦਾ ਵੀ ਸ਼ਾਇਦ ਇਹੋ ਹਾਲ ਹੈ। ਇਹ ਗੱਲ ਮੈਂ ਇਸ ਕਰਕੇ ਆਖ ਰਿਹਾ ਹਾਂ ਕਿ ਮੇਰੇ ਕਈ ਦੋਸਤਾਂ ਨਾਲ ਗੱਲ ਹੁੰਦੀ ਰਹਿੰਦੀ ਹੈ ਅਤੇ ਉਨ੍ਹਾਂ ਦੀ ਵੀ ਅਖਬਾਰ ਬਾਰੇ ਇਹੋ ਰਾਇ ਹੈ। ਅਮੋਲਕ ਸਿੰਘ ਤੇਰੀ ਸਿਹਤ ਖਰਾਬ ਹੋਣ ਬਾਰੇ ਪਤਾ ਲੱਗਾ ਤਾਂ ਮਨ ਨੂੰ ਬਹੁਤ ਦੁਖ ਹੋਇਆ। ਵਾਹਿਗੁਰੂ ਤੈਨੂੰ ਤੰਦਰੁਸਤੀ ਬਖਸ਼ੇ।

ਤੇਰਾ ਸ਼ੁਭਚਿੰਤਕ,

*-ਸੋਹਨ ਸਿੰਘ, ਫਰਿਜ਼ਨੋ*

# ਬੱਲ ਦੀਆਂ ਚੁਰਾਸੀਆਂ ਬਾਰੇ ਪ੍ਰਭਸ਼ਰਨਦੀਪ ਦੀਆਂ ਬਹੱਤਰੀਆਂ

ਐਤਕੀਂ 18 ਜਨਵਰੀ ਵਾਲੇ ਅੰਕ ਵਿਚ ਗੁਰਦਿਆਲ ਸਿੰਘ ਬੱਲ ਦੇ ਤ੍ਰਾਤਸਕੀ ਬਾਰੇ ਲਿਖੇ ਲੇਖ ਸਬੰਧੀ ਪ੍ਰਭਸ਼ਰਨਦੀਪ ਸਿੰਘ ਦੀਆਂ ਬਹੱਤਰੀਆਂ 'ਬੱਲ ਦਾ ਚੁਰਾਸੀ(ਆਂ) ਦਾ ਗੇੜ' ਪੜ੍ਹੀਆਂ। ਇਕ ਤਾਂ ਲੱਗਦਾ ਹੈ ਕਿ ਪ੍ਰਭਸ਼ਰਨਦੀਪ ਸਿੰਘ ਨੂੰ ਬਹੁਤੀ ਸਮੱਸਿਆ ਤ੍ਰਾਤਸਕੀ ਵਾਲੇ ਲੇਖ ਨਾਲ ਨਹੀਂ, ਸਗੋਂ ਬੱਲ ਦੀ ਸਮੁੱਚੀ ਪਹੁੰਚ ਬਾਰੇ ਹੈ। ਬੱਲ ਦਾ ਲੇਖ ਤਾਂ ਜੋ ਹੋਇਆ ਸੋ ਹੋਇਆ, ਖੁਦ ਪ੍ਰਭਸ਼ਰਨਦੀਪ ਸਿੰਘ ਨੇ ਕਿੰਨਾ ਗੇੜ ਪਾ ਕੇ ਗੱਲ ਕੀਤੀ ਹੈ। ਇੰਨਾ ਭੰਬਲਭੂਸਾ ਤਾਂ ਬੱਲ ਦੇ ਲੇਖ ਵਿਚ ਵੀ ਨਹੀਂ ਲਗਦਾ। ਬੱਲ ਦੇ ਲੇਖ ਬਾਰੇ ਇਹ ਜ਼ਰੂਰ ਕਿਹਾ ਜਾ ਸਕਦਾ ਹੈ ਕਿ ਇਸ ਵਿਚ ਅਗਾਂਹ ਗੱਲਾਂ ਵਿਚੋਂ ਗੱਲਾਂ ਕੱਢੀਆਂ ਗਈਆਂ ਹਨ, ਤ੍ਰਾਤਸਕੀ ਬਾਰੇ ਗੱਲ ਹੁੰਦੀ ਹੁੰਦੀ ਰਹਿ ਹੀ ਗਈ ਹੈ, ਪਰ ਸਦਕੇ ਜਾਈਏ ਪ੍ਰਭਸ਼ਰਨਦੀਪ ਸਿੰਘ ਦੇ! ਉਨ੍ਹਾਂ ਨੇ ਫਿਲਾਸਫੀ ਅਤੇ ਸਾਹਿਤ ਦੇ ਵਿਖਿਆਨ ਦੇ ਬਹਾਨੇ ਅਜਿਹੀਆਂ ਸੱਤਰੀਆਂ-ਬਹੱਤਰੀਆਂ ਛੱਡੀਆਂ ਹਨ ਕਿ ਪੜ੍ਹਦਿਆਂ-ਪੜ੍ਹਦਿਆਂ ਮਨ ਅੱਕ ਗਿਆ। ਜੇ ਲੇਖਕ ਦੀ ਸਤਾਲਿਨ ਬਾਰੇ ਔਖ ਨੂੰ ਧਿਆਨ ਵਿਚ ਰੱਖੀਏ ਤਾਂ ਇਹ ਵੀ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਨੇ ਵੀ ਆਪਣੀ ਲਿਖਤ ਵਿਚ ਉਹੀ ਕੁਝ ਕੀਤਾ ਹੈ ਜਿਸ ਬਾਰੇ ਉਹ ਖੁਦ ਸ਼ਿਕਾਇਤ ਕਰ ਰਹੇ ਹਨ। ਪਾਠਕਾਂ ਨੂੰ ਚੁਰਾਸੀਆਂ ਦੇ ਗੇੜ ਤੋਂ ਬਚਾਉਂਦੇ-ਬਚਾਉਂਦੇ ਉਹ ਸੱਤਰੀਆਂ-ਬਹੱਤਰੀਆਂ ਦੇ ਜਾਲ ਵਿਚ ਫਸਾ ਕੇ ਸੁੱਟ ਗਏ।

*-ਗੁਰਮੁਖ ਸਿੰਘ ਜੰਡ*
*ਰਿਚਮੰਡ ਹਿੱਲ, ਨਿਊ ਯਾਰਕ।*

## ਵਧੀਆ ਅਖਬਾਰ

ਪੰਜਾਬ ਟਾਈਮਜ਼ ਅਖਬਾਰ ਨੈਟ 'ਤੇ ਪੜ੍ਹਿਆ। ਬਹੁਤ ਹੀ ਵਧੀਆ ਲੱਗਾ ਕਿ ਆਪ ਵਿਦੇਸ਼ੀ ਧਰਤੀ 'ਤੇ ਰਹਿੰਦੇ ਹੋਏ ਪੰਜਾਬੀ ਭਾਈਚਾਰੇ ਅਤੇ ਮਾਂ ਬੋਲੀ ਦੀ ਸੇਵਾ ਕਰ ਰਹੇ ਹੋ। ਸਿਨਸਨੈਟੀ (ਵੈਸਟ ਚੈਸਟਰ, ਓਹਾਇਓ) ਰਹਿੰਦੇ ਮੇਰੇ ਭਾਜੀ ਸ. ਜਸਮਿੰਦਰ ਸਿੰਘ ਥਰੀਕੇ ਵਾਲਿਆਂ ਨੇ ਵੀ ਪੰਜਾਬ ਟਾਈਮਜ਼ ਬਾਰੇ ਦੱਸਿਆ ਕਿ ਅਮਰੀਕਾ ਵਿਚ ਇਹ ਅਖਬਾਰ ਨੰਬਰ ਵਨ ਹੈ। ਮੈਂ ਆਪ ਜੀ ਨੂੰ ਕੁਝ ਲਿਖ ਕੇ ਭੇਜਾਂਗਾ। ਉਮੀਦ ਹੈ, ਅਖਬਾਰ ਵਿਚ ਥਾਂ ਦਿਓਗੇ।

*-ਜਸਦੀਪ ਸਿੰਘ ਖੰਨਾ (ਲੁਧਿਆਣਾ)*
*ਫੋਨ: 91-94630-57786*

## ਭੁਲ ਦੀ ਸੋਧ

ਪੰਜਾਬ ਟਾਈਮਜ਼ ਦੇ 18 ਜਨਵਰੀ ਦੇ ਅੰਕ ਵਿਚ ਛਪੇ ਮੇਰੇ ਲੇਖ ਵਿਚ ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਜਨਮ ਤਾਰੀਖ ਗਲਤੀ ਨਾਲ 22 ਮਈ 1887 ਲਿਖੀ ਗਈ ਹੈ ਜੋ ਅਸਲ ਵਿਚ 22 ਮਈ 1897 ਹੈ। ਪਾਠਕਾਂ ਤੋਂ ਖਿਮਾ ਦਾ ਜਾਚਕ ਹਾਂ।

*-ਕੁਲਦੀਪ ਸਿੰਘ*
*ਯੂਨੀਅਨ ਸਿਟੀ, ਕੈਲੀਫੋਰਨੀਆ।*

# ਸੰਨ 1947 ਅਤੇ ਸੰਨ 2014

ਪਿਛਲੇ ਕੁਝ ਹਫਤਿਆਂ ਤੋਂ ਅਖਬਾਰਾਂ ਵਿਚ ਵਾਰ ਵਾਰ ਖਬਰਾਂ ਛਪ ਰਹੀਆਂ ਹਨ ਕਿ 1947 ਅਤੇ 2014 ਦੇ ਦਿਨ ਇਕੋ ਜਿਹੇ ਹਨ ਅਤੇ ਅਜਿਹਾ 70 ਸਾਲ ਬਾਅਦ ਹੋਇਆ ਹੈ। ਇਹ ਦਾਅਵਾ ਸਰਾਸਰ ਗਲਤ ਹੈ। ਮੈਂ ਜੋ ਜਾਣਕਾਰੀ ਇਕੱਤਰ ਕੀਤੀ ਹੈ, ਉਸ ਅਨੁਸਾਰ 1902, 1913, 1919, 1930, 1941, 1947, 1958, 1969, 1975, 1986, 1997, 2003 ਅਤੇ 2014 ਦੇ ਦਿਨ ਇਕੋ ਜਿਹੇ ਹਨ। ਇਸ ਤੋ ਬਾਅਦ ਵੀ ਸਾਲ 2025 ਅਤੇ 2031 ਦੇ ਦਿਨ ਇਕੋ ਜਿਹੇ ਹੋਣਗੇ। ਇਹ ਸਾਰੇ ਸਾਲ ਬੁਧਵਾਰ ਨੂੰ ਸ਼ੁਰੂ ਹੁੰਦੇ ਹਨ ਅਤੇ ਇਨ੍ਹਾਂ ਦਾ ਆਖਰੀ ਦਿਨ ਵੀ ਬੁਧਵਾਰ ਹੀ ਹੈ। ਇਨ੍ਹਾਂ ਸਾਰੇ ਸਾਲਾਂ ਵਿਚ 15 ਅਗਸਤ ਵੀ ਸ਼ੁਕਰਵਾਰ ਨੂੰ ਹੀ ਹੈ ਅਤੇ ਬਾਕੀ ਦੇ ਦਿਨ ਇਕ ਦੂਜੇ ਨਾਲ ਮਿਲਦੇ ਹਨ।

ਮੇਰੀ ਜਾਣਕਾਰੀ ਅਨੁਸਾਰ ਇਕ ਵਾਰ 6 ਸਾਲ ਤੇ ਇਕ ਵਾਰ 11 ਸਾਲ ਬਾਦ ਸਾਲ ਦੇ ਦਿਨ ਇਕੋ ਜਿਹੇ ਹੀ ਹੁੰਦੇ ਹਨ। ਇਸ ਲੜੀ ਵਿਚ ਸਾਲ 2021, 2027, 2038, 2049, 2055, 2066, 2077, 2083, 2094 ਜੋ ਸ਼ੁਕਰਵਾਰ ਨੂੰ ਸ਼ੁਰੂ ਹੁੰਦੇ ਨੇ ਤਾਂ ਮੁਕਦੇ ਵੀ ਸ਼ੁਕਰਵਾਰ ਨੂੰ ਹੀ ਨੇ। ਇਸੇ ਤਰ੍ਹਾਂ ਸਾਲ 2018, 2029, 2035, 2046, 2057, 2063, 2074, 2085 ਜੇ ਸੋਮਵਾਰ ਨੂੰ ਚੜ੍ਹਦੇ ਹਨ ਤਾਂ ਮੁਕਦੇ ਵੀ ਸੋਮਵਾਰ ਨੂੰ ਹੀ ਨੇ। ਹੁਣ ਮੈਂ ਆਪਣੀ ਜਨਮ ਮਿਤੀ ਦਸੰਬਰ 10, 1965 ਦੀ ਗੱਲ ਕਰਦਾ ਹਾਂ ਜੋ ਸ਼ੁਕਰਵਾਰ ਸੀ। 1971 ਅਤੇ 1982 ਵਿਚ ਮੇਰਾ ਜਨਮ ਦਿਨ ਉਸੇ ਹੀ ਦਿਨ ਆਇਆ। ਹੁਣ ਅਗਲਾ ਜਨਮ ਦਿਨ 2021 ਨੂੰ ਸ਼ੁਕਰਵਾਰ ਆਵੇਗਾ। ਇਹ ਆਸਾਨ ਕੈਲੰਡਰ ਗਣਿਤ ਹੈ ਜੋ ਪੰਜਾਬ ਦੇ ਸਕੂਲਾਂ 'ਚ 1977-78 ਤੀਕ ਪੜ੍ਹਾਇਆ ਜਾਂਦਾ ਸੀ ਪਰ ਬਾਅਦ ਵਿਚ ਬੰਦ ਕਰ ਦਿਤਾ ਗਿਆ।

*-ਰਵਿੰਦਰ ਸਿੰਘ ਕਾਹਲੋਂ*
*ਰੋਜ਼ਵਿਲ, ਕੈਲੀਫੋਰਨੀਆ।*
*ਫੋਨ: 916-521-0300*

# ਪੰਜਾਬ ਟਾਈਮਜ਼ ਅਤੇ ਅੱਲ੍ਹਾ ਯਾਰ ਖ਼ਾਂ ਜੋਗੀ

'ਪੰਜਾਬ ਟਾਈਮਜ਼' ਦੇ 11 ਜਨਵਰੀ ਦੇ ਅੰਕ ਨੇ ਦੋਹਰੀ ਖੁਸ਼ੀ ਦਿੱਤੀ ਹੈ। ਮੈਂ ਤਾਂ ਅੱਲ੍ਹਾ ਯਾਰ ਖ਼ਾਂ ਜੋਗੀ ਬਾਰੇ ਆਪਣੀ ਚਿੱਠੀ ਪੜ੍ਹ ਕੇ ਹੀ ਫੁੱਲਿਆ ਨਹੀਂ ਸੀ ਸਮਾ ਰਿਹਾ, ਤੁਸੀਂ ਤਾਂ ਇਸ ਸ਼ਾਇਰ ਦੀ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਲਿਖੀ ਅਮਰ ਰਚਨਾ 'ਸ਼ਹੀਦਾਨਿ-ਵਫ਼ਾ' ਨਾਲ ਦੀ ਨਾਲ ਹੀ ਛਾਪਣੀ ਸ਼ੁਰੂ ਕਰ ਦਿੱਤੀ। ਮੈਨੂੰ ਇਹ ਤਾਂ ਯਕੀਨ ਸੀ ਕਿ ਤੁਸੀਂ ਮੇਰੇ ਵਰਗੇ ਕਿਸੇ ਸਾਧਾਰਨ ਪਾਠਕ ਦੇ ਕਹਿਣ 'ਤੇ ਇਹ ਰਚਨਾ ਜ਼ਰੂਰ-ਬਰ-ਜ਼ਰੂਰ ਛਾਪ ਦਿਉਗੇ ਪਰ ਤੁਸੀਂ ਤਾਂ ਕਮਾਲ ਹੀ ਕਰ ਦਿੱਤੀ। ਤੁਸੀਂ ਸੋਚ ਨਹੀਂ ਸਕਦੇ ਕਿ ਮੈਨੂੰ ਕਿੰਨੀ ਖੁਸ਼ੀ ਮਿਲੀ ਹੈ। ਮੈਂ 'ਪੰਜਾਬ ਟਾਈਮਜ਼' ਦੇ ਉਹ ਪੰਨੇ ਆਪਣੇ ਟੱਬਰ ਦੇ ਸਾਰੇ ਜੀਆਂ ਤੇ ਯਾਰਾਂ ਦੋਸਤਾਂ ਨੂੰ ਦਿਖਾਏ ਜਿਥੇ ਮੇਰੀ ਚਿੱਠੀ ਅਤੇ ਅੱਲ੍ਹਾ ਯਾਰ ਖ਼ਾਂ ਜੋਗੀ ਦੀ ਕਵਿਤਾ ਛਪੀ ਹੋਈ ਸੀ।

*-ਅਨੰਦ ਸਿੰਘ ਮਠਾੜੂ, ਨਿਊ ਯਾਰਕ।*

---

ਅੱਲ੍ਹਾ ਯਾਰ ਖ਼ਾਂ ਜੋਗੀ ਦੀ ਸਾਕਾ ਸਰਹਿੰਦ ਬਾਰੇ ਲੰਮੀ ਨਜ਼ਮ 'ਸ਼ਹੀਦਾਨਿ-ਵਫ਼ਾ' ਪਹਿਲੀ ਵਾਰ 'ਪੰਜਾਬ ਟਾਈਮਜ਼' ਵਿਚ ਪੜ੍ਹੀ ਹੈ। ਲੇਖਕ ਕਿੰਨੇ ਘੱਟ ਸ਼ਬਦਾਂ ਵਿਚ ਸਾਰੀਆਂ ਹਾਲਤਾਂ ਬਾਰੇ ਸੱਚੋ-ਸੱਚ ਬਿਆਨ ਕਰ ਰਿਹਾ ਹੈ। ਇਹ ਪੜ੍ਹ ਕੇ ਬਹੁਤ ਦੁੱਖ ਹੋਇਆ ਕਿ ਕੱਟੜ ਮੁਸਲਮਾਨਾਂ ਨੇ ਉਨ੍ਹਾਂ ਨਾਲ ਵਰਤੋਂ-ਵਿਹਾਰ ਇਸ ਕਰ ਕੇ ਬੰਦ ਕਰ ਲਿਆ ਕਿਉਂਕਿ ਉਸ ਨੇ ਗੁਰੂ ਗੋਬਿੰਦ ਸਿੰਘ ਦੀ ਸ਼ਰਧਾ ਵਿਚ ਕਿਉਂ ਲਿਖਿਆ। ਪਰ ਇਹ ਜਾਣ ਕੇ ਚੰਗਾ ਵੀ ਲੱਗਿਆ ਕਿ ਅੱਲ੍ਹਾ ਯਾਰ ਖ਼ਾਂ ਜੋਗੀ ਨੇ ਕਿਸੇ ਦੀ ਪ੍ਰਵਾਹ ਨਹੀਂ ਕੀਤੀ। ਅਸਲ ਵਿਚ ਕੋਈ ਵੀ ਧਰਮ ਕਦੀ ਅਜਿਹੀ ਕੱਟੜਤਾ ਦੀ ਗੱਲ ਨਹੀਂ ਕਰਦਾ ਪਰ ਧਰਮ ਨੂੰ ਚਲਾਉਣ ਵਾਲੇ ਆਪਣੀ ਜੈ-ਜੈਕਾਰ ਲਈ ਲੋਕਾਂ ਨੂੰ ਇਕ-ਦੂਜੇ ਦੇ ਖਿਲਾਫ ਕਰਦੇ ਰਹਿੰਦੇ ਹਨ। ਅਫਸੋਸ ਤਾਂ ਇਸ ਗੱਲ ਦਾ ਹੈ ਕਿ ਅੱਜ ਕੱਲ੍ਹ ਸਿੱਖ ਧਰਮ ਵਿਚ ਵੀ ਅਜਿਹੇ ਕੁਝ ਲੋਕ ਆਪਣੀ ਗੱਲ ਥੋਪਣ ਦੀ ਕੋਸ਼ਿਸ਼ ਕਰ ਰਹੇ ਹਨ।

*-ਪ੍ਰੀਤਮ ਸਿੰਘ ਸਾਹਦੜਾ, ਸ਼ਿਕਾਗੋ।*

# ਭ੍ਰਿਸ਼ਟਾਚਾਰ ਤੇ ਸਰਕਾਰੀ ਅਫਸਰਾਂ ਦੀ ਫਰਮਾਬਰਦਾਰੀ


ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455


ਖਬਰਾਂ ਦੀ ਘੜਮੱਸ ਵਿਚੋਂ ਇਸ ਹਫਤੇ ਦੀ ਜਿਹੜੀ ਖਬਰ ਨੂੰ ਅਸੀਂ ਵਿਚਾਰ ਗੋਚਰੇ ਲਿਆਉਣ ਦਾ ਇਰਾਦਾ ਬਣਾਇਆ ਹੈ, ਉਹ ਜਲੰਧਰ ਡਵੀਜ਼ਨ ਦੇ ਸਾਬਕਾ ਕਮਿਸ਼ਨਰ ਡਾ. ਸਵਰਨ ਸਿੰਘ ਵੱਲੋਂ ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਬਾਰੇ ਲਾਏ ਗਏ ਦੋਸ਼ਾਂ ਵਾਲੀ ਹੈ। ਡਾ. ਸਵਰਨ ਸਿੰਘ ਨੂੰ ਜੇਲ੍ਹ ਦੀ ਦਾਲ ਪੀਣੀ ਪਈ ਤੇ ਸ਼ਹੀਦ ਭਗਤ ਸਿੰਘ ਦੀ ਜਨਮ ਸ਼ਤਾਬਦੀ ਦੇ ਜਸ਼ਨਾਂ ਵਿਚ ਭ੍ਰਿਸ਼ਟਾਚਾਰ ਦਾ ਦੋਸ਼ੀ ਗਰਦਾਨਿਆ ਗਿਆ ਸੀ। ਉਹ ਹੁਣ ਤੱਕ ਚੁੱਪ ਰਿਹਾ ਤੇ ਇਸ ਵਾਰੀ ਜਦੋਂ ਬੋਲ ਪਿਆ ਤਾਂ ਉਸ ਨੇ ਆਪਣੀ ਗੱਲ ਨਸ਼ਿਆਂ ਦੀ ਤਸਕਰੀ ਦੇ ਦੋਸ਼ ਹੇਠ ਫੜੇ ਗਏ ਸਾਬਕਾ ਪਹਿਲਵਾਨ ਜਗਦੀਸ਼ ਭੋਲੇ ਨਾਲ ਜੋੜ ਕੇ ਕੀਤੀ ਹੈ। ਭੋਲੇ ਨੇ ਡਰੱਗ ਮਾਮਲੇ ਵਿਚ ਮੰਤਰੀ ਬਿਕਰਮ ਸਿੰਘ ਦਾ ਨਾਂ ਲਿਆ ਸੀ ਅਤੇ ਸਵਰਨ ਸਿੰਘ ਨੇ ਉਸ ਦੀਆਂ ਉਨ੍ਹਾਂ ਗੱਲਾਂ ਦੀ ਤਾਈਦ ਕਰ ਦਿੱਤੀ ਹੈ, ਜਿਨ੍ਹਾਂ ਬਾਰੇ ਕੋਈ ਸਿੱਧੀ ਜਾਣਕਾਰੀ ਉਸ ਕੋਲ ਹੋਵੇ ਤਾਂ ਉਸ ਨੇ ਖੁਲਾਸਾ ਨਹੀਂ ਕੀਤਾ। ਇਸ ਦੀ ਥਾਂ ਸਵਰਨ ਸਿੰਘ ਇਹ ਦੱਸਣ ਲਈ ਖਾਸ ਧਿਆਨ ਦੇ ਰਿਹਾ ਹੈ ਕਿ ਉਸ ਨੂੰ ਇਸ ਲਈ ਫਸਾਇਆ ਗਿਆ ਸੀ ਕਿ ਉਹ ਕਾਂਗਰਸ ਪਾਰਟੀ ਦੀ ਟਿਕਟ ਉਤੇ ਚੋਣ ਲੜਨ ਵਾਲਾ ਸੀ ਤੇ ਇਹ ਵੀ ਦੱਸ ਰਿਹਾ ਹੈ ਕਿ ਹੁਣ ਉਹ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਚੁੱਕਾ ਹੈ। ਵਿਚਾਰੀ ਆਮ ਆਦਮੀ ਪਾਰਟੀ ਵੀ ਇਹੋ ਜਿਹੇ ਲੋਕਾਂ ਨੂੰ ਨਾਲ ਲੈ ਕੇ ਤਰ ਜਾਵੇਗੀ, ਜਿਹੜੇ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਜੇਲ੍ਹ ਜਾਣ ਦੇ ਬਾਅਦ ਉਸ ਵਿਚ ਆ ਕੇ ਭ੍ਰਿਸ਼ਟਾਚਾਰ ਦੇ ਵਿਰੋਧ ਦਾ ਝੰਡਾ ਉਠਾਉਣਗੇ!

ਡਾ. ਸਵਰਨ ਸਿੰਘ ਨਾਲ ਸਾਡਾ ਕੋਈ ਨੇੜ ਵੀ ਨਹੀਂ ਤੇ ਵਿਰੋਧ ਵੀ ਨਹੀਂ, ਇੱਕ ਵਾਰੀ ਦੀ ਪੰਜ ਕੁ ਮਿੰਟ ਦੀ ਇੱਕ ਮੀਟਿੰਗ ਤੋਂ ਬਿਨਾਂ ਕਦੀ ਮਿਲੇ ਵੀ ਨਹੀਂ। ਉਂਜ ਉਸ ਬੰਦੇ ਬਾਰੇ ਬਹੁਤ ਚਿਰਾਂ ਤੋਂ ਜਾਣਦੇ ਹਾਂ। ਵੀਹ ਕੁ ਸਾਲ ਪਹਿਲਾਂ ਵੀ ਉਹ ਚਰਚਾ ਵਿਚ ਆਇਆ ਸੀ। ਉਦੋਂ ਬੇਅੰਤ ਸਿੰਘ ਸਰਕਾਰ ਦੇ ਵੇਲੇ ਡਿਪਟੀ ਕਮਿਸ਼ਨਰ ਹੁੰਦਿਆਂ ਉਸ ਨੇ ਹਾਈ ਕੋਰਟ ਵਿਚ ਇਹ ਚਿੱਟਾਂ ਪੇਸ਼ ਕਰ ਕੇ ਸਨਸਨੀ ਫੈਲਾ ਦਿੱਤੀ ਸੀ ਕਿ ਉਸ ਨੂੰ ਗਲਤ ਕੰਮ ਕਰਨ ਲਈ ਕਿਹਾ ਜਾਂਦਾ ਹੈ। ਬੇਅੰਤ ਸਿੰਘ ਹਾਈ ਕੋਰਟ ਵਿਚ ਨਹੀਂ ਸੀ ਗਿਆ, ਸਾਰੀ ਜ਼ਿੰਮੇਵਾਰੀ ਉਸ ਦੇ ਰਾਜਸੀ ਸਹਾਇਕ ਗੁਰਮੀਤ ਨੇ ਆਪਣੇ ਸਿਰ ਲੈ ਕੇ ਕਹਿ ਦਿੱਤਾ ਸੀ ਕਿ ਸਾਡੇ ਕੋਲ ਕੋਈ ਅਰਜ਼ੀ ਆਉਂਦੀ ਹੈ ਤਾਂ ਅਸੀਂ ਨਿਯਮਾਂ ਬਾਰੇ ਨਾ ਜਾਣਦੇ ਹੋਣ ਕਰ ਕੇ ਅਫਸਰ ਨੂੰ ਭੇਜ ਦੇਂਦੇ ਹਾਂ, ਕੰਮ ਠੀਕ ਹੋਵੇ ਤਾਂ ਕਰ ਦੇਵੇ, ਵਰਨਾ ਇਨਕਾਰ ਕਰ ਸਕਦਾ ਹੈ। ਫਿਰ ਉਹ ਮਾਮਲਾ ਆਇਆ-ਗਿਆ ਹੋ ਗਿਆ ਤੇ ਕਈ ਸਾਲ ਸਵਰਨ ਸਿੰਘ ਦਾ ਨਾਂ ਨਹੀਂ ਸੀ ਸੁਣਿਆ ਗਿਆ। ਆਖਰ ਉਦੋਂ ਸੁਣਿਆ ਗਿਆ ਸੀ, ਜਦੋਂ ਉਹ ਰਿਟਾਇਰ ਹੋਣ ਵਾਲਾ ਸੀ ਤੇ ਅੰਮ੍ਰਿਤਸਰ ਪੱਛਮੀ ਦੇ ਰਿਜ਼ਰਵ ਹਲਕੇ ਤੋਂ ਚੋਣ ਲੜਨ ਲਈ ਤਿਆਰੀ ਵਜੋਂ ਉਸ ਦੇ 'ਕਾਂਗਰਸ ਆਗੂ ਸਵਰਨ ਸਿੰਘ' ਵਾਲੇ ਬੋਰਡ ਉਥੇ ਜਾ ਲਟਕੇ ਸਨ।

ਸ਼ਹੀਦ ਭਗਤ ਸਿੰਘ ਸ਼ਤਾਬਦੀ ਸਮਾਗਮਾਂ ਵਿਚ ਭ੍ਰਿਸ਼ਟਾਚਾਰ ਕਰਨ ਦੇ ਦੋਸ਼ ਵਾਲਾ ਕੇਸ ਏਸੇ ਸਵਰਨ ਸਿੰਘ ਦੇ ਖਿਲਾਫ ਬਣਿਆ ਸੀ।

> ***ਕੇਸ ਲਾਲੂ ਪ੍ਰਸਾਦ ਦਾ ਹੋਵੇ ਜਾਂ ਕਾਂਗਰਸੀ ਪਾਰਲੀਮੈਂਟ ਮੈਂਬਰ ਰਾਸ਼ਿਦ ਮਸੂਦ ਦਾ, ਦੋਵਾਂ ਨਾਲ ਸਰਕਾਰੀ ਅਫਸਰਾਂ ਨੂੰ ਜੇਲ੍ਹ ਜਾਣਾ ਪਿਆ ਹੈ। ਮਾਮਲਾ ਜਥੇਦਾਰ ਤੋਤਾ ਸਿੰਘ ਦਾ ਹੋਵੇ ਜਾਂ ਕੈਪਟਨ ਅਮਰਿੰਦਰ ਸਿੰਘ ਦਾ, ਇਨ੍ਹਾਂ ਸਾਰਿਆਂ ਦੇ ਨਾਲ ਕੁਝ ਨਾ ਕੁਝ ਸਰਕਾਰੀ ਅਫਸਰ ਅਦਾਲਤਾਂ ਦੇ ਬੈਂਚਾਂ ਉਤੇ ਬੈਠੇ ਵੇਖੇ ਜਾਂਦੇ ਹਨ। ਇਸ ਦੇ ਬਾਵਜੂਦ ਸਰਕਾਰ ਦੇ ਅਫਸਰਾਂ ਨੂੰ ਸਮਝ ਨਹੀਂ ਆਉਂਦੀ ਕਿ ਉਹ ਸੰਵਿਧਾਨ ਦੀ ਪਾਲਣਾ ਲਈ ਲੱਗੇ ਹੋਏ ਹਨ, ਫਰਮਾ-ਬਰਦਾਰੀ ਲਈ ਨਹੀਂ।***

ਉਸ ਸਮਾਗਮ ਵਿਚ ਮੁੰਬਈ ਤੇ ਹੋਰਨਾਂ ਥਾਂਵਾਂ ਤੋਂ ਸੱਦੇ ਗਏ ਆਖ ਕੇ ਕਈ ਕਲਾਕਾਰਾਂ ਤੋਂ ਰਸੀਦਾਂ ਬਣਾਈਆਂ ਗਈਆਂ ਸਨ। ਸੂਚਨਾ ਅਧਿਕਾਰ ਐਕਟ ਦੇ ਅਧੀਨ ਜਦੋਂ ਕਲਾਕਾਰਾਂ ਦੇ ਨਾਂ ਦੱਸੇ ਗਏ ਤਾਂ ਮੁੰਬਈ ਬੈਠੇ ਉਹ ਕਲਾਕਾਰ ਇਹ ਸੁਣ ਕੇ ਹੈਰਾਨ ਹੋ ਗਏ ਕਿ ਪੰਜਾਬ ਵਿਚ ਸ਼ਹੀਦ ਭਗਤ ਸਿੰਘ ਲਈ ਕੋਈ ਸਮਾਗਮ ਵੀ ਕੀਤਾ ਗਿਆ ਹੈ। ਲੱਖਾਂ ਰੁਪਏ ਦੀਆਂ ਰਸੀਦਾਂ ਉਨ੍ਹਾਂ ਦੇ ਨਾਂ ਬੋਲਦੀਆਂ ਸਨ। ਭ੍ਰਿਸ਼ਟਾਚਾਰ ਦਾ ਸਿੱਧਾ ਕੇਸ ਹੋਣ ਕਰ ਕੇ ਡਾ. ਸਵਰਨ ਸਿੰਘ ਸਮੇਤ ਜਿਨ੍ਹਾਂ ਸੱਜਣਾਂ ਦੀ ਇਸ ਵਿਚ ਮੁੱਖ ਡਿਊਟੀ ਸੀ, ਉਹ



ਡਾ. ਸਵਰਨ ਸਿੰਘ

ਇਸ ਦੀ ਲਪੇਟ ਵਿਚ ਆ ਗਏ ਤੇ ਨਾਲ ਇਹ ਚਰਚਾ ਵੀ ਚੱਲ ਪਈ ਕਿ 'ਕਾਰਿੰਦੇ' ਕਾਬੂ ਆਏ ਹਨ, ਅਸਲੀ ਕਾਰੋਬਾਰੀ ਅਜੇ ਬਾਹਰ ਹੀ ਹਨ। ਲੋਕਾਂ ਨੂੰ ਉਦੋਂ ਇਹ ਪਤਾ ਨਹੀਂ ਸੀ ਲੱਗਾ ਕਿ ਅਸਲੀ ਭ੍ਰਿਸ਼ਟਾਚਾਰੀ ਕਿਹੜੇ ਸਨ? ਹੁਣ ਸਵਰਨ ਸਿੰਘ ਵੱਲੋਂ ਕੀਤਾ ਖੁਲਾਸਾ ਜੇ ਸਹੀ ਹੋਵੇ, ਤੇ ਜਿਸ ਦਾ ਕਿਸੇ ਨੇ ਬਹੁਤਾ ਜ਼ੋਰ ਨਾਲ ਖੰਡਨ ਵੀ ਨਹੀਂ ਕੀਤਾ, ਤਾਂ ਇਸ ਨਾਲ ਇਹ ਗੱਲ ਵੀ ਪੁੱਛਣੀ ਬਣਦੀ ਹੈ ਕਿ ਹੁਣ ਤੱਕ ਸਵਰਨ ਸਿੰਘ ਨੇ ਇਸ ਬਾਰੇ ਭੇਦ-ਭਰੀ ਚੁੱਪ ਕਿਉਂ ਵੱਟੀ ਰੱਖੀ ਸੀ?

ਸ਼ਾਇਦ ਇਸ ਬਾਰੇ ਸਵਰਨ ਸਿੰਘ ਅਜੇ ਵੀ ਸਥਿਤੀ ਸਪੱਸ਼ਟ ਕਰਨ ਤੋਂ ਪਰਹੇਜ਼ ਕਰੇਗਾ, ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਨਾ ਇਹ ਸਵਾਲ ਇਕੱਲੇ ਮੰਤਰੀ ਮਜੀਠੀਏ ਦਾ ਹੈ ਤੇ ਨਾ ਇਕੱਲੇ ਸਵਰਨ ਸਿੰਘ ਦਾ, ਮਾਮਲਾ ਇੱਕ ਵਰਤਾਰੇ ਦਾ ਹੈ, ਜਿਹੜਾ ਅਜੇ ਵੀ ਚੱਲ ਰਿਹਾ ਹੈ। ਬਹੁਤ ਸਾਰੇ ਅਫਸਰ ਰਾਜਿਆਂ ਤੋਂ ਵੀ ਵੱਧ ਰਾਜ-ਸਰਕਾਰ ਦੇ ਵਫਾਦਾਰ ਬਣੇ ਫਿਰਦੇ ਹਨ ਤੇ ਜਦੋਂ ਕੀਤੀਆਂ ਭੁਗਤਣ ਦਾ ਮੌਕਾ ਆਵੇ ਤਾਂ ਕੋਈ ਬਾਂਹ ਨਹੀਂ ਫੜਦਾ।

ਸਾਡੇ ਸਾਹਮਣੇ ਇੱਕ ਮਾਮਲਾ ਹੁਣੇ-ਹੁਣੇ ਸੀ ਬੀ ਆਈ ਦੀ ਜਾਂਚ ਰਿਪੋਰਟ ਦੇ ਰੂਪ ਵਿਚ ਸਾਹਮਣੇ ਆਇਆ ਹੈ ਤੇ ਉਹ ਬਠਿੰਡਾ ਜ਼ਿਲੇ ਦਾ ਹੈ। ਉਥੇ ਮੰਡੀ ਖੁਰਦ ਵਿਚ ਇੱਕ ਕੂੜੇ ਦਾ ਡੰਪ ਬਣਾਇਆ ਜਾਣਾ ਸੀ। ਜਦੋਂ ਇਸ ਦੀ ਸਾਰੀ ਰੂਪ-ਰੇਖਾ ਤਿਆਰ ਹੋ ਗਈ, ਚੰਡੀਗੜ੍ਹ ਵਿਚ ਬੈਠੇ ਸਬੰਧਤ ਅਫਸਰਾਂ ਨੂੰ ਕਹਿ ਕੇ ਇਸ ਤਜਵੀਜ਼ ਦੀ ਫਾਈਲ ਬੰਦ ਕਰਵਾ ਕੇ ਕੁਝ ਲੋਕ ਉਸ ਪਿੰਡ ਜਾ ਵੜੇ। ਉਨ੍ਹਾਂ ਨੇ ਕੂੜਾ ਸੁਟਣ ਲਈ ਚੁਣੀ ਜਾ ਚੁੱਕੀ ਜ਼ਮੀਨ ਕਿਸਾਨਾਂ ਨੂੰ ਮੂੰਹ-ਮੰਗੇ ਪੈਸੇ ਦੇ ਕੇ ਖਰੀਦ ਲਈ। ਇੱਕ ਦਿਨ ਸੌਦਾ ਕੀਤਾ, ਦੂਸਰੇ ਦਿਨ ਰਜਿਸਟਰੀ ਜਦੋਂਕਿ ਲੋਕਾਂ ਦੇ ਇੰਤਕਾਲ ਸਾਲ-ਸਾਲ ਨਹੀਂ ਹੁੰਦੇ, ਹਫਤੇ ਵਿਚ ਸਾਰਾ ਕੰਮ ਸਿਰੇ ਚਾੜ੍ਹ ਦਿੱਤਾ ਗਿਆ। ਉਸ ਤੋਂ ਅਗਲੇ ਮਹੀਨੇ ਚੰਡੀਗੜ੍ਹ ਵਿਚ ਪਈ ਫਾਈਲ ਲੈ ਕੇ ਵੱਡੇ ਅਫਸਰ ਆਣ ਵੜੇ ਕਿ ਏਥੇ ਕੂੜਾ ਡੰਪ ਬਣਾਉਣਾ ਹੈ, ਤੇ ਉਹੋ ਜ਼ਮੀਨ ਅਕੁਆਇਰ ਕਰ ਕੇ ਤਸੀਲਦਾਰ ਤੋਂ ਉਸ ਦੀ ਮਾਰਕੀਟ ਕੀਮਤ ਏਨੀ ਲਗਵਾ ਲਈ ਕਿ ਆਸ-ਪਾਸ ਦੇ ਲੋਕ ਵੀ ਹੈਰਾਨ ਰਹਿ ਗਏ। ਫਿਰ ਉਸ ਕੀਤੇ ਨਾਲ ਵੀ ਤਸੱਲੀ ਨਾ ਹੋਈ ਤਾਂ ਜ਼ਿਲੇ ਦੇ ਅਧਿਕਾਰੀਆਂ ਤੋਂ ਕੀਮਤ ਨੂੰ ਦੁੱਗਣੀ-ਚੌਗੁਣੀ ਕਰ ਕੇ ਵਾਹਵਾ ਚੋਖੀ ਰਕਮ ਬਣਾ ਲਈ। ਅੰਤਲਾ ਨਤੀਜਾ ਇਹ ਸੀ ਕਿ ਡੇਢ ਕਰੋੜ ਰੁਪਏ ਦੇ ਕਰੀਬ ਮੁੱਲ ਵਿਚ ਖਰੀਦੀ ਜ਼ਮੀਨ ਦੇ ਸਾਢੇ ਕੁ ਸੱਤ ਕਰੋੜ ਰੁਪਏ ਪੰਜਾਬ ਸਰਕਾਰ ਤੋਂ ਵਸੂਲ ਕੇ ਏਡਾ ਵੱਡਾ ਘਪਲਾ ਕਰ ਦਿੱਤਾ ਗਿਆ, ਜਿਹੜਾ ਲੁਕਾਉਣਾ ਔਖਾ ਸੀ ਤੇ ਅੰਤ ਨੂੰ ਇਸ ਦੀ ਜਾਂਚ ਸੀ ਬੀ ਆਈ ਨੂੰ ਸੌਂਪਣ ਦੀ ਸਥਿਤੀ ਪੈਦਾ ਹੋ ਗਈ। ਜੇ ਇਹ ਕੇਸ ਕੱਲ੍ਹ ਨੂੰ ਅਦਾਲਤ ਵਿਚ ਚਲਾ ਗਿਆ, ਉਨ੍ਹਾਂ ਤੋਂ ਇਹ ਕੰਮ, ਅਤੇ ਸਿਰੇ ਦਾ ਗਲਤ ਕੰਮ, ਕਰਵਾਉਣ ਵਾਲੇ ਫਸਣ ਜਾਂ ਨਾ ਫਸਣ, ਉਹ ਸਾਰੇ ਅਫਸਰ ਜ਼ਰੂਰ ਜੇਲ੍ਹ ਦੀ ਦਾਲ ਪੀਣਗੇ, ਜਿਹੜੇ ਰਾਜਿਆਂ ਨਾਲੋਂ ਵੀ ਵੱਧ ਰਾਜ ਦੇ ਵਫਾਦਾਰ ਬਣੇ ਹੋਏ ਸਨ।

ਹੁਣੇ ਜਿਹੇ ਇੱਕ ਵੱਡੇ ਆਈ ਏ ਐਸ ਅਫਸਰ ਦੇ ਖਿਲਾਫ ਕੇਸ ਬਣਿਆ ਹੈ। ਉਹ ਬੇਅੰਤ ਸਿੰਘ ਸਰਕਾਰ ਦੇ ਸਮੇਂ ਵੀ ਹੁਕਮਰਾਨਾਂ ਦਾ ਚਹੇਤਾ ਹੁੰਦਾ ਸੀ, ਐਨ ਆਰ ਆਈ ਸਭਾ ਅੰਦਰ ਭ੍ਰਿਸ਼ਟਾਚਾਰ ਦਾ ਮੁੱਢ ਵੀ ਉਸੇ ਦੇ ਵਕਤ ਬੱਝਾ ਸੀ ਤੇ ਇਸ ਬਾਰੇ ਉਸ ਨਾਲ ਸਾਡੀ ਉਦੋਂ ਝੜਪ ਵੀ ਹੋਈ ਸੀ। ਸਾਰੇ ਕੇਸਾਂ ਵਿਚੋਂ ਬਚਦਾ ਰਿਹਾ ਉਹ ਅਫਸਰ ਨੌਕਰੀ ਦੇ ਅੰਤ ਵੇਲੇ ਇਸ ਗੱਲੋਂ ਫਸ ਗਿਆ ਕਿ ਵੀਹ ਕੁ ਸਾਲ ਪਹਿਲਾਂ ਉਸ ਨੇ ਨੌਕਰੀਆਂ ਦੀ ਪ੍ਰਕਿਰਿਆ ਵਿਚ ਕਿਸੇ ਵੱਡੇ ਆਗੂ ਨੂੰ ਖੁਸ਼ ਕਰਨ ਲਈ ਨੇਮ-ਕਾਨੂੰਨ ਛਿੱਕੇ ਟੰਗ ਦਿੱਤੇ ਸਨ। ਰਿਟਾਇਰਮੈਂਟ ਮਗਰੋਂ ਹੁਣ ਉਸ ਦੀ ਥਾਂ ਉਹ ਆਗੂ ਆਣ ਕੇ ਨਹੀਂ ਭੁਗਤਣਗੇ, ਭੁਗਤਣਾ ਉਸੇ ਨੂੰ ਪਵੇਗਾ।

ਕੇਸ ਲਾਲੂ ਪ੍ਰਸਾਦ ਦਾ ਹੋਵੇ ਜਾਂ ਕਾਂਗਰਸੀ ਪਾਰਲੀਮੈਂਟ ਮੈਂਬਰ ਰਾਸ਼ਿਦ ਮਸੂਦ ਦਾ, ਦੋਵਾਂ ਨਾਲ ਸਰਕਾਰੀ ਅਫਸਰਾਂ ਨੂੰ ਜੇਲ੍ਹ ਜਾਣਾ ਪਿਆ ਹੈ। ਮਾਮਲਾ ਜਥੇਦਾਰ ਤੋਤਾ ਸਿੰਘ ਦਾ ਹੋਵੇ ਜਾਂ ਕੈਪਟਨ ਅਮਰਿੰਦਰ ਸਿੰਘ ਦਾ, ਇਨ੍ਹਾਂ ਸਾਰਿਆਂ ਦੇ ਨਾਲ ਕੁਝ ਨਾ ਕੁਝ ਸਰਕਾਰੀ ਅਫਸਰ ਅਦਾਲਤਾਂ ਦੇ ਬੈਂਚਾਂ ਉਤੇ ਬੈਠੇ ਵੇਖੇ ਜਾਂਦੇ ਹਨ। ਇਸ ਦੇ ਬਾਵਜੂਦ ਸਰਕਾਰ ਦੇ ਅਫਸਰਾਂ ਨੂੰ ਸਮਝ ਨਹੀਂ ਆਉਂਦੀ ਕਿ ਉਹ ਸੰਵਿਧਾਨ ਦੀ ਪਾਲਣਾ ਲਈ ਲੱਗੇ ਹੋਏ ਹਨ, ਫਰਮਾ-ਬਰਦਾਰੀ ਲਈ ਨਹੀਂ।

ਫਰਮਾ-ਬਰਦਾਰੀ ਕਰਨ ਦਾ ਇਹ ਵਰਤਾਰਾ ਕਿਸ ਹੱਦ ਤੱਕ ਚਲਾ ਜਾਂਦਾ ਹੈ, ਇਸ ਦੀ ਇੱਕ ਮਿਸਾਲ ਬੇਅੰਤ ਸਿੰਘ ਸਰਕਾਰ ਦੇ ਇੱਕ ਮੰਤਰੀ



ਬਿਕਰਮ ਸਿੰਘ ਮਜੀਠੀਆ

ਦੇ ਪੁੱਤਰ ਦੇ ਕੇਸ ਤੋਂ ਵੀ ਪਤਾ ਲੱਗ ਜਾਂਦੀ ਹੈ। ਉਸ ਮੰਤਰੀ ਦੇ ਇੱਕ ਸਾਲੇ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਗਿਆ ਸੀ। ਉਦੋਂ ਅਤਿਵਾਦ-ਪੀੜਤ ਦੇ ਖਾਤੇ ਵਿਚ ਨੌਕਰੀਆਂ ਮਿਲ ਜਾਂਦੀਆਂ ਸਨ। ਇਹ ਨੌਕਰੀ ਲੈਣ ਲਈ ਇੱਕ ਸ਼ਰਤ ਹੁੰਦੀ ਸੀ ਕਿ ਨੌਕਰੀ ਦੀ ਬੇਨਤੀ ਕਰਨ ਵਾਲਾ ਉਸ ਮਾਰੇ ਗਏ ਵਿਅਕਤੀ ਉਤੇ ਨਿਰਭਰ ਵੀ ਹੋਵੇ ਤੇ ਉਸ ਦੇ ਮਰਨ ਪਿੱਛੋਂ ਇਸ ਦਾ ਗੁਜ਼ਾਰਾ ਨਾ ਚੱਲ ਰਿਹਾ ਹੋਵੇ। ਉਸ ਮੰਤਰੀ ਨੇ ਆਪਣੇ ਪੁੱਤਰ ਨੂੰ ਮਾਮੇ ਉਤੇ ਨਿਰਭਰ ਬਣਾ ਕੇ ਪੇਸ਼ ਕਰ ਦਿੱਤਾ ਅਤੇ ਉਸ ਨੂੰ ਸਿੱਧੀ ਅਫਸਰੀ ਦਿਵਾ ਲਈ। ਜਿਹੜਾ ਬੰਦਾ ਆਪ ਮੰਤਰੀ ਸੀ, ਉਸ ਦਾ ਪੁੱਤਰ ਆਪਣੇ ਮਾਮੇ ਦੇ ਆਸਰੇ ਦਿਨ ਕੱਟਣ ਵਾਲਾ ਦੁਖਿਆਰਾ ਕਿਵੇਂ ਹੋ ਗਿਆ, ਇਹ ਗੱਲ ਅਫਸਰਾਂ ਨੇ ਪੁੱਛਣੀ ਸੀ, ਪਰ ਅਫਸਰ ਉਦੋਂ ਵੀ ਰਾਜਿਆਂ ਨਾਲੋਂ ਰਾਜ ਸਰਕਾਰ ਦੇ ਵੱਧ ਵਫਾਦਾਰ ਸਨ, ਇਸ ਲਈ ਨੌਕਰੀ ਦੀ ਫਾਈਲ ਪੰਜਵੇਂ ਗੇਅਰ ਵਿਚ ਦੌੜਦੀ ਗਈ। ਅਸਲੀ ਹੱਕਦਾਰਾਂ ਦੀਆਂ ਫਾਈਲਾਂ ਘੱਟੇ ਵਿਚ ਰੁਲਦੀਆਂ ਰਹੀਆਂ ਸਨ ਤੇ ਇਸ ਜਾਅਲੀ ਹੱਕਦਾਰ ਨੂੰ ਫਰਮਾ-ਬਰਦਾਰ ਅਫਸਰਾਂ ਨੇ ਅਫਸਰੀ ਦੇ ਛੱਡੀ। ਇਹ ਇੱਕ ਕੇਸ ਮਿਸਾਲ ਵਜੋਂ ਦੱਸਿਆ ਗਿਆ ਹੈ, ਪਰ ਇਹ ਇੱਕੋ-ਇੱਕ ਨਹੀਂ ਹੈ, ਇਸ ਤਰ੍ਹਾਂ ਦੇ ਅਨੇਕਾਂ ਮਾਮਲੇ ਹਨ, ਜਿਨ੍ਹਾਂ ਦੀ ਪੂਰੀ ਸੂਚੀ ਛਾਪਣ ਨਾਲ ਸਾਡੇ ਪੰਜਾਬ ਦਾ ਬਹੁਤ ਵੱਡਾ 'ਭ੍ਰਿਸ਼ਟਾਚਾਰ ਮਹਾਂ-ਗ੍ਰੰਥ' ਛਾਪਿਆ ਜਾ ਸਕਦਾ ਹੈ।

ਹੁਣ ਇਸ ਵਰਤਾਰੇ ਵਿਚ ਇੱਕ ਨਵਾਂ ਕਾਂਡ ਜੁੜਨਾ ਸ਼ੁਰੂ ਹੋ ਗਿਆ ਹੈ। ਬਹੁਤ ਸਾਰੇ ਅਫਸਰ ਕਿਸੇ ਫਾਈਲ ਉਤੇ ਦਸਤਖਤ ਕਰਨ ਦੀ ਥਾਂ ਆਪਣੇ ਹੇਠਾਂ ਵਾਲੇ ਅਫਸਰਾਂ ਨੂੰ ਜ਼ਬਾਨੀ ਕਹਿਣ ਲੱਗ ਪਏ ਹਨ ਕਿ ਆਹ ਜ਼ਰਾ ਕੁ ਕੰਮ ਹੈ, ਤੁਸੀਂ ਹੀ ਵੇਖ ਲਓ। ਹੇਠਲੇ ਅਫਸਰ ਬਹੁਤੀ ਵਾਰੀ ਅੱਗੋਂ ਇਹ ਕਹਿਣ ਦੀ ਜੁਰਅੱਤ ਨਹੀਂ ਕਰਦੇ ਕਿ ਜ਼ਰਾ ਕੁ ਕੰਮ ਵਾਲੀ ਇਸ ਫਾਈਲ ਉਤੇ ਜ਼ਰਾ ਕੁ ਆਟੋਗ੍ਰਾਫ ਵੀ ਦੇ ਛੱਡੋ, ਕਦੀ ਕੰਮ ਆ ਜਾਣਗੇ, ਪਰ ਜੇ ਕੋਈ ਕਰਦਾ ਹੈ ਤਾਂ ਅੱਗੋਂ ਇਹ ਜਵਾਬ ਮਿਲ ਜਾਂਦਾ ਹੈ, ਜਿੱਦਾਂ ਮੈਨੂੰ ਜ਼ਬਾਨੀ ਕਿਹਾ ਗਿਆ, ਮੈਂ ਤੈਨੂੰ ਕਹਿ ਦਿੱਤਾ ਹੈ। ਇਸ ਗੱਲ ਦੇ ਵਿਚ ਇੱਕ ਖਾਸ 'ਸੁਨੇਹਾ' ਹੁੰਦਾ ਹੈ, ਜਿਹੜਾ ਬਿਨਾਂ ਲਿਖੇ ਤੇ ਬਿਨਾਂ ਕਹੇ ਤੋਂ ਹੇਠਲੇ ਅਫਸਰ ਨੂੰ ਪਹੁੰਚ ਜਾਂਦਾ ਹੈ ਤੇ ਉਹ ਇਸ ਸੁਨੇਹੇ ਵਿਚਲੀ ਤੰਦ ਟੁਣਕੀ ਸੁਣ ਕੇ ਭੰਬੀਰੀ ਵਾਂਗ ਭੌਂ ਜਾਂਦੇ ਹਨ। ਦਿੱਲੀ ਹੋਵੇ ਜਾਂ ਹਰਿਆਣਾ ਜਾਂ ਪੰਜਾਬ, ਹਰ ਥਾਂ ਇਹ ਨਵਾਂ ਸਰਕਾਰੀ ਵਿਹਾਰ ਇੱਕ ਰਵਾਇਤ ਜਿਹੀ ਬਣਦਾ ਜਾ ਰਿਹਾ ਹੈ।

ਗੱਲ ਫਿਰ ਉਥੇ ਆਣ ਕੇ ਰੁਕ ਜਾਂਦੀ ਹੈ। ਡਾ. ਸਵਰਨ ਸਿੰਘ ਨੇ ਇੱਕ ਵੱਡਾ ਖੁਲਾਸਾ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਦਾਂ ਦੇ ਖੁਲਾਸੇ ਹੁਣ ਕੋਈ ਅਰਥ ਨਹੀਂ ਰੱਖਦੇ। ਜੇ ਕਹਿਣ ਦੇ ਵਕਤ ਅੱਗੋਂ ਕੁਝ ਕਿਹਾ ਨਹੀਂ ਤੇ ਆਪਣਾ ਅਕਸ ਖਰਾਬ ਕਰਨ ਦੇ ਬਾਅਦ ਜੇਲ੍ਹ ਦੀ ਯਾਤਰਾ ਵੀ ਕਰ ਲਈ ਤਾਂ ਹੁਣ ਚੁੱਪ ਤੋੜਨ ਨਾਲ ਉਸ ਨੂੰ ਕੋਈ ਲਾਭ ਨਹੀਂ ਹੋਣਾ। ਸਜ਼ਾ ਉਸ ਇਕੱਲੇ ਨੇ ਨਹੀਂ ਭੁਗਤੀ, ਉਸ ਦੇ ਪਰਿਵਾਰ ਨੂੰ ਵੀ ਸ਼ਰਮਿੰਦਗੀ ਹੰਢਾਉਣੀ ਪਈ ਸੀ। ਉਸ ਦੇ ਚੁੱਪ ਤੋੜਨ ਦਾ ਲਾਭ ਤਦੇ ਹੋ ਸਕਦਾ ਹੈ, ਜੇ ਉਸ ਦੇ ਹਸ਼ਰ ਤੋਂ ਅਫਸਰੀ ਕੁਰਸੀਆਂ ਉਤੇ ਬੈਠੇ ਬਾਕੀ ਲੋਕ ਕੋਈ ਸਬਕ ਸਿੱਖ ਸਕਣ। ਹਾਲੇ ਇਹੋ ਜਿਹਾ ਕੋਈ ਸੰਕੇਤ ਨਹੀਂ ਮਿਲਦਾ ਕਿ ਬਾਕੀ ਲੋਕ ਅਫਸਰ ਸਬਕ ਸਿੱਖ ਲੈਣਗੇ।




10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 2600 ਮਿੰਟ (43.5 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਵਧੀਆ ਅਤੇ ਭਰੋਸੇਮੰਦ ਸਰਵਿਸ, ਜਿੰਨੀ ਕਾਲ ਕਰੋਗੇ ਓਨੇ ਹੀ ਮਿੰਟ ਕੱਟੇ ਜਾਣਗੇ।
ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

*24/7 Customer Service Available*

*Same rate for lanline and mobile.*

ਟੌਲ ਫਰੀ ਨੰਬਰ 1-888-652-6268

732-983-4332/4333

## ਸ਼੍ਰੋਮਣੀ ਅਕਾਲੀ ਦਲ (ਅਮਰੀਕਾ) ਦੇ ਮੀਤ ਪ੍ਰਧਾਨ

# ਸ. ਬਲਦੇਵ ਸਿੰਘ ਸੱਲ੍ਹਾਂ ਨੂੰ

## ਕੁਲ ਹਿੰਦ ਲੁਬਾਣਾ ਸਮਾਜ ਦੀ ਅਮਰੀਕਾ ਇਕਾਈ ਦਾ ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ

# ਬਹੁਤ ਬਹੁਤ ਵਧਾਈ

ਵਧਾਈ
ਵਧਾਈ
ਵਧਾਈ



ਸ. ਬਲਦੇਵ ਸਿੰਘ ਸੱਲ੍ਹਾਂ

ਵਧਾਈ
ਵਧਾਈ
ਵਧਾਈ

ਉਮੀਦ ਕਰਦੇ ਹਾਂ ਸ. ਸੱਲ੍ਹਾਂ ਅਮਰੀਕਾ ਵਿਚ ਲੁਬਾਣਾ ਭਾਈਚਾਰੇ ਵਿਚ ਇਤਫਾਕ ਮਜ਼ਬੂਤ ਕਰਨ ਅਤੇ ਇਸ ਨੂੰ ਸਿੱਖੀ ਸੋਚ ਪ੍ਰਤੀ ਪਰਪੱਕ ਕਰਨ ਲਈ ਭਰਪੂਰ ਯਤਨ ਕਰਨਗੇ

### ਵਲੋਂ



ਲਖਵੰਤ ਸਿੰਘ ਕੋਮਲ



ਗੁਲਜ਼ਾਰ ਸਿੰਘ ਮੁਲਤਾਨੀ



ਨਰਿੰਦਰ ਸਿੰਘ ਮੁੰਦਰ



ਪ੍ਰਿਥਪਾਲ ਸਿੰਘ ਘੋਤੜਾ



ਪਾਲ ਸਿੰਘ ਖਲੀਲ



ਕਿਰਨਜੀਤ ਸਿੰਘ ਬਾਵਾ



ਦਰਸ਼ਨ ਸਿੰਘ ਦਰੜ



ਡਾ. ਹਰਜਿੰਦਰ ਸਿੰਘ ਖਹਿਰਾ




ਹਰਪਾਲ ਸਿੰਘ ਟਾਂਡਾ



ਬਿੱਲੂ ਪੰਧੇਰ



ਸੁਰਜੀਤ ਸਿੰਘ ਮਾਵੀ



ਹਰਵਿੰਦਰ ਸਿੰਘ ਵਾਲੀਆ



ਹੈਪੀ ਹੀਰ



ਵਰਿੰਦਰ ਸਾਹੀ

# ਮਾਲਵੇ ਦੇ ਪਰਵਾਸੀ ਪੰਜਾਬੀਆਂ ਨੇ ਵਿਸਾਰ ਦਿੱਤੀ ਜਨਮ ਭੂਮੀ

**ਚੰਡੀਗੜ੍ਹ:** ਮਾਲਵਾ ਪੱਟੀ ਦੇ ਪਰਵਾਸੀ ਪੰਜਾਬੀ ਆਪਣੇ ਪਿੰਡਾਂ ਦਾ ਗੇੜਾ ਤਾਂ ਲਾਉਂਦੇ ਹਨ ਪਰ ਪਿੰਡਾਂ ਦੇ ਵਿਕਾਸ ਵਿਚ ਭਾਗੀਦਾਰ ਨਹੀਂ ਬਣਦੇ। ਪੰਜਾਬ ਸਰਕਾਰ ਵੱਲੋਂ 2011-12 ਵਿਚ ਪਰਵਾਸੀ ਪੰਜਾਬੀ ਤੇ ਉਨ੍ਹਾਂ ਵੱਲੋਂ ਪੇਂਡੂ ਵਿਕਾਸ 'ਚ ਪਾਏ ਯੋਗਦਾਨ ਦਾ ਵੇਰਵੇ ਅਨੁਸਾਰ ਪਰਵਾਸੀ ਪੰਜਾਬੀ ਆਪਣੇ ਪਿੰਡਾਂ ਦੀ ਤਾਕਤ ਨਹੀਂ ਬਣਦੇ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਵੀ ਪਰਵਾਸੀ ਪੰਜਾਬੀਆਂ ਨੂੰ ਮਿਹਣਾ ਦਿੱਤਾ ਕਿ ਪਰਵਾਸੀ ਪੰਜਾਬੀ ਪਿੰਡਾਂ ਦੇ ਵਿਕਾਸ ਵਿਚ ਮਦਦਗਾਰ ਨਹੀਂ ਬਣ ਰਹੇ ਹਨ। ਸਰਕਾਰੀ ਅੰਕੜਿਆਂ ਅਨੁਸਾਰ ਮਾਲਵਾ ਪੱਟੀ ਦੇ ਦਰਜਨ ਜ਼ਿਲ੍ਹਿਆਂ ਦੇ 24668 ਪਰਿਵਾਰ ਪਿੰਡਾਂ ਵਿਚੋਂ ਵਿਦੇਸ਼ਾਂ ਵਿਚ ਵਸੇ ਹੋਏ ਹਨ। ਇਨ੍ਹਾਂ 'ਚੋਂ ਕੇਵਲ 26 ਪਰਵਾਸੀ ਪਰਿਵਾਰਾਂ ਨੇ ਆਪਣੇ ਪਿੰਡ ਦੇ ਵਿਕਾਸ ਲਈ 2011-12 ਦੌਰਾਨ 32.95 ਲੱਖ ਰੁਪਏ ਦਾ ਯੋਗਦਾਨ ਦਿੱਤਾ ਹੈ। ਇਨ੍ਹਾਂ ਪਰਿਵਾਰਾਂ ਨੇ ਪਿਛਲੇ ਪੰਜ ਵਰ੍ਹਿਆਂ ਵਿਚ ਆਪਣੇ ਪਿੰਡਾਂ ਦੇ ਵਿਕਾਸ ਲਈ 1.48 ਕਰੋੜ ਰੁਪਏ ਦੀ ਮਦਦ ਕੀਤੀ ਸੀ। ਜ਼ਿਲ੍ਹਾ ਬਠਿੰਡਾ ਦੇ ਪਿੰਡਾਂ ਦੇ 1710 ਪਰਵਾਸੀ ਪੰਜਾਬੀ ਪਰਿਵਾਰ ਹਨ ਜਿਨ੍ਹਾਂ ਵਿਚੋਂ ਸਿਰਫ 3 ਪਰਿਵਾਰਾਂ ਨੇ ਆਪਣੇ ਪਿੰਡਾਂ ਦੇ ਵਿਕਾਸ ਲਈ ਸਾਢੇ ਚਾਰ ਲੱਖ ਰੁਪਏ ਦਾਨ ਦਿੱਤੇ ਹਨ।

ਜ਼ਿਲ੍ਹਾ ਮੁਕਤਸਰ ਦੇ 255 ਪਰਵਾਸੀ ਪੰਜਾਬੀ ਪਰਿਵਾਰ ਹਨ ਜਿਨ੍ਹਾਂ ਨੇ ਆਪਣੇ ਪਿੰਡਾਂ ਲਈ ਕੇਵਲ ਡੇਢ ਲੱਖ ਰੁਪਏ ਦਿਤੇ। ਮਾਲਵੇ ਵਿਚੋਂ ਜ਼ਿਲ੍ਹਾ ਮੋਗਾ ਕੁਝ ਅੱਗੇ ਹੈ ਜਿਥੋਂ ਦੇ 4843 ਪਰਵਾਸੀ ਪਰਿਵਾਰਾਂ ਵਿਚੋਂ 90 ਪਰਿਵਾਰਾਂ ਨੇ ਆਪਣੇ ਪਿੰਡਾਂ ਲਈ 11 ਲੱਖ ਰੁਪਏ ਦਿਤੇ।

ਪਿੰਡ ਥਰਾਜ ਦੀ ਅਮਨਦੀਪ ਕੌਰ ਸਿੱਧੂ (ਕੈਨੇਡਾ) ਦਾ ਕਹਿਣਾ ਹੈ ਕਿ ਤਾਲਮੇਲ ਦੀ ਕਮੀ ਕਰਕੇ ਅਜਿਹਾ ਹੁੰਦਾ ਹੈ। ਬਠਿੰਡਾ ਦੇ ਪਿੰਡ ਬੰਗੀ ਕਲਾਂ ਦੇ ਹੀਰਾ ਸਿੱਧੂ (ਕੈਨੇਡਾ) ਦਾ ਕਹਿਣਾ ਹੈ ਕਿ ਬਹੁਤੇ ਪਰਵਾਸੀ ਪਰਿਵਾਰ ਤਾਂ ਵਿਅਕਤੀਗਤ ਤੌਰ 'ਤੇ ਗਰੀਬ ਬੱਚਿਆਂ ਤੇ ਲੋੜਵੰਦਾਂ ਦੀ ਮਦਦ ਕਰਦੇ ਰਹਿੰਦੇ ਹਨ ਪਰ ਉਨ੍ਹਾਂ ਦਾ ਵੇਰਵਾ ਕਿਸੇ ਰਿਕਾਰਡ 'ਤੇ ਨਹੀਂ ਆਉਂਦਾ ਹੈ।

ਬਹੁਤੇ ਪਰਵਾਸੀ ਪੰਜਾਬੀ ਮਾਲਵਾ ਪੱਟੀ ਵਿਚ ਕੈਂਸਰ ਪੀੜਤਾਂ ਦੀ ਮਦਦ ਲਈ ਅੱਗੇ ਆ ਰਹੇ ਹਨ। ਮੰਡੀ ਕਲਾਂ ਦੇ ਮਨਦੀਪ ਸਿੰਘ (ਕੈਨੇਡਾ) ਵੱਲੋਂ ਹਰ ਸਾਲ ਸਕੂਲੀ ਬੱਚਿਆਂ ਦੀ ਮਦਦ ਕੀਤੀ ਜਾਂਦੀ ਹੈ। ਪਿੰਡ ਪਿੱਥੋ ਦੇ ਸੁਖਮਿੰਦਰ ਸਿੰਘ ਢਿੱਲੋਂ (ਕੈਨੇਡਾ) ਦਾ ਕਹਿਣਾ ਹੈ ਕਿ ਉਹ ਤਾਂ ਤਿਆਰ ਹਨ ਪਰ ਪੰਚਾਇਤਾਂ ਨੂੰ ਵੀ ਚਾਹੀਦਾ ਹੈ ਕਿ ਉਹ ਪਰਵਾਸੀ ਪੰਜਾਬੀਆਂ ਨੂੰ ਪਿੰਡ ਦੀ ਸਾਂਝੀਆਂ ਲੋੜਾਂ ਤੋਂ ਜਾਣੂ ਕਰਾਉਣ ਤਾਂ ਜੋ ਉਹ ਬਣਦਾ ਯੋਗਦਾਨ ਦੇ ਸਕਣ।

ਸਰਕਾਰੀ ਵੇਰਵਿਆਂ ਅਨੁਸਾਰ ਪੂਰੇ ਪੰਜਾਬ ਵਿਚ ਵੀ ਅਜਿਹਾ ਹੀ ਰੁਝਾਨ ਹੈ। ਪੇਂਡੂ ਪੰਜਾਬ ਵਿਚੋਂ ਕਰੀਬ 64 ਹਜ਼ਾਰ ਪਰਿਵਾਰ ਵਿਦੇਸ਼ਾਂ ਵਿਚ ਵਸੇ ਹੋਏ ਹਨ ਜਿਨ੍ਹਾਂ ਵਿਚੋਂ 335 ਪਰਿਵਾਰਾਂ ਨੇ ਹੀ 2011-12 ਦੌਰਾਨ 1.39 ਕਰੋੜ ਰੁਪਏ ਦੀ ਮਾਲੀ ਮਦਦ ਆਪਣੇ ਪਿੰਡਾਂ ਦੇ ਵਿਕਾਸ ਲਈ ਦਿੱਤੀ ਹੈ। ਉਸ ਤੋਂ ਪਹਿਲੇ ਪੰਜ ਵਰ੍ਹਿਆਂ ਦੌਰਾਨ ਇਨ੍ਹਾਂ ਪਰਿਵਾਰਾਂ ਨੇ ਪੇਂਡੂ ਵਿਕਾਸ ਲਈ 7.79 ਕਰੋੜ ਰੁਪਏ ਦਾ ਯੋਗਦਾਨ ਪਾਇਆ ਹੈ। ਦੂਜੇ ਪਾਸੇ ਜ਼ਿਲ੍ਹਾ ਸੰਗਰੂਰ ਦਾ ਪਿੰਡ ਜਲਵਾਣਾ ਅਜਿਹੀ ਮਿਸਾਲ ਹੈ ਜਿਥੋਂ ਦੇ ਪਰਵਾਸੀ ਪੰਜਾਬੀ ਪਿੰਡ ਦੀ ਕਾਇਆ ਕਲਪ ਕਰ ਰਹੇ ਹਨ।



*ਸੈਕਰਾਮੈਂਟੋ ਵਿਚ 'ਮੀਰਾਜ-4 ਯੂ' ਹਾਲ ਵਿਚ ਬਜੁਰਗਾਂ ਵਲੋਂ ਲੋਹੜੀ ਮੌਕੇ ਇਕ ਸਮਾਗਮ ਕੀਤਾ ਗਿਆ। ਇਸ ਮੌਕੇ ਦੀ ਇਕ ਤਸਵੀਰ*













# ਲੋਹੜੀ ਮੇਲੇ ਵਿਚ ਬੱਚਿਆਂ ਨੇ ਆਪਣੀ ਕਲਾ ਨਾਲ ਖੂਬ ਰੰਗ ਬੰਨਿਆ

**ਫਰਿਜ਼ਨੋਂ (ਬਿਊਰੋ):** 'ਰੇਡੀਓ ਵਤਨੋਂ ਦੂਰ' ਅਤੇ ਯੂਥ ਅਕਾਲੀ ਦਲ ਯੂ ਐਸ ਏ ਵਲੋਂ ਇਥੇ ਕਰਵਾਏ ਗਏ ਦੂਜੇ 'ਧੀਆਂ-ਪੁੱਤਰਾਂ ਦੇ ਲੋਹੜੀ ਮੇਲੇ' ਵਿਚ ਜਿਥੇ ਛੋਟੇ ਅਤੇ ਵੱਡੇ ਬੱਚਿਆਂ ਨੇ ਵੱਖ ਵੱਖ ਮਨੋਰੰਜਕ ਆਈਟਮਾਂ ਦੇ ਮੁਕਾਬਲੇ ਵਿਚ ਹਿੱਸਾ ਲਿਆ, ਉਥੇ ਵੱਖ ਵੱਖ ਖੇਤਰਾਂ ਦੀਆਂ ਕੁਝ ਉਘੀਆਂ ਸ਼ਖਸੀਅਤਾਂ ਦਾ ਮਾਣ-ਸਨਮਾਨ ਵੀ ਕੀਤਾ। ਮੇਲੇ ਦੀ ਸ਼ੁਰੂਆਤ ਬੱਚਿਆਂ ਵਲੋਂ ਸ਼ਬਦ ਕੀਰਤਨ ਨਾਲ ਹੋਈ। ਮੰਚ ਸੰਚਾਲਨ ਰੇਡੀਓ ਹੋਸਟ ਤੇ ਪੱਤਰਕਾਰ ਕੁਲਵੀਰ ਹੇਅਰ ਅਤੇ ਆਸ਼ਾ ਸ਼ਰਮਾ ਨੇ ਕੀਤਾ।

ਦੋ ਵਰਗਾਂ ਵਿਚ ਕਰਵਾਏ ਗਏ ਬੱਚਿਆਂ ਦੇ ਕਵਿਤਾ ਮੁਕਾਬਲਿਆਂ ਦੇ ਪਹਿਲੇ 5-10 ਸਾਲ ਉਮਰ ਵਰਗ ਦੇ ਮੁਕਾਬਲੇ ਵਿਚ ਪਹਿਲੇ, ਦੂਜੇ ਅਤੇ ਤੀਜੇ ਥਾਂ 'ਤੇ ਕ੍ਰਮਵਾਰ ਆਂਚਲ ਹੇਅਰ, ਸੁਖਮਨ ਔਜਲਾ ਅਤੇ ਮਨਭਾਵਨੀ ਕੌਰ ਰਹੇ। ਦੂਜੇ 11-18 ਸਾਲ ਦੇ ਵਰਗ ਵਿਚ ਪਹਿਲਾ ਸਥਾਨ ਤਮੰਨਾ ਔਜਲਾ, ਦੂਜਾ ਖੇਵਨਖੁਦਾਈ ਕੌਰ ਅਤੇ ਤੀਜਾ ਹਰਬਾਵਰੀ ਕੌਰ ਨੇ ਪ੍ਰਾਪਤ ਕੀਤਾ। ਮੁਕਾਬਲੇ ਦੇ ਜੱਜ ਸ਼ਾਇਰ ਤੇ ਲੇਖਕ ਡਾ. ਗੁਰੂਮੇਲ ਸਿੱਧੂ, ਹਰਜਿੰਦਰ ਕੰਗ ਅਤੇ ਸਿੱਧੂ ਦਮਦਮੀ ਸਨ।

'ਸੁੰਦਰ ਦਸਤਾਰ ਸਜਾਓ' ਮੁਕਾਬਲੇ ਵਿਚ ਦੇ ਪਹਿਲੇ ਗਰੁਪ ਵਿਚ ਰੂਹਰਬਾਬੀ ਸਿੰਘ, ਸਿੰਮਵੀਰ ਸਿੰਘ ਹੇਅਰ ਅਤੇ ਗੁਰਵਿੰਦਰਪਾਲ ਸਿੰਘ ਰਠੌੜ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਥਾਂ ਰਹੇ। ਦੂਜੇ ਗਰੁਪ ਵਿਚ ਪਹਿਲੇ ਥਾਂ ਸਾਹਿਬਕਵੀਸ਼ਰ ਸਿੰਘ, ਦੂਜੇ ਅਕਾਸ਼ਦੀਪ ਸਿੰਘ ਜਾਡਲਾ ਅਤੇ ਤੀਜੇ ਥਾਂ ਸਨਜੋਤ ਸਿੰਘ ਸਿੱਧੂ ਰਿਹਾ।

ਲਵਲੀਨ ਕੌਰ, ਸਿਮਰਨ ਹੇਅਰ, ਹਰਬਾਵਰੀ ਕੌਰ ਅਤੇ ਸਾਹਿਬ ਕਵੀਸ਼ਰ ਸਿੰਘ ਵਲੋਂ ਤਿਆਰ ਰੇਡੀਓ ਵਤਨੋਂ ਦੂਰ ਦੀਆਂ ਟੀਮਾਂ ਨੇ ਗਿੱਧਾ-ਭੰਗੜਾ ਪੇਸ਼ ਕੀਤਾ ਜਿਨ੍ਹਾਂ ਵਿਚ 'ਰੌਣਕ ਵਿਹੜੇ ਦੀ', 'ਰੌਣਕ ਤ੍ਰਿੰਞਣਾਂ ਦੀ', 'ਅਣਖੀਲੇ ਗੱਭਰੂ', 'ਵੱਖਰੀ ਤੋਰ ਪੰਜਾਬਣਾਂ ਦੀ' ਗਿੱਧਾ ਟੀਮ ਨੇ ਗਿੱਧੇ-ਭੰਗੜੇ ਅਤੇ ਸੰਮੀ ਨ੍ਰਿਤ ਦੀਆਂ ਖੂਬ ਧੂਮਾਂ ਪਾਈਆਂ। ਗੁਰਨਾਜ਼ ਕੌਰ ਲਾਖਣ ਅਤੇ ਆਂਚਲ ਸਿੰਘ ਹੇਅਰ ਨੇ ਸੋਲੋ ਡਾਂਸ ਪੇਸ਼ ਕੀਤਾ।

ਇਸ ਮੌਕੇ ਕੁਝ ਵਿਸ਼ੇਸ਼ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ। ਇਨ੍ਹਾਂ ਵਿਚ ਡਾ. ਗੁਰੂਮੇਲ ਸਿੱਧੂ ਨੂੰ 'ਨਵੀਂ ਸੋਚ ਦਾ ਰਾਹੀ', ਗਜ਼ਲਗੋ ਹਰਜਿੰਦਰ ਕੰਗ ਨੂੰ 'ਹਰਫਾਂ ਦਾ ਹਸਤਾਖਰ', ਲੇਖਕ ਤੇ ਪੱਤਰਕਾਰ ਸਿੱਧੂ ਦਮਦਮੀ ਨੂੰ 'ਨਿਰਪੱਖ ਕਲਮ', ਰੇਡੀਓ ਹੋਸਟ ਸੰਤੋਖ ਸਿੰਘ ਮਿਨਹਾਸ ਨੂੰ 'ਸਾਹਿਤਕ ਸੋਚ' ਅਤੇ ਮੰਚ ਸੰਚਾਲਕਾ ਆਸ਼ਾ ਸ਼ਰਮਾ ਨੂੰ 'ਬੋਲਾਂ ਦੀ ਵਣਜਾਰਨ', ਮਿਸ ਪੰਜਾਬਣ ਯੂ ਐਸ ਏ-2012 ਮਨਪ੍ਰੀਤ ਗਿੱਲ ਨੂੰ 'ਵਿਰਸੇ ਦੀ ਵਾਰਿਸ' ਅਤੇ ਸ਼ਬਦ ਕੀਰਤਨ ਦੇ ਖੇਤਰ ਵਿਚ ਨਾਮਣਾ ਖੱਟਣ ਵਾਲੀਆਂ ਬੱਚੀਆਂ ਇਕਓਂਕਾਰ ਕੌਰ, ਕੀਰਤਨ ਕੌਰ ਅਤੇ ਗੁਰਪ੍ਰਸ਼ਾਦਿ ਕੌਰ ਦਾ 'ਗੁਰਮਤਿ ਸੰਗੀਤ ਕਰੂੰਬਲਾਂ' ਐਵਾਰਡਾਂ ਨਾਲ ਸਨਮਾਨ ਕੀਤਾ ਗਿਆ। ਸਰਬਜੀਤ ਕੌਰ ਅਤੇ ਜਸਬੀਰ ਸਿੰਘ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ। ਜੇਤੂ ਬੱਚਿਆਂ ਦਾ ਇਨਾਮ ਦੇ ਕੇ ਹੌਸਲਾ ਵਧਾਇਆ ਗਿਆ।

ਧਾਰਮਿਕ, ਸੱਭਿਆਚਾਰਕ ਅਤੇ ਸਮਾਜਿਕ ਖੇਤਰ ਵਿਚ ਪ੍ਰਾਪਤੀਆਂ ਲਈ ਸਾਹਿਬਕਵੀਸ਼ਰ ਸਿੰਘ ਅਤੇ ਹਰਬਾਵਰੀ ਕੌਰ ਨੂੰ ਸਕਾਲਰਸ਼ਿਪ ਦਿੱਤੀ ਗਈ। ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਮਹੀਨਾਵਾਰ ਮੈਗਜ਼ੀਨ 'ਖੁਸ਼ਬੂ ਪੰਜਾਬ ਦੀ' ਦੇ ਮੁੱਖ ਸੰਪਾਦਕ ਸ. ਇੰਦਰਜੀਤ ਸਿੰਘ ਰੰਧਾਵਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਬੁਲਾਰਿਆਂ ਵਿਚ ਯੂਥ ਅਕਾਲੀ ਦਲ ਅਮਰੀਕਾ ਦੇ ਪ੍ਰਧਾਨ ਅਰਵਿੰਦਰ ਸਿੰਘ ਲਾਖਨ, ਮੇਅਰ ਰੂਬੀ ਧਾਲੀਵਾਲ, ਕਰਮਜੀਤ ਸਿੰਘ ਤਲਵੰਡੀ ਸਕੱਤਰ ਜਨਰਲ, ਵੈਸਟ ਕੋਸਟ ਦੇ ਪ੍ਰਧਾਨ ਰਵਿੰਦਰ ਸਿੰਘ ਬੋਇਲ, ਪ੍ਰਵਿੰਦਰਪਾਲ ਸਿੰਘ ਰਠੌੜ ਖਜਾਨਚੀ, ਸਤਬੀਰ ਸਿੰਘ ਹੀਰ ਅਡਵਾਈਜ਼ਰ, ਗੈਰੀ ਢੇਸੀ ਅਤੇ ਕਵੀਸ਼ਰ ਮਨਜੀਤ ਸਿੰਘ ਪੱਤੜ ਨੇ ਸਭ ਨੂੰ ਲੋਹੜੀ ਦੀ ਵਧਾਈ ਦਿੱਤੀ।





ਮੇਲੇ ਵਿਚ 19 ਪਰਿਵਾਰਾਂ ਨੇ ਆਪਣੇ ਬੱਚਿਆਂ ਦੀ ਲੋਹੜੀ ਪਾਈ ਜਿਨ੍ਹਾਂ ਵਿਚ 10 ਕੁੜੀਆਂ ਦੀ ਲੋਹੜੀ ਪਾਇਆ ਜਾਣਾ ਵਿਸ਼ੇਸ਼ ਸੁਨੇਹਾ ਸੀ। ਇਨ੍ਹਾਂ ਬੱਚਿਆਂ ਨੂੰ ਯਾਦਗਾਰੀ ਚਿੰਨ੍ਹ ਅਤੇ ਮਾਤਾ ਪਿਤਾ ਨੂੰ ਖਾਲਸਾ ਫੈਬਰਿਕ ਦੇ ਸਰਬਜੀਤ ਕੌਰ ਅਤੇ ਜਸਬੀਰ ਸਿੰਘ ਬੈਂਸ ਵਲੋਂ ਸਪਾਂਸਰ ਕੀਤੇ ਗਏ ਗਿਫਟ ਦਿੱਤੇ ਗਏ। ਹੋਰ ਸਪਾਂਸਰਾਂ ਵਿਚ ਗੁਰਦੀਪ ਸਿੰਘ ਚੌਹਾਨ (ਬੁੱਲਡਾਗ ਟਰੱਕਿੰਗ), ਨਿੱਝਰ ਭਰਾ-ਗੁਰਿੰਦਰ ਸਿੰਘ ਨਿੱਝਰ ਤੇ ਅੰਮ੍ਰਿਤਪਾਲ ਸਿੰਘ ਨਿੱਝਰ, ਰਣਜੀਤ ਸਿੰਘ ਨਾਗਰਾ, ਜਸਪ੍ਰੀਤ ਸਿੰਘ ਅਟਾਰਨੀ, ਟੋਨੀ ਗਿੱਲ, ਪਾਲ ਮਾਹਲ, ਮੋਗਾ ਹੋਲਸੇਲ ਟਾਇਰ ਦੇ ਗੁਰਦਰਸ਼ਨ ਸ਼ਰਮਾ, ਜਗਦੀਪ ਸਿੰਘ ਅਤੇ ਸੁਖਬੀਰ ਭੰਡਾਲ ਆਦਿ ਸ਼ਾਮਲ ਸਨ।



ਮੇਲੇ ਦੇ ਪ੍ਰਬੰਧਕਾਂ-ਅਰਵਿੰਦਰ ਸਿੰਘ ਲਾਖਣ, ਕਰਮਜੀਤ ਸਿੰਘ ਤਲਵੰਡੀ, ਰਵਿੰਦਰ ਸਿੰਘ ਬੋਇਲ, ਪ੍ਰਵਿੰਦਰਪਾਲ ਸਿੰਘ ਰਠੌੜ, ਭੁਪਿੰਦਰ ਸਿੰਘ ਜਾਡਲਾ, ਸਤਿਬੀਰ ਸਿੰਘ ਹੀਰ, ਧਰਮਿੰਦਰ ਸਿੰਘ ਮੀਰਪੁਰੀ, ਗੁਰਦਿਆਲ ਸਿੰਘ ਚੌਹਾਨ, ਸ਼ੇਰ ਸਿੰਘ ਚੌਹਾਨ ਅਤੇ 'ਰੇਡੀਓ ਵਤਨੋਂ ਦੂਰ' ਦੀ ਟੀਮ ਨੇ ਮੇਲੇ ਦੀ ਕਾਮਯਾਬੀ 'ਤੇ ਸੰਤੁਸ਼ਟੀ ਪ੍ਰਗਟ ਕੀਤੀ।


Pinnacle Carriers Inc., San Jose, CA

Now Hiring Company Drivers

Team and Solo (With Two Yr Experience )

Owner Operators

Specialize in Reefer & Dry Loads.
Run All 48 States



*Trailer rentals
*Get paid weekly on time.
*Fuel advance
*Also provide fuel cards

We have late model trucks and brand new refers.

ਕੰਪਨੀ ਡਰਾਈਵਰਾਂ
ਟੀਮ ਅਤੇ ਸੋਲੋ (ਘੱਟੋ ਘੱਟ ਦੋ ਸਾਲ ਦਾ ਤਜ਼ਰਬਾ)
ਓਨਰ ਅਪਰੇਟਰਾਂ ਦੀ ਲੋੜ ਹੈ

*ਰੀਫਰ ਅਤੇ ਡਰਾਈ ਲੋਡ *ਸਾਰੀਆਂ 48 ਸਟੇਟਾਂ ਦੇ ਗੇੜੇ *ਕਿਰਾਏ ਦੇ ਟਰੇਲਰ ਉਪਲਬਧ
*ਹਰ ਹਫਤੇ ਸਮੇਂ ਸਿਰ ਅਦਾਇਗੀ *ਫਿਊਲ ਐਡਵਾਂਸ ਅਤੇ ਫਿਊਲ ਕਾਰਡ

Sharanbeer Atwal: 408-373-4168
Manpreet and Preet: 408-835-3007
www.pinnaclecarriers.com
51-6






Upgrade to HD-SDI or IP-Camera Mega Pixel quality 1080P
Magic DVR's with HD Blue Ray resolution
Installation available in California, Texas and New York

ਮਾਡੈਸਟੋ, ਸਟਾਕਟਨ ਅਤੇ ਮਰਸਡ ਦੇ ਇਲਾਕੇ 'ਚ 8 ਕੈਮਰਿਆਂ ਵਾਲਾ
ਸਕਿਉਰਿਟੀ ਸਿਸਟਮ ਸਿਰਫ $1500 ਵਿਚ ਲੁਆਓ

ਜੇ ਤੁਹਾਡੇ ਕੈਮਰੇ ਘਰੋਂ ਨਹੀਂ ਚੱਲਦੇ ਤਾਂ ਸਿਰਫ 75 ਡਾਲਰ 'ਚ ਠੀਕ ਕਰਵਾਓ

COMMERCIAL & RESIDENTIAL
Monitor Your Home or Office from Anywhere

Please Call
888-233-4566
www.dvrunlimited.com
www.security360cameras.com

BOSCH SAMSUNG VIVOTEK
DVR UNLIMITED INC. SECURITY CAMERAS
LG Life's Good

GLOBAL HAWK INSURANCE CO. RRG

# Join our 2014 Truck Compliance Seminar

FREE!

## This February 15, 2014 at 2575 Collier Canyon Road Livermore, CA 94551.



-ਅਸੀਂ ਪਿਛਲੇ 22 ਸਾਲਾਂ ਤੋਂ ਤੁਹਾਡੀ ਸੇਵਾ ਵਿਚ ਹਾਂ
-ਅਸੀਂ ਗਲੋਬਲ ਹਾਕ ਸਮੇਤ ਹੋਰ ਬਹੁਤ ਸਾਰੀਆਂ ਅੱਵਲ ਦਰਜੇ ਦੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਜੁੜੇ ਹੋਏ ਹਾਂ ਅਤੇ ਟਰੱਕਾਂ ਦੀ ਇੰਸ਼ੋਰੈਂਸ ਵਿਚ ਸਾਡੀ ਮੁਹਾਰਤ ਹੈ
-ਤੁਸੀਂ ਓਨਰ ਅਪਰੇਟਰ ਹੋ ਜਾਂ ਤੁਹਾਡੀ ਆਪਣੀ ਟਰੱਕਿੰਗ ਕੰਪਨੀ ਹੈ, ਤੁਹਾਡੇ ਕੋਲ ਇਕ ਟਰੱਕ ਹੈ ਜਾਂ ਸੈਂਕੜੇ ਟਰੱਕ ਹਨ-ਅਸੀਂ ਤੁਹਾਨੂੰ ਸਹੀ ਸਲਾਹ ਦੇ ਕੇ ਇੰਸ਼ੋਰੈਂਸ ਕਰਾਂਗੇ।
-ਆਟੋ ਤੇ ਜਨਰਲ ਲਾਇਬਿਲਿਟੀ, ਕਾਰਗੋ, ਫਿਜ਼ੀਕਲ ਡੈਮੇਜ, ਲੋਕਲ ਲਾਂਗ ਹਾਲ।
-ਬਸ ਇਕੋ ਕਾਲ 'ਤੇ ਤੁਹਾਡੀ ਮਦਦ ਲਈ ਇੰਸ਼ੋਰੈਂਸ ਟੀਮ ਹਾਜ਼ਰ ਹੋਵੇਗੀ।

-ਜਸਬੀਰ ਸਿੰਘ ਥਾਂਦੀ, ਸੀ ਈ ਓ

- CARB laws
- Hours of Service rules
- And much more!

## Come and Meet our Team







**Dominic Flamiano**
Transportation Lawyer with 25 years experience.

**BIT Consultant**
Longtime Inspector available to help with Driver Qualification Files, Interstate vs. Intrastate Regulations and Compliance Issues.

**California Highway Patrol**
An Officer will give you tips and answer all your questions.

## Our Team of Experts Can Help to Grow Your Business

**GCIB** has teamed up with the California Highway Patrol, Risk Managers, BIT Inspectors, Transportation Lawyers and other trucking professionals to help you move your trucking business forward.

**GCIB** has teamed up with **GHINS, Lloyds of London, American Safety Insurance Company** and other **A** rated companies to offer competitive rates for trucking companies of all sizes.

**We Insure**
- Auto liability
- Physical damage
- Cargo
- Local & 48 states
- Sand & gravel
- Container trucks
- Tow trucks
- Owner Operators
- Trucking Company (ies) (& drivers)
- Dump Trucks
- Seasonal Vegetable Haulers.
- Delivery Services
- CateringTrucks, Ice Cream & more

Global Century Insurance Brokers, Inc.
License No. 0E52042

**More Info Call Kelly**
**925.493.7525 Ext.115**

Faith P. Fisher, ARM
FFisher@gcib.net
www.gcib.net

# ਸ਼ਹੀਦਾਨਿ-ਵਫ਼ਾ

## ਅੱਲ੍ਹਾ ਯਾਰ ਖ਼ਾਂ ਜੋਗੀ

*ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਅੱਲ੍ਹਾ ਯਾਰ ਖ਼ਾਂ ਜੋਗੀ ਨੇ ਇਕ ਸਦੀ ਪਹਿਲਾਂ 1913 ਵਿਚ ਲੰਮੀ ਨਜ਼ਮ 'ਸ਼ਹੀਦਾਨਿ ਵਫ਼ਾ' ਲਿਖੀ ਸੀ। 37 ਪੰਨਿਆਂ ਦੀ ਇਹ ਉਰਦੂ ਨਜ਼ਮ ਸਾਕਾ ਸਰਹਿੰਦ ਦੀ ਦਿਲ ਕੰਬਾਊ ਘਟਨਾ ਦੀ ਝਾਕੀ ਪੇਸ਼ ਕਰਦੀ ਹੈ। ਇਸ ਨਜ਼ਮ ਦੇ 110 ਬੰਦ ਹਨ ਅਤੇ ਹਰ ਬੰਦ ਦੇ 6-6 ਮਿਸਰੇ ਹਨ। ਸ਼ਾਇਰ ਨੇ ਇਹ ਨਜ਼ਮ ਨੂੰ ਮਰਸੀਏ ਦੀ ਸ਼ੈਲੀ ਵਿਚ ਲਿਖੀ ਹੈ। ਉਹ ਸ਼ਹਾਦਤ ਤੇ ਸ਼ਾਇਰੀ ਦੇ ਫ਼ਲਸਫ਼ੇ ਨੂੰ ਖ਼ੂਬ ਸਮਝਦਾ ਹੈ। ਤਾਂ ਹੀ ਤਾਂ ਉਹਨੇ ਸ਼ਹਾਦਤ ਦੀ ਘਟਨਾ ਨੂੰ ਬਿਆਨ ਕਰਨ ਲਈ ਮਰਸੀਏ ਦੀ ਸ਼ੈਲੀ ਦੀ ਚੋਣ ਕੀਤੀ ਹੈ ਅਤੇ ਕਰੁਣਾ ਤੇ ਬੀਰ ਰਸਾਂ ਤੋਂ ਇਲਾਵਾ ਅਦਭੁਤ, ਰੌਦਰ ਤੇ ਭਿਆਨਕ ਰਸਾਂ ਦੀ ਬੜੀ ਮੁਹਾਰਤ ਨਾਲ ਵਰਤੋਂ ਕੀਤੀ ਹੈ। ਉਸ ਨੇ 1915 ਵਿਚ ਸਾਕਾ ਚਮਕੌਰ ਸਾਹਿਬ ਬਾਰੇ 'ਗੰਜਿ-ਸ਼ਹੀਦਾਂ' ਨਾਂ ਦੀ ਲੰਮੀ ਨਜ਼ਮ ਵੀ ਲਿਖੀ। 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਅੱਲ੍ਹਾ ਯਾਰ ਖ਼ਾਂ ਜੋਗੀ ਦੀ ਲਾਸਾਨੀ ਰਚਨਾ 'ਸ਼ਹੀਦਾਨਿ-ਵਫ਼ਾ' ਲੜੀਵਾਰ ਛਾਪ ਰਹੇ ਹਾਂ। -ਸੰਪਾਦਕ*

## ਥਾ ਸਰ ਪਿ ਵਕਤ ਆ ਗਯਾ ਆਸਾ ਕੀ ਵਾਰ ਕਾ

21

ਥਾ ਸਰ ਪਿ ਵਕਤ ਆ ਗਯਾ ਆਸਾ ਕੀ ਵਾਰ ਕਾ।
ਸਾਜ਼ੋਂ ਕੀ ਜ਼ੇਰ-ਓ-ਬੁਮ ਕਾ, ਚੜ੍ਹਾਓ ਉਤਾਰ ਕਾ।
ਮਨਸ਼ਾ ਥਾ ਕਲਗ਼ੀਧਰ ਕੇ ਦਿਲ-ਏ-ਬੇਕਰਾਰ ਕਾ।
ਮੌਕਾ ਮਿਲੇ ਤੋ ਕਰ ਲੇਂ ਭਜਨ ਕਿਰਦਗਾਰ ਕਾ।
ਜਬ ਮਹਿਵ-ਏ-ਬੰਦਗੀ ਹੂਏ ਨਾਨਕ ਕੇ ਜਾਨਸ਼ੀਨ।
ਆ ਟੂਟੇ ਖ਼ਾਲਸਾ ਪਿ ਅਚਾਨਕ ਕਈ ਲਈਨ।
*(ਜ਼ੇਰ-ਓ-ਬੁਮ=ਉਤਾਰ-ਚੜ੍ਹਾਅ, ਕਿਰਦਗਾਰ=ਸਿਰਜਣਹਾਰ, ਮਹਿਵ=ਲੀਨ, ਲਈਨ=ਲਾਹਣਤੀ)*

22

ਬਦਬਖ਼ਤੋਂ ਨੇ ਜੋ ਵਅਦਾ ਕੀਯਾ ਥਾ ਬਿਸਰ ਗਏ।
ਨਾਮਰਦ ਕੌਲ ਕਰਕੇ ਜ਼ਬਾਂ ਸੇ ਮੁਕਰ ਗਏ।
ਗੋਬਿੰਦ ਸਿੰਘ ਕੇ ਸ਼ੇਰ ਭੀ ਫ਼ੌਰਨ ਬਿਫਰ ਗਏ।
ਤਲਵਾਰੇਂ ਸੂਤ ਸੂਤ ਕੇ ਰਨ ਮੇਂ ਉਤਰ ਗਏ।
ਮੈਦਾਂ ਕੋ ਏਕ ਆਨ ਮੇਂ ਚੌਰੰਗ ਕਰ ਦੀਯਾ।
ਰੁਸਤਮ ਭੀ ਆਯਾ ਸਾਮਨੇ ਤੋ ਦੰਗ ਕਰ ਦੀਯਾ।

23

ਸਤਿਗੁਰ ਕੇ ਗਿਰਦ ਸੀਨੇਂ ਕੀ ਦੀਵਾਰ ਖੇਂਚ ਲੀ।
ਸੌ ਬਾਰ ਗਿਰ ਗਈ ਤੋ ਸੌ ਬਾਰ ਖੇਂਚ ਲੀ।
ਖ਼ੰਜਰ ਉਦੂ ਕਾ ਦੇਖ ਕੇ ਤਲਵਾਰ ਖੇਂਚ ਲੀ।
ਜ਼ਖ਼ਮੀ ਹੂਏ ਤੋ ਲੱਜ਼ਤ-ਏ-ਸੋਫ਼ਾਰ ਖੇਂਚ ਲੀ।
ਯਾਦ-ਏ-ਅਕਾਲ ਪੁਰਖ ਮੇਂ ਗੁਰ ਭੀ ਜਮੇ ਰਹੇ।
ਚਰਕੇ ਹਜ਼ਾਰ ਖਾ ਕੇ ਅਕਾਲੀ ਥਮੇ ਰਹੇ।
*(ਉਦੂ=ਵੈਰੀ, ਸੋਫ਼ਾਰ=ਤੀਰ ਦਾ ਮੂੰਹ, ਚਰਕੇ=ਜ਼ਖਮ)*

24

ਹਰਚੰਦ ਟੂਟ ਟੂਟ ਕੇ ਗਿਰਤੇ ਰਹੇ ਲਈਂ।
ਸਿੰਘੋਂ ਨੇ ਏਕ ਇੰਚ ਭੀ ਛੋੜੀ ਨਹੀਂ ਜ਼ਮੀਂ।
ਲੰਗਰ ਕਿਸੀ ਸੇ ਸ਼ੇਰੋਂ ਕਾ ਮਿਲਤਾ ਭੀ ਹੈ ਕਹੀਂ।
ਬੇਸ਼ਕ ਨਹੀਂ ਨਹੀਂ, ਕਭੀ ਹਾਂ ਹਾਂ, ਨਹੀਂ ਨਹੀਂ।
ਮਸਰੂਫ਼ ਯਾਦ-ਏ-ਹਕ ਮੇਂ ਗੁਰੂ ਬੇਦਰੇਗ ਥੇ।
ਕਯੋਂ ਮੌਤ ਸੇ ਲਰਜ਼ਤੇ ਵੁਹ ਫ਼ਰਜ਼ੰਦ-ਏ-ਤੇਗ਼ ਥੇ।
*(ਲਈਂ=ਲਾਹਣਤੀ, ਮਸਰੂਫ਼=ਲੀਨ, ਬੇਦਰੇਗ=ਬਿਨਾ ਸੰਕੋਚ, ਫ਼ਰਜ਼ੰਦ=ਪੁੱਤਰ)*

25

ਬੇਮਿਸਲ-ਓ-ਬੇਨਜ਼ੀਰ ਤੂ ਸਤਿਗੁਰ ਹਮਾਰਾ ਹੈ।
ਵਾਹਿਗੁਰੂ ਕੇ ਬਾਦ ਤਿਰਾ ਹੀ ਸਹਾਰਾ ਹੈ।
ਹੋ ਕਾਸ਼ ਸਬ ਕੋ ਤੁਝ ਕੋ ਖ਼ੁਦਾ ਜਿਤਨਾ ਪਯਾਰਾ ਹੈ।
ਤੇਗ਼ੋਂ ਕੇ ਸਾਯੇ ਮੇਂ ਕਹਾਂ ਦਾਤਾ ਬਿਸਾਰਾ ਹੈ।
ਤੌਹੀਦ ਪਰ ਫ਼ਿਦਾ ਥਾ ਤੂ ਆਲੀ-ਮਕਾਮ ਥਾ।
ਤੀਰੋਂ ਕੇ ਮੀਂਹ ਮੇਂ ਯਾਦ-ਏ-ਖ਼ੁਦਾ ਤੇਰਾ ਕਾਮ ਥਾ।
*(ਬੇਨਜ਼ੀਰ=ਜਿਸ ਦਾ ਉਦਾਹਰਣ ਨਾ ਹੋਵੇ, ਤੌਹੀਦ=ਅਦਵੈਤ, ਫ਼ਿਦਾ=ਕੁਰਬਾਨ, ਆਲੀ-ਮਕਾਮ=ਉੱਚੀ ਥਾਂ)*

26

ਯਾਦ-ਏ-ਅਕਾਲ ਪੁਰਖ ਕਾ ਸਬ ਕੋ ਸਬਕ ਦੀਯਾ।
ਖ਼ੰਜਰ ਕੀ ਧਾਰ ਪਰ ਭੀ ਵਰਕ ਦਰ ਵਰਕ ਦੀਯਾ।
ਕਰਕੇ ਅਮਲ ਸਿਖਾਯਾ ਜੋ ਮਜ਼ਮੂੰ ਅਦਕ ਦੀਯਾ।
ਫਿਰ ਜ਼ਾਲਿਮੋਂ ਸੇ ਛੀਨ ਕੇ ਸਿੰਘੋਂ ਕੋ ਹਕ ਦੀਯਾ।
ਰੁਤਬੇ ਸੇ ਮਾਰਫ਼ਤ ਕੇ ਹਮ ਆਜ ਗਿਰ ਗਏ।
ਸੁਹਬਤ ਸੇ ਬੁਤ-ਪ੍ਰਸਤੋਂ ਕੀ ਤਕਦੀਰ ਫਿਰ ਗਏ।
*(ਅਦਕ=ਔਖਾ, ਮਾਰਫ਼ਤ=ਗਿਆਨ)*

27

ਫ਼ਾਰਿਗ਼ ਇਬਾਦਤੋਂ ਸੇ ਗ਼ਰਜ਼ ਕਿ ਹੂਏ ਗੁਰੂ।
ਪੂਛਾ ਯਿਹ ਸ਼ਹਜ਼ਾਦੋਂ ਸੇ ਕਯੋਂ ਗ਼ੁਲ ਹੈ ਚਾਰ-ਸੂ।
ਫ਼ਰਮਾਏ ਹਾਥ ਬਾਂਧ ਕੇ ਚਾਰੋਂ ਹੀ ਨੇਕ-ਖ਼ੂ।
ਸਬ ਵਾਕਿਯਾ ਬਯਾਂ ਕੀਯਾ ਸਤਿਗੁਰ ਕੇ ਰੂਬਰੂ।
ਸੁਨਤੇ ਹੀ ਜਿਸ ਕੋ ਆਪ ਕੇ ਤੇਵਰ ਬਦਲ ਗਏ।
ਗੱਦੀ ਸੇ ਉਤਰੇ, ਤੇਗ਼ ਉਠਾਈ, ਸੰਭਲ ਗਏ।
*(ਚਾਰ-ਸੂ=ਚਾਰੋਂ ਪਾਸੇ,ਨੇਕ-ਖ਼ੂ=ਚੰਗੇ ਸੁਭਾਅ ਵਾਲੇ)*

28


ਅਸਲਿਹ ਸਜਾਏ, ਕਲਗ਼ੀ ਲਗਾਈ, ਤਬਰ ਲੀਯਾ।
ਤੀਰੋਂ ਸੇ ਖ਼ੂਬ ਠੋਂਸ ਕੇ ਤਰਕਸ਼ ਕੋ ਭਰ ਲੀਯਾ।
ਘੋੜਾ ਮੰਗਾ, ਰਕਾਬ ਮੇਂ ਜਬ ਪਾਉਂ ਧਰ ਲੀਯਾ।
ਕਾਬੂ ਅਨਾਂ ਕੋ ਥਾਮ ਕੇ ਇਕ ਦੇਵ ਕਰ ਲੀਯਾ।
ਸਿੰਘੋਂ ਮੇਂ ਜਬ ਰਵਾਂ ਹੁਆ ਗੁਰ ਕਾ ਸਮੰਦ ਥਾ।
ਵਾਹਿਗੁਰੂ ਕੀ ਫ਼ਤਹ ਕਾ ਨਾਰਾ ਬਲੰਦ ਥਾ।
(ਤਬਰ=ਸਫਾਜੰਗ, ਅਨਾਂ= ਵਾਗ, ਸਮੰਦ=ਘੋੜਾ)

29

ਹਾਂ ਸਾਕੀਯਾ ਕਿਧਰ ਹੈ, ਸ਼ਰਾਬ-ਏ-ਕੁਹਨ ਪਿਲਾ।
ਕਹਤਾ ਹੈ ਤੁਝ ਸੇ ਜੋਗੀ ਸ਼ੀਰੀਂ-ਸੁਖ਼ਨ ਪਿਲਾ।
ਸ਼ੇ'ਰੋਂ ਕੋ ਸ਼ੇ'ਰੀ ਪਿਲਾ, ਸ਼ਮਪੀਯਨ ਪਿਲਾ।
ਪਾਉ ਆਧ ਪਾਉ ਹੇਚ ਹੈ ਦੋ ਵਾਰ ਮਨ ਪਿਲਾ।
ਸਤਿਗੁਰ ਕੀ ਤਾਕਿ ਰਨ ਮੇਂ ਲੜਾਈ ਦਿਖਾ ਸਕੂੰ।
ਮੈਂ ਭੀ ਰਕਾਬ ਥਾਮ ਕੇ ਮੈਦਾਂ ਮੇਂ ਜਾ ਸਕੂੰ।
*(ਕੁਹਨ=ਪੁਰਾਣੀ, ਸ਼ੇ'ਰੀ, ਸ਼ਮਪੀਯਨ=ਸ਼ਰਾਬ ਦੇ ਨਾਂ, ਹੇਚ=ਤੁੱਛ, ਮਨ=ਮੈਨੂੰ)*

30

ਵੁਹ ਦੇਖੋ ਰਨ ਮੇਂ ਤੇਗ਼ ਬਹਾਦੁਰ ਕਾ ਲਾਲ ਹੈ।
ਵੁਹ ਦੇਖੋ ਰਨ ਮੇਂ ਸਰਵਰ-ਏ-ਫ਼ੌਜ-ਏ-ਅਕਾਲ ਹੈ।
ਤਲਵਾਰ ਦਸਤ-ਏ-ਰਾਸਤ ਮੇਂ ਹੈ, ਚਪ ਮੇਂ ਢਾਲ ਹੈ।
ਸੂਰਜ ਕੇ ਸਰ ਪਿ ਬਦਰ ਭੀ ਹੈ ਔਰ ਹਿਲਾਲ ਹੈ।
ਸ਼ਮਸ਼ੀਰ ਜਬ ਹਿਲਾਈ ਤੋ ਬਿਜਲੀ ਚਮਕ ਗਈ।
ਦਹਿਸ਼ਤ ਸੇ ਸਾਰੀ ਫ਼ੌਜ ਉਦੂ ਕੀ ਦਬਕ ਗਈ।
*(ਸਰਵਰ=ਸਰਦਾਰ, ਦਸਤ-ਏ-ਰਾਸਤ=ਸੱਜਾ ਹੱਥ, ਚਪ=ਖੱਬਾ, ਬਦਰ=ਪੂਰਾ ਚੰਨ, ਹਿਲਾਲ=ਨਵਾਂ ਚੰਨ)* **(ਚਲਦਾ)**



### ਸ੍ਰੀ ਗੁਰੂ ਅਰਜਨ ਦੇਵ ਬਾਰੇ ਨਜ਼ਮ

*ਕਹਿੰਦੇ ਹਨ ਕਿ ਲਾਹੌਰ ਰਹਿੰਦਿਆਂ ਅੱਲ੍ਹਾ ਯਾਰ ਖ਼ਾਂ ਜੋਗੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਵਸ ਮੌਕੇ ਨਜ਼ਮ ਇੰਨੀ ਸੋਜ਼ ਭਰਪੂਰ ਆਵਾਜ਼ ਵਿਚ ਪੜ੍ਹੀ ਕਿ ਲੋਕ ਅਸ਼ ਅਸ਼ ਕਰ ਉਠੇ। ਉਨ੍ਹਾਂ ਦੀ ਨਜ਼ਮ ਵਿਚਲੇ ਬੀਰ ਰਸ ਬਾਰੇ ਚਰਚਾ ਹੋਣ ਲੱਗੀ ਇਸ ਤੋਂ ਬਾਅਦ ਉਹ ਪਿਸ਼ਾਵਰ ਤੋਂ ਦਿੱਲੀ ਤਕ ਧਾਰਮਿਕ ਕਵੀ ਦਰਬਾਰਾਂ ਦੇ ਸਿਰਮੌਰ ਕਵੀ ਬਣ ਗਏ।*

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ ਪਹਿਲੀ ਫਰਵਰੀ 2014 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-101



*ਜਦ ਅਸੀਂ ਖੇਡੀਏ, ਤਾਂ ਮਨ ਲਾ ਕੇ ਖੇਡਦੇ ਆਂ,*
*ਥੋਨੂੰ ਕਿਉਂ ਲੱਗਦੀਆਂ, ਇੱਲਤਾਂ ਇਹ ਸਾਰੀਆਂ।*
*ਵੱਟੋ ਚਾਹੇ ਘੂਰੀ, ਚਾਹੇ ਵੱਟ ਕੇ ਚੁਪੇੜ ਮਾਰੋ,*
*ਲੋਟ-ਪੋਟ ਹੋਏ ਬਿਨਾਂ ਰਹਿਣੀਆਂ ਨੀ ਯਾਰੀਆਂ।*

## ਕੈਪਸ਼ਨ ਮੁਕਾਬਲਾ-99



ਚੇਤੇ ਆ ਗਏ ਆਪਣੇ ਵੇਲੇ।
ਖੂਹਾਂ 'ਤੇ ਲਗਦੇ ਸਨ ਮੇਲੇ।
ਨਾ ਗੱਲਾਂ ਨਾ ਕੰਮ ਮੁੱਕਦੇ ਸਨ।
ਦੇਖ ਸੁਹੱਪਣ ਰਾਹ ਰੁਕਦੇ ਸਨ।
ਚਿੱਤ ਕਰਦਾ ਫਿਰ ਉਥੇ ਚੱਲੀਏ।
ਸੌਂ ਗਈਆਂ ਰੀਝਾਂ ਨੂੰ ਹੱਲੀਏ।
ਫਿਰ ਸੋਚਾਂ ਹੁਣ ਰੰਗਾਂ ਬਾਝੋਂ।
ਉਡੀਏ ਕਿੱਦਾਂ ਖੰਭਾਂ ਬਾਝੋਂ।

***-ਪਲਵਿੰਦਰ ਸਿੰਘ***
***ਮਿਲਪੀਟਸ, ਕੈਲੀਫੋਰਨੀਆ***

---

ਜਦ ਪਾਣੀ ਦੀ ਥੋੜ੍ਹ ਸਤਾਵੇ
ਬੰਦਾ ਨਵੇਂ ਜੁਗਾੜ ਬਣਾਵੇ।
ਪਾਣੀ ਹੈ ਅਨਮੋਲ ਖਜ਼ਾਨਾ
ਵੇਖਿਓ ਕਿਤੇ ਤੋਟ ਨਾ ਆਵੇ।
'ਪਵਣ ਗੁਰੂ ਪਾਣੀ ਪਿਤਾ'
ਬਾਬੇ ਦੀ ਬਾਣੀ ਫਰਮਾਵੇ।

***-ਗੁਰਦੇਵ ਸਿੰਘ ਵਿਰਦੀ, ਕੈਨੇਡਾ***
***ਫੋਨ: 226-345-7126***

ਜਲ ਨੂੰ ਜੀਵਨ ਹਰ ਕੋਈ ਮੰਨਦਾ,
ਪਰ ਤਰਸ ਕੋਈ ਨਾ ਖਾਵੇ।
ਛੱਡ ਵਿਰਸੇ ਦੇ ਢੰਗ ਤਰੀਕੇ,
ਮਸ਼ੀਨਾਂ ਨੂੰ ਅਪਨਾਵੇ।
ਭਵਿੱਖ ਦੀ ਚਿੰਤਾ ਕੋਈ ਨਾ ਕਰਦਾ,
ਅੱਜ ਦਾ ਡੰਗ ਟਪਾਵੇ।
ਕੁਦਰਤ ਦੇ ਅਨਮੋਲ ਖਜ਼ਾਨੇ,
ਖਾਲੀ ਕਰਦਾ ਜਾਵੇ।
ਲਾਲਚ ਦੇ ਵਸ ਮੂਰਖ ਬੰਦਾ,
ਮਾਂ ਨੂੰ ਬਾਂਝ ਬਣਾਵੇ।

***-ਜਗਮੀਤ ਸਿੰਘ ਪੰਧੇਰ***
***ਫੋਨ: 91-98783-37222***

---

ਕਈਆਂ ਢਾਹ ਕੇ ਖੂਹ ਪੁਰਾਣੇ,
ਘਰ ਉਪਰ ਲਏ ਬਣਾ।
ਕਈਆਂ ਸਾਂਭ ਕੇ ਖੂਹ,
ਉਪਰ ਮੋਟਰ ਪੰਪ ਲਏ ਲਵਾ।
ਸਮਝਦਾਰਾਂ ਨੇ ਸਾਂਭ ਕੇ ਰੱਖੇ,
ਇਹ ਇਤਿਹਾਸ ਪੁਰਾਣੇ,
ਨਹੀਂ ਤਾਂ ਖੂਹ ਤੇ ਖੂਹੀਆਂ ਵੀ,
ਤਸਵੀਰਾਂ ਤੇ ਯਾਦਾਂ ਵਿਚ ਰਹਿ ਗਏ।

***-ਗੋਰਾ ਪ੍ਰਜਾਪਤ, ਨਿਊ ਯਾਰਕ***
***ਫੋਨ: 718-690-8403***

## ਕੈਪਸ਼ਨ ਮੁਕਾਬਲਾ 98

ਨੂੰਹ ਸੱਸ ਦਾ ਜਿਥੇ ਪਿਆਰ ਹੋਵੇ
ਉਸ ਕੁੱਲੀ 'ਚ ਵਸਦਾ ਰੱਬ ਲੋਕੋ।
ਤੰਗੀਆਂ ਤੁਰਸ਼ੀਆਂ ਵੀ ਨਾ ਬਣਨ ਰੋੜਾ
ਸੁਖੀ ਵਸਦਾ ਰਹੇ ਪਰਿਵਾਰ ਲੋਕੋ।

***-ਗੁਰਦੇਵ ਸਿੰਘ ਵਿਰਦੀ, ਕੈਨੇਡਾ***

# The Anu Attorney Immigration Law Firm
## Law offices of Anu Peshawaria

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



**Anu Peshawaria**
*Attorney at Law*

*Licensed to practice Immigration & Bankruptcy in all 50 states.*
More than 20 year experience in US immigration & Indian law

### US IMMIGRATION

*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

### FAMILY LAW

*Divorce *Annulment
*International Custody

### INCORPORATIONS

*International Contracts, Mergers
*Attorney Supreme Court of India

*Bankruptcy Consultation & Filing

**Contact numbers:**
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801, Pine Street, # 24 C, Seattle, Washington 98101
Offices: Seattle, WA *Fremont, CA *UK *Canada *India

Weekends & Evening Appointments Available

COMMERCIAL GRADE SECURITY SOLUTIONS



# MORE THAN SECURITY

- LICENCE PLATE READER
- BILL READER
- LONG RANGE
- CASH REGISTER INTERFACE
- HD SERIES CAMERAS

SPECIAL OFFER 4 CAMERAS WITH 4 CH DVR LED MONITOR INCLUDED ~~1549~~ $1349 +Tax

SPECIAL OFFER 8 CAMERAS INSTALLATION INCLUDED LED MONITOR INCLUDED ~~2549~~ $2349 +Tax

SPECIAL OFFER 12 CAMERAS INSTALLATION INCLUDED LED MONITOR INCLUDED ~~4049~~ $3749 +Tax

Buy Online : www.ezchase.com
Email : commvision@sbcglobal.net

VISTA CCTV TECHNOLOGY

**Call Sukhpal**
**661-586-5080**

# ਪੰਜਾਬ ਟਰੱਕ ਵਾਸ਼ ਐਂਡ ਰਿਪੇਅਰ

## Punjab Truck Wash & Repair 2301 Simpson Street, Kingsburg, CA 93631

ਫਰੀਵੇ ਦੇ ਬਹੁਤ ਨਜ਼ਦੀਕ- 99 ਨਾਰਥ ਤੋਂ ਐਗਜ਼ਿਟ 112, 99 ਸਾਊਥ ਤੋਂ ਐਗਜ਼ਿਟ 114





*ਨਵੇਂ ਪੁਰਾਣੇ ਟਾਇਰ *ਬਰੇਕ *ਆਇਲ ਚੇਂਜ *ਰੀਅਰਐਂਡ *ਸਸਪੈਂਸ਼ਨ *ਇੰਸ਼ਪੈਕਸ਼ਨ *ਕਲੱਚ *ਵੈਲਡਿੰਗ

Oil Change Special $179.99
Labour $55 per hour

**All major and minor repairs.**

ਤਸੱਲੀਬਖਸ਼ ਕੰਮ ਵਾਜਬ ਰੇਟ

*Free Parking*






ਸੁਖਵਿੰਦਰ ਸਿੰਘ ਸੁੱਖ, ਗਰਜਾ ਸਿੰਘ
ਫੋਨ: 559-897-2323, ਸੈਲ: 209-923-1110

## ਭਾਰਤੀ ਔਰਤਾਂ 'ਚ ਸਿਗਰਟ ਦਾ ਸ਼ੌਕ ਵਧਿਆ

**ਚੰਡੀਗੜ੍ਹ:** ਭਾਰਤ ਵਿਚ ਸਿਗਰਟਨੋਸ਼ੀ ਦਾ ਸ਼ੌਕ ਔਰਤਾਂ ਵਿਚ ਵਧਿਆ ਹੈ ਪਰ ਪੁਰਸ਼ਾਂ ਵਿਚ ਘਟਿਆ ਹੈ। ਅਮਰੀਕੀ ਮੈਡੀਕਲ ਐਸੋਸੀਏਸ਼ਨ ਦੇ ਰਸਾਲੇ ਅਨੁਸਾਰ ਬੀਤੇ ਤੀਹ ਸਾਲਾਂ ਦੇ ਅੰਕੜਿਆ ਦਾ ਅਧਿਐਨ ਕਰਨ ਤੋਂ ਜੋ ਨਤੀਜਾ ਸਾਹਮਣੇ ਆਇਆ ਹੈ, ਉਸ ਅਨੁਸਾਰ 1980 ਵਿਚ ਭਾਰਤੀ ਦੀਆਂ ਤਿੰਨ ਫੀਸਦ ਔਰਤਾਂ ਸਿਗਰਟਨੋਸ਼ੀ ਕਰਦੀਆਂ ਸਨ ਤੇ ਸਾਲ 2012 ਵਿਚ ਇਹ ਗਿਣਤੀ 3.2% ਸੀ। ਇਸ ਗਿਣਤੀ ਵਿਚ ਲਗਾਤਾਰ ਵਾਧਾ ਰਿਕਾਰਡ ਹੋਇਆ ਹੈ।

ਦੂਜੇ ਪਾਸੇ 1980 ਵਿਚ 33.8 ਫੀਸਦ ਪੁਰਸ਼ ਸਿਗਰਟਨੋਸ਼ੀ ਕਰਦੇ ਸਨ ਤੇ 2012 ਵਿਚ ਇਹ ਗਿਣਤੀ 23 ਫੀਸਦੀ 'ਤੇ ਆ ਗਈ। 1980 ਵਿਚ ਭਾਰਤ ਅੰਦਰ 53 ਲੱਖ ਔਰਤਾਂ ਸਿਗਰਟਨੋਸ਼ੀ ਕਰਦੀਆਂ ਸਨ ਤੇ 2012 ਵਿਚ ਇਹ ਗਿਣਤੀ 1.21 ਕਰੋੜ ਤੱਕ ਪੁੱਜ ਗਈ। ਦੇਸ਼ ਵਿਚ 9.8 ਕਰੋੜ ਪੁਰਸ਼ ਕਸ਼ ਭਰ ਰਹੇ ਹਨ। ਭਾਰਤ ਵਿਚ ਇਕ ਵਿਅਕਤੀ 8.2 ਸਿਗਰਟਾਂ ਰੋਜ਼ਾਨਾ ਫੂਕਦਾ ਹੈ। ਅਮਰੀਕਾ ਵਿਚ 14.3 ਫੀਸਦ ਔਰਤਾਂ ਸਿਗਰਟ ਪੀਂਦੀਆਂ ਹਨ।

# ਡੇਢ ਸਦੀ ਪਿਛੋਂ ਕੱਢੀਆਂ ਜਾਣਗੀਆਂ ਸ਼ਹੀਦਾਂ ਦੀਆਂ ਅਸਥੀਆਂ

### *1857 ਦੇ ਵਿਦਰੋਹ ਵੇਲੇ 282 ਫੌਜੀਆਂ ਨੂੰ ਕੀਤਾ ਸੀ ਸ਼ਹੀਦ*

**ਅੰਮ੍ਰਿਤਸਰ:** ਅੰਮ੍ਰਿਤਸਰ ਦੀ ਤਹਿਸੀਲ ਅਜਨਾਲਾ ਦੇ ਸ਼ਹੀਦੀ ਖੂਹ ਵਿਚ ਦਫ਼ਨ 1857 ਦੀ ਜੰਗ-ਏ-ਆਜ਼ਾਦੀ ਦੇ 282 ਸ਼ਹੀਦ ਭਾਰਤੀ ਸੈਨਿਕਾਂ ਦੀਆਂ ਅਸਥੀਆਂ ਨੂੰ ਕੱਢਣ ਦੀ ਕਾਰਵਾਈ 28 ਫਰਵਰੀ ਨੂੰ ਸ਼ੁਰੂ ਕੀਤੀ ਜਾਵੇਗੀ। ਸ਼ਹੀਦੀ ਖੂਹ ਤੇ ਉਸ ਦੇ ਇਤਿਹਾਸ 'ਤੇ ਖੋਜ ਕਰ ਚੁੱਕੇ ਸੁਰਿੰਦਰ ਕੋਛੜ ਦੱਸਿਆ ਕਿ 1857 ਦੇ ਸਿਪਾਹੀ ਵਿਦਰੋਹ ਦੇ ਦੌਰਾਨ 30 ਜੁਲਾਈ, 1857 ਨੂੰ ਲਾਹੌਰ ਦੀ ਮੀਆਂ ਮੀਰ ਛਾਉਣੀ ਵਿਚ ਈਸਟ ਇੰਡੀਆ ਕੰਪਨੀ ਦੇ ਵਿਰੁੱਧ ਬਗ਼ਾਵਤ ਕਰਕੇ ਬੰਗਾਲ ਨੇਟਿਵ ਇਨਫੈਂਟਰੀ ਦੀ 26 ਰੈਜਮੈਂਟ ਦੇ ਕਰੀਬ 500 ਹਿੰਦੁਸਤਾਨੀ ਬੇ-ਹਥਿਆਰ ਸਿਪਾਹੀ ਉਥੋਂ ਭੱਜ ਨਿਕਲੇ।

ਇਲਾਕੇ ਦੇ ਲੋਕਾਂ ਦੀ ਗੱਦਾਰੀ ਦੇ ਚੱਲਦਿਆਂ ਫੜੇ ਜਾਣ 'ਤੇ ਉਨ੍ਹਾਂ ਵਿਚੋਂ 200 ਦੇ ਕਰੀਬ ਸੈਨਿਕਾਂ ਨੂੰ 31 ਜੁਲਾਈ ਨੂੰ ਅਜਨਾਲਾ ਵਿਚ ਦਰਿਆ ਰਾਵੀ ਦੇ ਪਾਸ ਪਿੰਡ ਡੱਡੀਆਂ ਦੇ ਮੁਕਾਮ 'ਤੇ ਸ਼ਹੀਦ ਕਰ ਦਿੱਤਾ ਗਿਆ ਜਦੋਂਕਿ ਬਾਕੀ 282 ਸੈਨਿਕਾਂ ਨੂੰ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਫਰੈਡਰਿਕ ਹੈਨਰੀ ਕੂਪਰ ਰੱਸਿਆਂ ਨਾਲ ਬੰਨ ਕੇ ਅਜਨਾਲਾ ਲੈ ਆਇਆ। ਅਗਲੀ ਸਵੇਰ ਉਨ੍ਹਾਂ ਵਿਚੋਂ 237 ਸਿਪਾਹੀਆਂ ਨੂੰ ਗੋਲੀਆਂ ਨਾਲ ਸ਼ਹੀਦ



ਕਰਨ ਤੋਂ ਬਾਅਦ ਉਨ੍ਹਾਂ ਦੇ ਨਾਲ ਹੀ ਬਾਕੀ ਬਚੇ 45 ਸੈਨਿਕਾਂ ਨੂੰ ਜਿਉਂਦੇ ਉਪਰੋਕਤ ਖੂਹ ਵਿਚ ਸੁੱਟ ਕੇ ਖੂਹ ਬੰਦ ਕਰ ਦਿੱਤਾ ਗਿਆ।

ਉਨ੍ਹਾਂ ਕਿਹਾ ਕਿ ਉਪਰੋਕਤ ਸਾਕੇ ਦੇ 157 ਵਰ੍ਹੇ ਬੀਤ ਜਾਣ ਦੇ ਬਾਅਦ ਵੀ ਸੂਬਾ ਜਾਂ ਕੇਂਦਰ ਸਰਕਾਰ ਨੇ ਖੂਹ ਵਿਚ ਦਫ਼ਨ 282 ਭਾਰਤੀ ਸੈਨਿਕਾਂ ਦੀਆਂ ਅਸਥੀਆਂ ਕੱਢਣ ਲਈ ਕੋਈ ਪਹਿਲ ਨਹੀਂ ਕੀਤੀ। ਗੁਰਦੁਆਰਾ ਸ਼ਹੀਦ ਗੰਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮਰਜੀਤ ਸਿੰਘ ਸਰਕਾਰੀਆ, ਨੇ ਦੱਸਿਆ ਕਿ ਦੇਸ਼ ਦੀਆਂ ਸਮਾਜਿਕ, ਧਾਰਮਿਕ ਤੇ ਰਾਜਨੀਤਕ ਸੰਸਥਾਵਾਂ ਦੀ ਮੌਜੂਦਗੀ ਵਿਚ ਸ਼ਹੀਦਾਂ ਦੀਆਂ ਅਸਥੀਆਂ 28 ਫਰਵਰੀ ਨੂੰ ਖੂਹ ਵਿਚੋਂ ਧਾਰਮਿਕ ਵਿਧੀ ਤੇ ਸਨਮਾਨ ਸਹਿਤ ਕੱਢੀਆਂ ਜਾਣਗੀਆਂ।

ਅਜਨਾਲਾ ਵਿਚ ਉਨ੍ਹਾਂ ਦਾ ਸਸਕਾਰ ਕਰਨ ਤੋਂ ਬਾਅਦ ਇਹ ਅਸਥੀਆਂ ਸ੍ਰੀ ਗੋਇੰਦਵਾਲ ਸਾਹਿਬ ਤੇ ਹਰਿਦੁਆਰ ਵਿਖੇ ਜਲ-ਪ੍ਰਵਾਹ ਕਰਨ ਲਈ ਲਿਜਾਈਆਂ ਜਾਣਗੀਆਂ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸ਼ਹੀਦਾਂ ਦੇ ਸਸਕਾਰ ਲਈ ਜਲਦੀ ਕਮੇਟੀ ਨੂੰ ਅਜਨਾਲਾ ਵਿਚ ਉਚਿਤ ਜਗ੍ਹਾ ਮੁਹੱਈਆ ਕਰਵਾਈ ਜਾਵੇ ਜਿਥੇ ਬਾਅਦ ਵਿਚ ਸ਼ਹੀਦੀ-ਸਮਾਰਕ ਦਾ ਵੀ ਨਿਰਮਾਣ ਕੀਤਾ ਜਾ ਸਕੇ। ਇਸ ਦੇ ਨਾਲ ਹੀ ਸ਼ਹੀਦੀ ਮੀਨਾਰ ਤੇ ਦਰਿਆ ਰਾਵੀ ਦੇ ਪਾਰ ਪਿੰਡ ਡੱਡੀਆਂ ਵਿਚ ਸ਼ਹੀਦੀ ਸਥਾਨ 'ਤੇ ਯਾਦਗਾਰੀ ਸਮਾਰਕ ਉਸਾਰੇ ਜਾਣ ਲਈ ਵੀ ਜਗ੍ਹਾ ਮੁਹੱਈਆ ਕਰਾਈ ਜਾਵੇ।

## ਜਸਟਿਸ ਨਿਰਮਲ ਯਾਦਵ ਆਈ ਕਾਨੂੰਨ ਦੇ ਅੜਿਕੇ

**ਚੰਡੀਗੜ੍ਹ:** ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਸਾਬਕਾ ਜੱਜ ਨਿਰਮਲ ਯਾਦਵ ਵਿਰੁੱਧ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਦੋਸ਼ ਆਇਦ ਕਰ ਦਿੱਤੇ ਹਨ ਤੇ ਇਸ ਤਰ੍ਹਾਂ ਹੁਣ 2008 ਵਿਚ ਰਿਸ਼ਵਤ ਲੈਣ ਦੇ ਮਾਮਲੇ ਵਿਚ ਕੇਸ ਚੱਲੇਗਾ। ਇਸ ਤੋਂ ਪਹਿਲਾਂ 3 ਜਨਵਰੀ ਨੂੰ ਸੁਪਰੀਮ ਕੋਰਟ ਨੇ ਨਿਰਮਲ ਯਾਦਵ ਵੱਲੋਂ ਇਸ ਕੇਸ ਦੀ ਸੁਣਵਾਈ ਰੋਕਣ ਲਈ ਦਾਇਰ ਪਟੀਸ਼ਨ ਨੂੰ ਰੱਦ ਕਰ ਦਿੱਤਾ ਸੀ ਤੇ ਕੇਸ ਦੀ ਸੁਣਵਾਈ ਨੂੰ ਲਮਕਾਉਣ ਲਈ ਨਿਰਮਲ ਯਾਦਵ ਵੱਲੋਂ ਵਰਤੇ ਜਾ ਰਹੇ ਕਥਿਤ ਢੰਗ-ਤਰੀਕਿਆਂ ਨੂੰ ਲੈ ਕੇ ਉਸ ਦੀ ਖਿਚਾਈ ਵੀ ਕੀਤੀ ਸੀ।

ਸੀਬੀਆਈ ਦੀ ਵਿਸ਼ੇਸ਼ ਅਦਾਲਤ ਦੇ ਜੱਜ ਬਿਮਲ ਕੁਮਾਰ ਨੇ ਯਾਦਵ ਵਿਰੁੱਧ ਭ੍ਰਿਸ਼ਟਾਚਾਰ-ਰੋਕੂ ਕਾਨੂੰਨ ਦੀ ਧਾਰਾ 11 (ਬਿਨਾਂ ਵਿਚਾਰੇ ਜਾਂ ਬਿਨਾਂ ਜ਼ਰੂਰੀ ਮਾਨਤਾ ਦੇ ਕੀਮਤੀ ਤੋਹਫ਼ੇ ਸਵੀਕਾਰ ਕਰਨਾ) ਤੇ ਭਾਰਤੀ ਦੰਡਾਵਲੀ ਦੀਆਂ ਚਾਰ ਹੋਰ ਧਾਰਾਵਾਂ, ਜਿਨ੍ਹਾਂ ਵਿਚ ਧਾਰਾ 120-ਬੀ ਵੀ ਸ਼ਾਮਲ ਹੈ, ਤਹਿਤ ਦੋਸ਼ ਆਇਦ ਕੀਤੇ ਹਨ। ਅਦਾਲਤ ਨੇ ਹੁਣ ਇਸ ਮਾਮਲੇ ਦੀ ਅਗਲੀ ਪੇਸ਼ੀ 15 ਫਰਵਰੀ 'ਤੇ ਪਾ ਦਿੱਤੀ ਹੈ। ਸੀਬੀਆਈ ਦੇ ਸਰਕਾਰੀ ਵਕੀਲ ਅਨੁਪਮ ਗੁਪਤਾ ਨੇ ਦੱਸਿਆ ਕਿ ਹੁਣ ਇਸ ਦਿਨ ਅਦਾਲਤ ਵਿਚ ਛੇ ਸਰਕਾਰੀ ਗਵਾਹਾਂ ਦੇ ਬਿਆਨਾਂ 'ਤੇ ਜਿਰ੍ਹਾ ਹੋਵੇਗੀ। ਸ੍ਰੀ ਗੁਪਤਾ ਨੇ ਦੱਸਿਆ ਕਿ ਇਸ ਦਿਨ ਨਿਰਮਲ ਯਾਦਵ ਵੱਲੋਂ ਨਿੱਜੀ ਤੌਰ 'ਤੇ ਹਾਜ਼ਰੀ ਤੋਂ ਛੋਟ ਲੈਣ ਸਬੰਧੀ ਦਾਇਰ ਅਰਜ਼ੀ 'ਤੇ ਵੀ ਜਿਰ੍ਹਾ ਹੋ ਸਕਦੀ ਹੈ। ਇਸ ਮਾਮਲੇ ਵਿਚ ਜਿਨ੍ਹਾਂ ਹੋਰ ਮੁਲਜ਼ਮਾਂ ਵਿਰੁਧ ਦੋਸ਼ ਆਇਦ ਕੀਤੇ ਗਏ ਹਨ, ਉਨ੍ਹਾਂ ਵਿਚ ਦਿੱਲੀ ਦਾ ਹੋਟਲ ਕਾਰੋਬਾਰੀ ਰਵਿੰਦਰ ਸਿੰਘ ਭਸੀਨ, ਹਰਿਆਣਾ ਦੇ ਸਾਬਕਾ ਵਧੀਕ ਐਡਵੋਕੇਟ ਜਨਰਲ ਸੰਜੀਵ ਬਾਂਸਲ, ਚੰਡੀਗੜ੍ਹ ਦਾ ਕਾਰੋਬਾਰੀ ਸੰਜੀਵ ਗੁਪਤਾ ਵੀ ਸ਼ਾਮਲ ਹਨ। ਇਨ੍ਹਾਂ ਵਿਰੁੱਧ ਭ੍ਰਿਸ਼ਟਾਚਾਰ-ਰੋਕੂ ਕਾਨੂੰਨ ਦੀ ਧਾਰਾ 12 ਤੇ ਧਾਰਾ 120-ਬੀ ਤਹਿਤ ਦੋਸ਼ ਲਾਏ ਗਏ ਹਨ।

# ਮੁੱਖ ਮੰਤਰੀਆਂ 'ਚੋਂ ਬਾਦਲ ਦੀ ਤਨਖਾਹ ਸਭ ਤੋਂ ਵੱਧ

**ਚੰਡੀਗੜ੍ਹ:** ਪੇਅ-ਚੈੱਕ ਇੰਡੀਆ ਵੱਲੋਂ ਜਾਰੀ ਮੁੱਖ ਮੰਤਰੀਆਂ ਦੀ ਤਨਖਾਹ ਵੇਰਵਿਆਂ ਦੇ ਆਧਾਰ 'ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਸਭ ਤੋਂ ਅਮੀਰ ਮੁੱਖ ਮੰਤਰੀ ਹਨ ਜਦੋਂਕਿ ਮਮਤਾ ਬੈਨਰਜੀ ਦੇਸ਼ ਦੀ ਸਭ ਤੋਂ ਗਰੀਬ ਮੁੱਖ ਮੰਤਰੀ ਹੈ। ਆਈ.ਆਈ.ਐਸ. ਅਹਿਮਦਾਬਾਦ ਦੇ ਰਿਸਰਚ ਇਨੀਸ਼ਿਏਟਿਵ ਪੇਅ-ਚੈੱਕ ਇੰਡੀਆ ਦੇ ਅਨੁਸਾਰ ਮਮਤਾ ਬੈਨਰਜੀ ਦਾ ਵੇਤਨ ਸਾਲਾਨਾ 96 ਹਜ਼ਾਰ ਹੈ ਜਦਕਿ ਪ੍ਰਕਾਸ਼ ਸਿੰਘ ਬਾਦਲ 12 ਲੱਖ ਸਾਲਾਨਾ ਵੇਤਨ ਦੇ ਨਾਲ ਸੂਚੀ ਵਿਚ ਸਭ ਤੋਂ ਉਪਰ ਹਨ। ਇਹੀ ਨਹੀਂ ਤਾਮਿਲਨਾਡੂ ਦੀ ਮੁੱਖ ਮੰਤਰੀ ਜੈਲਲਿਤਾ ਸਿਰਫ ਇਕ ਰੁਪਏ ਤਨਖਾਹ ਘਰ ਲੈ ਕੇ ਜਾਂਦੇ ਹਨ। ਇਸ ਖੋਜ ਦੇ ਮੁੱਖ ਆਈ.ਆਈ.ਐਮ. ਅਹਿਮਦਾਬਾਦ ਦੇ ਫੈਕਿਲਟੀ ਮੈਂਬਰ ਬਿਜੂ ਵਰਕੇ ਹਨ ਜਦਕਿ ਇਸ ਦਾ ਟੈਕਨੀਕਲ ਇੰਫਰਾਸਟਰੱਕਚਰ ਐਮਸਟਰਡਮ ਦੀ ਐਨ.ਜੀ.ਓ. ਵੇਜਇੰਡੀਕੇਟਰ ਫਾਊਂਡੇਸ਼ਨ ਦੀ ਦੇਖ ਰੇਖ ਵਿਚ ਹੈ। ਇਸ ਸੂਚੀ ਵਿਚ ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਨਬਮ ਤੁਕੀ, ਕੇਰਲ ਦੇ ਓਮਾਨ ਚਾਂਡੀ, ਓਡੀਸ਼ਾ ਦੇ ਨਵੀਨ ਪਟਨਾਇਕ, ਯੂ.ਪੀ. ਦੇ ਅਖਿਲੇਸ਼ ਯਾਦਵ ਤੇ ਉਤਰਾਖੰਡ ਦੇ ਮੁੱਖ ਮੰਤਰੀ ਵਿਜੇ ਬਹੁਗੁਣਾ ਦੇ ਵੇਤਨ ਦੀ ਜਾਣਕਾਰੀ ਨਹੀਂ ਹੈ।

ਹਾਸਲ ਜਾਣਕਾਰੀ ਅਨੁਸਾਰ ਪ੍ਰਕਾਸ਼ ਸਿੰਘ ਬਾਦਲ (ਪੰਜਾਬ) 12,00,000 ਰੁਪਏ, ਨਿਤੀਸ਼ ਕੁਮਾਰ (ਬਿਹਾਰ) 11,94,000 ਰੁਪਏ, ਤਰੁਣ ਗੋਗੋਈ (ਅਸਮ) 9,96,000 ਰੁਪਏ, ਉਮਰ ਅਬਦੁੱਲਾ (ਜੰਮੂ-ਕਸ਼ਮੀਰ) 8,40,000 ਰੁਪਏ, ਲਾਲ ਥਾਨਹਾਵਲਾ (ਮਿਜ਼ੋਰਮ) 8,40,000 ਰੁਪਏ, ਵੀਰਭੱਦਰ ਸਿੰਘ (ਹਿਮਾਚਲ ਪ੍ਰਦੇਸ਼) 7,80,000 ਰੁਪਏ, ਨਰਿੰਦਰ ਮੋਦੀ (ਗੁਜਰਾਤ) 7,02,260 ਰੁਪਏ, ਪ੍ਰਿਥਵੀ ਰਾਜ ਚਵਾਣ (ਮੁੰਬਈ) 6,84,000 ਰੁਪਏ, ਸ਼ਿਵਰਾਜ ਸਿੰਘ ਚੌਹਾਨ (ਮੱਧ ਪ੍ਰਦੇਸ਼) 6,00,000 ਰੁਪਏ, ਭੁਪਿੰਦਰ ਸਿੰਘ ਹੁੱਡਾ (ਹਰਿਆਣਾ) 6,00,000 ਰੁਪਏ ਤਨਖਾਹ ਲੈ ਰਹੇ ਹਨ।

ਇਸ ਤੋਂ ਇਲਾਵਾ ਪਵਨ ਕੁਮਾਰ ਚਾਮਲਿੰਗ (ਸਿੱਕਮ) ਛੇ ਲੱਖ ਰੁਪਏ, ਸਿੱਧਰਮੱਈਆ (ਕਰਨਾਟਕ) 3,60,000 ਰੁਪਏ, ਮੁਕੁਲ ਸੰਗਮਾ (ਮੇਘਾਲਿਆ) 2,76,000 ਰੁਪਏ, ਓਕਰਮ ਇਬੋਬੀ ਸਿੰਘ (ਮਨੀਪੁਰ) 2, 76,000 ਰੁਪਏ, ਨੇਇਫਓ ਰਿਓ (ਨਾਗਾਲੈਂਡ) 2,64,000 ਰੁਪਏ, ਮਨੋਹਰ ਪਾਰੀਕਰ (ਗੋਆ) 2,40,000 ਰੁਪਏ, ਅਰਵਿੰਦ ਕੇਜਰੀਵਾਲ (ਨਵੀਂ ਦਿੱਲੀ) 2,40,000 ਰੁਪਏ, ਕਿਰਨ ਕੁਮਾਰ ਰੇਡੀ (ਆਂਧਰਾ ਪ੍ਰਦੇਸ਼) 1,92,000 ਰੁਪਏ ਤਨਖਾਹ ਲੈਂਦੇ ਹਨ।

## ਦੋ ਪੰਜਾਬੀ ਕਤਲ ਕੇਸ ਦੇ ਦੋਸ਼ੀ ਕਰਾਰ

**ਟੋਰਾਂਟੋ:** ਢਾਈ ਵਰ੍ਹੇ ਪਹਿਲਾਂ ਆਪਸੀ ਝਗੜੇ ਵਿਚ ਕਤਲ ਹੋਏ 19 ਸਾਲਾ ਨੌਜਵਾਨ ਨਿਤੀਸ਼ ਖੰਨਾ ਦੇ ਮਾਮਲੇ ਵਿਚ ਅਦਾਲਤ ਨੇ ਦੋ ਪੰਜਾਬੀ ਮੁੰਡਿਆਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਇਹ ਲੜਾਈ ਬਰੈਂਪਟਨ ਦੇ ਪੰਜਾਬੀ ਰੈਸਟੋਰੈਂਟ ਟੇਸਟੀ ਬਾਈਟ ਦੇ ਬਾਹਰ 20 ਜੂਨ 2011 ਨੂੰ ਹੋਈ ਸੀ ਜਿਸ ਵਿਚ ਨਿਤੀਸ਼ ਗੋਲਫ ਸਟਿਕਾਂ ਨਾਲ ਹੋਏ ਹਮਲੇ ਵਿਚ ਦਮ ਤੋੜ ਗਿਆ ਸੀ।

ਕਤਲ ਕੇਸ ਵਿਚ 22 ਸਾਲਾ ਹਰਸਿਮਰਨ ਬੱਲ ਤੇ 26 ਸਾਲਾ ਦਲਜਿੰਦਰ ਸਿੱਧੂ ਨੂੰ ਅਦਾਲਤ ਨੇ ਦੋਸ਼ੀ ਐਲਾਨਿਆ ਹੈ। ਦੋਵਾਂ ਨੂੰ ਦੋ ਅਪਰੈਲ ਨੂੰ ਸਜ਼ਾ ਸੁਣਾਈ ਜਾਵੇਗੀ। ਦੋਸ਼ੀਆਂ ਨੇ ਪਹਿਲੇ ਦਰਜੇ ਦੇ ਕਤਲ ਕੇਸ ਤੋਂ ਇਨਕਾਰ ਕੀਤਾ ਹੈ। ਅਦਾਲਤ ਨੇ ਪਾਇਆ ਕਿ ਦੋਵਾਂ ਨੇ ਵਿਉਂਤ ਨਾਲ ਮ੍ਰਿਤਕ 'ਤੇ ਹਮਲਾ ਕੀਤਾ। ਬੇਸ਼ਕ ਉਹ ਉਸ ਨੂੰ ਮਾਰਨਾ ਨਹੀਂ ਚਾਹੁੰਦੇ ਸਨ। ਗਵਾਹਾਂ ਮੁਤਾਬਕ ਬੱਲ ਨੇ ਨਿਤਿਸ਼ ਨੂੰ ਨੱਪੀ ਰੱਖਿਆ ਜਦ ਕਿ ਦੂਜਿਆਂ ਨੇ 'ਸਟਿੱਕਾਂ' ਨਾਲ ਤਾਬੜਤੋੜ ਵਾਰ ਕੀਤੇ।

ਉਸ ਰਾਤ ਰੈਸਟੋਰੈਂਟ ਵਿਚ ਹਰਸਿਮਰਨ ਬੱਲ ਆਪਣੇ ਸਾਥੀਆਂ ਨਾਲ ਸਿੱਧੂ ਦੇ ਕੈਨੇਡਾ ਪਹੁੰਚਣ ਦੀ ਖੁਸ਼ੀ ਵਿਚ ਪਾਰਟੀ ਵਿਚ ਸ਼ਾਮਲ ਸੀ। ਬੱਲ ਦੇ ਵਕੀਲ ਨੇ ਆਖਿਆ ਕਿ ਅਸਲ ਵਿਚ ਮੁਵੱਕਿਲ ਦੋਵਾਂ ਧੜਿਆਂ ਵਿਚ ਸੁਲ੍ਹਾ ਕਰਾਉਣੀ ਚਾਹੁੰਦਾ ਸੀ। ਬੱਲ ਵੀ 2010 ਵਿਚ ਕੈਨੇਡਾ ਆਇਆ ਸੀ। ਦੋਵਾਂ ਦੋਸ਼ੀਆਂ ਨੂੰ ਘਟਨਾ ਦੇ ਅਗਲੇ ਦਿਨ ਹੀ ਗ੍ਰਿਫਤਾਰ ਕਰ ਲਿਆ ਗਿਆ ਸੀ। ਬੱਲ ਤੇ ਨਿਤਿਸ਼ ਦੇ ਗਰੁੱਪ ਵਿਚ ਕਿਸੇ ਗੱਲੋਂ ਤਕਰਾਰ ਹੋ ਗਿਆ ਸੀ ਤੇ ਬੱਲ ਦੇ ਗਰੁੱਪ ਨੇ ਬਾਹਰ ਆ ਕੇ ਵੇਖਣ ਦੀ ਧਮਕੀ ਦਿੱਤੀ ਸੀ। ਪਟੇਲ ਮੁਤਾਬਕ ਨਿਤਿਸ਼ ਨੂੰ ਸੁਲਾਹ ਕਰਾਉਣ ਲਈ ਬੱਲ ਫੁਸਲਾ ਕੇ ਬਾਹਰ ਲੈ ਗਿਆ ਸੀ। ਪਟੇਲ ਨੇ ਕਿਹਾ ਕਿ ਹਮਲਾਵਰ ਉਸ ਨੂੰ ਵੀ ਪੈ ਨਿਕਲੇ ਪਰ ਉਹ ਕਿਸੇ ਤਰ੍ਹਾਂ ਬਚ ਗਿਆ। ਕਰਾਊਨ ਕਾਊਂਸਲ ਡਿਉਰੀਓ ਮੁਤਾਬਕ ਹਮਲੇ ਵੇਲੇ ਚਾਰ ਜਣੇ ਪੰਜਾਬੀ ਵਿਚ ਗਾਲ੍ਹਾਂ ਕੱਢਦੇ ਹੋਏ ਹੋਰ ਮਾਰਨ ਦੀ ਹੱਲਾਸ਼ੇਰੀ ਦੇ ਰਹੇ ਸਨ। ਵਕੀਲ ਅਨੁਸਾਰ ਹਮਲੇ ਵਿਚ ਸਟਿੱਕਾਂ ਦੇ ਬਲੇਡ ਟੁੱਟ ਗਏ ਪਰ ਹਮਲਾਵਰ ਫਿਰ ਵੀ ਨਹੀਂ ਰੁਕੇ।

ਇਸ ਹਮਲੇ ਵਿਚ ਸ਼ਾਮਲ ਸਮਝੇ ਜਾਂਦੇ ਦੋ ਹੋਰ ਮੁੰਡੇ 22 ਸਾਲਾ ਮਨਮੀਤ ਕੰਗ ਤੇ 21 ਸਾਲਾ ਮਨਜੀਤ ਸਿੰਘ ਇਸ ਘਟਨਾ ਤੋਂ ਫੌਰਨ ਬਾਅਦ ਭਾਰਤ ਭੱਜ ਆਏ ਸਨ ਤੇ ਅਜੇ ਤੱਕ ਫਰਾਰ ਹਨ।

# ਖਰਚੇ ਦਾ ਘਰ ਬਣਿਆ ਬਠਿੰਡੇ ਦਾ ਹਵਾਈ ਅੱਡਾ

### ਕੋਈ ਵੀ ਏਅਰਲਾਈਨ ਆਉਣ ਲਈ ਤਿਆਰ ਨਹੀਂ

**ਬਠਿੰਡਾ:** ਇਥੋਂ ਦਾ ਨਵਾਂ ਹਵਾਈ ਅੱਡਾ ਖਰਚੇ ਦਾ ਘਰ ਬਣ ਗਿਆ ਹੈ। ਹਵਾਈ ਅੱਡਾ 30 ਅਕਤੂਬਰ, 2012 ਨੂੰ ਤਿਆਰ ਹੋ ਗਿਆ ਸੀ ਪਰ 14 ਮਹੀਨੇ ਮਗਰੋਂ ਵੀ ਇਸ ਹਵਾਈ ਅੱਡੇ ਤੋਂ ਕੋਈ ਉਡਾਣ ਨਹੀਂ ਭਰੀ ਜਾ ਸਕੀ। ਕੋਈ ਏਅਰਲਾਈਨ ਇਸ ਅੱਡੇ ਵੱਲ ਮੂੰਹ ਕਰਨ ਵਾਸਤੇ ਤਿਆਰ ਨਹੀਂ। ਪੰਜਾਬ ਸਰਕਾਰ ਕੇਂਦਰ ਸਰਕਾਰ 'ਤੇ ਦੋਸ਼ ਲਾ ਰਹੀ ਹੈ ਕਿ ਉਸ ਦੇ ਅੜਿਕੇ ਕਾਰਨ ਇਸ ਅੱਡੇ ਦਾ ਉਦਘਾਟਨ ਨਹੀਂ ਹੋ ਰਿਹਾ।

ਪੰਜਾਬ ਸਰਕਾਰ ਵੱਲੋਂ ਇਸ ਹਵਾਈ ਅੱਡੇ 'ਤੇ ਕਰੀਬ ਸੱਤ ਕਰੋੜ ਰੁਪਏ ਖਰਚ ਕੀਤੇ ਗਏ ਹਨ ਤੇ ਦੋ ਕਰੋੜ ਰੁਪਏ ਹੋਰ ਖਰਚੇ ਜਾ ਰਹੇ ਹਨ। ਪੰਜਾਬ ਸਰਕਾਰ ਨੇ ਇਸ ਅੱਡੇ ਲਈ ਸਾਲ 2007 ਵਿਚ 37 ਏਕੜ ਜ਼ਮੀਨ ਐਕੁਆਇਰ ਕਰਨ ਵਾਸਤੇ ਪ੍ਰਕਿਰਿਆ ਸ਼ੁਰੂ ਕੀਤੀ ਸੀ ਤੇ ਮਾਰਚ 2009 ਵਿਚ ਜ਼ਮੀਨ ਏਅਰਪੋਰਟ ਅਥਾਰਟੀ ਆਫ ਇੰਡੀਆ ਦੇ ਹਵਾਲੇ ਕਰ ਦਿੱਤੀ ਸੀ। ਸਰਕਾਰ ਨੇ ਜ਼ਮੀਨ ਐਕੁਆਇਰ ਕਰਨ 'ਤੇ 2.96 ਕਰੋੜ ਰੁਪਏ ਖਰਚ ਕੀਤੇ ਸਨ। ਰਾਜ ਸਰਕਾਰ ਨੇ ਇਸ ਹਵਾਈ ਅੱਡੇ ਲਈ 7.20 ਕਿਲੋਮੀਟਰ ਲੰਮੀ ਸੜਕ ਬਣਾਈ ਹੈ ਜਿਸ 'ਤੇ ਚਾਰ ਕਰੋੜ ਰੁਪਏ ਖਰਚ ਕੀਤੇ ਗਏ ਹਨ। ਹੁਣ ਚਹੁੰਮਾਰਗੀ ਪਹੁੰਚ ਰੋਡ ਬਣਾਉਣ 'ਤੇ ਦੋ ਕਰੋੜ ਰੁਪਏ ਹੋਰ ਖਰਚੇ ਜਾ ਰਹੇ ਹਨ।

ਏਅਰਪੋਰਟ ਅਥਾਰਟੀ ਆਫ ਇੰਡੀਆ ਵੱਲੋਂ ਹਵਾਈ ਅੱਡੇ ਦੀ ਉਸਾਰੀ 'ਤੇ 25 ਕਰੋੜ ਰੁਪਏ ਖਰਚ ਕੀਤੇ ਜਾ ਚੁੱਕੇ ਹਨ। ਅਥਾਰਟੀ ਵੱਲੋਂ ਤਿੰਨ ਅਧਿਕਾਰੀ ਇਸ ਹਵਾਈ ਅੱਡੇ 'ਤੇ ਤਾਇਨਾਤ




ਕੀਤੇ ਗਏ ਸਨ। ਹੁਣ ਇਥੋਂ ਦੋ ਹੀ ਰਹਿ ਗਏ ਹਨ। ਪੰਜਾਬ ਸਰਕਾਰ ਨੇ ਹਵਾਈ ਅੱਡੇ ਦੀ ਸੁਰੱਖਿਆ ਵਾਸਤੇ ਅੱਧੀ ਦਰਜਨ ਹੋਮਗਾਰਡ ਜਵਾਨ ਤਾਇਨਾਤ ਕੀਤੇ ਹੋਏ ਹਨ ਜਿਨ੍ਹਾਂ ਦਾ ਰੋਜ਼ਾਨਾ ਖਰਚਾ 2400 ਰੁਪਏ ਏਅਰਪੋਰਟ ਅਥਾਰਟੀ ਨੂੰ ਪੈ ਰਿਹਾ ਹੈ ਤੇ ਕਰੀਬ 75 ਲੱਖ ਰੁਪਏ ਪ੍ਰਤੀ ਮਹੀਨਾ ਸੁਰੱਖਿਆ 'ਤੇ ਖਰਚਾ ਹੋ ਰਿਹਾ ਹੈ।

ਹਵਾਈ ਅੱਡੇ ਦੀ ਸਾਂਭ-ਸੰਭਾਲ ਤੇ ਰੱਖ-ਰਖਾਵ 'ਤੇ ਵੱਖਰਾ ਖਰਚਾ ਕੀਤਾ ਜਾ ਰਿਹਾ ਹੈ। ਹਵਾਈ ਅੱਡੇ ਵਿਚ ਦੋ ਵਾਰ ਚੋਰੀ ਹੋ ਚੁੱਕੀ ਹੈ। ਅੱਡੇ ਲਈ ਰਨ ਵੇਅ ਹਵਾਈ ਫੌਜ ਦਾ ਵਰਤਿਆ ਜਾਣਾ ਹੈ ਜਿਸ ਦਾ ਕਿਰਾਇਆ ਹਵਾਈ ਕੰਪਨੀਆਂ ਵੱਲੋਂ ਹੀ ਤਾਰਿਆ ਜਾਣਾ ਹੈ। ਪੰਜਾਬ ਸਰਕਾਰ ਵੱਲੋਂ ਤਾਂ ਫਿਊਲ 'ਤੇ ਵੀ ਪੰਜ ਫੀਸਦੀ ਵੈਟ ਦੀ ਕਟੌਤੀ ਕਰ ਦਿੱਤੀ ਗਈ ਹੈ। ਹਵਾਈ ਅੱਡੇ ਵਾਸਤੇ ਜੋ 7.20 ਕਿਲੋਮੀਟਰ ਲੰਮੀ ਸੜਕ ਬਣਾਈ ਗਈ ਸੀ ਉਸ 'ਤੇ ਬਹੁਤੀ ਟਰੈਫਿਕ ਚੱਲ ਹੀ ਨਹੀਂ ਸਕੀ ਤੇ ਬਾਰਸ਼ਾਂ ਦੀ ਲਪੇਟ ਵਿਚ ਵੀ ਇਹ ਸੜਕ ਆ ਚੁੱਕੀ ਹੈ।

ਏਅਰਪੋਰਟ ਅਥਾਰਟੀ ਨੇ ਇਸ ਹਵਾਈ ਅੱਡੇ ਲਈ 40 ਏਕੜ ਜ਼ਮੀਨ ਦੀ ਹੋਰ ਮੰਗ ਕੀਤੀ ਹੈ। ਸਰਕਾਰ ਨੇ ਅੱਡੇ ਲਈ ਸਿਰਫ਼ 8 ਲੱਖ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਕਿਸਾਨਾਂ ਤੋਂ ਜ਼ਮੀਨ ਐਕੁਆਇਰ ਕੀਤੀ ਸੀ ਜਦੋਂ ਕਿ ਬਾਕੀ ਥਾਵਾਂ 'ਤੇ ਕਿਸਾਨਾਂ ਨੂੰ 25 ਲੱਖ ਰੁਪਏ ਤੋਂ ਵੱਧ ਦਾ ਮੁਆਵਜ਼ਾ ਮਿਲਿਆ ਹੈ। ਡਾਇਰੈਕਟਰ ਜਨਰਲ ਸਿਵਲ ਏਵੀਏਸ਼ਨ ਦੀ ਟੀਮ ਵੱਲੋਂ 15 ਨਵੰਬਰ, 2013 ਨੂੰ ਇਸ ਏਅਰਪੋਰਟ ਦਾ ਦੌਰਾ ਕੀਤਾ ਗਿਆ ਸੀ ਜਿਸ ਵੱਲੋਂ ਆਪਣੀ ਰਿਪੋਰਟ ਸਬੰਧਤ ਮੰਤਰਾਲੇ ਨੂੰ ਦੇ ਦਿੱਤੀ ਗਈ ਹੈ।

ਕੇਂਦਰ ਸਰਕਾਰ ਵੱਲੋਂ ਦੇਸ ਵਿਚ ਪੰਜ ਨਵੇਂ ਹਵਾਈ ਅੱਡੇ ਬਣਾਏ ਗਏ ਹਨ ਜਿਨ੍ਹਾਂ ਵਿਚ ਬਠਿੰਡਾ ਤੋਂ ਇਲਾਵਾ ਜੈਸਲਮੇਰ, ਅਕੋਲਾ, ਕੂਚ ਬਿਹਾਰ ਤੇ ਜਲਗਾਉਂ ਦਾ ਹਵਾਈ ਅੱਡਾ ਸ਼ਾਮਲ ਹਨ। ਸਭ ਹਵਾਈ ਅੱਡੇ ਤਿਆਰ ਹਨ ਪਰ ਚੱਲਿਆ ਕੋਈ ਨਹੀਂ। ਸੂਤਰਾਂ ਅਨੁਸਾਰ ਵਿਸ਼ਵ ਪੱਧਰ 'ਤੇ ਆਰਥਿਕ ਮੰਦਵਾੜੇ ਕਾਰਨ ਹਵਾਈ ਕੰਪਨੀਆਂ ਵੱਲੋਂ ਕੋਈ ਪਹਿਲ ਨਹੀਂ ਕੀਤੀ ਜਾ ਰਹੀ ਹੈ। ਬਠਿੰਡੇ ਦੇ ਹਵਾਈ ਅੱਡੇ ਵਿਚ ਇਕ ਹਵਾਈ ਕੰਪਨੀ ਨੇ ਦਿਲਚਸਪੀ ਦਿਖਾਈ ਤਾਂ ਸੀ ਪਰ ਮਗਰੋਂ ਉਸ ਨੇ ਵੀ ਪੈਰ ਪਿਛਾਂਹ ਖਿੱਚ ਲਏ ਸਨ।

# ਬਾਦਲਾਂ ਦੀ ਆਟਾ-ਦਾਲ ਸਕੀਮ ਨੂੰ ਬਰੇਕਾਂ

**ਚੰਡੀਗੜ੍ਹ:** ਪੰਜਾਬ ਸਰਕਾਰ ਦੀ ਨਵੀਂ ਆਟਾ-ਦਾਲ ਸਕੀਮ ਦਾ ਭਵਿੱਖ ਅਜੇ ਧੁੰਦਲਾ ਹੀ ਨਜ਼ਰ ਆ ਰਿਹਾ ਹੈ ਕਿਉਂਕਿ ਸੂਬਾ ਸਰਕਾਰ ਇਸ ਰਾਸ਼ਨ ਦੀ ਵੰਡ ਤੇ ਸਕੀਮ ਵਿਚ ਨਵੇਂ ਲਾਭਪਾਤਰੀਆਂ ਨੂੰ ਸ਼ਾਮਲ ਕਰਨ ਬਾਰੇ ਅਜੇ ਕੋਈ ਢੁਕਵਾਂ ਫੈਸਲਾ ਨਹੀਂ ਲੈ ਸਕੀ। ਕੇਂਦਰ ਸਰਕਾਰ ਨੇ ਪੰਜਾਬ ਨੂੰ ਦੋ ਰੁਪਏ ਕਿੱਲੋ ਦੇ ਹਿਸਾਬ ਨਾਲ ਤਕਰੀਬਨ 20 ਲੱਖ ਪਰਿਵਾਰਾਂ ਦੀ ਕਣਕ ਜਾਰੀ ਕਰ ਦਿੱਤੀ ਹੈ ਜਿਸ ਨੂੰ ਸੂਬਾ ਸਰਕਾਰ ਆਪਣੀ ਨਵੀਂ ਆਟਾ-ਦਾਲ ਯੋਜਨਾ ਤਹਿਤ ਇਕ ਰੁਪਏ ਕਿੱਲੋ ਦੇ ਹਿਸਾਬ ਨਾਲ ਲਾਭਪਾਤਰੀਆਂ ਨੂੰ ਵੰਡੇਗੀ।

ਕਣਕ ਦਾ ਇਹ ਕੋਟਾ ਜਨਵਰੀ ਤੇ ਫਰਵਰੀ ਮਹੀਨਿਆਂ ਦਾ ਹੈ ਪਰ ਇਹ ਕਣਕ ਪੁਰਾਣੀ ਆਟਾ-ਦਾਲ ਯੋਜਨਾ ਦੇ ਲਾਭਪਾਤਰੀਆਂ ਲਈ ਹੀ ਜਾਰੀ ਹੋਈ ਹੈ। ਨਵੀਂ ਆਟਾ-ਦਾਲ ਯੋਜਨਾ ਦੇ ਲਾਭਪਾਤਰੀ ਬਣਨ ਲਈ ਜਿਨ੍ਹਾਂ ਲੱਖਾਂ ਪਰਿਵਾਰਾਂ ਨੇ ਦਰਖ਼ਾਸਤਾਂ ਭੇਜੀਆਂ ਸਨ, ਪੰਜਾਬ ਸਰਕਾਰ ਅਜੇ ਤੱਕ ਉਨ੍ਹਾਂ ਬਾਰੇ ਪੜਤਾਲ ਹੀ ਪੂਰੀ ਨਹੀਂ ਕਰ ਸਕੀ। ਇਸ ਲਈ ਹਾਲ ਦੀ ਘੜੀ ਪੁਰਾਣੀ ਆਟਾ-ਦਾਲ ਯੋਜਨਾ ਦੇ ਲਾਭਪਾਤਰੀਆਂ ਨੂੰ ਹੀ ਇਕ ਰੁਪਏ ਕਿੱਲੋ ਦੇ ਹਿਸਾਬ ਨਾਲ ਕਣਕ ਮਿਲ ਸਕੇਗੀ।

ਮਿਲੀ ਜਾਣਕਾਰੀ ਮੁਤਾਬਕ ਭਾਰਤੀ ਖੁਰਾਕ ਨਿਗਮ ਵੱਲੋਂ ਪੰਜਾਬ ਨੂੰ ਦਿੱਤੀ ਗਈ ਕਣਕ 15 ਲੱਖ 40 ਹਜ਼ਾਰ ਨੀਲੇ ਕਾਰਡ ਧਾਰਕ ਪਰਿਵਾਰਾਂ ਨੂੰ ਇਕ ਰੁਪਏ ਕਿੱਲੋ ਦੇ ਹਿਸਾਬ ਨਾਲ ਮਿਲੇਗੀ। ਇਸ ਤੋਂ ਇਲਾਵਾ ਪੰਜਾਬ ਵਿਚ ਬੀ.ਪੀ.ਐਲ ਤੇ ਅਨਤੋਦਿਆ ਯੋਜਨਾਵਾਂ ਦੇ ਚਾਰ ਲੱਖ 62 ਹਜ਼ਾਰ ਪਰਿਵਾਰਾਂ ਨੂੰ ਵੀ ਇਕ ਰੁਪਏ ਕਿੱਲੋ ਦੇ ਹਿਸਾਬ ਨਾਲ ਜਨਵਰੀ ਤੇ ਫਰਵਰੀ ਮਹੀਨਿਆਂ ਦੀ ਕਣਕ ਮਿਲੇਗੀ। ਸਰਕਾਰ ਵੱਲੋਂ ਹਰ ਪਰਿਵਾਰ ਨੂੰ ਵੱਧ ਤੋਂ ਵੱਧ 25 ਕਿੱਲੋ ਪ੍ਰਤੀ ਮਹੀਨਾ ਕਣਕ ਦਿੱਤੀ ਜਾਣੀ ਹੈ। ਸਰਕਾਰ ਦਾ ਦਾਅਵਾ ਹੈ ਕਿ ਆਪਣੀ ਨਵੀਂ ਯੋਜਨਾ ਤਹਿਤ ਉਹ ਪੰਜਾਬ ਦੇ 32 ਲੱਖ ਪਰਿਵਾਰਾਂ ਨੂੰ ਰੁਪਈਆ ਕਿੱਲੋ ਕਣਕ ਵੰਡੇਗੀ



ਪਰ ਅਜੇ ਤੱਕ ਬਿਨੈਕਾਰਾਂ ਦੀ ਪੜਤਾਲ ਦਾ ਕੰਮ ਪੂਰਾ ਨਹੀਂ ਹੋ ਸਕਿਆ। ਸੂਤਰਾਂ ਮੁਤਾਬਕ ਚਾਲੂ ਜਨਵਰੀ ਤੇ ਫਰਵਰੀ ਮਹੀਨਿਆਂ ਦੀ ਕਣਕ ਦੀ ਉਪਰੋਕਤ ਵੰਡ ਤੋਂ ਬਾਅਦ ਹੁਣ ਸਰਕਾਰ ਅੱਗੇ ਇਕ ਵੱਡੀ ਸਮੱਸਿਆ ਇਹ ਵੀ ਖੜ੍ਹੀ ਹੋ ਗਈ ਹੈ ਕਿ ਐਨੇ ਪਰਿਵਾਰਾਂ ਨੂੰ ਕਣਕ ਦੀ ਵੰਡ ਕਿਵੇਂ ਕੀਤੀ ਜਾਵੇ ਕਿਉਂਕਿ ਪੁਰਾਣੀ ਆਟਾ-ਦਾਲ ਸਕੀਮ ਤਹਿਤ ਸਰਕਾਰ ਇਹ ਕੰਮ ਡਿਪੂ ਹੋਲਡਰਾਂ ਤੋਂ ਲੈ ਰਹੀ ਸੀ ਪਰ ਸੂਬੇ ਵਿਚ ਨਵੀਂ ਆਟਾ-ਦਾਲ ਯੋਜਨਾ ਦੇ ਐਲਾਨ 'ਤੇ ਜਦੋਂ ਸਰਕਾਰ ਨੇ 32 ਲੱਖ ਲਾਭਪਾਤਰੀਆਂ ਨੂੰ ਕਣਕ ਦੇਣ ਦੀ ਗੱਲ ਕੀਤੀ ਤਾਂ ਸੂਬੇ ਦੇ ਡਿਪੂ ਹੋਲਡਰਾਂ ਨੇ ਇਹ ਕਹਿੰਦਿਆਂ ਕਣਕ ਨਾ ਵੰਡਣ ਦਾ ਐਲਾਨ ਕਰ ਦਿੱਤਾ ਕਿ ਉਨ੍ਹਾਂ ਨੂੰ ਪ੍ਰਤੀ ਮਹੀਨਾ ਇਕ ਕਲਰਕ ਜਿੰਨੀ ਤਨਖਾਹ ਦਿੱਤੀ ਜਾਵੇ।

ਸਮੱਸਿਆ ਦੇ ਹੱਲ ਲਈ ਸਰਕਾਰ ਨੇ ਡਿਪੂ ਹੋਲਡਰਾਂ ਦੀ ਥਾਂ ਆਪਣੇ ਖੁਰਾਕ ਇੰਸਪੈਕਟਰਾਂ ਤੋਂ ਇਹ ਕੰਮ ਲੈਣ ਦੀ ਯੋਜਨਾ ਬਣਾਈ, ਪਰ ਖੁਰਾਕ ਇੰਸਪੈਕਟਰਾਂ ਦੀ ਗਿਣਤੀ ਸਿਰਫ 1200 ਹੋਣ ਕਾਰਨ ਗੱਲ ਸਿਰੇ ਨਹੀਂ ਚੜ੍ਹ ਸਕੀ। ਇਸ ਤੋਂ ਇਲਾਵਾ ਖੁਰਾਕ ਇੰਸਪੈਕਟਰ ਵੀ ਇਸ ਦਾ ਵਿਰੋਧ ਕਰ ਰਹੇ ਹਨ। ਪੰਜਾਬ ਖੁਰਾਕ ਤੇ ਸਪਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਡੀ.ਐਸ ਗਰੇਵਾਲ ਦਾ ਕਹਿਣਾ ਹੈ ਕਿ ਛੇਤੀ ਹੀ ਨਵੇਂ ਬਿਨੈਕਾਰਾਂ ਦੀ ਪੜਤਾਲ ਦਾ ਕੰਮ ਖਤਮ ਹੋ ਜਾਵੇਗਾ ਤੇ ਸਰਕਾਰ ਦੀ ਕੋਸ਼ਿਸ਼ ਹੈ ਕਿ ਨਵੇਂ ਲਾਭਪਾਤਰੀਆਂ ਨੂੰ ਵੀ ਪੁਰਾਣੇ ਲਾਭਪਾਤਰੀਆਂ ਦੇ ਨਾਲ ਹੀ ਇਕ ਰੁਪਏ ਕਿੱਲੋ ਦੇ ਹਿਸਾਬ ਨਾਲ ਕਣਕ ਵੰਡੀ ਜਾਵੇ। ਵੰਡ ਦੀ ਜ਼ਿੰਮੇਵਾਰੀ ਖੁਰਾਕ ਵਿਭਾਗ ਦੀ ਹੈ, ਇਸ ਲਈ ਇਹ ਵਿਭਾਗ ਨੇ ਦੇਖਣਾ ਹੈ ਕਿ ਉਹ ਵੰਡ ਦਾ ਕੰਮ ਆਪ ਕਰੇ ਜਾਂ ਕਿਸੇ ਤੋਂ ਕਰਵਾਏ।

# ਜੇਲ੍ਹਾਂ ਵਿਚ ਨਸ਼ਿਆਂ ਦੀ ਵਰਤੋਂ 'ਤੇ ਹਾਈ ਕੋਰਟ ਸਖਤ

**ਚੰਡੀਗੜ੍ਹ:** ਪੰਜਾਬ ਦੀਆਂ ਜੇਲ੍ਹਾਂ ਅੰਦਰ ਵੱਡੇ ਪੱਧਰ 'ਤੇ ਹੋ ਰਹੀ ਨਸ਼ਿਆਂ ਦੀ ਤਸਕਰੀ ਤੇ ਖੁੱਲ੍ਹੇਆਮ ਵਰਤੋਂ ਨੂੰ ਲੈ ਕੇ ਸੂਬਾ ਤੇ ਕੇਂਦਰ ਸਰਕਾਰ ਨੂੰ ਹਾਈ ਕੋਰਟ ਦੇ ਸਖ਼ਤ ਰਵੱਈਏ ਦਾ ਸਾਹਮਣਾ ਕਰਨਾ ਪਿਆ ਹੈ। ਹਾਈਕੋਰਟ ਦੇ ਚੀਫ਼ ਜਸਟਿਸ ਸੰਜੇ ਕਿਸ਼ਨ ਕੌਲ ਤੇ ਜਸਟਿਸ ਅਰੁਣ ਪੱਲੀ ਵਾਲੇ ਡਿਵੀਜ਼ਨ ਬੈਂਚ ਵੱਲੋਂ ਇਸ ਬਾਰੇ ਜਿਥੇ ਲੋੜੀਂਦੇ ਤੇ ਢੁਕਵੇਂ ਸੁਰੱਖਿਆ ਬਲਾਂ ਦੀ ਜੇਲ੍ਹਾਂ ਦੇ ਅੰਦਰ-ਬਾਹਰ ਤਾਇਨਾਤੀ ਦੇ ਮੁੱਦੇ 'ਤੇ ਦੋਵਾਂ ਧਿਰਾਂ ਦੀ ਖਿਚਾਈ ਕੀਤੀ ਉਥੇ ਹੀ ਇਸ ਮਾਮਲੇ ਵਿਚ ਜੇਲ੍ਹ ਅਥਾਰਟੀਆਂ ਖ਼ਾਸਕਰ ਉਥੇ ਤਾਇਨਾਤ ਸੁਰੱਖਿਆ ਮੁਲਾਜ਼ਮਾਂ ਤੇ ਜੇਲ੍ਹ ਅਧਿਕਾਰੀਆਂ ਦੀ ਵੀ ਸਰਗਰਮ ਮਿਲੀਭੁਗਤ ਹੋਣ ਦੇ ਮਿਲ ਰਹੇ ਹਵਾਲਿਆਂ 'ਤੇ ਵੀ ਬੇਹੱਦ ਨਾਰਾਜ਼ਗੀ ਜ਼ਾਹਿਰ ਕਰਦਿਆਂ ਅਜਿਹੇ ਅਧਿਕਾਰੀਆਂ ਖਿਲਾਫ ਵਿਭਾਗੀ ਕਾਰਵਾਈਆਂ ਦੀ ਵੀ ਜਾਣਕਾਰੀ ਮੰਗੀ।



ਹਾਈਕੋਰਟ ਬੈਂਚ ਵੱਲੋਂ ਇਸ ਮੁੱਦੇ 'ਤੇ ਕੇਂਦਰ ਸਰਕਾਰ ਵੱਲੋਂ ਪੰਜਾਬ ਦੀਆਂ ਜੇਲ੍ਹਾਂ ਦੇ ਦੁਆਲੇ ਨੀਮ ਫ਼ੌਜੀ ਬਲਾਂ ਦੀ ਤਾਇਨਾਤੀ ਕੀਤੇ ਜਾਣ ਨੂੰ ਲੈ ਕੋਰੀ ਨਾਂਹ ਕਰ ਦੇਣ ਤੇ ਪੰਜਾਬ ਸਰਕਾਰ ਵੱਲੋਂ ਇਸ ਬਾਰੇ ਫ਼ੈਸਲਾ ਕੇਂਦਰ ਦੇ ਹੱਥ ਹੋਣ ਦੇ ਤਰਕਾਂ ਨੂੰ ਦੋਵਾਂ ਵੱਲੋਂ ਕੋਈ ਕਾਰਗਰ ਕਦਮ ਚੁੱਕੇ ਜਾਣ ਦੀ ਬਜਾਏ ਇਕ ਦੂਜੇ ਸਿਰ ਹੀ ਠਿਕਰਾ ਭੰਨਿਆ ਗਿਆ। ਹਾਈਕੋਰਟ ਵੱਲੋਂ ਇਸ ਮਾਮਲੇ 'ਤੇ ਆਏ ਇਕ ਹੋਰ ਸੁਝਾਅ ਉੱਤੇ ਗ਼ੌਰ ਕਰਦਿਆਂ ਕਿਹਾ ਗਿਆ ਕਿ ਪੰਜਾਬ ਸਰਕਾਰ ਦੀ ਆਪਣੀ ਕਮਾਂਡ ਹੇਠ ਸਟੇਟ ਆਰਮਡ ਪੁਲਿਸ (ਐਸ.ਏ.ਪੀ) ਤੇ ਇੰਡੀਆ ਰਿਜ਼ਰਵ ਬਟਾਲੀਅਨ ਵੀ ਹਨ ਤੇ ਇਨ੍ਹਾਂ ਰਾਜ ਸੁਰੱਖਿਆ ਬਲਾਂ ਨੂੰ ਸੂਬੇ ਦੀਆਂ ਜੇਲ੍ਹਾਂ ਦੀ ਪੁਖ਼ਤਾ ਸੁਰੱਖਿਆ ਹੇਠ ਵਰਤੋਂ ਕੀਤੀ ਜਾ ਸਕਦੀ ਹੈ।

ਰੋਪੜ ਜੇਲ੍ਹ ਵਿਚ ਰਹਿ ਚੁੱਕੇ ਇਕ ਤਰਲੋਚਨ ਸਿੰਘ ਨਾਮੀ ਸ਼ਖ਼ਸ ਵੱਲੋਂ ਆਪਣੇ ਨਿੱਜੀ ਅਨੁਭਵਾਂ ਦੇ ਹਵਾਲੇ ਨਾਲ ਹਾਈਕੋਰਟ ਵਿਚ ਚੁੱਕੇ ਗਏ ਇਸ ਮੁੱਦੇ ਬਾਰੇ ਉਸ ਦੇ ਵਕੀਲ ਨਵਕਿਰਨ ਸਿੰਘ ਵੱਲੋਂ ਜੇਲ੍ਹਾਂ ਅੰਦਰ ਨਸ਼ਿਆਂ ਨੂੰ ਪੁੱਜਦਾ ਕਰਨ ਵਿਚ ਜੇਲ੍ਹ ਤੇ ਪੁਲਿਸ ਅਧਿਕਾਰੀਆਂ ਦੀ ਸਰਗਰਮ ਸ਼ਮੂਲੀਅਤ ਦੇ ਪ੍ਰਤੱਖ ਸਬੂਤ ਤੇ ਕਈ ਥਾਈਂ ਇਨ੍ਹਾਂ ਨੂੰ ਰੰਗੇ ਹੱਥੀਂ ਵੀ ਫੜਿਆ ਜਾ ਚੁੱਕਾ ਹੋਣ ਦੇ ਬਾਵਜੂਦ ਵਿਭਾਗੀ ਕਾਰਵਾਈਆਂ ਨਹੀਂ ਹੋ ਰਹੀਆਂ। ਹਾਈਕੋਰਟ ਵੱਲੋਂ ਪੰਜਾਬ ਸਰਕਾਰ ਨੂੰ ਇਸ ਸਾਰੇ ਮੁੱਦੇ 'ਤੇ ਦੋ ਹਫ਼ਤਿਆਂ ਦੇ ਵਿਚ-ਵਿਚ ਸਟੇਟਸ ਰਿਪੋਰਟ ਦਾਇਰ ਕਰਨ ਲਈ ਕਿਹਾ ਗਿਆ। ਕੇਸ ਦੀ ਅਗਲੀ ਸੁਣਵਾਈ ਹੁਣ ਆਉਂਦੀ 24 ਫਰਵਰੀ ਨੂੰ ਹੋਵੇਗੀ।

# ਕੈਪਟਨ ਵੇਲੇ ਬੱਸ ਪਰਮਿਟਾਂ 'ਚ ਹੋਇਆ ਸੀ ਘਾਲਾਮਾਲਾ

**ਚੰਡੀਗੜ੍ਹ:** ਪੰਜਾਬ ਵਿਚ 2004 ਦੌਰਾਨ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਸਮੇਂ ਮੈਰਿਟ ਨੂੰ ਅੱਖੋਂ-ਪਰੋਖੇ ਕਰਕੇ ਬੱਸ ਪਰਮਿਟ ਅਲਾਟ ਕੀਤੇ ਗਏ ਸਨ। ਇਸ ਬਾਰੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਜਲੰਧਰ ਦੀ ਇਕ ਮਸ਼ਹੂਰ ਟਰਾਂਸਪੋਰਟ ਕੰਪਨੀ ਨੂੰ ਉਸੇ ਸਮੇਂ ਅਲਾਟ ਹੋਇਆ ਇਕ ਵੱਡਾ ਪਰਮਿਟ ਮੈਰਿਟ 'ਤੇ ਯੋਗ ਬਿਨੈਕਾਰ ਨੂੰ ਨਾ ਦੇਣ ਦੇ ਆਧਾਰ 'ਤੇ ਰੱਦ ਕਰ ਦਿੱਤਾ ਹੈ।

ਹਾਈ ਕੋਰਟ ਨੇ ਉਸ ਸਮੇਂ ਦੇ ਪੰਜਾਬ ਦੇ ਖ਼ੁਰਾਕ ਅਤੇ ਸਿਵਲ ਸਪਲਾਈ ਮੰਤਰੀ ਰਹੇ ਤੇ ਉੱਘੇ ਟਰਾਸਪੋਰਟਰ ਅਵਤਾਰ ਹੈਨਰੀ ਨਾਲ ਸਬੰਧਤ 'ਕਰਤਾਰ ਬੱਸ ਸਰਵਿਸ ਕੰਪਨੀ' ਨੂੰ ਝਟਕਾ ਦਿੱਤਾ ਹੈ। ਹਾਈਕੋਰਟ ਦੇ ਜਸਟਿਸ ਕੇ. ਕਾਨਨ ਵੱਲੋਂ ਹੁਸ਼ਿਆਰਪੁਰ ਨਾਲ ਸਬੰਧਤ 'ਸ਼ੰਕਰ ਭਗਵਾਨ ਬੱਸ ਸਰਵਿਸ' ਦੇ ਮੈਨੇਜਿੰਗ ਡਾਇਰੈਕਟਰ ਜਸਵੀਰ ਸਿੰਘ ਵੱਲੋਂ ਪਾਈ ਗਈ ਪਟੀਸ਼ਨ ਉੱਤੇ ਇਹ ਫ਼ੈਸਲਾ ਸੁਣਾਉਂਦੇ ਹੋਏ ਕਰਤਾਰ ਬੱਸ ਦਾ ਤਲਵਾੜਾ-ਫ਼ਿਰੋਜ਼ਪੁਰ ਪਰਮਿਟ ਰੱਦ ਕਰ ਦਿੱਤਾ। ਪਟੀਸ਼ਨਰ ਦੇ ਵਕੀਲ ਨੇ ਦੋਸ਼ ਲਾਇਆ ਕਿ ਸਾਲ 2004 ਦੌਰਾਨ ਇਸ ਰੂਟ ਦੇ ਅਲਾਟ ਕੀਤੇ ਗਏ ਕੁੱਲ ਤਿੰਨ ਪਰਮਿਟਾਂ ਵਿਚੋਂ ਕਰਤਾਰ ਬੱਸ ਸਰਵਿਸ ਨੂੰ ਦਿੱਤੇ ਗਏ ਉਕਤ ਪਰਮਿਟ ਨੂੰ ਲੈ ਕੇ ਪਟੀਸ਼ਨਰ ਕੰਪਨੀ ਦੀ ਮੈਰਿਟ ਉਪਰ ਹੋਣ ਦੇ ਬਾਵਜੂਦ ਇਹ ਕਰਤਾਰ ਬੱਸ ਸਰਵਿਸ ਕੰਪਨੀ ਨੂੰ ਅਲਾਟ ਕਰ ਦਿੱਤਾ ਗਿਆ।

ਪਟੀਸ਼ਨਰ ਨੇ ਇਹ ਵੀ ਦੋਸ਼ ਲਾਇਆ ਕਿ ਮਹੱਤਵਪੂਰਨ ਰੂਟਾਂ ਉੱਤੇ ਰਸੂਖ਼ਵਾਨਾਂ ਦੀਆਂ ਬੱਸ ਕੰਪਨੀਆਂ ਦਾ ਕਬਜ਼ਾ ਹੋਣ ਨਾਲ ਜਿਥੇ ਛੋਟੇ ਟਰਾਸਪੋਰਟਰਾਂ ਦੀ ਰੋਜੀ-ਰੋਟੀ ਖੋਹੀ ਗਈ ਉੱਥੇ ਹੀ ਮੁਕਾਬਲੇ ਦੀ ਅਣਹੋਂਦ ਕਾਰਨ ਬੱਸ ਸੇਵਾ ਦੇ ਮਿਆਰ ਵਿਚ ਵੀ ਗਿਰਾਵਟ ਆਈ ਹੈ।

ਪਟੀਸ਼ਨਰ ਵੱਲੋਂ ਇਹ ਮੁੱਦਾ ਪਹਿਲਾਂ ਸਟੇਟ ਟਰਾਂਸਪੋਰਟ ਅਪੀਲੇਟ ਟ੍ਰਿਬਿਊਨਲ ਕੋਲ ਵੀ ਚੁੱਕਿਆ ਗਿਆ ਪਰ 16 ਫ਼ਰਵਰੀ 2006 ਨੂੰ ਉੱਥੇ ਇਨ੍ਹਾਂ ਦੀ ਚੁਣੌਤੀ ਨੂੰ ਦੇਰੀ ਨਾਲ ਆਈ ਪਟੀਸ਼ਨ ਕਹਿੰਦਿਆਂ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ, ਜਿਸ ਵਿਰੁੱਧ ਆਖ਼ਰਕਾਰ ਇਹ ਸਾਲ 2007 ਵਿਚ ਹਾਈਕੋਰਟ ਪਹੁੰਚ ਗਏ।


**Auto, Home, Life, Business, Workers Comp., Fixed & Variable Annuities, 401-K, IRA**

**ਆਪਣੀਆਂ ਸਾਰੀਆਂ ਇੰਸ਼ੋਰੈਂਸ ਲੋੜਾਂ ਲਈ ਸੰਪਰਕ ਕਰੋ**

Nationwide Insurance

*Call Rajinder*
**209-275-2094**

**ਜਾਇਦਾਦ ਦੀ ਖਰੀਦ-ਵੇਚ**

ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ

ਪੁਨੀਆ ਰੀਅਲ ਅਸਟੇਟ:94173-34049

ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

GLOBAL MULTI SERVICES

**ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ**

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

Special Price for Truck Wash Grand Opening
- 8 Drive Tires For $3300 Kelly KDA
- Two Steer Tire Michelin $1150 Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.547.9210**
FAX: 209.547.9211
www.gfbontime.com, raj@gfbontime.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

# ਤਾਲਿਬਾਨ ਹਮਲੇ ਵਿਚ ਪਰਵਾਸੀ ਪੰਜਾਬੀ ਸਣੇ 21 ਹਲਾਕ



**ਕਾਬੁਲ:** ਕਾਬੁਲ ਵਿਚ ਹੋਏ ਆਤਮਘਾਤੀ ਹਮਲੇ ਵਿਚ ਸਿੱਖ ਭਾਈਚਾਰੇ ਨਾਲ ਸਬੰਧਤ ਬਰਤਾਨਵੀ ਨਾਗਰਿਕ ਦੇਲ ਸਿੰਘ ਦੀ ਮੌਤ ਹੋ ਗਈ। ਉਸ ਦਾ ਪੂਰਾ ਨਾਂ ਧਰਮਿੰਦਰ ਸਿੰਘ ਖੰਗੂੜਾ ਹੈ। ਸਿੱਖ ਪਰਿਵਾਰ ਨਾਲ ਸਬੰਧਤ ਦੇਲ ਸਿੰਘ ਦਾ ਜਨਮ, ਸਾਊਥਹੈਪਟਨ ਵਿਚ ਹੋਇਆ ਤੇ ਇਥੇ ਹੀ ਪੜ੍ਹਿਆ ਸੀ। ਉਸ ਨੇ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਸੰਸਥਾਵਾਂ ਤੋਂ ਇਲਾਵਾ ਯੂਰਪੀਅਨ ਤੇ ਬਰਤਾਨਵੀ ਸੰਸਦ ਮੈਂਬਰਾਂ ਨਾਲ ਵੀ ਕੰਮ ਕੀਤਾ। ਲੇਬਰ ਪਾਰਟੀ ਲਈ 1992 ਤੋਂ ਲਗਾਤਾਰ ਪ੍ਰਚਾਰ ਕਰਦੇ ਆ ਰਹੇ ਦੇਲ ਸਿੰਘ ਨੂੰ ਇਸ ਵਰ੍ਹੇ ਹੋਣ ਵਾਲੀਆਂ ਯੂਰਪੀਅਨ ਸੰਸਦੀ ਚੋਣਾਂ ਲਈ ਲੇਬਰ ਪਾਰਟੀ ਨੇ ਸਾਊਥ ਹੈਂਪਟਨ ਤੋਂ ਆਪਣਾ ਉਮੀਦਵਾਰ ਐਲਾਨਿਆ ਹੋਇਆ ਸੀ।

ਜ਼ਿਕਰਯੋਗ ਹੈ ਕਿ ਇਥੋਂ ਦੇ ਪ੍ਰਸਿੱਧ ਰੈਸਟੋਰੈਂਟ ਵਿਚ ਹੋਏ ਆਤਮਘਾਤੀ ਹਮਲੇ ਵਿਚ 13 ਵਿਦੇਸ਼ੀਆਂ ਸਣੇ 21 ਵਿਅਕਤੀਆਂ ਦੀ ਮੌਤ ਹੋ ਗਈ ਜਦਕਿ ਪੰਜ ਹੋਰ ਜ਼ਖਮੀ ਹੋ ਗਏ। ਮ੍ਰਿਤਕਾਂ ਵਿਚ ਸੰਯੁਕਤ ਰਾਸ਼ਟਰ ਸਟਾਫ਼ ਦੇ ਚਾਰ ਮੈਂਬਰ, ਦੋ ਬਰਤਾਨਵੀ, ਦੋ ਕੈਨੇਡੀਅਨ, ਕੌਮਾਂਤਰੀ ਮੁਦਰਾ ਫੰਡ (ਆਈ.ਐਮ.ਐਫ) ਲਿਬਨਾਨ ਦਾ ਇਕ ਸੀਨੀਅਰ ਪ੍ਰਤੀਨਿਧ ਤੇ ਰੈਸਤਰਾਂ ਦਾ ਲੈਬਨਾਨੀ ਮਾਲਕ ਜਿਸ ਨੇ ਹਮਲਾਵਰਾਂ ਉਪਰ ਜਵਾਬੀ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ, ਸ਼ਾਮਲ ਹਨ।

ਗਾਹਕਾਂ ਨੇ ਮੇਜ਼ਾਂ ਹੇਠਾਂ ਲੁਕ ਕੇ ਆਪਣੇ ਆਪ ਨੂੰ ਬਚਾਉਣ ਦਾ ਯਤਨ ਕੀਤਾ। ਇਕ ਹਮਲਾਵਰ ਨੇ ਟਾਵੇਰਨਾ ਡੂ ਲਿਬਾਨ ਰੈਸਟੋਰੈਂਟ ਦੇ ਪ੍ਰਵੇਸ਼ ਦਰਵਾਜ਼ੇ ਅੱਗੇ ਆਪਣੇ ਆਪ ਨੂੰ ਬੰਬ ਨਾਲ ਉਡਾ ਲਿਆ ਜਦ ਕਿ ਦੋ ਹੋਰ ਅੱਤਵਾਦੀ ਅੰਦਰ ਵੜ ਗਏ ਤੇ ਉਨ੍ਹਾਂ ਨੇ ਅੰਧਾਧੁੰਦ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਮ੍ਰਿਤਕਾਂ ਵਿਚ ਪੰਜ ਔਰਤਾਂ ਵੀ ਸ਼ਾਮਲ ਹਨ। ਹਫਤਾਵਾਰੀ ਛੁੱਟੀ ਹੋਣ ਕਾਰਨ ਹਮਲੇ ਸਮੇਂ ਭਾਰੀ ਗਿਣਤੀ ਵਿਚ ਗਾਹਕ ਮੌਜੂਦ ਸਨ। ਟਾਵੇਰਨਾ ਇਕ ਪ੍ਰਸਿੱਧ ਰੈਸਟੋਰੈਂਟ ਹੈ ਜਿਥੇ ਵਿਦੇਸ਼ੀ ਕੂਟਨੀਤਕ ਅਧਿਕਾਰੀ ਤੇ ਹੋਰ ਲੋਕ ਅਕਸਰ ਖਾਣਾ ਖਾਣ ਆਉਂਦੇ ਰਹਿੰਦੇ ਹਨ। ਕਾਬੁਲ 'ਚ ਹੋਰ ਰੈਸਟੋਰੈਂਟ ਦੀ ਤਰ੍ਹਾਂ ਟਾਵੇਰਨਾ ਵਿਚ ਵੀ ਸੁਰੱਖਿਆ ਦੇ ਸਖਤ ਬੰਦੋਬਸਤ ਹਨ ਤੇ ਸੁਰੱਖਿਆ ਜਵਾਨ ਹਰ ਆਉਣ ਵਾਲੇ ਦੀ ਜਾਂਚ ਪੜਤਾਲ ਕਰਦੇ ਹਨ।

## ਏਸ਼ਿਆਈ ਭਾਈਚਾਰੇ 'ਤੇ ਭਰੂਣ ਹੱਤਿਆ ਦਾ ਸ਼ੱਕ

**ਲੰਡਨ:** ਲੜਕੇ ਦੀ ਝਾਕ ਵਿਚ ਬਰਤਾਨੀਆ ਵਿਚ ਕੁਝ ਏਸ਼ਿਆਈ ਮੁਲਕਾਂ ਦੇ ਲੋਕ ਮਾਦਾ ਭਰੂਣ ਹੱਤਿਆਵਾਂ ਕਰਵਾ ਰਹੇ ਹਨ। ਇਸ ਗ਼ੈਰ-ਕਾਨੂੰਨੀ ਕਾਰਵਾਈ ਵਿਚ ਪ੍ਰਸ਼ਾਸਨ ਨੂੰ ਪਾਕਿਸਤਾਨ, ਬੰਗਲਾਦੇਸ਼ ਤੇ ਅਫ਼ਗਾਨਿਸਤਾਨ ਦੇ ਨਾਗਰਿਕਾਂ 'ਤੇ ਸ਼ੱਕ ਹੈ।

ਮੀਡੀਆ ਰਿਪੋਰਟਾਂ ਮੁਤਾਬਕ ਏਸ਼ਿਆਈ ਭਾਈਚਾਰੇ ਵਿਚ ਲੜਕੀਆਂ ਦੀ ਗਿਣਤੀ ਦਿਨ-ਬ-ਦਿਨ ਘਟਣ ਤੋਂ ਇਹ ਸ਼ੱਕ ਪੈਦਾ ਹੋਇਆ ਹੈ ਪਰ ਇਸ ਬਾਰੇ ਹਾਲੇ ਤੱਕ ਠੋਸ ਸਬੂਤ ਸਾਹਮਣੇ ਨਹੀਂ ਆਏ। ਇਕ ਅਖ਼ਬਾਰ ਨੇ ਬੱਚਿਆਂ ਦੀ ਜਨਮ ਦਰ ਬਾਰੇ ਕੀਤੇ ਮੁਲਾਂਕਣ ਮਗਰੋਂ ਸ਼ੱਕ ਪ੍ਰਗਟਾਇਆ ਹੈ ਕਿ ਏਸ਼ਿਆਈ ਮੁਲਕਾਂ ਦੇ ਇਥੇ ਵਸਦੇ ਭਾਈਚਾਰੇ ਵਿਚ ਕੁੜੀਆਂ ਦੀ ਗਿਣਤੀ ਘੱਟ ਰਹੀ ਹੈ। ਇਸ ਕਾਰਵਾਈ ਵਿਚ ਪਾਕਿਸਤਾਨ, ਬੰਗਲਾਦੇਸ਼, ਅਫ਼ਗਾਨਿਸਤਾਨ ਦੇ ਨਾਲ-ਨਾਲ ਭਾਰਤ ਤੇ ਨੇਪਾਲ ਦੇ ਲੋਕਾਂ 'ਤੇ ਵੀ ਸ਼ੱਕ ਹੈ। ਸਾਲ 2011 ਵਿਚ ਕੀਤੀ ਗਈ ਮਰਦਮਸ਼ੁਮਾਰੀ ਵੇਲੇ ਤੱਥ ਸਾਹਮਣੇ ਆਏ ਸਨ ਕਿ ਬਰਤਾਨੀਆ ਵਿਚ ਰਹਿ ਰਹੇ ਪਰਵਾਸੀਆਂ ਖਾਸ ਤੌਰ 'ਤੇ ਏਸ਼ਿਆਈ ਭਾਈਚਾਰੇ ਅੰਦਰ ਲੜਕੀਆਂ ਦੀ ਜਨਮ ਦਰ ਘਟੀ ਹੈ।

## ਭਾਜਪਾ ਨੇ ਧਾਰਾ 370 ਬਾਰੇ ਰੁਖ਼ ਹੋਰ ਨਰਮ ਕੀਤਾ

**ਨਵੀਂ ਦਿੱਲੀ:** ਭਾਜਪਾ ਦੇ ਪ੍ਰਧਾਨ ਰਾਜਨਾਥ ਸਿੰਘ ਨੇ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਅਧਿਕਾਰ ਦੇਣ ਵਾਲੀ ਧਾਰਾ 370 ਬਾਰੇ ਆਪਣੇ ਸਟੈਂਡ ਵਿਚ ਤਬਦੀਲੀ ਲਿਆਉਂਦਿਆਂ ਕਿਹਾ ਕਿ ਜੇਕਰ ਇਹ ਧਾਰਾ ਸੂਬੇ ਦੇ ਵਿਕਾਸ ਵਿਚ ਸਹਾਈ ਹੁੰਦੀ ਹੈ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ। ਇਥੇ ਭਾਜਪਾ ਦੀ ਹੋਈ ਕਾਰਜਕਾਰਨੀ ਮੀਟਿੰਗ ਦੇ ਉਦਘਾਟਨੀ ਭਾਸ਼ਣ ਵਿਚ ਭਾਜਪਾ ਪ੍ਰਧਾਨ ਰਾਜਨਾਥ ਸਿੰਘ ਨੇ ਕਿਹਾ ਕਿ ਜੰਮੂ-ਕਸ਼ਮੀਰ ਸਾਡੇ ਲਈ ਬੇਹੱਦ ਗੰਭੀਰ ਤੇ ਨਾਜ਼ੁਕ ਖੇਤਰ ਹੈ, ਜੇਕਰ ਜੰਮੂ-ਕਸ਼ਮੀਰ ਦਾ ਧਾਰਾ 370 ਅਧੀਨ ਵਿਕਾਸ ਹੁੰਦਾ ਹੈ ਤਾਂ ਉਨ੍ਹਾਂ ਨੂੰ ਇਸ ਨੂੰ ਜਾਰੀ ਰੱਖਣ ਵਿਚ ਕੋਈ ਇਤਰਾਜ਼ ਨਹੀਂ ਹੈ। ਇਸ ਬਿਆਨ ਨਾਲ ਭਾਜਪਾ ਦੇ ਸਟੈਂਡ ਵਿਚ ਪੂਰੀ ਤਰ੍ਹਾਂ ਤਬਦੀਲੀ ਨਜ਼ਰ ਆਈ ਹੈ। ਪਾਰਟੀ ਪਹਿਲਾਂ ਇਸ ਧਾਰਾ ਦਾ ਸਖ਼ਤ ਵਿਰੋਧ ਕਰਦੀ ਆਈ ਹੈ ਤੇ ਸਮੇਂ-ਸਮੇਂ ਇਸ ਨੂੰ ਰੱਦ ਕਰਨ ਦੀ ਮੰਗ ਕਰਦੀ ਰਹੀ ਹੈ।

ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਅਧਿਕਾਰ ਦੇਣ ਵਾਲੀ ਧਾਰਾ 370 ਬਾਰੇ ਕਿਸੇ ਨਵੇਂ ਵਿਵਾਦ ਤੋਂ ਬਚਣ ਲਈ ਸ੍ਰੀ ਰਾਜਨਾਥ ਸਿੰਘ ਨੇ ਇਹ ਵੀ ਕਿਹਾ ਕਿ ਜੇਕਰ 370 ਤਹਿਤ ਜੰਮੂ-ਕਸ਼ਮੀਰ ਨੂੰ ਭਾਰਤ ਦੀ ਮੁੱਖ ਧਾਰਾ ਵਿਚ ਸ਼ਾਮਲ ਹੋਣ ਤੋਂ ਰੋਕਣ ਦੀ ਸਾਜ਼ਿਸ਼ ਨਜ਼ਰ ਆਉਂਦੀ ਹੋਈ ਤਾਂ ਪਾਰਟੀ ਕਿਸੇ ਵੀ ਸਥਿਤੀ ਵਿਚ ਇਸ ਨੂੰ ਸਵੀਕਾਰ ਨਹੀਂ ਕਰੇਗੀ। ਇਹ ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਜੰਮੂ ਵਿਚ ਭਾਜਪਾ ਦੇ ਪ੍ਰਧਾਨ ਮੰਤਰੀ ਪਦ ਦੇ ਉਮੀਦਵਾਰ ਨਰਿੰਦਰ ਮੋਦੀ ਨੇ ਐਲਾਨ ਕੀਤਾ ਸੀ ਕਿ ਇਸ ਗੱਲ 'ਤੇ ਬਹਿਸ ਹੋਣੀ ਚਾਹੀਦੀ ਹੈ ਕਿ ਕੀ ਧਾਰਾ 370 ਜੰਮੂ-ਕਸ਼ਮੀਰ ਲਈ ਲਾਭਕਾਰੀ ਹੈ ਜਾਂ ਨਹੀਂ।

# ਕਾਂਗਰਸ ਦੇ ਚੋਣ ਪ੍ਰਚਾਰ ਦੀ ਕਮਾਨ ਰਾਹੁਲ ਹੱਥ



**ਨਵੀਂ ਦਿੱਲੀ:** ਕਾਂਗਰਸ ਪਾਰਟੀ ਨੇ ਇਸ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਚੋਣ ਪ੍ਰਚਾਰ ਦਾ ਜਿੰਮਾ ਉਪ ਪ੍ਰਧਾਨ ਰਾਹੁਲ ਗਾਂਧੀ ਨੂੰ ਦਿੱਤਾ ਹੈ। ਹਾਲਾਂਕਿ ਇਹ ਕਿਆਸਅਰਾਈਆਂ ਵੀ ਲਾਈਆਂ ਜਾ ਰਹੀਆਂ ਸਨ ਕਿ ਕਾਂਗਰਸ ਰਾਹੁਲ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਐਲਾਨੇਗੀ।

ਉਧਰ ਰਾਹੁਲ ਗਾਂਧੀ ਨੇ ਪਾਰਟੀ ਦਾ ਫੈਸਲਾ ਮੰਨ ਲਿਆ ਹੈ। ਇਹ ਫੈਸਲਾ ਕਾਂਗਰਸੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਵਿਚ ਕੀਤਾ ਗਿਆ ਜਦਕਿ ਪਾਰਟੀ ਵਿਚੋਂ ਉਸ ਨੂੰ ਉਮੀਦਵਾਰ ਬਣਾਉਣ ਲਈ ਵਿਆਪਕ ਮੰਗ ਹੋ ਰਹੀ ਸੀ। ਮੰਗ ਜਦੋਂ ਜ਼ੋਰ ਫੜਨ ਲੱਗੀ ਤਾਂ ਸ੍ਰੀਮਤੀ ਗਾਂਧੀ ਨੇ ਕਿਹਾ ਕਿ ਪਾਰਟੀ ਨੇ ਕਦੇ ਵੀ ਚੋਣਾਂ ਤੋਂ ਪਹਿਲਾਂ ਆਪਣਾ ਪ੍ਰਧਾਨ ਮੰਤਰੀ ਉਮੀਦਵਾਰ ਨਹੀਂ ਐਲਾਨਿਆ। ਇਹ ਕਾਂਗਰਸ ਦੀ ਰਵਾਇਤ ਹੈ ਤੇ ਅੱਜ ਵੀ ਉਸ 'ਤੇ ਕਾਇਮ ਹੈ। ਸ੍ਰੀ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਉਮੀਦਵਾਰ ਬਣਾਉਣ ਦੀ ਮੰਗ ਕੇਰਲ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੁਖੀ ਹਮੇਸ਼ ਦੇਨੀਥਲਾ ਨੇ ਕੀਤੀ। ਇਸ ਦਾ ਸਮਰਥਨ ਉਥੇ ਮੌਜੂਦ ਬਹੁਤ ਸਾਰੇ ਨੇਤਾਵਾਂ ਨੇ ਕੀਤਾ।

ਮੀਟਿੰਗ ਸ਼ੁਰੂ ਹੋਈ ਤਾਂ ਸ੍ਰੀ ਰਮੇਸ਼ ਨੇ ਉਪ ਪ੍ਰਧਾਨ ਨੂੰ ਪ੍ਰਧਾਨ ਮੰਤਰੀ ਉਮੀਦਵਾਰ ਬਣਾਉਣ ਬਾਰੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਇਸ ਨਾਲ ਦੇਸ਼ ਦੇ ਨੌਜਵਾਨਾਂ ਵਿਚ ਜੋਸ਼ ਭਰੇਗਾ ਤੇ ਕਾਂਗਰਸ ਨੂੰ ਇਸ ਦਾ ਲਾਭ ਮਿਲੇਗਾ। ਇਸ ਮਗਰੋਂ ਤਕਰੀਬਨ ਸਾਰੇ ਆਗੂ ਇਸ ਗੱਲ ਦਾ ਸਮਰਥਨ ਕਰਨ ਲੱਗੇ ਪਰ ਸ੍ਰੀਮਤੀ ਗਾਂਧੀ ਨੇ ਉਨ੍ਹਾਂ ਨੂੰ ਵਿਚੋਂ ਟੋਕਦਿਆਂ ਕਿਹਾ ਕਿ ਜਦੋਂ ਪਾਰਟੀ ਦੀ ਚੋਣਾਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਉਮੀਦਵਾਰ ਐਲਾਨਣ ਦੀ ਰਵਾਇਤ ਹੀ ਨਹੀਂ ਤਾਂ ਹੁਣ ਇਹ ਐਲਾਨ ਕਿਉਂ ਕੀਤਾ ਜਾਵੇ?

ਜੇਕਰ ਕੋਈ ਹੋਰ ਆਪਣਾ ਪ੍ਰਧਾਨ ਮੰਤਰੀ ਉਮੀਦਵਾਰ ਐਲਾਨ ਦਿੰਦਾ ਹੈ ਤਾਂ ਇਸ ਦਾ ਅਰਥ ਇਹ ਵੀ ਨਹੀਂ ਕਿ ਕਾਂਗਰਸ ਵੀ ਉਸੇ ਰਸਤੇ ਚੱਲ ਕੇ ਆਪਣੀਆਂ ਰਵਾਇਤਾਂ ਤੋੜੇ। ਸ੍ਰੀ ਰਾਹੁਲ ਗਾਂਧੀ ਨੇ ਇਕ ਇੰਟਰਵਿਊ ਵਿਚ ਕਿਹਾ ਸੀ ਕਿ ਉਹ ਪਾਰਟੀ ਵੱਲੋਂ ਦਿੱਤੀ ਜਾਣ ਵਾਲੀ ਭੂਮਿਕਾ ਨੂੰ ਸਵੀਕਾਰ ਕਰਨਗੇ ਪਰ ਉਨ੍ਹਾਂ ਪ੍ਰਧਾਨ ਮੰਤਰੀ ਅਹੁਦੇ ਦੇ ਉਮੀਦਵਾਰ ਬਣਾਏ ਜਾਣ ਦੇ ਸਵਾਲ ਨੂੰ ਅਣਗੌਲਿਆ ਕਰ ਦਿੱਤਾ ਸੀ। ਇਸ ਤੋਂ ਸਾਫ ਸੀ ਕਿ ਉਹ ਅਜੇ ਇਹ ਜ਼ਿੰਮੇਵਾਰੀ ਲੈਣ ਨੂੰ ਤਿਆਰ ਨਹੀਂ ਹਨ।

## ਤੁਲਸੀ ਦੀ ਦਵਾਈ ਲੱਭਣ ਜੁਟੇ ਅਮਰੀਕੀ ਵਿਗਿਆਨੀ

**ਵਾਸ਼ਿੰਗਟਨ:** ਅਮਰੀਕੀ ਯੂਨੀਵਰਸਿਟੀ ਦੇ ਵਿਗਿਆਨੀਆਂ ਦੀ ਟੀਮ ਤੁਲਸੀ ਦੀ ਦਵਾਈ ਵਜੋਂ ਵਰਤੋਂ ਬਾਰੇ ਖੋਜ ਵਿਚ ਜੁਟੀ ਹੋਈ ਹੈ। ਇਕ ਬਿਆਨ ਵਿਚ ਯੂਨੀਵਰਸਿਟੀ ਨੇ ਕਿਹਾ ਕਿ ਵੈਸਟਰਨ ਕੇਂਟੂਕੀ ਯੂਨੀਵਰਸਿਟੀ ਵਿਖੇ ਪਲਾਂਟ ਮੋਲਕਿਊਲਰ ਬਾਇਓਲਾਜੀ ਦੇ ਅਸਿਸਟੈਂਟ ਪ੍ਰੋਫੈਸਰ ਚੰਦਰਕਾਂਤ ਇਮਾਨੀ ਤੇ ਉਨ੍ਹਾਂ ਦੇ ਵਿਦਿਆਰਥੀਆਂ ਉਨ੍ਹਾਂ ਦੀ ਲੈਬਾਰੇਟਰੀ ਵਿਚ ਤੁਲਸੀ ਤੋਂ ਜ਼ਿਆਦਾ ਸਤ (ਇਗਨੋਲ) ਪੈਦਾ ਕਰਨ 'ਤੇ ਕੰਮ ਕਰ ਰਹੇ ਹਨ ਕਿਉਂਕਿ ਇਸ ਨੇ ਛਾਤੀ ਦੇ ਕੈਂਸਰ ਨੂੰ ਕੰਟਰੋਲ ਕਰਨ ਦਾ ਵਧੀਆ ਨਤੀਜਾ ਦਿਖਾਇਆ ਹੈ। ਤੁਲਸੀ ਵਿਚ ਇਗਨੋਲ ਦਵਾਈ ਪੱਖੋਂ ਬਹੁਤ ਵੱਡੀ ਖੂਬੀ ਰੱਖਦਾ ਹੈ। ਵਿਗਿਆਨੀ ਇਮਾਨੀ ਨੇ ਦਾਅਵਾ ਕੀਤਾ ਕਿ ਜਦੋਂ ਤੁਸੀਂ ਤੁਲਸੀ ਦੇ ਪੱਤੇ ਪੀਸਦੇ ਹੋ ਤਾਂ ਉਸ ਵਿਚੋਂ ਸਤ ਨਿਕਲਦਾ ਹੈ ਜਿਹੜਾ ਕੈਂਸਰ ਦੀ ਰਸੌਲੀ 'ਤੇ ਲਾਉਣ ਨਾਲ ਕੈਂਸਰ ਸੈੱਲਾਂ ਦੇ ਵਾਧੇ ਨੂੰ ਰੋਕ ਦਿੰਦਾ ਹੈ। ਇਹ ਤਜਰਬੇ ਦਾ ਧਾਰਨਾ ਦਾ ਸਬੂਤ ਹੈ ਜਿਹੜਾ ਕਾਫੀ ਸਮਾਂ ਪਹਿਲਾਂ ਕੀਤਾ ਗਿਆ ਸੀ। ਇਸ ਖੋਜ ਦਾ ਅਗਲਾ ਪੜਾਅ ਇਸ ਸਤ ਦੀ ਕੈਂਸਰ ਦੇ ਪ੍ਰਭਾਵਸ਼ਾਲੀ ਇਲਾਜ ਵਜੋਂ ਪਰਖ ਕਰਨੀ ਹੋਵੇਗਾ।

## ਡੈਨਮਾਰਕ ਦੀ ਸੈਲਾਨੀ ਨਾਲ ਦਿੱਲੀ ਵਿਚ ਜਬਰ ਜਨਾਹ

**ਨਵੀਂ ਦਿੱਲੀ:** ਇਥੇ ਰੇਲਵੇ ਸਟੇਸ਼ਨ ਨੇੜੇ ਡੈਨਮਾਰਕ ਦੀ 51 ਸਾਲਾ ਸੈਲਾਨੀ ਨਾਲ ਸਮੂਹਿਕ ਜਬਰ ਜਨਾਹ ਕੀਤਾ ਗਿਆ। ਮੁਲਜ਼ਮਾਂ ਦੀ ਗਿਣਤੀ ਛੇ ਤੋਂ ਵੱਧ ਦੱਸੀ ਜਾ ਰਹੀ ਹੈ। ਪੁਲਿਸ ਨੇ ਕੇਸ ਦਰਜ ਕਰਕੇ ਦੋ ਜਣਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਪਤਾ ਲੱਗਿਆ ਹੈ ਕਿ ਪੀੜਤ ਕਨਾਟ ਪਲੇਸ ਤੋਂ ਪਹਾੜਗੰਜ ਆਪਣੇ ਹੋਟਲ ਪਰਤ ਰਹੀ ਸੀ ਕਿ ਰਸਤਾ ਭੁੱਲ ਗਈ। ਉਸ ਨੇ ਕੁਝ ਬੰਦਿਆਂ ਤੋਂ ਰਾਹ ਪੁੱਛਿਆ ਤਾਂ ਉਹ ਉਸ ਦੀ ਮਦਦ ਕਰਨ ਦੀ ਥਾਂ ਹੋਰ ਪਾਸੇ ਲੈ ਗਏ ਤੇ ਜਬਰ ਜਨਾਹ ਕੀਤਾ। ਇਨ੍ਹਾਂ ਨੇ ਉਸ ਕੋਲੋਂ ਸਾਮਾਨ ਤੇ ਨਕਦੀ ਵੀ ਖੋਹ ਲਈ। ਹੋਟਲ ਪਰਤ ਕੇ ਉਸ ਨੇ ਸਾਰੀ ਵਿਥਿਆ ਹੋਟਲ ਦੇ ਮੈਨੇਜਰ ਨੂੰ ਦੱਸੀ। ਇਸ ਘਟਨਾ ਬਾਰੇ ਡੈਨਮਾਰਕ ਦੇ ਦੂਤਘਰ ਨੂੰ ਵੀ ਦੱਸ ਦਿੱਤਾ ਗਿਆ ਹੈ। ਥਾਣੇ ਬਿਆਨ ਦਰਜ ਕਰਨ ਤੋਂ ਬਾਅਦ ਔਰਤ ਨੂੰ ਦੂਤਘਰ ਭੇਜ ਦਿੱਤਾ ਗਿਆ ਹੈ। ਸੂਤਰਾਂ ਮੁਤਾਬਕ ਔਰਤ ਨੇ ਮੈਡੀਕਲ ਕਰਵਾਉਣ ਤੋਂ ਨਾਂਹ ਕਰ ਦਿੱਤੀ ਹੈ। ਬਾਅਦ ਵਿਚ ਉਹ ਆਪਣੇ ਦੇਸ਼ ਪਰਤ ਗਈ।

## ਚੀਨ ਵਿਚ ਨਜ਼ਰਬੰਦ ਕਵਿੱਤਰੀ ਦੀ ਵੀਡੀਓ ਅਮਰੀਕਾ ਵਿਚ ਦਿਖਾਈ

**ਨਿਊ ਯਾਰਕ:** ਇਥੇ ਪਹਿਲੀ ਵਾਰ ਚੀਨ ਵਿਚ ਨਜ਼ਰਬੰਦ ਉਥੋਂ ਦੀ ਕਲਾਕਾਰ ਤੇ ਕਵਿੱਤਰੀ ਲਿਊ ਸ਼ੀਆ ਦੀ ਵੀਡੀਓ ਦਿਖਾਈ ਗਈ। ਇਸ ਵੀਡੀਓ ਨੂੰ ਚੀਨੀ ਤੇ ਅਮਰੀਕੀ ਲੇਖਕਾਂ ਤੇ ਮਨੁੱਖੀ ਅਧਿਕਾਰ ਕਾਰਕੁਨਾਂ ਨੇ ਦੇਖਿਆ ਤੇ ਉਸ ਦੀ ਰਿਹਾਈ ਦੀ ਮੰਗ ਕੀਤੀ। ਲਿਊ ਦੇ ਪਤੀ ਤੇ ਸ਼ਾਂਤੀ ਨੋਬੇਲ ਪੁਰਸਕਾਰ ਜੇਤੂ ਲਿਊ ਸ਼ੀਆਓਬੋ ਇਸ ਵੇਲੇ ਚੀਨ ਦੀ ਜੇਲ੍ਹ ਵਿਚ 11 ਸਾਲਾਂ ਦੀ ਸਜ਼ਾ ਕੱਟ ਰਹੇ ਹਨ। ਵੀਡੀਓ ਵਿਚ ਸ਼ੀਆ ਨੂੰ ਦੋ ਕਵਿਤਾਵਾਂ ਸੁਣਾਉਂਦੇ ਦਿਖਾਇਆ ਗਿਆ ਹੈ ਤੇ ਇਹ ਕਵਿਤਾਵਾਂ ਉਹ ਕਿਸੇ ਅਣਪਛਾਤੇ ਸਾਹਮਣੇ ਸੁਣਾ ਰਹੀ ਹੈ। ਇਸ ਵੇਲੇ ਇਹ ਕਵਿੱਤਰੀ ਪੇਈਚਿੰਗ ਦੇ ਆਪਣੇ ਅਪਾਰਟਮੈਂਟ ਵਿਚ ਨਜ਼ਰਬੰਦ ਹੈ। ਕਵਿੱਤਰੀ ਨੇ ਸਵੈਟਸ਼ਰਟ ਪਾਈ ਹੈ ਤੇ ਸਿਰ ਗੰਜਾ ਕੀਤਾ ਹੋਇਆ ਹੈ।

ਸ਼ੀਆ ਨੂੰ ਤਿੰਨ ਸਾਲ ਪਹਿਲਾਂ ਨਜ਼ਰਬੰਦ ਕਰ ਦਿੱਤਾ ਗਿਆ ਸੀ। ਉਸ ਦੇ ਪਤੀ ਨੂੰ ਸਰਕਾਰ ਵਿਰੋਧੀ ਕਾਰਵਾਈਆਂ ਕਾਰਨ 2009 ਵਿਚ ਜੇਲ੍ਹ ਵਿਚ ਸੁੱਟ ਦਿੱਤਾ ਗਿਆ ਸੀ। 2010 ਵਿਚ ਉਸ ਨੂੰ ਨੋਬੇਲ ਪੁਸਰਕਾਰ ਮਿਲਣ ਤੋਂ ਚੀਨ ਸਰਕਾਰ ਨਾਰਾਜ਼ ਹੋਈ ਸੀ। ਇਸ ਕਵਿੱਤਰੀ ਕੋਲ ਕਿਸੇ ਨੂੰ ਜਾਣ ਦੀ ਇਜਾਜ਼ਤ ਨਹੀਂ ਹੈ। ਉਹ ਨਿਰਾਸ਼ਾ ਦਾ ਸ਼ਿਕਾਰ ਹੈ ਤੇ ਇਸੇ ਕਰਕੇ ਮਨੁੱਖੀ ਅਧਿਕਾਰ ਸੰਗਠਨਾਂ ਦੀ ਮੰਗ ਹੈ ਕਿ ਉਸ ਨੂੰ ਆਜ਼ਾਦ ਕੀਤਾ ਜਾਵੇ।

## ਸ਼ਰਤਾਂ ਪੂਰੀਆਂ ਕਰਨ 'ਤੇ ਪਾਕਿਸਤਾਨ ਨੂੰ ਮਿਲੇਗੀ ਅਮਰੀਕੀ ਮਦਦ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਨੇ 1.1 ਖਰਬ ਡਾਲਰ ਦਾ ਖਰਚਾ ਬਿੱਲ ਪਾਸ ਕਰ ਦਿੱਤਾ ਹੈ ਤੇ ਇਸ ਵਿਚ ਪਾਕਿਸਤਾਨ ਨੂੰ ਮਾਲੀ ਮਦਦ ਦੇਣ 'ਤੇ ਸ਼ਰਤਾਂ ਤੈਅ ਕਰ ਦਿੱਤੀਆਂ ਹਨ। 1582 ਸਫਿਆਂ ਦੇ ਇਸ ਬਿੱਲ ਨੂੰ ਅਮਰੀਕੀ ਸੰਸਦ ਦੇ ਦੋਵੇਂ ਸਦਨ ਪ੍ਰਤੀਨਿਧੀ ਸਭਾ ਤੇ ਸੰਸਦ ਪਾਸ ਕਰ ਚੁੱਕੇ ਹਨ। ਰਾਸ਼ਟਰਪਤੀ ਨੇ ਇਸ 'ਤੇ ਦਸਤਖ਼ਤ ਕਰਦਿਆਂ ਟਿੱਪਣੀ ਕੀਤੀ ਕਿ ਇਹ 'ਬੇਹੱਦ ਵੱਡਾ' ਬਿੱਲ ਹੈ।

ਬਿੱਲ ਵਿਚ ਕਿਹਾ ਗਿਆ ਹੈ ਕਿ ਪਾਕਿਸਤਾਨ ਨੂੰ ਸਹਾਇਤਾ ਦੇਣ ਤੋਂ ਪਹਿਲਾਂ ਵਿਦੇਸ਼ ਮੰਤਰੀ ਤੇ ਰੱਖਿਆ ਮੰਤਰੀ ਤੋਂ ਇਸ ਗੱਲ ਦੀ ਪੁਸ਼ਟੀ ਕਰਵਾਈ ਜਾਵੇ ਕਿ ਪਾਕਿਸਤਾਨ ਅਤਿਵਾਦ ਖ਼ਿਲਾਫ਼ ਅਮਰੀਕਾ ਨੂੰ ਸਹਿਯੋਗ ਦੇ ਰਿਹਾ ਹੈ ਜਾਂ ਨਹੀਂ। ਅਮਰੀਕਾ ਉਸ ਪਾਸੋਂ ਹੱਕਾਨੀ ਨੈੱਟਵਰਕ, ਕੋਇਟਾ ਸੂਰਾ ਤਾਲਿਬਾਨ, ਲਸ਼ਕਰ-ਏ-ਤੋਇਬਾ, ਜੈਸ਼-ਏ-ਮੁਹੰਮਦ, ਅਲ ਕਾਇਦਾ ਤੇ ਹਰ ਦੇਸੀ ਤੇ ਵਿਦੇਸ਼ੀ ਅਤਿਵਾਦੀਆਂ ਜਥੇਬੰਦੀਆਂ ਖ਼ਿਲਾਫ਼ ਕਾਰਵਾਈ ਚਾਹੁੰਦਾ ਹੈ।

ਬਿੱਲ ਵਿਚ ਕਿਹਾ ਗਿਆ ਹੈ ਕਿ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਪਾਕਿ ਅਜਿਹੇ ਗਰੁੱਪਾਂ ਦੀ ਮਦਦ ਰੋਕ ਦੇਵੇ ਤੇ ਆਪਣੀ ਧਰਤੀ ਨੂੰ ਅਤਿਵਾਦੀ ਸਰਗਰਮੀਆਂ ਲਈ ਨਾ ਵਰਤਣ ਦੇਵੇ। ਇਸੇ ਨਾਲ ਕਿਹਾ ਹੈ ਕਿ ਜਦੋਂ ਤੱਕ ਪਾਕਿਸਤਾਨ ਸ਼ਕੀਲ ਅਫਰੀਦੀ ਨੂੰ ਜੇਲ੍ਹ ਵਿਚੋਂ ਰਿਹਾਅ ਕਰਕੇ ਉਸ ਖ਼ਿਲਾਫ਼ ਸਾਰੇ ਕੇਸ ਵਾਪਸ ਨਹੀਂ ਲੈਂਦਾ ਉਦੋਂ ਤੱਕ ਉਸ ਨੂੰ 3.3 ਕਰੋੜ ਡਾਲਰ ਦੀ ਮਦਦ ਨਾ ਦਿੱਤੀ ਜਾਵੇ। ਅਫਰੀਦੀ ਨੇ ਹੀ ਓਸਾਮਾ ਬਿਨ ਲਾਦਿਨ ਦੇ ਟਿਕਾਣੇ ਬਾਰੇ ਅਮਰੀਕਾ ਨੂੰ ਜਾਣਕਾਰੀ ਦਿੱਤੀ ਸੀ।

## ਭਾਰਤੀਆਂ ਦੀ ਕਹਾਣੀ ਬਿਆਨੇਗਾ ਅਮਰੀਕੀ ਅਜਾਇਬਘਰ

**ਵਾਸ਼ਿੰਗਟਨ:** ਇਥੋਂ ਦੇ ਉੱਘੇ ਅਜਾਇਬਘਰ ਵਿਚ ਭਾਰਤੀ ਮੂਲ ਦੇ ਅਮਰੀਕੀਆਂ ਦੇ ਸੰਵੇਦਨਸ਼ੀਲ ਇਤਿਹਾਸ ਤੇ ਪਿਛਲੇ 300 ਸਾਲਾਂ ਦੌਰਾਨ ਅਮਰੀਕਾ ਦੀ ਤਰੱਕੀ ਵਿਚ ਪਾਏ ਯੋਗਦਾਨ ਨੂੰ ਦਰਸਾਉਂਦੀ ਪ੍ਰਦਰਸ਼ਨੀ ਅਗਲੇ ਮਹੀਨੇ ਸ਼ੁਰੂ ਹੋ ਰਹੀ ਹੈ। ਇਥੇ ਸਮਿੱਥ ਸੋਨੀਅਨ ਇੰਸਟੀਚਿਊਟ ਦੇ ਕੁਦਰਤੀ ਇਤਿਹਾਸ ਬਾਰੇ ਕੌਮੀ ਅਜਾਇਬਘਰ ਵਿਚ 27 ਫਰਵਰੀ ਤੋਂ ਸ਼ੁਰੂ ਹੋ ਰਹੀ ਇਸ ਪ੍ਰਦਰਸ਼ਨੀ ਦਾ ਨਾਂਅ 'ਬੀਔਂਡ ਬਾਲੀਵੁੱਡ: ਇੰਡੀਅਨ ਅਮਰੀਕਨਜ਼ ਸ਼ੇਪ ਦਾ ਨੇਸ਼ਨ' ਰੱਖਿਆ ਗਿਆ ਹੈ।

ਪ੍ਰਬੰਧਕਾਂ ਅਨੁਸਾਰ ਇਹ ਪ੍ਰਦਰਸ਼ਨੀ ਭਾਰਤੀ ਮੂਲ ਦੇ ਅਮਰੀਕੀ ਭਾਈਚਾਰੇ ਨੂੰ ਬਿਹਤਰ ਤਰੀਕੇ ਨਾਲ ਸਮਝਣ ਦੇ ਮਕਸਦ ਨਾਲ ਲਾਈ ਗਈ ਹੈ। ਇਹ ਪ੍ਰਦਰਸ਼ਨੀ ਸਾਲ ਭਰ ਅਜਾਇਬਘਰ ਦੀ ਦੂਸਰੀ ਮੰਜ਼ਲ 'ਤੇ ਲੱਗੀ ਰਹੇਗੀ। ਸਮਿੱਥ ਸੋਨੀਅਨ ਏਸ਼ੀਅਨ ਪੈਸੀਫਿਕ ਅਮਰੀਕਨ ਸੈਂਟਰ ਦੇ ਨਿਰਦੇਸ਼ਕ ਕੋਨਰਾਦ ਨਗ ਨੇ ਕਿਹਾ ਕਿ ਭਾਰਤ ਤੋਂ ਆਏ ਪਰਵਾਸੀਆਂ ਦੀ ਸੰਵੇਦਨਸ਼ੀਲ ਜ਼ਿੰਦਗੀ, ਸੱਭਿਆਚਾਰ ਤੇ ਇਤਿਹਾਸ ਹੁਣ ਅਮਰੀਕਾ ਦੀ ਕਹਾਣੀ ਹੈ। ਇਹ ਪ੍ਰਦਰਸ਼ਨੀ ਏਸ਼ੀਆ ਪੈਸੀਫਿਕ ਅਮਰੀਕੀ ਭਾਈਚਾਰਿਆਂ ਵੱਲੋਂ ਅਮਰੀਕਾ ਵਿਚ ਬਸਰ ਕੀਤੀ ਜ਼ਿੰਦਗੀ ਤੇ ਤਜਰਬਿਆਂ 'ਤੇ ਡੂੰਘੀ ਝਾਤ ਪਾਵੇਗੀ।

# ਇਤਿਹਾਸਕ ਤਸ਼ਤਰੀ



ਚਿੱਤ ਚੇਤਾ

ਕਾਨਾ ਸਿੰਘ
ਫੋਨ: 91-95019-44944

*ਕਾਨਾ ਸਿੰਘ ਨੇ ਸ਼ਾਇਰੀ ਵੀ ਕੀਤੀ ਹੈ ਅਤੇ ਕਹਾਣੀਆਂ ਵੀ ਲਿਖੀਆਂ ਹਨ। ਬਾਲ ਰਚਨਾਵਾਂ ਵੀ ਸਾਹਿਤ ਦੀ ਝੋਲੀ ਪਾਈਆਂ ਹਨ। ਹੋਰ ਵੀ ਕਈ ਕੁਝ, ਨਿੱਕ-ਸੁੱਕ; ਪਰ ਉਹਦੀ ਨਸਰ (ਵਾਰਤਕ) ਦਾ ਰੰਗ ਨਿਰਾਲਾ ਹੈ। ਰਸਦਾਰ, ਸੁਘੜ, ਚੁਸਤ, ਤੇ ਨਾਲ ਹੀ ਨੱਚ-ਨੱਚ ਫਾਵੀ ਹੁੰਦੀ ਹੋਈ। ਕਰਤਾਰ ਸਿੰਘ ਦੁੱਗਲ ਅਤੇ ਪ੍ਰੋ. ਮੋਹਨ ਸਿੰਘ ਤੋਂ ਬਾਅਦ ਉਹਦੀਆਂ ਰਚਨਾਵਾਂ ਵਿਚ ਪੋਠੋਹਾਰ ਭਰਵੇਂ ਰੂਪ ਵਿਚ ਪੇਸ਼ ਪੇਸ਼ ਹੈ। ਪਿਛਲੇ ਅੰਕਾਂ ਵਿਚ ਪਾਠਕਾਂ ਨੇ ਉਹਦੀ ਨਸਰ ਦਾ ਰੰਗ 'ਮਰ ਜਾਣੇ ਜਿਉਣ ਜੋਗੇ', 'ਛੋਟਾ ਕੱਦ ਵੱਡਾ ਕੱਦ' ਅਤੇ 'ਕੁੜੀ ਦਾ ਪਿਓ' ਲੇਖਾਂ ਵਿਚ ਦੇਖਿਆ। ਨਸਰ ਦੀ ਆਪਣੀ ਕਿਤਾਬ 'ਚਿਤ ਚੇਤਾ' ਵਿਚ ਉਹਨੇ ਆਪਣੀ ਅਤੇ ਆਪਣੇ ਆਲੇ-ਦੁਆਲੇ ਦੀ ਕਹਾਣੀ ਪੂਰੇ ਜਲੌਅ ਨਾਲ ਸਭ ਦੇ ਸਾਹਮਣੇ ਰੱਖੀ ਹੈ। ਇਸ ਵਾਰ ਛਾਪੇ ਜਾ ਰਹੇ ਲੇਖ 'ਇਤਿਹਾਸਕ ਤਸ਼ਤਰੀ' ਵਿਚ ਭਾਰਤ ਦੇ ਪਹਿਲੇ ਗਣਤੰਤਰ ਦਿਵਸ ਬਾਰੇ ਚਰਚਾ ਹੈ।-ਸੰਪਾਦਕ*

ਛੱਬੀ ਜਨਵਰੀ, ਉਨੀ ਸੌ ਪੰਜਾਹ ਤੇ ਆਜ਼ਾਦ ਭਾਰਤ ਦਾ ਪਹਿਲਾ ਗਣਤੰਤਰ ਦਿਵਸ। ਨੌਵੀਂ ਜਮਾਤ ਦੀ ਵਿਦਿਆਰਥਣ ਸਾਂ ਮੈਂ। ਸੁਤੰਤਰਤਾ ਦਿਵਸ ਤਾਂ ਤਿੰਨ ਲੰਘ ਚੁੱਕੇ ਸਨ ਪਰ ਗਣਤੰਤਰ ਦਿਵਸ ਦੀ ਅਸਾਂ ਬਾਲਕਾਂ ਨੂੰ ਹਾਲੇ ਕੋਈ ਸਮਝ ਨਹੀਂ ਸੀ। ਉਸ ਦਿਨ ਦੀ ਤਾਂਘ ਤੇ ਚਾਅ ਬਹੁਤ ਸੀ, ਕਿਉਂਕਿ ਸਾਨੂੰ ਪਤਾ ਲੱਗਾ ਸੀ ਕਿ ਉਸ ਸ਼ੁਭ ਦਿਹਾੜੇ 'ਤੇ ਭਾਰਤ ਭਰ ਦੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਤਿਰੰਗੇ ਝੰਡੇ ਦੀ ਸਲਾਮੀ ਮਗਰੋਂ ਲੱਡੂਆਂ ਸਮੇਤ ਪਿੱਤਲ ਦੀ ਇਕ ਇਕ ਪਲੇਟ ਮਿਲਣੀ ਸੀ।

ਹੁਣ ਉਹ ਭਾਗਾਂ ਭਰਿਆ ਦਿਨ ਵੀ ਆ ਗਿਆ ਸੀ ਤੇ ਆ ਗਈ ਸੀ ਸਲਾਮੀ ਦੀ ਘੜੀ ਵੀ। ਸਕੂਲ ਦੇ ਵਿਸ਼ਾਲ ਮੈਦਾਨ ਵਿਚ ਸਭ ਜਮਾਤਾਂ ਜੁੜੀਆਂ ਹੋਈਆਂ ਸਨ, ਪੰਕਤੀਓ-ਪੰਕਤੀ। ਮੁੱਖ ਅਧਿਆਪਕਾ ਸ੍ਰੀਮਤੀ ਕਪੂਰ ਨੇ ਝੰਡੇ ਦੀ ਸਲਾਮੀ ਮਗਰੋਂ ਗਣਤੰਤਰ ਦਿਵਸ ਦੀ ਮਹੱਤਤਾ ਉਤੇ ਆਪਣਾ ਭਾਸ਼ਣ ਅਰੰਭਿਆ। ਕੁਝ ਗੱਲਾਂ ਪੱਲੇ ਪਈਆਂ ਤੇ ਕੁਝ ਨਹੀਂ ਵੀ। ਸਾਡਾ ਧਿਆਨ ਤਾਂ ਲੱਡੂਆਂ ਵੱਲ ਸੀ।

-ਹੁਣ ਤੁਸਾਂ ਸਾਰਿਆਂ ਨੂੰ ਇਕ ਇਕ ਤਸ਼ਤਰੀ ਦਿੱਤੀ ਜਾਵੇਗੀ। ਇਹ ਕੋਈ ਆਮ ਪਲੇਟਾਂ ਵਰਗੀ ਪਲੇਟ ਨਹੀਂ। ਇਹ ਖ਼ਾਸ ਵੱਡਮੁੱਲਾ ਤੋਹਫ਼ਾ ਹੈ ਜੋ ਤੁਸਾਂ ਸਦਾ ਸੰਭਾਲ ਕੇ ਰੱਖਣਾ ਹੈ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਪੁਸ਼ਤ-ਦਰ-ਪੁਸ਼ਤ ਸਪੁਰਦ ਕਰਨਾ ਹੈ। ਤੁਹਾਡੇ ਬਾਲਕ ਤੇ ਫੇਰ ਅੱਗਿਉਂ ਉਨ੍ਹਾਂ ਦੇ ਵਾਰਸ ਆਪਣੇ ਬੱਚਿਆਂ ਨੂੰ ਦੱਸਿਆ ਕਰਨਗੇ ਕਿ ਇਹ ਤਸ਼ਤਰੀ ਸਾਡੇ ਵਡੇਰਿਆਂ ਨੂੰ ਪਹਿਲੇ ਗਣਤੰਤਰ ਦਿਵਸ ਉਤੇ ਸਕੂਲੋਂ ਪ੍ਰਾਪਤ ਹੋਈ ਸੀ...

ਓਧਰ ਸ੍ਰੀਮਤੀ ਕਪੂਰ ਬੋਲੀ ਜਾ ਰਹੇ ਸਨ ਆਪਣੀ ਰੌਂ ਵਿਚ, ਤੇ ਏਧਰ ਅਸੀਂ ਕੁੜੀਆਂ ਸ਼ਰਮ ਨਾਲ ਪਾਣੀ ਪਾਣੀ ਹੋ ਰਹੀਆਂ ਸਾਂ। ਉਦੋਂ ਕੋਈ ਵਡੇਰਾ, ਬਾਲੜੀਆਂ ਨਾਲ ਉਨ੍ਹਾਂ ਦੇ ਵਿਆਹ-ਸ਼ਾਦੀ ਜਾਂ ਬਾਲ-ਬੱਚੇ ਹੋਣ ਦਾ ਕਦੇ ਜ਼ਿਕਰ ਨਹੀਂ ਸੀ ਕਰਦਾ।

ਮਿਲ ਗਈਆਂ ਸਾਨੂੰ ਤਸ਼ਤਰੀਆਂ ਪਿੱਤਲ ਦੀਆਂ, ਗੋਲਾਕਾਰ। ਇਨ੍ਹਾਂ ਤਸ਼ਤਰੀਆਂ ਦੇ ਵਿਚਕਾਰ ਸ਼ੇਰਾਂ ਵਾਲੀ ਤ੍ਰਿਮੂਰਤੀ ਖੁਣੀ ਹੋਈ ਸੀ, ਸਣੇ ਭਾਰਤ ਦੇ ਪਹਿਲੇ ਗਣਤੰਤਰ ਦਿਵਸ ਦੀ ਤਿੱਥੀ ਦੇ।

ਲੱਡੂ ਕੋਈ ਨਾ ਮਿਲੇ। ਅਸੀਂ ਨਿਮੋਝੂਣ ਸਾਂ।

ਸਾਡੇ ਘਰ ਤਿੰਨ ਤਸ਼ਤਰੀਆਂ ਇਕੱਠੀਆਂ ਹੋ ਗਈਆਂ। ਇਕ ਮੇਰੀ ਤੇ ਦੋ ਮੇਰੇ ਨਿੱਕੇ ਭਰਾਵਾਂ ਦੀਆਂ। ਉਹ ਆਮ ਪਿਰਚਾਂ ਵਾਂਗ ਵਰਤੀਆਂ ਜਾਣ ਲੱਗੀਆਂ। ਕੋਈ ਘੜੇ ਦਾ ਢੱਕਣ ਬਣ ਗਈ ਤੇ ਕੋਈ ਕੁੰਨੀ ਦੀ ਛੂਣੀ।

ਵਤਨੋਂ-ਬੇਵਤਨ ਹੋਈਆਂ ਮਾਂਵਾਂ ਨੂੰ ਕਿੰਨੀ ਕੁ ਸਮਝ ਸੀ ਗਣਤੰਤਰਤਾ ਦੀ, ਤੇ ਕਿੰਨਾ ਕੁ



ਲਗਾਓ ਹੋਣਾ ਸੀ ਉਨ੍ਹਾਂ ਦਾ ਛੱਬੀ ਜਨਵਰੀ ਨਾਲ। ਉਨ੍ਹਾਂ ਨੂੰ ਤਾਂ ਪੰਦਰਾਂ ਅਗਸਤ ਦਾ ਹੀ ਪਤਾ ਸੀ ਜਦੋਂ ਹਿੰਦੁਸਤਾਨ ਆਜ਼ਾਦ ਹੋਇਆ ਸੀ ਤੇ ਉਨ੍ਹਾਂ ਨੂੰ ਉਜਾੜਾ ਮਿਲਿਆ ਸੀ।

ਸਭ ਪਾਸੇ ਰੋਟੀ ਦੇ ਲਾਲੇ ਸਨ, ਮੁੜ ਭਾਂਡਿਆਂ ਬਿਸਤਰਿਆਂ ਦੇ ਜੁਗਾੜ ਦੇ ਮਸਲੇ ਸਨ। ਹਰ ਵਸਤੂ ਦਾ ਮੁੱਲ ਉਸ ਦੀ ਵਰਤੋਂ ਦੇ ਮੁਤਾਬਕ ਸੀ ਤੇ ਵਰਤੋਂ ਅਜਿਹੀ ਦੈਂਤਣ ਸੀ ਜਿਸ ਦਾ ਮੂੰਹ ਭਰਨ 'ਤੇ ਹੀ ਨਹੀਂ ਸੀ ਆਉਂਦਾ। ਬਾਲਣ ਲਈ ਕੋਲਿਆਂ ਦੀ ਕੇਰੀ ਦੇ ਗੋਲੇ ਬਣਾਏ ਜਾਂਦੇ ਤੇ ਅੱਧ-ਬਲੇ ਪੱਥਰੀ ਕੋਲਿਆਂ ਨੂੰ ਮੁੜ ਧੋ ਕੇ ਬਾਲਣ ਲਈ ਵਰਤਿਆ ਜਾਂਦਾ। ਰਾਸ਼ਨ ਕਾਰਡਾਂ 'ਤੇ ਮਿਲਦੀ ਰੂਸੀ ਤੇ ਆਸਟ੍ਰੇਲੀਅਨ ਲਾਲ ਕਣਕ ਪੂਰੀ ਨਾ ਪੈਣ 'ਤੇ ਉਸ ਵਿਚ ਛੋਲੇ ਦਲਾਏ ਤੇ ਪਿਹਾਏ ਜਾਂਦੇ।

ਖੂੜ੍ਹਾਂ ਤੇ ਖਿੜਾਂ ਦੀ ਕਿਹੜੀ ਗੱਲ ਕਰੀਏ ਤੇ ਕਿਹੜੀ ਛੋੜੀਏ। ਵਕਤ ਨਾਲ ਹਰ ਸਮੱਸਿਆ ਦਾ ਹੱਲ ਅਤੇ ਹਰ ਹੱਲ ਵਿਚੋਂ ਮੁੜ ਸਮੱਸਿਆ ਦਾ ਪੈਦਾ ਹੋਣਾ ਸੁਭਾਵਕ ਹੀ ਹੈ।

ਪੇਕਾ ਘਰ ਵੀ ਮੁੜ ਵਸ ਗਿਆ। ਮੈਂ ਵੀ ਪੜ੍ਹ-ਲਿਖ ਕੇ, ਨੌਕਰੀ ਕਰ-ਛੱਡ ਕੇ ਆਪਣੀ ਵਿਆਹੁਤਾ ਜ਼ਿੰਦਗੀ ਦੌਰਾਨ ਕਦੇ ਪਤੀਲੇ ਅਤੇ ਕਦੇ ਢੱਕਣ ਦੀ ਖਰੀਦੋ-ਫਰੋਖ਼ਤ 'ਚੋਂ ਲੰਘਦੀ, ਸੋਫ਼ਾ, ਅਲਮਾਰੀ, ਭਾਂਡੇ-ਟੀਂਡੇ ਜੋੜਨ ਮਗਰੋਂ ਫਰਿੱਜ਼, ਗੈਸ-ਚੁੱਲ੍ਹੇ ਅਤੇ ਟੀਵੀ ਆਦਿ ਨਾਲ ਘਰ ਬਣਾਣ-ਸੁਆਰਨ ਦੀ ਖੁਸ਼ੀ ਪ੍ਰਾਪਤ ਕਰਨ ਵਿਚ ਜੁਟੀ ਰਹੀ।

ਗਰਮੀ ਦੀਆਂ ਛੁੱਟੀਆਂ ਵਿਚ ਅਸੀਂ ਸਾਰੀਆਂ ਭੈਣਾਂ ਪੇਕੇ ਆਉਂਦੀਆਂ। ਕੋਈ ਕਾਨਪੁਰ, ਕੋਈ ਕਲਕੱਤੇ ਤੇ ਕੋਈ ਮੁੰਬਈ ਤੋਂ। ਵੱਡੀਆਂ ਆਪਣੇ ਧੀਆਂ-ਪੁੱਤਾਂ ਅਤੇ ਦੋਹਤਰਿਆਂ ਦੋਹਤਰੀਆਂ ਸਮੇਤ ਤੇ ਮੈਂ ਆਪਣੇ ਪੁੱਤਰਾਂ ਨਾਲ। ਸਭ ਤੋਂ ਨਿੱਕੀ ਮਾਸੀ ਹੁੰਦਿਆਂ ਮੈਂ ਭਣੇਵੀਆਂ ਦੀ ਲਗਭਗ ਹਮ-ਉਮਰ ਹੀ ਹਾਂ। ਉਹ ਨਿੱਕੀ ਉਮਰੇ ਵਿਆਹੀਆਂ ਗਈਆਂ ਤੇ ਮੈਂ ਪੜ੍ਹਦੀ-ਪੜ੍ਹਾਂਦੀ ਰਹੀ। ਉਨ੍ਹਾਂ ਦੇ ਬੱਚੇ ਮੇਰੇ ਬੱਚਿਆਂ ਤੋਂ ਤਿੰਨ, ਚਾਰ ਸਾਲ ਵੱਡੇ ਵੀ ਹਨ।

ਦਿੱਲੀ ਵਸਦੇ ਭੈਣ ਭਰਾ ਵੀ ਆ ਰਲਦੇ। ਸਾਰੇ ਕੁਨਬੇ ਦਾ ਦੋਹਤਰ-ਪੋਤਰ ਰਲ ਕੇ ਲੰਗਰ ਛਕਦਾ ਪੰਕਤੀਓ-ਪੰਕਤੀ। ਸਾਡੇ ਦੱਖਣ-ਦਿੱਲੀ ਵਾਲੇ ਘਰ ਵਿਚ।

'ਦਾਲਾ ਜੀ, ਪਰਸ਼ਾਦਾ ਜੀ, ਦਿਲ-ਖੁਸ਼ ਜੀ...', ਦੇ ਬੋਲ ਬਾਲੇ। ਵਿਆਹ ਵਰਗਾ ਮੇਲ-ਮੰਡਲ ਤੇ ਸਾਰੇ ਬਾਲਕਾਂ ਦੀ ਖਿਡਾਵੀ ਮੈਂ, ਨਾਨੀ-ਮਾਸੀ। ਛੁੱਟੀਆਂ ਖ਼ਤਮ ਹੋਣ ਵਾਲੀਆਂ ਸਨ। ਸਭ ਆਪੋ-ਆਪਣੇ ਵਤਨਾਂ ਨੂੰ ਪਰਤਣ ਲਈ ਖੰਭ ਸੁਆਰ ਰਹੀਆਂ ਸਨ। ਮਾਂ ਸਭ ਨੂੰ ਕੱਪੜੇ-ਲੱਤੇ ਤੇ ਸੌਗਾਤਾਂ ਦੇਣ ਦੇ ਪ੍ਰਬੰਧ ਵਿਚ ਰੁਝ ਗਈ ਸੀ। ਬਰਾਂਡੇ ਵਿਚ ਡੱਠੇ ਵੱਡੇ ਤਖ਼ਤਪੋਸ਼ ਉਪਰ ਮਾਂ ਨੇ ਕਾਂਸੇ ਦੇ ਭਾਂਡੇ, ਥਾਲ, ਕਟੋਰੀਆਂ, ਬਾਟੀਆਂ ਜੋੜ ਦਿੱਤੀਆਂ।

"ਆਪੋ-ਆਪਣੀ ਲੋੜ ਅਤੇ ਪਸੰਦ ਮੁਤਾਬਕ ਚੁਣ ਲਵੋ।" ਮਾਂ ਦੇ ਬਚਨ ਸਨ।

ਤਖ਼ਤਪੋਸ਼ ਦੇ ਨਾਲ ਹੀ ਰਸੋਈ ਦੇ ਬਾਹਰਲੇ ਸਲੈਬ ਉਪਰ ਪਈ ਘੜਵੰਜੀ ਉਤੇ ਟਿਕੀ ਹੋਈ ਵਲਟੋਹੀ ਉਤੇ ਮੇਰੀ ਨਜ਼ਰ ਪਈ। ਪਾਣੀ ਨਾਲ ਭਰੀ ਹੋਈ ਵਲਟੋਹੀ ਢਕੀ ਹੋਈ ਸੀ। ਉਸੇ ਪਹਿਲੇ ਗਣਤੰਤਰ ਦਿਵਸ ਵਾਲੀ ਤ੍ਰਿਮੂਰਤੀ ਦੀ ਯਾਦਗਾਰੀ ਤਸ਼ਤਰੀ ਨਾਲ!

ਭੈਣਾਂ-ਭਣੇਵੀਆਂ ਤੇ ਉਨ੍ਹਾਂ ਦੇ ਬੱਚੇ ਤਾਂ ਵਧ-ਚੜ੍ਹ ਕੇ ਬੋਚਣ ਲੱਗੇ ਥਾਲੀਆਂ, ਬਾਟੀਆਂ, ਕੌਲੀਆਂ, ਛੂਣੀਆਂ ਪਰ ਮੈਂ ਉਠ ਕੇ ਇਤਿਹਾਸਕ ਤਸ਼ਤਰੀ ਚੁੱਕ ਲਈ, ਚੁੰਮ ਕੇ ਮੱਥੇ ਛੁਹਾ ਕੇ, ਸੀਨੇ ਲਾਈ।

ਇਹ ਸੀ ਮੇਰਾ ਇਤਿਹਾਸ, ਮੇਰੇ ਪਰਿਵਾਰ ਦਾ ਇਤਿਹਾਸ ਤੇ ਇਤਿਹਾਸ ਮੇਰੇ ਵਤਨ ਦਾ।

ਇਹ ਤਸ਼ਤਰੀ ਮੈਂ ਆਪਣੀ ਪੋਤਰੀ ਜ਼ਾਵੀਆ ਨੂੰ ਸਪੁਰਦ ਕਰ ਕੇ ਸੁਰਖਰੂ ਹੋਣ ਦੀ ਤਮੰਨਾ ਰੱਖਦੀ ਹਾਂ, ਬਸ ਉਹ ਰਤਾ ਸਮਝਣ-ਸੰਭਾਲਣ ਜੋਗੀ ਤਾਂ ਹੋ ਜਾਵੇ।

---

## ਕਾਵਿ-ਕਿਆਰੀ

### ਮੇਰੇ ਹਾਣ ਦੀਆਂ

ਪਿੰਡ 'ਚ ਮੇਰੇ, ਜੋ ਵੀ ਨੇ ਹਨ ਜਾਣਦੀਆਂ,
ਮੈਨੂੰ ਮਿਲਣੇ ਆਈਆਂ, ਮੇਰੇ ਹਾਣ ਦੀਆਂ।

ਛਾਪ ਸਮੇਂ ਦੀ ਦਿਸਦੀ ਸਭ ਦੇ ਮੂੰਹਾਂ 'ਤੇ,
ਜਿਉਂ ਕਲੀਆਂ ਕੁਮਲਾਈਆਂ, ਮੇਰੇ ਹਾਣ ਦੀਆਂ।

ਖੋਲ੍ਹ ਪਟਾਰੀ ਗੱਲਾਂ ਦੀ ਉਹ ਬਹਿ ਗਈਆਂ,
ਖ਼ੂਬ ਰੌਣਕਾਂ ਲਾਈਆਂ, ਮੇਰੇ ਹਾਣ ਦੀਆਂ।

ਬੀਤ ਗਏ ਦੀਆਂ ਯਾਦਾਂ, ਸਾਂਭੀ ਬੈਠੀਆਂ ਜੋ,
ਗਿਣ ਗਿਣ ਆਖ ਸੁਣਾਈਆਂ ਮੇਰੇ ਹਾਣ ਦੀਆਂ।

ਗੱਲਾਂ ਵਿਚੋਂ ਗੱਲਾਂ, ਜਦ ਫਿਰ ਤੁਰ ਪਈਆਂ,
ਹੋਰ ਯਾਦ ਕਈ ਆਈਆਂ, ਮੇਰੇ ਹਾਣ ਦੀਆਂ।

ਤ੍ਰਿੰਞਣਾਂ ਦੇ ਵਿਚ ਜੁੜਦੀਆਂ ਜੋ ਮੁਟਿਆਰਾਂ ਸੀ,
ਹੁਣ ਨਾ ਕਿਤੇ ਥਿਆਈਆਂ, ਮੇਰੇ ਹਾਣ ਦੀਆਂ।

ਪਿੰਡ ਤੋਂ ਜਦ ਮੈਂ ਤੁਰਿਆ, ਮੰਨ ਉਦਾਸ ਬੜਾ,
ਸੁਖੀ ਵਸਣ ਭਰਜਾਈਆਂ 'ਰਾਠੀ' ਹਾਣ ਦੀਆਂ।

*-ਰਾਠੇਸ਼ਵਰ ਸਿੰਘ ਸੂਰਾਪੁਰੀ*
*ਫ਼ੋਨ: 916-969-9337*

---

### ਸਮਾਂ

ਸਮਾਂ ਬੀਤ ਗਿਆ
ਪਰ ਪਤਾ ਹੀ ਨਹੀਂ ਚੱਲਿਆ।
ਕਿੰਨੇ ਸਾਲ ਬੀਤ ਗਏ
ਪਤਾ ਹੀ ਨਹੀਂ ਚੱਲਿਆ।
ਸਮੇਂ ਦੀ ਰਫਤਾਰ ਕਦੀ ਰੁਕ ਨਹੀਂ ਸਕਦੀ,
ਬੀਤੇ ਹੋਏ ਉਹ ਪਲ ਹਮੇਸ਼ਾ ਯਾਦ ਰਹਿੰਦੇ।
ਉਨ੍ਹਾਂ ਹਸੀਨ ਪਲਾਂ ਨੂੰ ਯਾਦ ਕਰਕੇ
ਮਨ ਪਰਚਾ ਲਈਦਾ ਹੈ।
ਇਕਾਂਤ ਵਿਚ ਉਨ੍ਹਾਂ ਨੂੰ ਯਾਦ ਕਰਕੇ
ਅਨੰਦ ਮਾਣ ਲਈਦਾ ਹੈ।
ਦਿਲ ਚਾਹੇ, ਉਹ ਦਿਨ ਫਿਰ ਆ ਜਾਵਣ
ਉਹ ਮੌਜ, ਮਸਤੀ, ਸਰਾਰਤਾਂ,
ਨਿੱਕੇ ਨਿੱਕੇ ਹਾਸੇ
ਉਹ ਜ਼ਿੰਦਗੀ ਦੇ ਹੁਸੀਨ ਪਲ
ਫਿਰ ਆ ਜਾਵਣ
ਪਿਓ ਦੀਆਂ ਝਿੜਕਾਂ,
ਤੇ ਮਾਂ ਦੇ ਦੁਲਾਰ ਫਿਰ ਆ ਜਾਵਣ।
ਇਹ ਕਦੀ ਹੋ ਨਹੀਂ ਸਕਦਾ,
ਬੀਤਿਆ ਹੋਇਆ ਸਮਾਂ
ਦੁਬਾਰਾ ਆ ਨਹੀਂ ਸਕਦਾ।
ਚੱਲ ਮਨਾ, ਹੌਸਲਾ ਦੇ ਇਸ ਮਨ ਨੂੰ
ਆਪ ਸਮਝ, ਸਮਝਾ ਕੇ ਉਸ ਪਲ ਨੂੰ
ਸਮੇਂ ਨਾਲ ਚੱਲਣ 'ਚ ਵੀ ਸਮਝਦਾਰੀ ਹੈ।

*-ਯਸ਼ਵੀਰ ਕੌਰ, ਸ਼ਿਕਾਗੋ*

### ਰੁੱਖਾਂ ਦੀ ਜੀਰਾਂਦ

ਝੂੰਮ ਝੂੰਮ ਕੇ ਕਰਦੇ ਪੱਤੇ
ਡੂੰਘੀ ਇਹ ਗੱਲਬਾਤ।
ਹਰ ਪਲ ਲੈ ਅਨੰਦ ਰੋਵਣ
ਕਿਹੋ ਜਿਹੇ ਹਾਲਾਤ।
ਔਖੇ ਹੋਣ ਹਾਲਾਤ, ਭਾਵੇਂ ਦੁੱਖ ਹੀ ਦੇਵਣ।
ਖੁਦ ਨੂੰ ਹਵਾ ਹਵਾਲੇ ਕਰਦੇ
ਜਿਉਂ ਕਰਦਾ ਜੰਗਲਾਤ।
ਉਡ ਅਸਮਾਨੀ ਤਰ ਸਮੁੰਦਰ ਤੁਰਦਾ ਜਾਹ,
ਤੁਫਾਨਾਂ ਨੂੰ ਚੁੰਮਣ ਖਾਤਰ
ਕੌੜਾ ਹੋ ਕੇ ਲਾ ਲੈ ਘਾਤ।
ਆਕੜ ਛੱਡ ਦੇ ਰੁੰਡ-ਮਰੁੰਡ ਰੁੱਖ ਵਰਗੀ,
ਪੱਤਿਆਂ ਵਾਂਗੂੰ ਝੂਮ
ਉਨ੍ਹਾਂ ਦੇ ਸੁਣ ਜਜ਼ਬਾਤ।
ਸਬਰ ਕਰ ਦੁਖੀ ਨਾ ਹੋ
ਰੱਖ ਰੁੱਖਾਂ ਜਿਹੀ ਜੀਰਾਂਦ।
ਜਿਵੇਂ ਛਿਪ ਗਿਆ ਦਿਨ ਉਜਾਲਾ,
ਗੁਜਰ ਜਾਏਗੀ ਰਾਤ।
ਵੱਡੇ ਰੁੱਖ ਸਦਾ ਹੀ ਦੇਵਣ
ਮਿੱਠੇ ਫਲਾਂ ਦੀ ਦਾਤ।
ਰੱਬ ਦੇ ਬੰਦੇ 'ਗਿੱਲ' ਬਣਾ ਕੇ
ਕੀਤੇ ਵੱਖੋ ਵੱਖਰੇ,
ਰੁੱਖ ਤਾਂ ਸਭ ਨੂੰ ਛਾਂ ਬਖਸ਼ਦੇ
ਕਦੇ ਨਾ ਪੁੱਛਣ ਜਾਤ।

*-ਜੁਗਰਾਜ ਗਿੱਲ, ਸ਼ਾਰਲਟ*
*ਫੋਨ: 704-257-6693*

---

### ਕਲੰਡਰ

ਕੰਧ ਹੈ ਓਹੀ ਬਦਲ ਗਿਆ ਕਲੰਡਰ।
ਚੜ੍ਹਦੇ ਸਾਲ ਮਹਿੰਗਾ ਹੋ ਗਿਆ ਸਿਲੰਡਰ।
ਪੈਟਰੋਲ, ਡੀਜ਼ਲ ਨੇ ਵੀ ਸੱਟ ਹੈ ਮਾਰੀ।
ਮਹਿੰਗਾਈ ਦੇ ਬੋਝ ਥੱਲੇ ਜਨਤਾ ਦੱਬੀ ਸਾਰੀ।
ਘਰ ਬਣਾਉਣ ਦੇ ਸੁਫਨੇ ਹੋਏ ਅਧੂਰੇ।
ਰੇਤ-ਬਜ਼ਰੀ ਦੇ ਖਰਚੇ ਵੀ ਹੋਏ ਨਾ ਪੂਰੇ।
ਲੀਡਰ ਆਖਣ ਅਸੀਂ ਖਤਮ ਕਰੀ ਗਰੀਬੀ।
ਖਤਮ ਹੋਇਆ ਗਰੀਬ ਹੋਈ ਬਦਨਸੀਬੀ।

ਰੋਜ਼ਗਾਰ ਕਿਧਰੇ ਖੋ ਗਏ, ਕੋਈ ਕੰਮ ਨਾ ਲੱਭੇ।
ਟੈਂਕੀਆਂ 'ਤੇ ਚੜ੍ਹਿਆਂ ਦਾ ਕੋਈ ਹੱਲ ਨਾ ਲੱਭੇ।
ਪੜ੍ਹੇ ਲਿਖੇ ਪੁੱਛਦੇ ਹੁਣ ਕੰਮ ਕੀ ਕਰੀਏ?
ਰੋਜ਼ਗਾਰ ਦੇ ਖੁਣੋਂ, ਹੁਣ ਜੀਏ ਜਾਂ ਮਰੀਏ।

ਅਮੀਰ ਤੇ ਅਮੀਰੀ ਦੇ ਹੋਏ ਨੇ ਗੱਫੇ।
ਪਰ ਗਰੀਬ ਦੀ ਕੋਈ ਬਾਤ ਨਾ ਪੁੱਛੇ।
ਪਤਾ ਨਹੀਂ ਕਦੋਂ ਖਤਮ ਹੋਊ ਇਹ ਬਵੰਡਰ।
ਕੰਧ ਹੈ ਓਹੀ ਬਦਲ ਗਿਆ ਕਲੰਡਰ।
ਚੜ੍ਹਦੇ ਸਾਲ ਮਹਿੰਗਾ ਹੋ ਗਿਆ ਸਿਲੰਡਰ।

*-ਜਸਦੀਪ ਸਿੰਘ ਖੰਨਾ*
*ਫੋਨ: 91-94630-57786*

### ਧੀਆਂ

ਮਾਏ ਨੀ! ਜਿੰਦੇ ਨਾਲ ਪਈਆਂ ਕੁੰਜੀਆਂ,
ਮਾਏ ਨੀ! ਗਲੀ-ਗਲੀ 'ਚ ਗੱਲਾਂ ਹੁੰਦੀਆਂ।

ਮਾਏ ਨੀ! ਕੁੱਖਾਂ ਵਿਚ ਮਾਰ ਧੀਆਂ ਹੁੰਦੀਆਂ।
ਮਾਏ ਨੀ! ਹਰ ਥਾਂ ਪਿਛਾੜ ਧੀਆਂ ਹੁੰਦੀਆਂ।

ਮਾਏ ਨੀ! ਨਿੱਤ ਹੀ ਲਿਤਾੜ ਧੀਆਂ ਹੁੰਦੀਆਂ।
ਮਾਏ ਨੀ! ਮਨੋ ਨੇ ਵਿਸਾਰ ਧੀਆਂ ਹੁੰਦੀਆਂ।

ਮਾਏ ਨੀ! ਫਰਜ਼ਾਂ ਲਈ ਵਾਰ ਧੀਆਂ ਹੁੰਦੀਆਂ।
ਮਾਏ ਨੀ! ਘਰ ਦਾ ਸ਼ਿੰਗਾਰ ਧੀਆਂ ਹੁੰਦੀਆਂ।

---

### ਚੇਤਨਾ ਦਾ ਟਿੱਕਾ

ਫੂਕ ਦਿਓ ਸਭ ਗੁੱਡੀਆਂ ਪਟੋਲੇ,
ਸੁੱਟੋ ਪਰ੍ਹਾਂ ਖਿਡਾਉਣੇ!
ਦੱਸਿਆ ਭੈਣ ਜੀ ਕੱਲ੍ਹ ਸਕੂਲੇ,
ਲੋਕ ਨੇ ਬੜੇ ਘਿਨਾਉਣੇ।
ਗਰਭ ਵਿਚ ਹੀ ਕੁੜੀਆਂ ਨੂੰ,
ਇਹ ਦਿੰਦੇ ਮਾਰ ਮੁਕਾ।
ਅੰਮੀਏ ਨੀ! ਚੇਤਨਾ ਦਾ,
ਮੇਰੇ ਮੱਥੇ ਟਿੱਕਾ ਲਾ।

ਵਿਆਹ ਮੇਰੇ ਦੀ ਚਿੰਤਾ ਸੱਚੀਂ,
ਤੈਨੂੰ ਰੋਜ਼ ਸਤਾਵੇ।
ਚਿੰਤਾ ਹੁੰਦੀ ਚਿਖਾ ਬਰਾਬਰ,
ਘੁਣ ਵਾਂਗਰ ਖਾ ਜਾਵੇ।
ਲਾਲਚੀ ਸਹੁਰਿਆਂ ਦੇ ਨਾ ਤੋਰੀਂ।
ਦੇਵਣ ਅੱਗਾਂ ਲਾ।
ਅੰਮੀਏ ਨੀ! ਚੇਤਨਾ ਦਾ,
ਮੇਰੇ ਮੱਥੇ ਟਿੱਕਾ ਲਾ।

ਘਰ ਦੇ ਕੰਮ ਵਿਚ ਹੱਥ ਵਟਾਵਾਂ,
ਜਾਵਾਂ ਪੜ੍ਹਨ ਸਕੂਲ।
ਮੇਰੇ ਜੀਵਨ ਵਿਚ ਵੀ ਹੋਵਣ,
ਤੇਰੇ ਜਹੇ ਅਸੂਲ।
ਆਪਣੇ ਵਾਲੇ ਚੱਜ ਸਲੀਕੇ,
ਸਾਰੇ ਦੇਹ ਸਿਖਾ।
ਅੰਮੀਏ ਨੀ! ਚੇਤਨਾ ਦਾ,
ਮੇਰੇ ਮੱਥੇ ਟਿੱਕਾ ਲਾ।

ਆਪਣੇ ਪੈਰੀਂ ਜਦੋਂ ਖਲੋਵਣ,
ਪੜ੍ਹ-ਲਿਖ ਕੇ ਇਹ ਕੁੜੀਆਂ।
ਆਪਣੀ ਕਿਸਮਤ ਆਪ ਬਣਾਵਣ,
ਕਿਸੇ ਗੱਲੋਂ ਨਾ ਥੁੜੀਆਂ।
ਕੁਝ ਕਰਨੇ ਦਾ, ਕੁਝ ਬਣਨੇ ਦਾ,
ਮੈਨੂੰ ਡਾਢਾ ਚਾਅ।
ਅੰਮੀਏ ਨੀ! ਚੇਤਨਾ ਦਾ,
ਮੇਰੇ ਮੱਥੇ ਟਿੱਕਾ ਲਾ।

---

### ਚਾਨਣੇ ਦੀ ਭਾਲ

ਗੇਂਦ ਗੀਟੇ ਖੇਡਾਂ ਨਾਲੇ ਖੇਡਾਂ ਆਲ-ਥਾਲ,
ਹਰ ਰੋਜ਼ ਸਿੱਖਾਂ ਉਚੀ ਮਾਰਨੀ ਮੈਂ ਛਾਲ।

ਅੱਖਰਾਂ ਦਾ ਦੀਵਾ ਲੈਣਾ ਮੱਥੇ ਵਿਚ ਬਾਲ,
ਨੇਰ੍ਹਿਆਂ ਨੂੰ ਛੰਡ ਕਰੂੰ ਚਾਨਣੇ ਦੀ ਭਾਲ।

ਤੋੜ ਦੇਣੇ ਵਿਤਕਰੇ ਦੇ ਵਿਛੇ ਸਭ ਜਾਲ,
ਪੂਰ ਦੇਣੇ ਰਸਤੇ 'ਚ ਆਉਂਦੇ ਸਭ ਖਾਲ।

ਆਪਣੀ ਹੈ ਕਰਨੀ ਮੈਂ ਏਦਾਂ ਸੰਭਾਲ,
ਹੋਣ ਨਹੀਂ ਦੇਣਾ ਧੱਕਾ ਜ਼ਿੰਦਗੀ ਦੇ ਨਾਲ।

*-ਨੀਲਮ ਸੈਣੀ*
*ਫੋਨ: 510-502-0551*

ਪੰਜਾਬ ਟਾਈਮਜ਼
ਵੈਬਸਾਈਟ 'ਤੇ ਪੜ੍ਹੋ
www.punjabtimesusa.com

## ਗੁਰਮਤਿ ਵਿਚਾਰ

# ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ



ਡਾ. ਗੁਰਨਾਮ ਕੌਰ, ਕੈਨੇਡਾ

ਇਹ ਸਲੋਕ ਦੂਸਰੀ ਨਾਨਕ ਜੋਤਿ ਗੁਰੂ ਅੰਗਦ ਦੇਵ ਜੀ ਦਾ ਹੈ। ਹਿੰਦੂ ਧਰਮ ਸ਼ਾਸਤਰਾਂ ਅਨੁਸਾਰ ਸਮਾਜ ਨੂੰ ਚਾਰ ਵਰਣਾਂ ਵਿਚ ਵੰਡਿਆ ਗਿਆ ਹੈ। ਵਰਣ ਦਾ ਅਰਥ 'ਰੰਗ' ਹੁੰਦਾ ਹੈ। ਹਰ ਵਰਣ ਲਈ ਅਲੱਗ ਅਲੱਗ 'ਧਰਮ' ਥਾਪਿਆ ਗਿਆ ਹੈ। ਇਹ ਚਾਰ ਵਰਣ ਹਨ ਬ੍ਰਾਹਮਣ ਜਿਨ੍ਹਾਂ ਦਾ ਧਰਮ ਹੈ ਵੇਦਾਂ ਦਾ ਪਠਨ-ਪਾਠਨ ਅਤੇ ਵੇਦਾਂ ਅਨੁਸਾਰ ਪੂਜਾ-ਵਿਧੀਆਂ, ਯੱਗ ਆਦਿ ਕਰਨਾ ਅਤੇ ਕਰਾਉਣਾ, ਦੂਸਰਾ ਵਰਣ ਖੱਤਰੀ ਹਨ ਜਿਨ੍ਹਾਂ ਦਾ ਧਰਮ ਦੇਸ਼ ਦੀ ਅੰਦਰੂਨੀ ਤੇ ਬਾਹਰੀ ਹਮਲਿਆਂ ਤੋਂ ਰੱਖਿਆ ਕਰਨਾ ਹੈ। ਤੀਸਰਾ ਵਰਣ ਵੈਸ਼ ਕਹਿਲਾਉਂਦਾ ਸੀ ਜਿਨ੍ਹਾਂ ਦਾ ਧਰਮ ਸਮਾਜ ਵਾਸਤੇ ਅੰਨ ਪੈਦਾ ਕਰਨਾ ਅਤੇ ਵਪਾਰ ਆਦਿ ਕਰਨਾ। ਚੌਥੇ ਵਰਣ ਵਿਚ ਸ਼ੂਦਰ ਆਉਂਦੇ ਹਨ ਜਿਨ੍ਹਾਂ ਦਾ ਧਰਮ ਉਪਰਲੇ ਵਰਣਾਂ ਦੀ ਸੇਵਾ ਕਰਨਾ ਮੰਨਿਆ ਗਿਆ ਹੈ। ਸਿੱਖ ਧਰਮ ਵਿਚ ਇਸ ਕਿਸਮ ਦੀ ਵਰਣ-ਵੰਡ 'ਤੇ ਆਧਾਰਤ ਧਰਮ ਦੀ ਪਰਿਭਾਸ਼ਾ ਨੂੰ ਨਹੀਂ ਮੰਨਿਆ ਗਿਆ।

ਗੁਰਮਤਿ ਅਨੁਸਾਰ ਹਰ ਇਨਸਾਨ ਨੂੰ ਉਸ ਇੱਕ ਪਰਮਾਤਮਾ ਦੀ ਭਗਤੀ ਕਰਨ ਦਾ ਇੱਕੋ ਜਿਹਾ ਅਧਿਕਾਰ ਹੈ। ਇਸੇ ਵੱਲ ਸੰਕੇਤ ਕਰਦਿਆਂ ਗੁਰੂ ਅੰਗਦ ਦੇਵ ਜੀ ਨੇ ਇਸ ਸਲੋਕ ਵਿਚ ਦੱਸਿਆ ਹੈ ਕਿ ਜੋਗ ਦਾ ਧਰਮ ਗਿਆਨ ਪ੍ਰਾਪਤ ਕਰਨਾ ਹੈ ਅਰਥਾਤ ਬ੍ਰਹਮ 'ਤੇ ਵਿਚਾਰ ਕਰਨਾ ਜੋਗੀਆਂ ਦਾ ਧਰਮ ਹੈ, ਬ੍ਰਾਹਮਣਾਂ ਦਾ ਧਰਮ ਵੇਦਾਂ ਦੀ ਵਿਚਾਰ ਕਰਨਾ ਹੈ, ਖੱਤਰੀਆਂ ਦਾ ਧਰਮ ਬਹਾਦਰਾਂ ਵਾਲੇ ਕੰਮ ਕਰਨਾ ਹੈ ਅਤੇ ਸ਼ੂਦਰਾਂ ਦਾ ਧਰਮ ਹੈ ਦੂਸਰਿਆਂ ਦੀ ਸੇਵਾ ਕਰਨੀ। (ਸਿੱਖ ਧਰਮ ਵਿਚ ਜਾਤ-ਪਾਤ ਵੰਡ ਦੀ ਮਨਾਹੀ ਹੈ, ਨਾ ਹੀ ਜੋਗ ਵਗੈਰਾ ਨੂੰ ਪਰਮਾਤਮਾ ਦੀ ਪ੍ਰਾਪਤੀ ਦਾ ਸਾਧਨ ਮੰਨਿਆ ਗਿਆ ਹੈ, ਸਿੱਖ ਧਰਮ ਵੇਦਾਂ ਵਿਚ ਵੀ ਵਿਸ਼ਵਾਸ ਨਹੀਂ ਕਰਦਾ। ਇਸ ਲਈ ਉਪਰ ਦਿੱਤੇ ਖਿਆਲ ਪ੍ਰਚੱਲਿਤ ਪਰੰਪਰਾ ਪ੍ਰਤੀ ਹਨ)। ਗੁਰੂ ਅੰਗਦ ਦੇਵ ਗੁਰਮਤਿ ਦਾ ਵਿਚਾਰ ਦਿੰਦੇ ਹੋਏ ਕਹਿੰਦੇ ਹਨ ਕਿ ਸਾਰਿਆਂ ਦਾ ਮੁੱਖ ਧਰਮ ਇਹ ਹੈ ਕਿ ਉਸ ਇੱਕੋ-ਇੱਕ ਹਸਤੀ ਅਕਾਲ ਪੁਰਖ ਦਾ ਸਿਮਰਨ ਕਰੀਏ। ਗੁਰੂ ਸਾਹਿਬ ਅੱਗੇ ਕਹਿੰਦੇ ਹਨ ਕਿ ਜਿਹੜਾ ਮਨੁੱਖ ਇਸ ਭੇਦ ਨੂੰ ਜਾਣਦਾ ਹੈ, ਉਹ ਉਸ ਦਾ ਦਾਸ ਹੈ ਅਤੇ ਅਜਿਹਾ ਮਨੁੱਖ ਅਕਾਲ ਪੁਰਖ ਦਾ ਰੂਪ ਹੈ,

ਜੋਗ ਸਬਦੰ ਗਿਆਨ ਸਬਦੰ
ਬੇਦ ਸਬਦੰ ਬ੍ਰਾਹਮਣਹ॥
ਖਤ੍ਰੀ ਸਬਦੰ ਸੂਰ ਸਬਦੰ
ਸੂਦ੍ਰ ਸਬਦੰ ਪਰਾਕ੍ਰਿਤਹ॥
ਸਰਬ ਸਬਦੰ ਏਕ ਸਬਦੰ
ਜੇ ਕੋ ਜਾਣੈ ਭੇਉ॥
ਨਾਨਕੁ ਤਾ ਕਾ ਦਾਸੁ ਹੈ
ਸੋਈ ਨਿਰੰਜਨ ਦੇਉ॥੨॥ (ਪੰਨਾ ੪੬੯)

ਸਿੱਖ ਧਰਮ ਦੇਵੀ ਦੇਵਤਿਆਂ ਦੀ ਅੱਡਰੀ ਹਸਤੀ ਵਿਚ ਵੀ ਵਿਸ਼ਵਾਸ ਨਹੀਂ ਕਰਦਾ। ਜੇ ਕੋਈ ਦੇਵੀ ਦੇਵਤੇ ਹਨ ਵੀ ਤਾਂ ਉਹ ਕੋਈ ਸੁਤੰਤਰ ਸ਼ਕਤੀਆਂ ਨਹੀਂ ਹਨ, ਬਾਕੀ ਸ੍ਰਿਸ਼ਟੀ ਦੀ ਤਰ੍ਹਾਂ ਹੀ ਉਹ ਵੀ ਪਰਮਾਤਮਾ ਦੀ ਰਚਨਾ ਹਨ। ਜਿਸ ਤਰ੍ਹਾਂ ਬਾਕੀ ਸ੍ਰਿਸ਼ਟੀ ਵਿਚ ਕਰਤਾ ਪੁਰਖ ਰਮ ਰਿਹਾ ਹੈ, ਉਸੇ ਤਰ੍ਹਾਂ ਉਹ ਦੇਵੀ-ਦੇਵਤਿਆਂ ਵਿਚ ਵੀ ਰਮ ਰਿਹਾ ਹੈ। ਇੱਕ ਗੱਲ ਹੋਰ ਸਪਸ਼ਟ ਕਰਨੀ ਜ਼ਰੂਰੀ ਹੈ। ਗੁਰੂ ਅੰਗਦ ਦੇਵ ਜੀ ਦੇ ਅਗਲੇ ਸਲੋਕ ਵਿਚ ਲਫਜ਼ 'ਕ੍ਰਿਸਨੰ' ਤੇ 'ਬਾਸਦੇਵਸੁ' ਪਰਮਾਤਮਾ ਲਈ ਆਇਆ ਹੈ। ਜਿੱਥੇ ਕਿਤੇ ਹਿੰਦੂ ਅਵਤਾਰ 'ਕ੍ਰਿਸ਼ਨ' ਜਾਂ 'ਰਾਮਚੰਦ੍ਰ' ਦੀ ਗੱਲ ਕੀਤੀ ਹੈ, ਉਥੇ ਉਨ੍ਹਾਂ ਦਾ ਖਾਸ ਨਾਮ ਵਰਤਿਆ ਹੈ ਅਤੇ ਉਨ੍ਹਾਂ ਨੂੰ ਆਮ ਤੌਰ 'ਤੇ 'ਰਾਜਾ' ਕਰਕੇ ਸੰਬੋਧਨ ਕੀਤਾ ਹੈ, ਪਰਮਾਤਮਾ ਕਰਕੇ ਨਹੀਂ। ਗੁਰੂ ਅੰਗਦ ਦੇਵ ਨੇ ਫ਼ਰਮਾਇਆ ਹੈ ਕਿ ਇੱਕ ਕਰਤਾ ਪੁਰਖ ਹੀ ਸਾਰੇ ਦੇਵਤਿਆਂ ਦੀ ਆਤਮਾ ਹੈ। ਉਹ ਦੇਵਤਿਆਂ ਦੇ ਦੇਵਤਿਆਂ ਦੀ ਵੀ ਆਤਮਾ ਹੈ, ਅਰਥਾਤ ਜਿਨ੍ਹਾਂ ਨੂੰ ਪਰਮਦੇਵ ਮੰਨਿਆ ਜਾਂਦਾ ਹੈ, ਉਨ੍ਹਾਂ ਦਾ ਵੀ ਸਰਬ-ਉਚ ਹੈ। ਜਿਹੜਾ ਮਨੁੱਖ ਪਰਮਾਤਮਾ ਦੇ ਆਤਮਾ ਦਾ ਭੇਤ ਜਾਣ ਲੈਂਦਾ ਹੈ, ਭਾਵ ਜਿਸ ਨੂੰ ਉਸ ਦੀ ਸਰਬ-ਵਿਆਪਕਤਾ ਅਤੇ ਸਭ ਦਾ ਕਰਤਾਪੁਰਖ ਹੋਣ ਦੀ ਗੱਲ ਸਮਝ ਆ ਜਾਂਦੀ ਹੈ, ਉਸ ਦੇ ਆਤਮਾ ਦਾ ਰੂਪ ਹੋਣ ਦੀ ਸਮਝ ਲੱਗ ਜਾਂਦੀ ਹੈ, ਗੁਰੂ ਆਪ ਵੀ ਉਸ ਅੱਗੇ ਸੀਸ ਨਿਵਾਉਂਦੇ ਹਨ,

ਏਕ ਕ੍ਰਿਸਨੰ ਸਰਬ ਦੇਵਾ
ਦੇਵ ਦੇਵਾ ਤ ਆਤਮਾ॥
ਆਤਮਾ ਬਾਸੁਦੇਵਸਿ੍
ਜੇ ਕੋ ਜਾਣੈ ਭੇਉ॥
ਨਾਨਕੁ ਤਾ ਕਾ ਦਾਸੁ ਹੈ
ਸੋਈ ਨਿਰੰਜਨ ਦੇਉ॥ (ਪੰਨਾ ੪੬੯)

ਅਗਲੇ ਸਲੋਕ ਵਿਚ ਗੁਰੂ ਨਾਨਕ ਜਲ ਅਤੇ ਘੜੇ ਦੇ ਪ੍ਰਤੀਕ ਰਾਹੀਂ ਸਮਝਾਉਂਦੇ ਹਨ ਕਿ ਮਨੁੱਖ ਵਾਸਤੇ ਮਨ ਨੂੰ ਸਹੀ ਰਸਤੇ 'ਤੇ ਤੋਰਨ ਲਈ ਗੁਰੂ ਦੀ ਅਗਵਾਈ ਹੀ ਕੰਮ ਆਉਂਦੀ ਹੈ। ਪਾਣੀ ਘੜੇ ਜਾਂ ਕਿਸੇ ਭਾਂਡੇ ਦੇ ਵਿਚ ਪਾਇਆ ਹੋਇਆ ਹੀ ਇੱਕ ਥਾਂ ਤੇ ਅਡੋਲ ਟਿਕਿਆ ਰਹਿ ਸਕਦਾ ਹੈ। ਪਰ ਇਸ ਦੇ ਨਾਲ ਹੀ ਸੱਚਾਈ ਇਹ ਵੀ ਹੈ ਕਿ ਜਲ ਤੋਂ ਬਿਨਾਂ ਘੜਾ ਨਹੀਂ ਹੋ ਸਕਦਾ। ਕਹਿਣ ਤੋਂ ਭਾਵ ਹੈ ਕਿ ਮਿੱਟੀ ਨੂੰ ਪਾਣੀ ਨਾਲ ਗੋਹ ਕੇ ਹੀ ਉਸ ਤੋਂ ਘੜਾ ਬਣਾਇਆ ਜਾ ਸਕਦਾ ਹੈ। ਇਸੇ ਤਰ੍ਹਾਂ ਮਨੁੱਖ ਦਾ ਮਨ ਗਿਆਨ ਰਾਹੀਂ ਹੀ ਵਿਕਾਰਾਂ ਵਲੋਂ ਮੁੜ ਕੇ ਟਿਕਾਉ ਵਿਚ ਰਹਿੰਦਾ ਹੈ, ਗਿਆਨ ਰਾਹੀਂ ਹੀ ਅਡੋਲ ਅਵਸਥਾ ਵਿਚ ਆਉਂਦਾ ਹੈ ਪਰ ਗਿਆਨ ਗੁਰੂ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦਾ,

ਕੁੰਭੇ ਬਧਾ ਜਲੁ ਰਹੈ
ਜਲ ਬਿਨੁ ਕੁੰਭੁ ਨ ਹੋਇ॥
ਗਿਆਨ ਕਾ ਬਧਾ ਮਨੁ ਰਹੈ
ਗੁਰ ਬਿਨੁ ਗਿਆਨੁ ਨ ਹੋਇ॥੪॥
(ਪੰਨਾ ੪੬੯)

ਅੱਗੇ ਪਉੜੀ ਵਿਚ ਗੁਰੂ ਨਾਨਕ ਦੱਸਦੇ ਹਨ ਕਿ ਮਨੁੱਖ ਦੇ ਚੰਗਾ ਜਾਂ ਮੰਦਾ ਹੋਣ ਦਾ ਨਿਬੇੜਾ ਅੱਗੇ ਪਰਮਾਤਮਾ ਦੀ ਦਰਗਾਹ ਵਿਚ ਜਾ ਕੇ ਉਸ ਦੇ ਕੀਤੇ ਹੋਏ ਕਰਮਾਂ ਅਨੁਸਾਰ ਹੁੰਦਾ ਹੈ। ਗੁਰੂ ਸਾਹਿਬ ਅਨੁਸਾਰ ਜੇ ਪੜ੍ਹਿਆ ਲਿਖਿਆ ਮਨੁੱਖ ਅਰਥਾਤ ਜਿਸ ਨੂੰ ਸ਼ਬਦੀ ਗਿਆਨ ਹੈ, ਜਿਸ ਨੂੰ ਠੀਕ ਜਾਂ ਗਲਤ ਦਾ ਪਤਾ ਹੋਣਾ ਚਾਹੀਦਾ ਹੈ, ਬੁਰੇ ਕੰਮ ਕਰਦਾ ਹੈ, ਮੰਦੇ ਕਰਮ ਕਰਦਾ ਹੈ ਤਾਂ ਉਸ ਨੂੰ ਦੇਖ ਕੇ ਅਨਪੜ੍ਹ ਮਨੁੱਖ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਮੇਰਾ ਕੀ ਬਣੇਗਾ? ਕਿਉਂਕਿ ਜੇ ਅਨਪੜ੍ਹ ਮਨੁੱਖ ਚੰਗੇ ਕਰਮ ਕਰਦਾ ਹੈ, ਉਸ ਨੂੰ ਮਾਰ ਨਹੀਂ ਪੈਂਦੀ। ਉਸ ਸੱਚੇ ਦੀ ਦਰਗਾਹ ਵਿਚ ਫੈਸਲਾ ਕੀਤੇ ਹੋਏ ਕਰਮਾਂ ਅਨੁਸਾਰ ਹੋਣਾ ਹੈ, ਪੜ੍ਹਿਆ ਜਾਂ ਅਨਪੜ੍ਹ ਹੋਣ 'ਤੇ ਨਹੀਂ। ਜਿਸ ਕਿਸਮ ਦੇ ਮਨੁੱਖ ਕਰਮ ਕਰਦਾ ਹੈ, ਉਹੋ ਜਿਹਾ ਹੀ ਉਸ ਦਾ ਨਾਮ ਰੋਸ਼ਨ ਹੋ ਜਾਂਦਾ ਹੈ, ਬਣ ਜਾਂਦਾ ਹੈ। ਇਸ ਲਈ ਮਨੁੱਖ ਨੂੰ ਇਹੋ ਜਿਹੀ ਖੇਡ ਨਹੀਂ ਖੇਡਣੀ ਚਾਹੀਦੀ ਜਿਸ ਨਾਲ ਉਹ ਜਨਮ-ਰੂਪੀ ਬਾਜ਼ੀ ਹਾਰ ਜਾਵੇ ਅਰਥਾਤ ਉਸ ਨੂੰ ਪਰਵਦਗਾਰ ਦੀ ਦਰਗਾਹ ਵਿਚ ਸ਼ਰਮਿੰਦਿਆਂ ਹੋਣਾ ਪਵੇ। ਮਨੁੱਖ ਭਾਵੇਂ ਪੜ੍ਹਿਆ ਹੋਵੇ ਭਾਵੇਂ ਅਨਪੜ੍ਹ, ਪਰਮਾਤਮਾ ਦੀ ਦਰਗਾਹ 'ਚ ਕੇਵਲ ਮਨੁੱਖ ਦੇ ਗੁਣਾਂ ਦੀ ਵਿਚਾਰ ਹੀ ਕਬੂਲ ਪੈਂਦੀ ਹੈ। ਜੋ ਮਨੁੱਖ ਆਪਣੀ ਮਰਜ਼ੀ ਅਨੁਸਾਰ ਹੀ ਤੁਰਦਾ ਹੈ, ਆਪਣੇ ਮਨ ਦੇ ਮਗਰ ਲੱਗ ਕੇ ਤੁਰਦਾ ਹੈ, ਉਹ ਅੱਗੇ ਜਾ ਕੇ ਮਾਰ ਖਾਂਦਾ ਹੈ,

ਪੜਿਆ ਹੋਵੈ ਗੁਨਹਗਾਰੁ
ਤਾ ਓਮੀ ਸਾਧੁ ਨ ਮਾਰੀਐ॥
ਜੇਹਾ ਘਾਲੇ ਘਾਲਣਾ
ਤੇਵੇਹੋ ਨਾਉ ਪਚਾਰੀਐ॥ (ਪੰਨਾ ੪੬੯)

ਗੁਰਮਤਿ ਵਿਚਾਰਧਾਰਾ ਵਿਚ ਅਕਾਲ ਪੁਰਖ ਦੀ ਕੀਤੀ ਰਚਨਾ ਵਿਚ ਜੀਵਾਂ ਦੀਆਂ ਸਾਰੀਆਂ ਜੂਨਾਂ ਵਿਚੋਂ ਮਨੁੱਖ ਦੀ ਜੂਨ ਨੂੰ ਸਭ ਤੋਂ ਉਤਮ ਤੇ ਸ੍ਰੇਸ਼ਟ ਮੰਨਿਆ ਗਿਆ ਹੈ। ਮਨੁੱਖ ਕਿਸੇ ਵਿਵਰਜਤ ਫਲ ਖਾਣ ਕਰਕੇ ਸਵਰਗ ਵਿਚੋਂ ਨਹੀਂ ਸੁੱਟਿਆ ਗਿਆ ਅਤੇ ਨਾ ਹੀ ਪਿਛਲੇ ਕੀਤੇ ਮੰਦੇ ਕਰਮਾਂ ਕਰਕੇ ਉਨ੍ਹਾਂ ਦੀ ਸਜਾ ਭੋਗਣ ਲਈ ਇਸ ਸੰਸਾਰ 'ਤੇ ਆਇਆ ਹੈ। ਬਲਕਿ ਇਸ ਸਭ ਦੇ ਉਲਟ ਮਨੁੱਖ ਇਸ ਸੰਸਾਰ 'ਤੇ ਉਦੋਂ ਜਨਮ ਲੈਂਦਾ ਹੈ ਜਦੋਂ ਉਸ ਉਤੇ ਅਕਾਲ ਪੁਰਖ ਦੀ ਅਪਾਰ ਕਿਰਪਾ ਹੁੰਦੀ ਹੈ, ਮਿਹਰ ਹੁੰਦੀ ਹੈ। ਅਕਾਲ ਪੁਰਖ ਵਲੋਂ ਮਨੁੱਖ ਨੂੰ ਬਖ਼ਸ਼ਿਆ ਗਿਆ ਇਹ ਹੀ ਇੱਕ ਅਜਿਹਾ ਅਵਸਰ ਹੈ, ਮੌਕਾ ਹੈ ਜਦੋਂ ਮਨੁੱਖ ਆਪਣੇ ਜੋਤਿ-ਸਰੂਪ ਹੋਣ ਦਾ ਅਨੁਭਵ ਕਰ ਸਕਦਾ ਹੈ, ਆਪਣੇ ਅਸਲੇ ਜਾਂ ਮੂਲ ਨੂੰ ਪਛਾਣ ਕੇ ਉਸ ਨਾਲ ਇੱਕ-ਮਿੱਕ ਹੋ ਸਕਦਾ ਹੈ। ਇਸੇ ਤੱਥ ਨੂੰ ਗੁਰੂ ਨਾਨਕ ਸਾਹਿਬ ਅਗਲੇ ਸਲੋਕ ਵਿਚ ਦ੍ਰਿੜ ਕਰਾਉਂਦੇ ਹਨ।

ਇਥੇ ਇੱਕ ਗੱਲ ਹੋਰ ਸਪੱਸ਼ਟ ਕਰਨੀ ਬਣਦੀ ਹੈ। ਵੈਦਿਕ ਸ਼ਾਸਤਰਾਂ ਅਨੁਸਾਰ ਸਮੇਂ ਨੂੰ ਚਾਰ ਜੁਗਾਂ ਸਤਿਜੁਗ, ਤ੍ਰੇਤਾ, ਦੁਆਪਰ ਅਤੇ ਕਲਿਜੁਗ ਵਿਚ ਵੰਡਿਆ ਗਿਆ ਹੈ ਅਤੇ ਹਰ ਜੁਗ ਵਿਚ ਧਰਮ ਦਾ ਸਥਾਨ ਮੁਕੱਰਰ ਕੀਤਾ ਗਿਆ ਹੈ। ਗੁਰਮਤਿ ਅਨੁਸਾਰ ਇਹ ਜੁਗ ਕਿਸੇ ਖਾਸ ਸਮੇਂ 'ਤੇ ਨਹੀਂ ਵਾਪਰਦੇ। ਜਦੋਂ ਮਨੁੱਖ ਸਤਿ, ਸੰਤੋਖ, ਗਿਆਨ, ਦਇਆ ਆਦਿ ਬਿਰਤੀਆਂ ਅਨੁਸਾਰ ਚੱਲਦਾ ਹੈ, ਉਦੋਂ ਸਤਿਜੁਗ ਹੁੰਦਾ ਹੈ ਅਤੇ ਜਦੋਂ ਪੰਜ ਵਿਕਾਰਾਂ-ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਦੇ ਅਧੀਨ ਹੋ ਕੇ ਮਨ ਗਲਤ ਕੰਮ ਕਰਦਾ ਹੈ ਤਾਂ ਕਲਿਜੁਗ ਹੁੰਦਾ ਹੈ। ਇਸੇ ਤਰ੍ਹਾਂ 'ਮੇਰੂ' ਪਰਬਤ ਨੂੰ ਸ਼੍ਰੋਮਣੀ ਮੰਨਿਆ ਜਾਂਦਾ ਹੈ, ਜਿਸ ਦੇ ਦੁਆਲੇ ਸਾਰੇ ਗ੍ਰਹਿ ਚੱਕਰ ਕੱਟਦੇ ਹਨ, ਇਸ ਨੂੰ ਸਾਰੇ ਦੀਪਾਂ ਦਾ ਕੇਂਦਰ ਮੰਨਿਆ ਗਿਆ ਹੈ ਜਿਸ ਵਿਚ ਸੋਨਾ ਤੇ ਹੀਰੇ ਮਿਲਦੇ ਹਨ। ਮਾਲਾ ਦੇ ਇੱਕ ਸੌ ਅੱਠ ਮਣਕਿਆਂ ਵਿਚ ਸ਼੍ਰੋਮਣੀ ਮਣਕਾ ਵੀ 'ਮੇਰੂ' ਮੰਨਿਆ ਗਿਆ ਹੈ। ਇਸੇ ਤਰ੍ਹਾਂ ਅਕਾਲ ਪੁਰਖ ਦੀ ਬੇਅੰਤ ਰਚਨਾ ਵਿਚ ਜੀਵਾਂ ਵਿਚੋਂ ਮਨੁੱਖ ਨੂੰ ਸ਼੍ਰੋਮਣੀ ਅਰਥਾਤ 'ਮੇਰੂ' ਮੰਨਿਆ ਗਿਆ ਹੈ। ਗੁਰੂ ਨਾਨਕ ਸਹਿਬ ਨੇ ਇਸ ਸ਼੍ਰੋਮਣੀ ਸਰੀਰ ਨੂੰ, ਮਨੁੱਖ ਨੂੰ ਇੱਕ ਰਥ ਨਾਲ ਉਪਮਾ ਦਿੱਤੀ ਹੈ।

ਗੁਰੂ ਨਾਨਕ ਸਾਹਿਬ ਇਸ ਸਲੋਕ ਵਿਚ ਦੱਸਦੇ ਹਨ ਕਿ ਚੌਰਾਸੀ ਲੱਖ ਜੂਨਾਂ ਵਿਚੋਂ ਮਨੁੱਖ ਦਾ ਸਰੀਰ ਸ਼੍ਰੋਮਣੀ ਹੈ ਜਿਸ ਦਾ ਇੱਕ ਰਥ ਹੈ ਅਤੇ ਇੱਕ ਉਸ ਨੂੰ ਚਲਾਉਣ ਵਾਲਾ ਰਥਵਾਹ ਹੈ, ਜਿਸ ਨੇ ਲੰਬਾ ਜੀਵਨ-ਪੰਧ ਮੁਕਾਉਣਾ ਹੈ। ਹਰ ਇੱਕ ਜੁਗ ਵਿਚ ਇਹ ਰਥ ਅਤੇ ਇਸ ਦਾ ਰਥਵਾਹ ਬਦਲਦੇ ਰਹਿੰਦੇ ਹਨ ਅਤੇ ਇਸ ਭੇਦ ਨੂੰ ਸਿਆਣੇ ਮਨੁੱਖ ਸਮਝਦੇ ਹਨ। ਸਤਿਜੁਗ ਵਿਚ ਮਨੁੱਖ ਦੇ ਸਰੀਰ ਦਾ ਰਥ ਸੰਤੋਖ ਹੁੰਦਾ ਹੈ ਅਤੇ ਅੱਗੇ ਇਸ ਦੀ ਰਥਵਾਹੀ ਧਰਮ ਕਰ ਰਿਹਾ ਹੁੰਦਾ ਹੈ। ਇਥੇ ਕਹਿਣ ਤੋਂ ਭਾਵ ਹੈ ਕਿ ਜਿਹੜੇ ਮਨੁੱਖਾਂ ਦਾ ਸੁਭਾਅ ਸੰਤੋਖ ਵਾਲਾ ਹੈ, ਉਹ ਮਨੁੱਖ ਧਰਮੀ ਹਨ ਅਤੇ ਉਹ ਸਤਿਜੁਗ ਵਿਚ ਵਿਚਰ ਰਹੇ ਹਨ। ਤ੍ਰੇਤਾ ਜੁਗ ਉਦੋਂ ਵਾਪਰਦਾ ਹੈ ਜਦੋਂ ਮਨੁੱਖੀ ਸਰੀਰ ਦਾ ਰਥ 'ਜਤੁ' ਹੈ ਅਤੇ ਇਸ ਰਥ ਦਾ ਅੱਗੇ ਰਥਵਾਹੀ 'ਜੋਰ' ਹੈ। ਇਥੇ ਕਹਿਣ ਤੋਂ ਭਾਵ ਹੈ ਕਿ ਜਦੋਂ ਮਨੁੱਖ ਦਾ ਨਿਸ਼ਾਨਾ ਬਹਾਦਰੀ ਹੁੰਦਾ ਹੈ ਤਾਂ ਕੁਦਰਤੀ ਤੌਰ 'ਤੇ ਹੀ ਉਨ੍ਹਾਂ ਦੀ ਸਵਾਰੀ ਜਤੁ ਹੁੰਦਾ ਹੈ। ਬਹਾਦਰ ਮਨੁੱਖਾਂ ਦੇ ਮਨ ਵਿਚ ਜਤੀ ਰਹਿਣ ਦੀ ਇੱਛਾ ਪਰਬਲ ਹੁੰਦੀ ਹੈ।

ਦੁਆਪਰ ਵਿਚ ਮਨੁੱਖੀ ਸਰੀਰ ਦਾ ਰਥ ਤਪੁ ਹੈ ਅਤੇ ਇਸ ਦਾ ਰਥਵਾਹੀ ਸਤੁ ਹੈ। ਇਸ ਦਾ ਭਾਵ ਹੈ ਕਿ ਜਦੋਂ ਮਨੁੱਖ ਦਾ ਨਿਸ਼ਾਨਾ ਸਤੁ ਜਾਂ ਉਚਾ ਆਚਰਣ ਹੁੰਦਾ ਹੈ ਤਾਂ ਉਹ ਵਿਕਾਰਾਂ ਤੋਂ ਬਚਣ ਲਈ ਕਈ ਤਰ੍ਹਾਂ ਦੇ ਤਪ ਸਾਧਦਾ ਹੈ ਤਾਂ ਕਿ ਉਸ ਦੇ ਮਨ, ਕਰਮ ਇੰਦ੍ਰੇ ਵਿਕਾਰਾਂ ਤੋਂ ਬਚੇ ਰਹਿਣ। ਕਲਿਜੁਗ ਵਿਚ ਮਨੁਖੀ ਸਰੀਰ ਦਾ ਰਥ ਤ੍ਰਿਸ਼ਨਾ ਰੂਪੀ ਅੱਗ ਹੈ ਜਿਸ ਦਾ ਅੱਗੇ ਰਥਵਾਹੀ ਕੂੜ ਹੈ। ਜਿਨ੍ਹਾਂ ਮਨੁੱਖਾਂ ਦਾ ਮਕਸਦ ਕੂੜ ਬਣ ਜਾਂਦਾ ਹੈ ਉਨ੍ਹਾਂ ਦੇ ਅੰਦਰ ਤ੍ਰਿਸ਼ਨਾ-ਅੱਗ ਭੜਕਦੀ ਰਹਿੰਦੀ ਹੈ। ਇਥੇ ਗੁਰੂ ਨਾਨਕ ਸਾਹਿਬ ਨੇ ਮਨੁੱਖ ਦੀਆਂ ਅਲੱਗ ਅਲੱਗ ਬਿਰਤੀਆਂ ਦੀ ਗੱਲ ਕੀਤੀ ਹੈ ਜਿਨ੍ਹਾਂ ਦੇ ਅਧੀਨ ਹੋ ਕੇ ਮਨੁੱਖ ਉਸੇ ਕਿਸਮ ਦੇ ਕਰਮ ਕਰਦਾ ਹੈ,

ਨਾਨਕ ਮੇਰੁ ਸਰੀਰ ਕਾ
ਇਕੁ ਰਥੁ ਇਕੁ ਰਥਵਾਹੁ॥
ਜੁਗੁ ਜੁਗੁ ਫੇਰਿ ਵਟਾਈਅਹਿ
ਗਿਆਨੀ ਬੁਝਹਿ ਤਾਹਿ॥ (ਪੰਨਾ ੪੭੦)

ਗੁਰੂ ਨਾਨਕ ਸਾਹਿਬ ਦਾ ਅਗਲਾ ਸਲੋਕ ਵੀ ਜੁਗਾਂ ਦੀ ਵੰਡ ਅਤੇ ਸਬੰਧਤ ਬਿਰਤੀਆਂ ਦੀ ਪ੍ਰਧਾਨਤਾ ਬਾਰੇ ਹੈ। ਹਿੰਦੂ ਧਰਮ ਵਿਚ ਹਰ ਜੁਗ ਦਾ ਆਪਣਾ ਆਪਣਾ ਵਿਸ਼ਨੂੰ ਦਾ ਅਵਤਾਰ ਵੀ ਮੰਨਿਆ ਗਿਆ ਹੈ। ਇਨ੍ਹਾਂ ਦੇ ਪ੍ਰਤੀਕ ਰਾਹੀਂ ਹੀ ਗੁਰੂ ਨਾਨਕ ਸਾਹਿਬ ਗੁਰਮਤਿ ਵਿਚਾਰਧਾਰਾ ਦਾ ਪ੍ਰਤਿਪਾਦਨ ਕਰਦੇ ਹਨ। ਗੁਰਮਤਿ ਵਿਚਾਰਧਾਰਾ ਅਨੁਸਾਰ ਕਿਸੇ ਖਾਸ ਵੇਦ ਦਾ ਕਿਸੇ ਖਾਸ ਜੁਗ ਨਾਲ ਸਬੰਧ ਨਹੀਂ ਹੈ ਪਰ ਇਨ੍ਹਾਂ ਨੂੰ ਸਿਰਫ ਪ੍ਰਤੀਕ ਵਜੋਂ ਵਰਤਿਆ ਗਿਆ ਹੈ। ਗੁਰੂ ਨਾਨਕ ਦੇਵ ਦੱਸਦੇ ਹਨ ਕਿ ਸਾਮ ਵੇਦ ਅਨੁਸਾਰ ਅਰਥਾਤ ਸਤਿਜੁਗ ਵਿਚ ਬ੍ਰਹਿਮੰਡ ਦੇ ਸੁਆਮੀ ਦਾ ਨਾਮ 'ਸੇਤੰਬਰੁ' ਮਸ਼ਹੂਰ ਹੋਇਆ ਜੋ ਸੱਚ ਵਿਚ ਟਿਕਿਆ ਰਹਿੰਦਾ ਹੈ। ਸਤਿਜੁਗ ਵਿਚ ਸਤੋਗੁਣ ਦੀ ਪ੍ਰਧਾਨਤਾ ਮੰਨੀ ਗਈ ਹੈ, ਇਸ ਲਈ ਹਰ ਇੱਕ ਪ੍ਰਾਣੀ ਸੱਚ ਵਿਚ ਲੀਨ ਹੁੰਦਾ ਹੈ। ਤ੍ਰੇਤੇ ਜੁਗ ਦਾ ਵੇਦ ਰਿਗੁ ਹੈ, ਰਿਗੁ ਵੇਦ ਅਨੁਸਾਰ ਰਾਮ (ਰਾਮ ਚੰਦ੍ਰ ਵਿਸ਼ਨੂੰ ਦਾ ਅਵਤਾਰ) ਦਾ ਨਾਮ ਹੀ ਲਿਆ ਜਾਂਦਾ ਹੈ ਜੋ ਸਾਰੇ ਦੇਵਤਿਆਂ ਵਿਚ ਸੂਰਜ ਵਾਂਗ ਚਮਕਦਾ ਹੈ। ਉਹ ਹੀ ਹਰ ਥਾਂ ਵਿਆਪਕ ਹੈ। ਰਿਗੁ ਵੇਦ ਅਨੁਸਾਰ ਰਾਮ ਦਾ ਨਾਮ ਲਿਆਂ ਸਾਰੇ ਪਾਪ ਦੂਰ ਹੋ ਜਾਂਦੇ ਹਨ ਅਤੇ ਜੀਵ ਮੁਕਤੀ ਪ੍ਰਾਪਤ ਕਰ ਲੈਂਦੇ ਹਨ। ਦੁਆਪਰ ਜੁਗ ਦਾ ਵੇਦ ਯਜੁਰ ਹੈ ਜਿਸ ਅਨੁਸਾਰ ਦੁਆਪਰ ਜੁਗ ਦਾ ਸੁਆਮੀ ਸਾਂਵਲੇ ਰੰਗ ਵਾਲਾ ਕ੍ਰਿਸ਼ਨ (ਵਿਸ਼ਨੂੰ ਦਾ ਅਵਤਾਰ) ਜਾਦਵ ਕੁਲ ਵਿਚ ਪੈਦਾ ਹੋਇਆ ਹੀ ਪ੍ਰਸਿੱਧ ਹੋ ਗਿਆ, ਜਿਸ ਨੇ ਜ਼ੋਰ ਨਾਲ ਚੰਦ੍ਰਾਵਲੀ ਗੋਪੀ ਨੂੰ ਛਲ ਲਿਆਂਦਾ, ਆਪਣੀ ਗੋਪੀ ਸਤਯਭਾਮਾ ਦੀ ਖ਼ਾਤਰ ਇੰਦਰ ਦੇ ਬਾਗ ਵਿਚੋਂ ਪਾਰਜਾਤ ਰੁੱਖ ਲੈ ਆਂਦਾ। ਉਸ ਨੇ ਬ੍ਰਿੰਦਾਵਣ ਵਿਚ ਕੌਤਕ ਵਰਤਾਇਆ। ਕਲਿਜੁਗ ਵਿਚ ਅਥਰਵ ਵੇਦ ਦੀ ਪ੍ਰਧਾਨਗੀ ਹੋ ਗਈ ਹੈ (ਅਥਰਵ ਵੇਦ ਸਭ ਤੋਂ ਆਖ਼ਰੀ ਅਤੇ ਕਲਿਜੁਗ ਦਾ ਵੇਦ ਮੰਨਿਆ ਜਾਂਦਾ ਹੈ ਜਿਸ ਵਿਚ ਜਾਦੂ-ਟੂਣਿਆਂ ਤੇ ਜ਼ੋਰ ਦਿੱਤਾ ਗਿਆ ਹੈ। ਕਲਿਜੁਗ ਵਿਚ ਕੂੜ ਦੀ ਪ੍ਰਧਾਨਤਾ ਮੰਨੀ ਜਾਂਦੀ ਹੈ)।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਇਸ ਕਲਿਜੁਗ ਦੇ ਸਮੇਂ ਵਿਚ ਸੰਸਾਰ ਦੇ ਸੁਆਮੀ, ਜਗਤ-ਮਾਲਕ ਦਾ ਨਾਮ ਖੁਦਾ ਅਤੇ ਅਲਹੁ ਮਸ਼ਹੂਰ ਹੋ ਗਿਆ ਹੈ (ਮੁਸਲਮਾਨਾਂ ਦਾ ਰਾਜ ਅਤੇ ਇਸਲਾਮ ਦਾ ਬੋਲ-ਬਾਲਾ ਹੋਣ ਕਰਕੇ)। ਤੁਰਕਾਂ ਅਤੇ ਪਠਾਣਾਂ ਦਾ ਰਾਜ ਹੋ ਗਿਆ ਹੈ ਜਿਨ੍ਹਾਂ ਦਾ ਪਹਿਰਾਵਾ ਨੀਲੇ ਰੰਗ ਦਾ ਹੈ। ਚਾਰੇ ਵੇਦ ਸੱਚੇ ਹੋ ਗਏ ਹਨ ਅਰਥਾਤ ਚਾਰੇ ਵੇਦਾਂ ਨੇ ਚਾਰ ਜੁਗਾਂ ਦੇ ਮਾਲਕਾਂ ਦਾ ਆਪਣਾ ਆਪਣਾ ਵੱਖਰਾ ਵੱਖਰਾ ਨਾਮ ਥਾਪ ਦਿੱਤਾ ਅਤੇ ਇਹ ਧਾਰਨਾ ਬਣ ਗਈ ਕਿ ਜੁਗਾਂ ਅਨੁਸਾਰ ਜੋ ਜੋ ਇਹ ਨਾਮ ਜਪੇਗਾ ਉਸ ਨੂੰ ਮੁਕਤੀ ਪ੍ਰਾਪਤ ਹੋ ਜਾਵੇਗੀ। ਜਿਹੜੇ ਮਨੁੱਖ ਇਸ ਧਾਰਨਾ ਨਾਲ ਆਪੋ ਆਪਣੇ ਸਮੇਂ ਵਿਚ ਆਪਣੇ ਧਰਮ ਗ੍ਰੰਥ ਪੜ੍ਹਦੇ ਤੇ ਵਿਚਾਰਦੇ ਰਹੇ, ਉਹ ਚੰਗੀਆਂ ਯੁਕਤੀਆਂ ਵਾਲੇ ਹੋਏ ਹਨ। ਪਰ ਗੁਰੂ ਨਾਨਕ ਸਾਹਿਬ ਅਨੁਸਾਰ ਜੋ ਮਨੁੱਖ ਅਕਾਲ ਪੁਰਖ ਦੀ ਪ੍ਰੇਮਾ-ਭਗਤੀ ਕਰਦਾ ਹੈ, ਇਸ ਭਗਤੀ ਦੇ ਬਾਵਜੂਦ ਆਪਣੇ ਆਪ ਨੂੰ ਨੀਵਾਂ ਅਖਵਾਉਂਦਾ ਹੈ, ਅਰਥਾਤ ਜਿਸ ਵਿਚ ਹਉਮੈ ਨਹੀਂ ਹੈ, ਹਲੀਮ ਹੈ ਉਹ ਮਨੁੱਖ ਹੀ ਮੁਕਤੀ ਪ੍ਰਾਪਤ ਕਰਦਾ ਹੈ। ਕਹਿਣ ਤੋਂ ਭਾਵ ਹੈ ਕਿ ਅਕਾਲ ਪੁਰਖ ਨੂੰ ਪ੍ਰੇਮ ਕਰਨਾ, ਉਸ ਦੀ ਭਗਤੀ ਕਰਨੀ ਪਰ ਨਾਲ ਹੀ ਹਰ ਤਰ੍ਹਾਂ ਦੀ ਹਉਮੈ ਤੋਂ ਮੁਕਤ ਹੋ ਕੇ ਹੀ ਮੁਕਤੀ ਪ੍ਰਾਪਤ ਹੁੰਦੀ ਹੈ,

ਸਾਮ ਕਹੈ ਸੇਤੰਬਰੁ ਸੁਆਮੀ
ਸਚ ਮਹਿ ਆਛੈ ਸਾਚਿ ਰਹੇ॥
ਸਭੁ ਕੋ ਸਚਿ ਸਮਾਵੈ॥
ਰਿਗੁ ਕਹੈ ਰਹਿਆ ਭਰਪੂਰਿ॥
ਰਾਮ ਨਾਮੁ ਦੇਵਾ ਮਹਿ ਸੂਰੁ॥ (ਪੰਨਾ ੪੭੦)

## ਗੁਰਬਾਣੀ ਗਿਆਨ

# ਸੂਖ ਸਹਜ ਆਨੰਦਾ

ਸੋਰਠਿ ਮਹਲਾ ੫
ਸੂਖ ਸਹਜ ਆਨੰਦਾ॥
ਪ੍ਰਭੁ ਮਿਲਿਓ ਮਨਿ ਭਾਵੰਦਾ॥
ਪੂਰੈ ਗੁਰਿ ਕਿਰਪਾ ਧਾਰੀ॥
ਤਾ ਗਤਿ ਭਈ ਹਮਾਰੀ॥੧॥
ਹਰਿ ਕੀ ਪ੍ਰੇਮ ਭਗਤਿ ਮਨੁ ਲੀਨਾ॥
ਨਿਤ ਬਾਜੇ ਅਨਹਤ ਬੀਨਾ॥ਰਹਾਉ॥
ਹਰਿ ਚਰਣ ਕੀ ਓਟ ਸਤਾਣੀ॥
ਸਭ ਚੂਕੀ ਕਾਣਿ ਲੋਕਾਣੀ॥
ਜਗਜੀਵਨੁ ਦਾਤਾ ਪਾਇਆ॥
ਹਰਿ ਰਸਕਿ ਰਸਕਿ ਗੁਣ ਗਾਇਆ॥੨॥
ਪ੍ਰਭ ਕਾਟਿਆ ਜਮ ਕਾ ਫਾਸਾ॥
ਮਨ ਪੂਰਨ ਹੋਈ ਆਸਾ॥
ਜਹ ਪੇਖਾ ਤਹ ਸੋਈ॥
ਹਰਿ ਪ੍ਰਭ ਬਿਨੁ ਅਵਰੁ ਨ ਕੋਈ॥੩॥
ਕਰਿ ਕਿਰਪਾ ਪ੍ਰਭਿ ਰਾਖੇ॥
ਸਭਿ ਜਨਮ ਜਨਮ ਦੁਖ ਲਾਥੇ॥
ਨਿਰਭਉ ਨਾਮੁ ਧਿਆਇਆ॥
ਅਟਲ ਸੁਖੁ ਨਾਨਕ ਪਾਇਆ॥੪॥

ਪੰਜਵੇਂ ਗੁਰਦੇਵ ਪਿਤਾ ਇਸ ਸ਼ਬਦ ਵਿਚ ਆਖਦੇ ਹਨ, ਹੇ ਭਾਈ! ਜਦੋਂ ਦੀ ਪੂਰੇ ਗੁਰੂ ਨੇ ਮੇਰੇ ਉਤੇ ਆਪਣੀ ਕਿਰਪਾ ਕਰ ਦਿੱਤੀ ਹੈ, ਉਦੋਂ ਦੀ ਹੀ ਮੇਰੀ ਉਚੀ ਆਤਮਿਕ ਅਵਸਥਾ ਬਣ ਗਈ ਹੈ। ਗੁਰੂ ਦੀ ਮਿਹਰ ਸਦਕਾ ਹੀ ਉਹ ਪ੍ਰਭੂ ਜੋ ਮੇਰੇ ਮਨ ਨੂੰ ਬਹੁਤ ਭਾਉਂਦਾ ਸੀ, ਉਹ ਵੀ ਮਿਲ ਪਿਆ ਏ ਅਤੇ ਉਸ ਮਿਹਰਵਾਨ ਪ੍ਰਭੂ ਦੇ ਮਿਲਾਪ ਸਦਕਾ ਹੀ ਹੁਣ ਮੇਰੇ ਅੰਦਰ ਸਹਿਜ ਅਵਸਥਾ ਅਤੇ ਹਰ ਵੇਲੇ ਹੀ ਸੁਖ ਤੇ ਅਨੰਦ ਭੀ ਬਣੇ ਰਹਿੰਦੇ ਹਨ।

ਹਰਿ ਕੀ ਪ੍ਰੇਮ ਭਗਤਿ ਮਨੁ ਲੀਨਾ॥
ਨਿਤ ਬਾਜੇ ਅਨਹਤ ਬੀਨਾ॥ਰਹਾਉ॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਸ਼ਬਦ ਦੀ ਰਹਾਉ ਪੰਕਤੀ ਵਿਚ ਕਿੰਨਾ ਸੋਹਣਾ ਵਰਨਣ ਕਰਦੇ ਹਨ- ਹਰਿ ਕੀ ਪ੍ਰੇਮ ਭਗਤਿ ਮਨੁ ਲੀਨਾ, ਹੇ ਭਾਈ! ਜਿਸ ਜੀਵ ਦਾ ਮਨ ਉਸ ਮਿਹਰਵਾਨ ਪ੍ਰਭੂ ਜੀ ਦੀ ਪ੍ਰੇਮ ਨਾਲ ਭਰਪੂਰ ਭਗਤੀ ਵਿਚ ਲੀਨ ਹੋ ਜਾਂਦਾ ਹੈ, ਟਿਕਾਉ ਵਿਚ ਆ ਜਾਂਦਾ ਹੈ; ਨਿਤ ਬਾਜੇ ਅਨਹਤ ਬੀਨਾ, ਤਾਂ ਫਿਰ ਹੇ ਭਾਈ! ਉਸ ਵਡਭਾਗੇ ਜੀਵ ਦੇ ਅੰਦਰ ਆਤਮਿਕ ਆਨੰਦ ਦੀ ਬੀਣਾ ਇਕਰਸ ਲਗਾਤਾਰ ਹੀ ਵਜਦੀ ਰਹਿੰਦੀ ਹੈ, ਪਰ ਹੇ ਭਾਈ! ਪ੍ਰਭੂ ਭਗਤੀ ਅਤੇ ਪ੍ਰਭੂ ਦਾ ਮਿਲਾਪ ਤਾਂ ਪੂਰੇ ਗੁਰੂ ਦੀ ਮਿਹਰ ਨਾਲ ਹੀ ਪ੍ਰਾਪਤ ਹੁੰਦਾ ਹੈ, ਸੌ ਗੁਰੂ ਨਾਲ ਜੁੜੀਏ।

ਹਰਿ ਚਰਣ ਕੀ ਓਟ ਸਤਾਣੀ॥
ਸਭ ਚੂਕੀ ਕਾਣਿ ਲੋਕਾਣੀ॥
ਜਗਜੀਵਨੁ ਦਾਤਾ ਪਾਇਆ॥
ਹਰਿ ਰਸਕਿ ਰਸਕਿ ਗੁਣ ਗਾਇਆ॥੨॥

ਗੁਰਦੇਵ ਜੀ ਆਖਦੇ ਹਨ, ਹੇ ਭਾਈ! ਜਿਸ ਜੀਵ ਨੇ ਉਸ ਮਾਲਕ ਹਰੀ ਪ੍ਰਭੂ ਦੇ ਚਰਨਾਂ ਦਾ ਓਟ ਤੇ ਆਸਰਾ ਲੈ ਲਿਆ, ਉਸ ਵਡਭਾਗੇ ਜੀਵ ਦੀ ਇਸ ਸੰਸਾਰ ਦੇ ਲੋਕਾਂ ਵਾਲੀ ਸਾਰੀ ਹੀ ਮੁਥਾਜੀ ਮੁੱਕ ਗਈ; ਜਗਜੀਵਨੁ ਦਾਤਾ ਪਾਇਆ, ਗੁਰੂ ਦੀ ਕਿਰਪਾ ਸਦਕਾ ਜਿਸ ਜੀਵ ਨੂੰ ਜਗਤ ਦਾ ਦਾਤਾ ਅਤੇ ਸਭ ਦਾ ਸਹਾਰਾ ਪ੍ਰਭੂ ਮਿਲ ਪੈਂਦਾ ਹੈ, ਉਹ ਜੀਵ ਪ੍ਰਭੂ ਦੇ ਪ੍ਰੇਮ ਰਸ ਵਿਚ ਮਗਨ ਹੋ ਕੇ ਉਸ ਦੀ ਸਿਫਤ ਸਾਲਾਹ ਦਾ ਗਾਇਣ ਕਰਦਾ ਹੈ।

ਪ੍ਰਭ ਕਾਟਿਆ ਜਮ ਕਾ ਫਾਸਾ॥
ਮਨ ਪੂਰਨ ਹੋਈ ਆਸਾ॥
ਜਹ ਪੇਖਾ ਤਹ ਸੋਈ॥
ਹਰਿ ਪ੍ਰਭ ਬਿਨੁ ਅਵਰੁ ਨ ਕੋਈ॥੩॥

ਹੁਣ ਗੁਰਦੇਵ ਪਿਤਾ ਜੀ ਆਖ ਰਹੇ ਹਨ, ਪ੍ਰਭ ਕਾਟਿਆ ਜਮ ਕਾ ਫਾਸਾ, ਹੇ ਭਾਈ! ਉਸ ਮਿਹਰਵਾਨ ਪ੍ਰਭੂ ਜੀ ਨੇ ਮਿਹਰਾਂ ਦੇ ਘਰ ਵਿਚ ਆ ਕੇ ਮੇਰੀ ਜਮ ਦੀ ਫਾਹੀ ਕੱਟ ਦਿੱਤੀ ਹੈ; ਮਨ ਪੂਰਨ ਹੋਈ ਆਸਾ, ਤੇ ਹੇ ਭਾਈ! ਮੇਰੇ ਮਨ ਵਿਚ ਜੋ ਪ੍ਰਭੂ ਮਿਲਨ ਲਈ ਬਹੁਤ ਚਿਰਾਂ ਦੀ ਆਸ ਸੀ, ਉਹ ਵੀ ਪੂਰੀ ਹੋ ਗਈ ਹੈ; ਜਹ ਪੇਖਾ ਤਹ ਸੋਈ, ਭਾਵ ਹੁਣ ਮੈਂ ਜਿਧਰ ਵੀ ਜਿਸ ਪਾਸੇ ਵੀ ਵੇਖਦਾ ਹਾਂ, ਮੈਨੂੰ ਪ੍ਰਭੂ ਹੀ ਦਿਖਾਈ ਦਿੰਦਾ ਹੈ; ਹਰਿ ਪ੍ਰਭ ਬਿਨੁ ਅਵਰੁ ਨ ਕੋਈ, ਤੇ ਉਸ ਜਗਤ ਪਿਤਾ ਪ੍ਰਭੂ ਜੀ ਤੋਂ ਬਿਨਾਂ ਹੁਣ ਮੈਨੂੰ ਹੋਰ ਕੁਝ ਵੀ ਦਿਖਾਈ ਨਹੀਂ ਦਿੰਦਾ।

ਕਰਿ ਕਿਰਪਾ ਪ੍ਰਭਿ ਰਾਖੇ॥
ਸਭਿ ਜਨਮ ਜਨਮ ਦੁਖ ਲਾਥੇ॥
ਨਿਰਭਉ ਨਾਮੁ ਧਿਆਇਆ॥
ਅਟਲ ਸੁਖੁ ਨਾਨਕ ਪਾਇਆ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰ ਆਖ ਰਹੇ ਹਨ- ਕਰਿ ਕਿਰਪਾ ਪ੍ਰਭਿ ਰਾਖੇ, ਹੇ ਭਾਈ! ਉਸ ਮਿਹਰਵਾਨ ਜਗਤ ਪਿਤਾ ਪ੍ਰਭੂ ਜੀ ਨੇ ਕਿਰਪਾ ਕਰ ਕੇ ਜਿਨ੍ਹਾਂ ਜੀਵਾਂ ਦੀ ਰੱਖਿਆ ਕੀਤੀ; ਸਭਿ ਜਨਮ ਜਨਮ ਦੁਖ ਲਾਥੇ, ਹੇ ਭਾਈ! ਫਿਰ ਉਨ੍ਹਾਂ ਜੀਵਾਂ ਦੇ ਅਨੇਕਾਂ ਹੀ ਜਨਮਾਂ ਜਨਮਾਂਤਰਾਂ ਦੇ ਦੁੱਖ ਦੂਰ ਹੋ ਗਏ; ਨਿਰਭਉ ਨਾਮੁ ਧਿਆਇਆ, ਭਾਵ ਜਿਨ੍ਹਾਂ ਜੀਵਾਂ ਨੇ ਉਸ ਨਿਰਭਉ ਪ੍ਰਭੂ ਜੀ ਦੇ ਨਾਮ ਦਾ ਸਿਮਰਨ ਕੀਤਾ; ਅਟਲ ਸੁਖੁ ਨਾਨਕ ਪਾਇਆ, ਫਿਰ ਹੇ ਨਾਨਕ! ਉਨ੍ਹਾਂ ਜੀਵਾਂ ਨੇ ਸਦਾ ਹੀ ਅਟਲ ਰਹਿਣ ਵਾਲਾ ਸੁਖ ਪ੍ਰਾਪਤ ਕਰ ਲਿਆ ਜੋ ਕਦੀ ਵੀ ਖਤਮ ਹੋਣ ਵਾਲਾ ਨਹੀਂ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਕਿਸੇ ਸਾਹਿਤਕਾਰ ਦੇ ਪਹਿਲੇ ਦਰਸ਼ਨ

## ਚੇਤਾ ਤੇ ਚਰਚਾ

## ਬੀਬੀ ਹਰਨਾਮ ਕੌਰ-1

ਸਾਡੇ ਪਿੰਡ ਪਿੱਥੋ ਦੇ ਗੁਰਦੁਆਰਾ ਸਾਹਿਬ ਵਿਚ ਕਿਸੇ ਗੁਰਪੁਰਬ ਦਾ ਦੀਵਾਨ ਸਜਿਆ ਹੋਇਆ ਸੀ। ਮੈਂ ਅੱਠ-ਦਸ ਸਾਲ ਦਾ ਹੋਵਾਂਗਾ ਅਤੇ ਬਾਪੂ ਜੀ ਦੇ ਕੋਲ ਬੈਠਾ ਹੋਇਆ ਸੀ। ਪੰਤਾਲੀ-ਪੰਜਾਹ ਸਾਲ ਦੀ ਇਕ ਸੁਆਣੀ ਆਈ ਜੋ ਮੈਂ ਪਹਿਲਾਂ ਕਦੀ ਦੇਖੀ ਨਹੀਂ ਸੀ। ਉਹਦੀ ਛੱਬ ਅਨੋਖੀ ਸੀ, ਚਿਹਰਾ ਸ਼ਾਂਤ-ਸੰਤੁਸ਼ਟ ਸੀ ਅਤੇ ਕੱਪੜੇ ਅਜਿਹੇ ਸਨ ਜਿਹੋ ਜਿਹੇ ਸਾਡੇ ਪਿੰਡਾਂ ਦੇ ਚੰਗੇ ਖਾਂਦੇ-ਪੀਂਦੇ ਕਿਸਾਨ ਘਰਾਂ ਦੀਆਂ ਇਸਤਰੀਆਂ ਨੂੰ ਵੀ ਨਾ ਨਸੀਬ ਸਨ ਤੇ ਨਾ ਹੀ ਪ੍ਰਾਪਤ ਸਨ। ਉਹਦੇ ਜੋੜੇ ਹੋਏ ਹੱਥਾਂ ਵਿਚ ਸੂਹੇ ਗੁਲਾਬ ਦਾ ਵੱਡਾ ਭਰਵਾਂ ਸੱਜਰਾ



ਗੁਰਬਚਨ ਸਿੰਘ ਭੁੱਲਰ
ਫੋਨ: 91-11-65736868
bhullargs@gmail.com

ਫੁੱਲ ਫੜਿਆ ਹੋਇਆ ਸੀ। ਅਚੰਭਿਤ ਹੋਈ ਮੇਰੀ ਨਿਆਣੀ ਨਜ਼ਰ ਉਹਦੀ ਸਹਿਜ ਚਾਲ ਦੇ ਨਾਲ ਨਾਲ ਚੱਲਣ ਲੱਗੀ।

ਲੋਕ ਉਸ ਸਮੇਂ ਆਮ ਕਰਕੇ ਵਿਤ ਅਨੁਸਾਰ ਆਨੇ, ਦੁਆਨੀਆਂ, ਚੁਆਨੀਆਂ, ਅਠਿਆਨੀਆਂ ਮੱਥਾ ਟੇਕਿਆ ਕਰਦੇ ਸਨ। ਮੈਨੂੰ ਅੱਜ ਵੀ ਸਪੱਸ਼ਟ ਚੇਤੇ ਹੈ ਕਿ ਹਰ ਵਾਰ ਗੁਰਪੁਰਬ ਮੌਕੇ ਜਦੋਂ ਜਲੂਸ ਅਰੰਭ ਹੁੰਦਾ, ਗੁਰਦੁਆਰੇ ਤੇ ਪਿੰਡ ਵਿਚਕਾਰ ਉਸ ਵੇਲੇ ਮੌਜੂਦ ਮੈਦਾਨ ਨੂੰ ਪਾਰ ਕਰ ਕੇ ਰਾਹ ਵਿਚ ਸਾਹਮਣੇ ਸਭ ਤੋਂ ਪਹਿਲਾਂ 'ਨਾਭੇ ਵਾਲਿਆਂ ਦੀ ਮਸ਼ੀਨ' ਆਉਂਦੀ ਸੀ ਅਤੇ ਮਸ਼ੀਨ ਦਾ ਪ੍ਰਬੰਧਕ ਚਾਚਾ ਜੀ ਸਰਵਣ ਸਿੰਘ ਘੰਧਾਰੀ ਕਾ ਸ਼ਰਧਾ ਨਾਲ ਜੋੜੇ ਹੋਏ ਹੱਥਾਂ ਵਿਚ ਫੜਿਆ ਹੋਇਆ ਪਹਿਲਾ ਰੁਪਈਆ ਭੇਟ ਕਰ ਕੇ ਸੰਤੋਖ ਤੇ ਮਾਣ ਮਹਿਸੂਸ ਕਰਦਾ। ਪਤਾ ਨਹੀਂ ਇਹ ਭੇਟ ਉਸ ਦੀ ਨਿੱਜੀ ਹੁੰਦੀ ਸੀ ਜਾਂ ਮਸ਼ੀਨ ਦੇ ਲੇਖੇ ਵਿਚੋਂ! ਖੈਰ, ਉਸ ਦਿਨ ਉਸ ਸੁਆਣੀ ਨੇ ਹਰ ਕਿਸੇ ਵਾਂਗ ਪੈਸੇ ਟੇਕਣ ਦੀ ਥਾਂ ਉਹ ਫੁੱਲ ਭੇਟ ਕੀਤਾ। ਕਈ ਪਲ ਉਹਨੇ ਮਹਾਰਾਜ ਦੇ ਹਜ਼ੂਰ ਮੱਥਾ ਟੇਕੀ ਰੱਖਿਆ ਤੇ ਫੇਰ ਬੀਬੀਆਂ ਵੱਲੋਂ ਪਿੱਛੇ ਨੂੰ ਖਿਸਕ ਕੇ ਬਣਾਈ ਥਾਂ ਉਤੇ ਉਨ੍ਹਾਂ ਵੱਲ ਨਿਮਰਤਾ ਨਾਲ ਹੱਥ ਜੋੜਦਿਆਂ ਬੈਠ ਗਈ।

ਉਹਨੂੰ ਪਹਿਲੀ ਵਾਰ ਦੇਖ ਕੇ ਹੈਰਾਨੀ ਜਿਹੀ ਦੇ ਭਾਵ ਨਾਲ ਖੁੱਲ੍ਹਿਆ ਮੇਰਾ ਬਾਲ-ਮੂੰਹ ਜਦੋਂ ਉਹਦੇ ਬੈਠ ਜਾਣ ਮਗਰੋਂ ਬੰਦ ਹੋਇਆ, ਮੈਂ ਪੁੱਛਿਆ,"ਬਾਪੂ ਜੀ, ਇਹ ਕੌਣ ਹੈ?" ਉਹ ਬੋਲੇ, "ਦੀਵਾਨ ਤੋਂ ਮਗਰੋਂ ਦੱਸੂੰ, ਹੁਣ ਚੁੱਪ ਕਰ।" ਉਨ੍ਹਾਂ ਨੇ ਦੱਸਿਆ,"ਇਹ ਬੀਬੀ ਹਰਨਾਮ ਕੌਰ ਹੈ, ਭਾਈ ਕਾਨ੍ਹ ਸਿੰਘ ਦੀ ਨੂੰਹ। ਇਹ ਨਾਭੇ ਤੋਂ ਪਿੰਡ ਆਈ ਹੋਈ ਹੈ। ਕਵਿਤਾ ਲਿਖਦੀ ਹੈ। ਭਾਈ ਸਾਹਿਬ ਵਾਂਗ ਹੀ ਸਾਹਿਤਕਾਰ ਹੈ।" ਉਸ ਵੇਲੇ ਅਲੋਕਾਰ ਲੱਗੀ ਹੋਣ ਕਰਕੇ ਇਹ ਘਟਨਾ ਭਾਵੇਂ ਮੇਰੇ ਚੇਤੇ ਵਿਚ ਤਾਂ ਟਿਕ ਗਈ, ਪਰ ਇਹਦਾ ਭਾਵ-ਅਰਥ ਬਹੁਤ ਅੱਗੇ ਚੱਲ ਕੇ ਤਦ ਸਮਝ ਆਇਆ ਜਦੋਂ ਮੇਰਾ ਆਪਣਾ ਵਾਹ ਸਾਹਿਤ ਨਾਲ ਪਿਆ। ਉਹ ਇਹ ਕਿ ਸਾਹਿਤ ਤੇ ਕਲਾ ਦੇ ਸੰਸਾਰ ਵਿਚ ਵਿਚਰਦਿਆਂ ਸਾਹਿਤਕਾਰ ਲਈ ਸਥੂਲ ਨਾਲੋਂ ਸੂਖ਼ਮ ਦਾ, ਮਾਇਆ ਨਾਲੋਂ ਫੁੱਲ ਦਾ, ਪਦਾਰਥ ਨਾਲੋਂ ਸੁਹਜ ਦਾ ਮਹੱਤਵ ਕਿਤੇ ਵੱਧ ਹੁੰਦਾ ਹੈ!

ਭਾਈ ਕਾਨ੍ਹ ਸਿੰਘ ਨੂੰ ਦੇਖ ਸਕਣਾ ਸਮੇਂ ਦੀ ਵਿੱਥ ਕਾਰਨ ਮੇਰੇ ਲਈ ਸੰਭਵ ਹੀ ਨਹੀਂ ਸੀ। ਜਦੋਂ 23 ਨਵੰਬਰ 1938 ਨੂੰ ਉਨ੍ਹਾਂ ਦਾ ਸਵਰਗਵਾਸ ਹੋਇਆ, ਮੈਂ ਕੁੱਲ ਇਕ ਸਾਲ ਅੱਠ ਮਹੀਨੇ ਪੰਜ ਦਿਨ ਦਾ ਸੀ। 15 ਫਰਵਰੀ 1892 ਨੂੰ ਜਨਮੇ ਉਨ੍ਹਾਂ ਦੇ ਇਕਲੌਤੇ ਪੁੱਤਰ ਭਾਈ ਭਗਵੰਤ ਸਿੰਘ ਹਰੀ ਜੀ, ਜਿਨ੍ਹਾਂ ਨਾਲ ਬੀਬੀ ਹਰਨਾਮ ਕੌਰ ਦਾ ਜੀਵਨ-ਸਾਥ ਸੀ, ਚੰਗੇ ਵਿਦਵਾਨ, ਖੋਜਕਾਰ ਤੇ ਲੇਖਕ ਸਨ। ਉਹ ਪਿੰਡ ਵੀ ਅਕਸਰ ਆਉਂਦੇ ਰਹਿੰਦੇ ਸਨ। ਖੇਤ ਵਾਲੀ ਕੋਠੀ ਦੁਆਲੇ ਲੱਗੇ ਹੋਏ ਬਾਗ ਨਾਲ ਉਨ੍ਹਾਂ ਦਾ ਵਿਸ਼ੇਸ਼ ਮੋਹ ਸੀ। ਪਿੱਥੋ ਵਿਖੇ ਉਚੇਚ ਨਾਲ ਖਿਚਵਾਈ ਗਈ ਇਕ ਵਡਮੁੱਲੀ ਤਸਵੀਰ ਸਾਨੂੰ ਪ੍ਰਾਪਤ ਹੈ ਜਿਸ ਵਿਚ ਹਰੀ ਜੀ ਤੇ ਬੀਬੀ ਹਰਨਾਮ ਕੌਰ ਦੇ ਦੋਵੇਂ ਪਾਸੇ ਉਨ੍ਹਾਂ ਦੀਆਂ ਧੀਆਂ ਹਰਿਦਰਸ਼ਨ ਕੌਰ ਤੇ ਨਰਿੰਦਰ ਕੌਰ ਕੁਰਸੀਆਂ ਉਤੇ ਹਨ ਅਤੇ ਪਿੱਛੇ ਉਨ੍ਹਾਂ ਦੇ ਤਿੰਨੇ ਪੁੱਤਰ ਸੁਦਰਸ਼ਨ ਸਿੰਘ, ਮਹਿੰਦਰ ਸਿੰਘ ਤੇ ਮਨਮੋਹਨ ਸਿੰਘ ਖਲੋਤੇ ਹੋਏ ਹਨ।

ਹੁਣ ਇਨ੍ਹਾਂ ਪੰਜਾਂ ਵਿਚੋਂ ਕੋਈ ਵੀ ਸਾਡੇ ਵਿਚਕਾਰ ਨਹੀਂ ਰਿਹਾ! ਜਦੋਂ ਮੈਂ ਸਕੂਲ-ਕਾਲਜ ਪੜ੍ਹਦਾ ਸੀ, ਨੌਂ-ਦਸ ਸਾਲ ਵੱਡੇ ਮਨਮੋਹਨ ਸਿੰਘ ਨਾਲ, ਜਿਸ ਨੂੰ ਪਿੰਡ ਦੇ ਲੋਕ ਮੋਹਨ ਜੀ ਜਾਂ ਕਾਕਾ ਮੋਹਨੀ ਆਖਦੇ ਸਨ, ਫ਼ਤਿਹ ਸਾਂਝੀ ਹੁੰਦੀ। ਜ਼ਮੀਨ ਦੇ ਪ੍ਰਬੰਧ ਲਈ ਉਹ ਅਕਸਰ ਪਿੱਥੋ ਹੀ ਰਹਿੰਦਾ ਸੀ। ਇੰਨੇ ਮਾਣਜੋਗ ਵਿਰਸੇ ਦੇ ਬਾਵਜੂਦ ਸਾਹਿਤ ਵਿਚ ਉਹਦੀ ਕੋਈ ਰੁਚੀ ਨਹੀਂ ਸੀ। ਹਾਂ ਉਹਦੀ ਪਤਨੀ ਡਾ. ਰਛਪਾਲ ਕੌਰ ਜੋ ਪੰਜਾਬੀ ਯੂਨੀਵਰਸਿਟੀ ਵਿਚ ਕੰਮ ਕਰਦੀ ਰਹੀ, ਨੇ ਭਾਈ ਸਾਹਿਬ ਬਾਰੇ ਖੋਜ-ਕਾਰਜ ਕੀਤਾ।

ਹਰੀ ਜੀ ਨੇ ਖਾਲਸਾ ਕਾਲਜ ਅੰਮ੍ਰਿਤਸਰ ਅਤੇ ਮਹਿੰਦਰਾ ਕਾਲਜ ਪਟਿਆਲਾ ਦੀ ਪੜ੍ਹਾਈ ਮਗਰੋਂ ਕੁਛ ਸਮਾਂ ਠੇਕੇਦਾਰੀ ਵੀ ਕੀਤੀ। ਸੈਰ-ਸਪਾਟੇ ਦੇ ਰਸੀਏ ਹੋਣ ਕਰਕੇ ਉਹ ਇੰਗਲੈਂਡ, ਅਮਰੀਕਾ, ਕੈਨੇਡਾ, ਆਦਿ ਦੀ ਲੰਮੀ ਯਾਤਰਾ ਉਤੇ ਵੀ ਗਏ ਜਿਸ ਸਦਕਾ ਉਨ੍ਹਾਂ ਨੂੰ ਆਪਣੇ ਦੇਸ ਤੇ ਇਸ ਦੇ ਲੋਕਾਂ ਦਾ ਉਨ੍ਹਾਂ ਦੇਸਾਂ ਤੇ ਉਥੋਂ ਦੇ ਲੋਕਾਂ ਨਾਲ ਟਾਕਰਾ ਕਰ ਕੇ ਤੋਲ-ਪਰਖ ਕਰਨ ਦਾ ਮੌਕਾ ਮਿਲਿਆ। ਪ੍ਰੋ. ਪਿਆਰਾ ਸਿੰਘ ਪਦਮ, ਜਿਨ੍ਹਾਂ ਦਾ ਹਰੀ ਜੀ ਨਾਲ ਬਹੁਤ ਘਰੋਗੀ ਨੇੜ ਅਤੇ ਆਉਣਾ-ਜਾਣਾ ਸੀ, ਦਸਦੇ ਸਨ ਕਿ ਭਾਈ ਕਾਨ੍ਹ ਸਿੰਘ ਪੁੱਤਰ ਨੂੰ ਪੱਤਰਕਾਰੀ ਵਿਚ ਪੈਣ ਲਈ ਪਰੇਰਦੇ ਸਨ, ਪਰ ਇਸ ਪਾਸੇ ਉਨ੍ਹਾਂ ਦੀ ਰੁਚੀ ਬਣ ਨਾ ਸਕੀ। ਹਾਂ, ਆਪਣੇ ਵਿਦਵਾਨ ਪਿਤਾ ਨੂੰ ਪੂਰੀ ਤਰ੍ਹਾਂ ਕਲਮ ਦੇ ਲੇਖੇ ਲੱਗਿਆ ਦੇਖ ਕੇ, ਅਕਸਰ ਘਰ ਆਉਂਦੇ ਰਹਿੰਦੇ ਸੂਝਵਾਨ ਸੱਜਣਾਂ ਦੀ ਉਨ੍ਹਾਂ ਨਾਲ ਹੁੰਦੀ ਗਿਆਨ-ਭਰਪੂਰ ਗੱਲਬਾਤ ਸੁਣ ਕੇ ਅਤੇ ਆਪ ਵੀ ਉਨ੍ਹਾਂ ਦੀ ਸੰਗਤ ਮਾਣ ਕੇ ਹਰੀ ਜੀ ਦਾ ਭਵਿੱਖ ਆਪਣੇ ਆਪ ਤੈਅ ਹੋ ਗਿਆ।

ਸੋਨੇ ਲਈ ਸੁਹਾਗੇ ਦਾ ਕੰਮ 9 ਨਵੰਬਰ 1915 ਨੂੰ ਕਵਿੱਤਰੀ ਬੀਬੀ ਹਰਨਾਮ ਕੌਰ ਨਾਲ ਬਣੇ ਉਨ੍ਹਾਂ ਦੇ ਜੀਵਨ-ਸਾਥ ਨੇ ਕੀਤਾ। ਇਸ ਆਧਾਰ ਉਤੇ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਉਨ੍ਹਾਂ ਦਾ ਸਥਾਨ ਦਸਮ ਗ੍ਰੰਥ ਦੇ ਖੋਜਕਾਰ ਵਜੋਂ ਬਣਨਾ ਹੀ ਨਿਸਚਿਤ ਹੋ ਗਿਆ। ਇਹ ਉਨ੍ਹਾਂ ਦੀ ਭਾਸ਼ਾਈ ਚੇਤਨਾ ਤੇ ਸੋਝੀ ਹੀ ਸੀ ਕਿ ਉਸ ਜ਼ਮਾਨੇ ਵਿਚ ਵੀ ਉਹ ਚਿੱਠੀ ਤਾਂ ਪੰਜਾਬੀ ਵਿਚ ਲਿਖਦੇ ਹੀ, ਸਿਰਨਾਵਾਂ ਵੀ ਪੰਜਾਬੀ ਵਿਚ ਹੀ ਲਿਖਦੇ ਸਨ। ਇਕ ਦਿਲਚਸਪ ਤੱਥ ਇਹ ਦੇਖਣ ਵਿਚ ਆਇਆ ਕਿ ਰਚਨਾ ਕਾਰਜ ਦੇ ਵਡ-ਆਕਾਰੀ ਹੋਣ ਕਰਕੇ ਜਿਥੇ ਭਾਈ ਕਾਨ੍ਹ ਸਿੰਘ ਦੀ ਹੱਥ-ਲਿਖਤ ਵਿਚੋਂ ਕਾਹਲ ਝਲਕਦੀ ਸੀ, ਹਰੀ ਜੀ ਦੀ ਲਿਖਤ ਉਨ੍ਹਾਂ ਦੇ ਸੁਭਾਅ ਵਾਂਗ ਵਧੀਕ ਠਰ੍ਹੰਮੇ ਵਾਲੀ ਸੀ।

ਉਹ ਜ਼ਮਾਨਾ ਟਰੈਕਟਾਂ ਦਾ ਸੀ। ਜਦੋਂ ਕੋਈ ਰਚਨਾ ਲੰਮੇ ਲੇਖ ਦਾ ਰੂਪ ਧਾਰ ਜਾਂਦੀ, ਉਸ ਨੂੰ ਕਾਗ਼ਜ਼ੀ ਉਛਾੜ ਨਾਲ, ਜੋ ਕਈ ਵਾਰ ਤਾਂ ਵੱਖਰੇ ਮੋਟੇ ਕਾਗ਼ਜ਼ ਦਾ ਹੁੰਦਾ ਤੇ ਕਈ ਵਾਰ ਅੰਦਰਲੇ ਕਾਗ਼ਜ਼ ਦਾ ਹੀ ਹਿੱਸਾ ਹੁੰਦਾ, ਟਰੈਕਟ ਦੇ ਨਾਂ ਹੇਠ ਛਾਪ ਦਿੱਤਾ ਜਾਂਦਾ। ਭਾਈ ਭਗਵੰਤ ਸਿੰਘ ਹਰੀ ਜੀ ਨੇ ਅਰੰਭ 'ਰਾਮ ਨੀਤਿ' ਅਤੇ 'ਵਿਧੀ ਨਿਖੇਧ' ਨਾਂ ਦੇ ਦੋ ਟਰੈਕਟਾਂ ਤੋਂ ਕੀਤਾ। ਉਨ੍ਹਾਂ ਦੇ ਸਵਰਗਵਾਸ ਮਗਰੋਂ ਪੰਜਾਬੀ ਯੂਨੀਵਰਸਿਟੀ ਨੇ ਉਨ੍ਹਾਂ ਦੀ ਪੁਸਤਕ 'ਬਾਣੀ ਬਿਉਰਾ ਦਸਮ ਗ੍ਰੰਥ' ਅਤੇ ਉਨ੍ਹਾਂ ਦੀ ਪੰਦਰਾਂ-ਵੀਹ ਸਾਲਾਂ ਦੀ ਘਾਲਣਾ 'ਦਸਮ ਗ੍ਰੰਥ ਤੁਕ-ਤਤਕਰਾ' ਪ੍ਰਕਾਸ਼ਿਤ ਕੀਤੀਆਂ। ਹੁਣ ਕੰਪਿਊਟਰ ਅਤੇ ਲਿਖਣ-ਕਾਰਜ ਲਈ ਸਹਾਇਕ ਹੋਰ ਅਨੇਕ ਸਹੂਲਤਾਂ ਦੇ ਆਦੀ ਖੋਜਕਾਰ ਸੋਚ-ਕਲਪ ਵੀ ਨਹੀਂ ਸਕਦੇ ਕਿ ਦਸਮ ਗ੍ਰੰਥ ਜਿਹੀ ਵਡ-ਆਕਾਰੀ ਰਚਨਾ ਦਾ ਮੁਕੰਮਲ ਤੁਕ-ਤਤਕਰਾ ਤਿਆਰ ਕਰਨ ਵਾਸਤੇ ਹਰੀ ਜੀ ਨੂੰ ਕਿੰਨੀ ਸਰੀਰਕ ਤੇ ਦਿਮਾਗ਼ੀ ਮਿਹਨਤ ਕਰਨੀ ਪਈ ਹੋਵੇਗੀ।

ਇਸ ਤਿੱਕੜੀ ਤੋਂ ਪਿੱਛੋਂ ਪਰਿਵਾਰ ਵਿਚੋਂ ਭਾਵੇਂ ਡਾ. ਰਛਪਾਲ ਕੌਰ ਤੋਂ ਇਲਾਵਾ ਕੋਈ ਪੰਜਾਬੀ ਕਲਮਕਾਰ ਤਾਂ ਨਹੀਂ ਹੋਇਆ, ਤਾਂ ਵੀ ਕਈ ਜੀਅ ਸਾਹਿਤ ਨਾਲ ਲਗਾਉ ਜ਼ਰੂਰ ਰਖਦੇ ਰਹੇ ਹਨ। ਭਾਈ ਭਗਵੰਤ ਸਿੰਘ ਹਰੀ ਜੀ ਅਤੇ ਬੀਬੀ ਹਰਨਾਮ ਕੌਰ ਦੀ ਵੱਡੀ ਬੇਟੀ ਹਰਿਦਰਸ਼ਨ ਕੌਰ (1919-2010) ਉਨ੍ਹਾਂ ਵਿਚੋਂ ਇਕ ਸੀ। ਉਹ ਰਿਅਰ ਐਡਮਿਰਲ ਸਤੀਇੰਦਰ ਸਿੰਘ, ਏ ਵੀ ਐਸ ਐਮ, ਨੂੰ ਵਿਆਹੀ ਹੋਈ ਸੀ ਜੋ ਪ੍ਰਸਿੱਧ ਅੰਗਰੇਜ਼ੀ ਪੱਤਰ 'ਸਿੱਖ ਰੀਵਿਊ' ਦੇ ਸੰਪਾਦਕੀ ਮੰਡਲ ਵਿਚ ਰਹੇ ਅਤੇ ਜਿਨ੍ਹਾਂ ਨੇ, ਖਾਸ ਕਰਕੇ ਜਲ ਸੈਨਾ ਬਾਰੇ, ਅੰਗਰੇਜ਼ੀ ਵਿਚ ਵਡਮੁੱਲੀਆਂ ਰਚਨਾਵਾਂ ਕੀਤੀਆਂ। ਹਰਿਦਰਸ਼ਨ ਕੌਰ ਨਾਲ ਮੇਰੇ ਮਿਲਣ ਅਤੇ ਗੱਲਾਂ ਕਰਨ ਦਾ ਸਬੱਬ ਉਸ ਸਮੇਂ ਬਣਿਆ ਜਦੋਂ ਦਿੱਲੀ ਦੂਰਦਰਸ਼ਨ ਨੇ 24 ਦਸੰਬਰ 1986 ਨੂੰ ਮੈਨੂੰ ਉਸ ਨਾਲ ਅਤੇ ਚਿਰਾਂ ਤੋਂ ਅੱਜ ਤੱਕ ਨਾਭਾ ਪਰਿਵਾਰ ਦਾ ਅੰਗ ਬਣੇ ਹੋਏ ਸਾਡੇ ਪਿੰਡ ਦੇ ਸੱਜਣ ਗੁਰਚਰਨ ਸਿੰਘ ਪੰਛੀ ਨਾਲ ਬੀਬੀ ਹਰਨਾਮ ਕੌਰ ਬਾਰੇ ਗੱਲਬਾਤ ਕਰਨ ਲਈ ਸੱਦਿਆ। ਉਸ ਇਕੋ ਮੁਲਾਕਾਤ ਵਿਚ, ਜਿੰਨਾ ਚਿਰ ਸਟੂਡੀਓ ਦੇ ਕਰਮਚਾਰੀ ਕੈਮਰਿਆਂ ਨੂੰ ਹੇਠ-ਉਤੇ ਤੇ ਸੱਜੇ-ਖੱਬੇ ਕਰਦੇ ਰਹੇ, ਮੈਨੂੰ ਬੀਬੀ ਹਰਨਾਮ ਕੌਰ ਤੇ ਹੋਰ ਪਰਿਵਾਰ ਬਾਰੇ ਉਸ ਨਾਲ ਗੱਲਾਂ ਕਰਨ ਦਾ ਖੁੱਲ੍ਹਾ ਮੌਕਾ ਮਿਲ ਗਿਆ।

ਅੱਗੇ ਚੱਲ ਕੇ ਕੁਛ ਹੋਰ ਕਵਿੱਤਰੀਆਂ ਦੀ ਦੱਸ ਪੈਣ, ਖਾਸ ਕਰਕੇ ਪੀਰੋ ਪ੍ਰੇਮਣ ਦੀ ਰਚਨਾ ਸਾਹਮਣੇ ਆਉਣ ਤੱਕ ਬੀਬੀ ਹਰਿਨਾਮ ਕੌਰ 1936 ਵਿਚ ਪ੍ਰਕਾਸ਼ਿਤ ਹੋਈ ਆਪਣੀ ਕਾਵਿ-ਪੁਸਤਕ 'ਅਰਸ਼ੀ ਕਲੀਆ', ਜਿਸ ਵਿਚ ਕੁਛ ਰਚਨਾਵਾਂ ਉਹਦੀ ਭੈਣ ਅਮਰ ਕੌਰ ਦੀਆਂ ਵੀ ਸ਼ਾਮਲ ਸਨ, ਸਦਕਾ ਪੰਜਾਬੀ ਦੀ ਪਹਿਲੀ ਕਵਿੱਤਰੀ ਦੇ ਸਥਾਨ ਉਤੇ ਸੁਸ਼ੋਭਿਤ ਰਹੀ। ਭਾਈ ਵੀਰ ਸਿੰਘ ਦੇ ਭਰਾਤਾ ਡਾ. ਬਲਬੀਰ ਸਿੰਘ, ਜੋ ਆਪ ਵੀ ਮੰਨੇ ਹੋਏ ਵਿਦਵਾਨ ਸਨ, ਨੇ ਲਿਖਿਆ ਸੀ,"ਲੋਕ ਗੀਤਾਂ ਤੋਂ ਪਿੱਛੋਂ ਪਹਿਲੀ ਵਾਰ ਪੰਜਾਬੀ ਵਿਚ ਬੀਬੀ ਹਰਨਾਮ ਕੌਰ ਨੇ ਹੀ ਕਵਿਤਾ ਲਿਖੀ ਹੈ।"

# ਨਿੱਤ ਉਡਣ ਜਹਾਜ਼ ਉਡੀਕਾਂ ਦੇ

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਪੰਜ ਦਿਨਾਂ ਤੋਂ ਮੈਂ ਆਪਣਾ ਸਾਰਾ ਸਾਮਾਨ ਦੋ ਅਟੈਚੀ ਕੇਸਾਂ ਵਿਚ ਪਾ ਕੇ ਉਪਰ ਦੀ ਹਰੀ ਰੱਸੀ ਲਪੇਟੀ ਬੈਠਾ ਸਾਂ। ਹੁਣ ਮੈਨੂੰ ਉਡੀਕ ਸੀ ਆਪਣੀ ਉਡਾਣ ਦੀ। ਉਡਾਣ ਵਾਲਾ ਦਿਨ ਆ ਨਹੀਂ ਸੀ ਰਿਹਾ। ਇਕ ਇਕ ਮਿੰਟ ਮਹੀਨਾ ਬਣ ਬਣ ਲੰਘ ਰਿਹਾ ਸੀ। ਮੈਂ ਚੁੱਪ-ਚੁਪੀਤੇ ਨਿਕਲਣ ਦਾ ਪ੍ਰੋਗਰਾਮ ਨਹੀਂ ਸੀ ਬਣਾਇਆ, ਸਗੋਂ ਸਾਰਿਆਂ ਨੂੰ ਦੱਸ ਕੇ ਜਾ ਰਿਹਾ ਸਾਂ, ਸਭ ਨਾਲ ਲੈਣ-ਦੇਣ ਮੁਕਾ ਕੇ। ਪਰਮਾਤਮਾ ਦਾ ਹੁਕਮ ਸਿਰ ਮੱਥੇ ਪ੍ਰਵਾਨ ਕਰ ਲਿਆ ਸੀ। ਫਿਰ ਉਹ ਦਿਨ ਆ ਗਿਆ ਜਿਸ ਦੀ ਉਡੀਕ ਸੀ। ਮੇਰਾ ਮਿੱਤਰ ਆਪਣੀ ਕਾਰ ਲੈ ਆਇਆ, ਤੇ ਅਸੀਂ ਸਾਮਾਨ ਰੱਖ ਕੇ ਗੁਰੂ ਘਰ ਮੱਥਾ ਟੇਕਣ ਚਲੇ ਗਏ। ਪਹਿਲਾਂ ਵਾਂਗ ਅੱਜ ਅੱਖਾਂ ਵਿਚ ਅੱਥਰੂ ਨਹੀਂ ਸਨ, ਕੋਈ ਮੰਗ ਨਹੀਂ ਸੀ। ਸ਼ੁਕਰਾਨਾ 'ਚ ਹੱਥ ਜੁੜੇ ਹੋਏ ਸਨ, ਪਰਮਾਤਮਾ ਤੇਰੀ ਕਿਰਪਾ ਨਾਲ ਬਹੁਤ ਕੁਝ ਮਿਲਿਆ ਹੈ।

ਚਾਹ ਪੀ ਕੇ ਅਸੀਂ ਆਪਣੀ ਕਾਰ ਹਾਈਵੇ 80 'ਤੇ ਚਾੜ੍ਹ ਲਈ। ਮੇਰੀਆਂ ਅੱਖਾਂ ਉਚੀਆਂ ਇਮਾਰਤਾਂ ਤੱਕ ਰਹੀਆਂ ਸਨ, ਸ਼ਾਇਦ ਇਹ ਆਖਰੀ ਝਾਕੀ ਸੀ। ਦਿਲ ਨੂੰ ਹੌਲ ਜਿਹਾ ਪੈ ਰਿਹਾ ਸੀ। ਮੈਂ ਤੇ ਮਿੱਤਰ ਗੱਲਾਂ ਕਰਦੇ ਕਈ ਵਾਰ ਚੁੱਪ ਕਰ ਜਾਂਦੇ। ਫਿਰ ਕਿੰਨਾ ਸਮਾਂ ਗੱਲ ਦੁਬਾਰਾ ਸ਼ੁਰੂ ਨਾ ਹੁੰਦੀ। ਸ਼ਾਇਦ ਮੇਰੇ ਇਸ ਮਿੱਤਰ ਨੂੰ ਵੀ ਮੇਰੇ ਵਿਛੜਨ ਦਾ ਗਮ ਸੀ। ਸ਼ਾਇਦ ਉਹ ਚੁੱਪ ਦੇ ਪਾਣੀ ਨਾਲ ਸਾਰਾ ਗਮ ਪੀ ਜਾਣਾ ਚਾਹੁੰਦਾ ਸੀ। ਫਿਰ ਮੈਂ ਕਹਿ ਦਿੰਦਾ, "ਤਾਰੀ, ਆਹ 'ਟਾਕੋ ਬੈਲ' ਉਤੇ ਵੀ ਆਪਾਂ ਇਕ ਵਾਰ ਖਾਣਾ ਖਾਧਾ ਸੀ।"

ਉਹ 'ਹਾਂ' ਕਹਿ ਦਿੰਦਾ। ਫਿਰ ਮੈਂ ਉਸ ਦਾ ਧਿਆਨ ਖਿੱਚਦਾ ਤੇ ਕਹਿੰਦਾ, "ਆਹ ਦੇਖ ਉਏ ਪੰਜਾਬੀ ਢਾਬਾ ਗਰੇਵਾਲਾਂ ਦਾ। ਆਪਾਂ ਕਿੰਨੀ ਵਾਰ ਇਥੇ ਰੋਟੀ ਖਾਧੀ ਸੀ।" ਉਹ ਜਵਾਬ ਦੇਣ ਦੀ ਥਾਂ ਖਿਝ ਕੇ ਕਹਿੰਦਾ, "ਲਾਡੀ ਯਾਰ, ਤੂੰ ਦੋ ਚਾਰ ਮਹੀਨੇ ਹੋਰ ਉਡੀਕ ਨਹੀਂ ਸੀ ਕਰ ਸਕਦਾ। ਸ਼ਾਇਦ ਵਾਹਿਗੁਰੂ ਤੇਰੀ ਆਵਾਜ਼ ਸੁਣ ਲੈਂਦਾ।"

"ਵੀਰ, ਮੈਂ ਪਿਛਲੇ ਪੰਦਰਾਂ ਸਾਲਾਂ ਤੋਂ ਜੋ ਉਡੀਕ ਰਿਹਾ ਸੀ... ਉਹ ਹੁਣ ਤੱਕ ਨਹੀਂ ਮਿਲਿਆ ਤੇ ਅਗਾਂਹ ਮਿਲਣ ਦੀ ਮੈਨੂੰ ਕੋਈ ਆਸ ਨਹੀਂ ਹੈ।" ਮੈਂ ਉਤਰ ਦਿੱਤਾ।

ਫੇਅਰਫੀਲਡ ਸ਼ਹਿਰ ਲੰਘੇ ਤਾਂ ਪਤਾ ਲੱਗਿਆ ਕਿ ਅਗਾਂਹ ਬੜਾ ਭਿਆਨਕ ਐਕਸੀਡੈਂਟ ਹੋਇਆ ਹੈ। ਕਈ ਕਾਰਾਂ ਆਪਸ ਵਿਚ ਭਿੜ ਗਈਆਂ ਸਨ। ਟਰੈਫਿਕ ਜੂੰ ਦੀ ਚਾਲ ਹੋ ਗਿਆ ਸੀ। ਮੈਂ ਸੀਟ ਪਿਛਾਂਹ ਕਰਦਿਆਂ ਮੱਥੇ 'ਤੇ ਆਪਣੀ ਬਾਂਹ ਰੱਖਦਿਆਂ ਮਨ ਦੇ ਜਹਾਜ਼ ਵਿਚ ਚੜ੍ਹ ਕੇ ਪੰਦਰਾਂ ਸਾਲ ਪਹਿਲਾਂ ਵਾਲੇ ਪਿੰਡ ਪਹੁੰਚ ਗਿਆ...

ਮੈਂ ਮਾਪਿਆਂ ਦਾ ਇਕਲੌਤਾ ਪੁੱਤ ਸੀ। ਚੜ੍ਹਦੀ ਉਮਰੇ ਮਾਪਿਆਂ ਨੇ ਵਿਆਹ ਕਰ ਦਿੱਤਾ। ਪਹਿਲਾਂ ਧੀ ਹੋਈ, ਫਿਰ ਪੁੱਤ। ਬਾਪੂ ਮੇਰਾ ਪਿੰਡ ਦੀ ਸਹਿਕਾਰੀ ਸੁਸਇਟੀ ਵਿਚ ਲੱਗਾ ਹੋਇਆ ਸੀ। ਮੈਂ ਖੇਤੀ ਕਰਦਾ ਸੀ। ਕੋਈ ਵਾਧੂ ਖਰਚਾ ਨਹੀਂ ਸੀ। ਰੱਬ ਦੀ ਪੂਰੀ ਕ੍ਰਿਪਾ ਸੀ। ਇਕ ਦਿਨ ਮਾਮਾ ਆਇਆ ਤੇ ਕਹਿੰਦਾ, "ਭੈਣੇ, ਰੂਪ ਨੂੰ ਤਾਂ ਬਾਹਰ ਕੱਢਣਾ ਪਊਗਾ। ਨਹੀਂ ਤਾਂ ਪੁਲਿਸ ਨੇ ਸਾਰੀਆਂ ਰਿਸ਼ਤੇਦਾਰੀਆਂ ਨੂੰ ਵੀ ਬੰਨ੍ਹ ਕੇ ਥਾਣੇ ਲੈ ਜਾਣਾ ਹੈ। ਉਸ ਨੂੰ ਕਈ ਵਾਰ ਰੋਕਿਆ ਹੈ, ਉਹ ਰੁਕਦਾ ਨਹੀਂ। ਹਮੇਸ਼ਾਂ ਸਿੰਘਾਂ ਦੀਆਂ ਗੱਲਾਂ ਕਰਦਾ ਹੈ।"

ਮਾਮੇ ਦਾ ਇਸ਼ਾਰਾ ਖਾੜਕੂ ਸਿੰਘਾਂ ਤੋਂ ਸੀ। ਮੇਰੀ ਮਾਂ ਸੁਣ ਕੇ ਬੋਲੀ, "ਵੀਰ, ਉਸ ਨੂੰ ਉਸ ਦੇ ਮਾਮਿਆਂ ਕੋਲ ਯੂ.ਪੀ. ਭੇਜ ਦਿਉ।"

"ਯੂ.ਪੀ. ਨਾਲ ਨਹੀਂ ਸਰਨਾ। ਇਸ ਨੂੰ ਤਾਂ ਸੱਤ ਸਮੁੰਦਰੋਂ ਪਾਰ ਭੇਜਣਾ ਪਊ। ਜੇ ਆਪਾਂ ਲਾਡੀ ਨੂੰ ਵੀ ਨਾਲ ਭੇਜ ਦੇਈਏ ਤਾਂ ਦੋਵਾਂ ਦਾ ਸਾਥ ਬਣ ਜਾਊ। ਦੋਵਾਂ ਦੇ ਪੈਸੇ ਮੈਂ ਆਪੇ ਭਰ ਦੇਊਂਗਾ।" ਮਾਮਾ ਆਪਣੇ ਦਿਲ ਦੀ ਕਹਿ ਗਿਆ।

ਸਾਡਾ ਪਰਿਵਾਰ ਵੀ ਇਸ ਲਾਲਚ ਵਿਚ ਆ ਗਿਆ ਕਿ ਮੁੰਡਾ ਬਿਨਾਂ ਪੈਸਿਆਂ ਤੋਂ ਜਹਾਜ਼ ਚੜ੍ਹਨ ਲੱਗਾ ਹੈ। ਉਨ੍ਹਾਂ ਨੇ ਮਾੜੀ ਜਿਹੀ ਨਾਂਹ-ਨੁੱਕਰ ਕਰਦਿਆਂ 'ਹਾਂ' ਕਰ ਦਿੱਤੀ ਤੇ ਰੂਪ ਦੇ ਮਾਮਿਆਂ ਨੇ ਏਜੰਟ ਨਾਲ ਗੱਲ ਕਰ ਕੇ ਸਾਨੂੰ ਅਮਰੀਕਾ ਉਤਾਰ ਦਿੱਤਾ। ਰੂਪ ਪੂਰਾ ਤਿਆਰ-ਬਰ-ਤਿਆਰ ਖਾਲਸਾ ਸੀ। ਮੈਂ ਮੂੰਹ ਸਿਰ ਮੁਨਾ ਕੇ ਰੱਖਦਾ ਸੀ। ਅਸੀਂ ਦੋਵੇਂ ਅਗਾਂਹ ਭੂਆ ਦੇ ਪੁੱਤ ਕੋਲ ਆ ਗਏ। ਉਸ ਨੇ ਸਾਡੀ ਬਹੁਤ ਮਦਦ ਕੀਤੀ। ਸਾਨੂੰ ਦੋਵਾਂ ਨੂੰ ਕੰਮ ਵਾਲਾ ਕਾਰਡ ਦਿਵਾ ਦਿੱਤਾ। ਮੈਂ ਸਟੋਰਾਂ 'ਤੇ ਲੱਗ ਗਿਆ ਤੇ ਰੂਪ ਟਰੱਕ ਉਤੇ ਚੜ੍ਹ ਗਿਆ। ਜਿਸ ਨਾਲ ਉਹ ਟਰੱਕ 'ਤੇ ਚੜ੍ਹਿਆ ਸੀ, ਉਹ ਟਰੱਕ ਮਾਲਕ ਚੜ੍ਹਦੀ ਕਲਾ ਵਾਲਾ ਖਾਲਸਾ ਸੀ। ਉਸ ਦੀ ਇਕਲੌਤੀ ਧੀ ਸੀ ਜੋ ਕਹਿੰਦੀ ਸੀ ਕਿ ਸਾਬਤ ਸੂਰਤ ਸਿੱਖ ਮੁੰਡੇ ਨਾਲ ਵਿਆਹ ਕਰਵਾਉਣਾ ਹੈ। ਉਸ ਮਾਲਕ ਨੇ ਰੂਪ ਨੂੰ ਆਪਣੀ ਧੀ ਨਾਲ ਮਿਲਾਇਆ ਤੇ ਛੇਤੀ ਹੀ ਦੋਵੇਂ ਗੁਰ-ਮਰਿਆਦਾ ਅਨੁਸਾਰ ਪਤੀ-ਪਤਨੀ ਬਣ ਗਏ। ਰੂਪ ਨੂੰ ਵਾਹਿਗੁਰੂ ਨੇ ਸਭ ਕੁਝ ਬਖ਼ਸ਼ ਦਿੱਤਾ। ਮੈਂ ਹੋਰ ਮੁੰਡਿਆਂ ਵਾਂਗ ਅਪਾਰਟਮੈਂਟ ਵਿਚ ਰਹਿਣ ਲੱਗਾ। ਮਾਂ ਪਿਉ ਕਹਿੰਦੇ, ਤੂੰ ਵਾਪਸ ਆ ਜਾ ਪਰ ਪਤਾ ਨਹੀਂ... ਇਥੋਂ ਜਾਣ ਨੂੰ ਦਿਲ ਵੀ ਨਾ ਕਰਦਾ।

ਰੂਪ ਨੂੰ ਮਿਲਣ ਜਾਂਦਾ ਤਾਂ ਉਹ ਕਹਿੰਦਾ, "ਦਾੜ੍ਹੀ ਕੇਸ ਰੱਖ ਕੇ ਗੁਰੂ ਵਾਲਾ ਬਣ ਜਾ, ਸਭ ਕੁਝ ਮਿਲ ਜਾਊਗਾ।" ਮੈਂ ਰੂਪ ਵੱਲ ਦੇਖਦਾ ਤੇ ਸੋਚਦਾ ਕਿ ਗੱਲ ਸੱਚੀ ਹੈ, ਰੂਪ ਖਾਲਸਾ ਸੀ... ਤਾਹੀਓਂ ਸਭ ਕੁਝ ਮਿਲ ਗਿਆ। ਫਿਰ ਮੈਂ ਵੀ ਕੇਸ ਰੱਖ ਲਏ। ਪਹਿਲਾਂ ਦਾੜ੍ਹੀ ਕੱਟਦਾ ਰਿਹਾ, ਫਿਰ ਰੱਖ ਲਈ। ਬਾਣੀ ਪੜ੍ਹਨ ਲੱਗ ਪਿਆ। ਮੇਰੇ ਨਾਲ ਦੇ ਮੁੰਡੇ ਸ਼ਰਾਬ ਪੀਂਦੇ ਤੇ ਮੀਟ ਖਾਂਦੇ ਸਨ। ਹੌਲੀ ਹੌਲੀ ਉਨ੍ਹਾਂ ਸਾਰਿਆਂ ਦੇ ਪਰਿਵਾਰ ਆਉਣ ਲੱਗ ਪਏ। ਜਿੰਨੇ ਉਹ ਪੁੱਠੇ ਕੰਮ ਕਰਦੇ, ਉਨਾ ਹੀ ਉਨ੍ਹਾਂ ਦਾ ਕੰਮ ਸਿੱਧਾ ਹੋ ਰਿਹਾ ਹੁੰਦਾ। ਮੈਨੂੰ ਸਗੋਂ ਹੋਰ ਦੁੱਖ ਮਿਲਦੇ। ਗੁਰਦੁਆਰੇ ਜਾਂਦਾ ਤਾਂ ਅੱਖਾਂ ਹੰਝੂਆਂ ਨਾਲ ਭਰ ਲੈਂਦਾ ਤੇ ਪੁੱਛਦਾ ਕਿ ਮੇਰਾ ਕਸੂਰ ਕੀ ਹੈ? ਮੈਂ ਕਿਸੇ ਦਾ ਕੀ ਵਿਗਾੜਿਆ ਹੈ? ਮੈਨੂੰ ਪਰਿਵਾਰ ਨਾਲ ਵਿਛੋੜੇ ਦੀ ਐਨੀ ਸਖ਼ਤ ਸਜ਼ਾ ਕਿਉਂ ਮਿਲ ਰਹੀ ਹੈ? ਕਈ ਵਾਰ ਮੁੜ ਜਾਣ ਦਾ ਪ੍ਰੋਗਰਾਮ ਬਣਾਇਆ, ਪਰ ਮਿੱਤਰਾਂ ਦੋਸਤਾਂ ਨੇ ਰੋਕ ਲਿਆ। ਕਈ ਵਕੀਲ ਬਦਲੇ ਪਰ ਗੱਲ ਨਾ ਬਣੀ। ਸ਼ਾਇਦ ਰੱਬ ਵੀ ਬੁਰੇ ਬੰਦਿਆਂ ਦੇ ਵਿਹੜੇ ਖੁਸ਼ੀਆਂ ਖਿਲਾਰਦਾ ਹੈ।

ਹੁਣ ਦੋਵੇਂ ਬੱਚੇ ਵੱਡੇ ਹੋ ਗਏ ਸਨ। ਬੇਬੇ ਨੇ ਕਹਿ ਦਿੱਤਾ ਕਿ ਹੁਣ ਤੂੰ ਨਹੀਂ ਰੁਕਣਾ, ਚੁੱਪ ਕਰ ਕੇ ਜਹਾਜ਼ ਚੜ੍ਹ ਆ। ਮੈਂ ਵੀ ਜਾਣ ਦਾ ਪੱਕਾ ਇਰਾਦਾ ਕਰ ਕੇ ਸਾਮਾਨ ਬੰਨ੍ਹਣ ਲੱਗ ਗਿਆ। ਮਹੀਨਾ ਪਹਿਲਾਂ ਵਕੀਲ ਨੂੰ ਮਿਲਿਆ ਤੇ ਇੰਡੀਆ ਜਾਣ ਬਾਰੇ ਦੱਸਿਆ, "ਮਿਸਟਰ ਸਿੰਘ, ਪਲੀਜ਼ ਮੇਰੇ ਕਹਿਣ 'ਤੇ ਤਿੰਨ ਮਹੀਨੇ ਹੋਰ ਰੁਕ ਜਾਵੋ। ਸੁਨੇਹਾ ਆ ਸਕਦਾ ਹੈ।" ਮੈਂ ਵਕੀਲ ਦੇ ਕਹਿਣ 'ਤੇ ਵੀ ਆਪਣਾ ਇਰਾਦਾ ਨਾ ਬਦਲਿਆ। ਇੰਡੀਅਨ ਅੰਬੈਸੀ ਤੋਂ ਐਮਰਜੈਂਸੀ ਸਲਿੱਪ ਲਿਆ ਕੇ ਦਿੱਲੀ ਦੀ ਟਿਕਟ ਕਟਵਾ ਲਈ ਤੇ ਹੁਣ ਸਾਨ ਫਰਾਂਸਿਸਕੋ ਤੋਂ ਜਹਾਜ਼ ਚੜ੍ਹਨ ਜਾ ਰਿਹਾ ਸਾਂ।

ਜ਼ੋਰ ਦੇ ਖੜਾਕ ਨੇ ਮੈਨੂੰ ਅਤੀਤ ਵਿਚੋਂ ਵਾਪਸ ਮੋੜ ਲਿਆਂਦਾ। ਮੇਰੇ ਮਿੱਤਰ ਤੋਂ ਕਿਸੇ ਦੀ ਕਾਰ ਵਿਚ ਕਾਰ ਵੱਜ ਗਈ ਸੀ। ਅਗਲੇ ਨੇ ਪੁਲਿਸ ਨੂੰ ਕਾਲ ਕਰ ਦਿੱਤੀ। ਅਸੀਂ ਪਹਿਲਾਂ ਹੀ ਲੇਟ ਹੋ ਚੁੱਕੇ ਸੀ, ਉਪਰੋਂ ਆਹ ਝੰਜਟ ਗਲ ਪੈ ਗਿਆ। ਪੁਲਿਸ ਆਈ, ਆਪਣੀ ਕਾਰਵਾਈ ਕੀਤੀ। ਉਹ ਕਾਰ ਵਾਲਾ ਤਾਂ ਚਲਿਆ ਗਿਆ ਪਰ ਸਾਡੀ ਕਾਰ ਅਗਾਂਹ ਤੁਰਨ ਵਾਲੀ ਨਾ ਰਹੀ। ਕਾਰ ਦੇ ਅੱਗਿਉਂ ਆਵਾਜ਼ਾਂ ਆਉਣ ਲੱਗੀਆਂ। ਫਿਰ ਕਾਰ ਟੋਅ ਕਰਵਾਈ ਤੇ ਰੈਂਟ 'ਤੇ ਕਾਰ ਲੈ ਕੇ ਏਅਰਪੋਰਟ ਪੁੱਜੇ। ਅੱਗਿਉਂ ਜਵਾਬ ਮਿਲਿਆ ਕਿ 'ਸੌਰੀ, ਜਹਾਜ਼ ਤੁਹਾਡੀ ਉਡੀਕ ਕਰਦਾ ਉਡ ਗਿਆ ਹੈ।' ਅਗਲੀ ਉਡਾਣ ਲਈ ਗੱਲ ਕੱਲ੍ਹ-ਪਰਸੋਂ 'ਤੇ ਜਾ ਪਈ। ਮੂੰਹ ਲਟਕਾ ਕੇ ਵਾਪਸ ਮੁੜ ਪਏ। ਪਿੰਡ ਫੋਨ ਕਰ ਕੇ ਉਡਾਣ ਲੇਟ ਹੋਣ ਦਾ ਕਾਰਨ ਦੱਸਿਆ। ਸਾਰਾ ਦਿਨ ਖੱਜਲ ਖੁਆਰੀ ਕਰ ਕੇ ਵਾਪਸ ਮੁੜੇ ਹੋਣ ਕਰ ਕੇ ਝੱਟ ਨੀਂਦ ਆ ਗਈ। ਸਵੇਰੇ ਉਠਿਆ ਇਸ਼ਨਾਨ ਕਰ ਕੇ ਬਾਣੀ ਪੜ੍ਹੀ ਤੇ ਗੁਰਦੁਆਰੇ ਚਲਿਆ ਗਿਆ। ਏਅਰਲਾਈਨਜ਼ ਵਾਲਿਆਂ ਨੂੰ ਫੋਨ ਕੀਤਾ ਤਾਂ ਉਨ੍ਹਾਂ ਨੇ ਅਗਾਂਹ ਦੋ ਦਿਨ ਦਾ ਸਮਾਂ ਦੇ ਦਿੱਤਾ। ਮਨ ਬਹੁਤ ਉਦਾਸ ਹੋਇਆ। ਫਿਰ ਮੂੰਹੋਂ ਨਿਕਲਿਆ ਕਿ ਰੱਬਾ ਹੁਣ ਮੈਂ ਵਤਨਾਂ ਨੂੰ ਜਾਣਾ ਚਾਹੁੰਦਾ ਹਾਂ, ਮੈਨੂੰ ਜਾਣ ਦੇ! ਕਿਉਂ ਅੜਿੱਕੇ ਖੜ੍ਹੇ ਕਰੀ ਜਾਂਦਾ ਹੈਂ? ਮਨ ਵਿਚ ਹੀ ਰੱਬ ਨਾਲ ਸਵਾਲ-ਜਵਾਬ ਕਰ ਰਿਹਾ ਸਾਂ। ਫਿਰ ਰਾਤ ਨੂੰ ਮਿੱਤਰ ਆਇਆ, ਉਹਦੇ ਨਾਲ ਗੱਲਾਂ ਕਰਦਾ ਕਰਦਾ ਸੌਂ ਗਿਆ।

ਸਵੇਰੇ ਉਠੇ। ਫਿਰ ਬਾਣੀ ਪੜ੍ਹ ਕੇ ਗੁਰੂ ਘਰ ਚਲੇ ਗਏ। ਵਾਪਸ ਮੁੜੇ ਤਾਂ ਮਿੱਤਰ ਮੈਨੂੰ ਕਹਿੰਦਾ, "ਚੱਲ ਜਾਂਦੇ ਜਾਂਦੇ ਮੇਲ ਬਾਕਸ ਦੇਖ ਲਈਏ, ਕੋਈ ਚਿੱਠੀ ਪੱਤਰ ਆਇਆ ਹੋਊ।" ਮੈਂ ਕਿਹਾ, "ਚੱਲ ਸਿੱਧਾ ਘਰ ਨੂੰ, ਆਇਆ ਹੋਊ ਤੇਰਾ ਗਰੀਨ ਕਾਰਡ!" ਉਹ ਮੇਲ ਬਾਕਸ ਦੇਖ ਕੇ ਆਇਆ ਤਾਂ ਮੇਰੇ ਨਾਂ ਦੀ ਇਮੀਗਰੇਸ਼ਨ ਵੱਲੋਂ ਭੇਜੀ ਚਿੱਠੀ ਮੈਨੂੰ ਫੜਾ ਦਿੱਤੀ। ਮੈਂ ਝੱਟ ਦੇਣੇ ਚਿੱਠੀ ਖੋਲ੍ਹੀ ਤੇ ਪੜ੍ਹਿਆ ਕਿ ਤੁਹਾਡਾ ਅਸਾਇਲਮ ਦਾ ਕੇਸ ਪਾਸ ਹੋ ਗਿਆ ਹੈ। ਮੈਨੂੰ ਯਕੀਨ ਨਾ ਆਵੇ। ਮਿੱਤਰ ਨੇ ਝੱਟ ਮੇਰੇ ਵਕੀਲ ਨੂੰ ਫੋਨ ਕੀਤਾ ਤਾਂ ਉਸ ਨੇ ਕਿਹਾ ਕਿ ਚਿੱਠੀ ਮੈਨੂੰ ਫੈਕਸ ਕਰ ਦੇਵੋ। ਅਸੀਂ ਸਟੋਰ ਤੋਂ ਚਿੱਠੀ ਫੈਕਸ ਕੀਤੀ, ਤਾਂ ਵਕੀਲ ਦਾ ਫੋਨ ਆ ਗਿਆ ਕਿ ਤੈਨੂੰ ਇੱਥੇ ਰਹਿਣ ਦੀ ਆਗਿਆ ਮਿਲ ਗਈ ਹੈ, ਤੇ ਤੂੰ ਆਪਣੇ ਬੱਚੇ ਤੇ ਘਰਵਾਲੀ ਲਈ ਅਪਲਾਈ ਕਰ ਸਕਦਾ ਹੈਂ। ਫਿਰ ਕੀ ਸੀ! ਅਟੈਚੀਆਂ ਤੋਂ ਹਰੀ ਰੱਸੀ ਖੋਲ੍ਹ ਦਿੱਤੀ। ਪਿੰਡ ਫੋਨ ਘੁਮਾ ਕੇ ਦੱਸ ਦਿੱਤਾ ਕਿ ਪਰਮਾਤਮਾ ਨੇ ਮਿਹਰ ਕਰ ਦਿੱਤੀ ਹੈ। ਝੱਟ ਹੀ ਸਭ ਕੁਝ ਬਦਲ ਗਿਆ। ਟਿਕਟ ਮੋੜ ਦਿੱਤੀ ਤੇ ਬੱਚਿਆਂ ਦੇ ਪੇਪਰ ਅਪਲਾਈ ਕਰਨ ਲੱਗਿਆ। ਮਸਾਂ ਨੌਂ ਮਹੀਨੇ ਲੱਗੇ, ਘਰਵਾਲੀ ਤੇ ਬੱਚਿਆਂ ਨੂੰ ਇਥੇ ਆਉਂਦਿਆਂ। ਸਾਰਾ ਪਰਿਵਾਰ ਅੰਮ੍ਰਿਤਧਾਰੀ ਹੋ ਗਿਆ। ਪਰਮਾਤਮਾ ਦਾ ਲੱਖ ਲੱਖ ਸ਼ੁਕਰ ਹੈ।

ਇਹ ਹੱਡ-ਬੀਤੀ ਮਨਜਿੰਦਰ ਸਿੰਘ ਲਾਡੀ ਦੀ ਹੈ। ਉਸ ਦਾ ਕਹਿਣਾ ਹੈ ਕਿ ਜੇ ਰੱਬ ਚਾਹੇ ਤਾਂ ਚੱਪੂ ਤੋਂ ਬਿਨਾਂ ਵੀ ਕਿਸ਼ਤੀ ਕਿਨਾਰੇ ਲਾ ਦਿੰਦਾ ਹੈ।

ਕਾਮਰੇਡ ਤ੍ਰਾਤਸਕੀ ਬਾਰੇ ਵਿਚਾਰ-2

# ਬਰੈਸਤ-ਲਿਤੋਵਸਕ ਸੰਧੀ ਦਾ ਸੱਚ

***ਰੂਸੀ ਇਨਕਲਾਬ ਵਿਚ ਲਿਓਨ ਤ੍ਰਾਤਸਕੀ (1879-1940) ਦਾ ਚੰਗਾ-ਚੋਖਾ ਯੋਗਦਾਨ ਰਿਹਾ ਹੈ। ਇਨਕਲਾਬ ਤੋਂ ਬਾਅਦ ਉਸ ਨੇ ਲਾਲ ਫੌਜ ਦੀ ਜਿਸ ਢੰਗ ਨਾਲ ਅਗਵਾਈ ਕੀਤੀ ਅਤੇ ਉਲਟ-ਇਨਕਲਾਬ ਦੇ ਖਦਸ਼ੇ ਨਾਲ ਜਿਸ ਤਰ੍ਹਾਂ ਕਰੜੇ ਹੱਥੀਂ ਨਜਿੱਠਿਆ, ਉਸ ਦੀ ਸੰਸਾਰ ਭਰ ਵਿਚ ਕਿਤੇ ਕੋਈ ਮਿਸਾਲ ਨਹੀਂ ਲੱਭਦੀ। ਉਂਜ, ਉਸ ਦੇ ਕੁਝ ਵਿਚਾਰ ਪਹਿਲਾਂ ਰੂਸੀ ਇਨਕਲਾਬ ਦੇ ਪਿਤਾਮਾ ਲੈਨਿਨ ਅਤੇ ਮਗਰੋਂ ਸਤਾਲਿਨ ਨਾਲ ਇੰਨੇ ਜ਼ਿਆਦਾ ਖਹਿਸਰੇ ਕਿ ਅਖੀਰ ਉਹ ਇਕ-ਦੂਜੇ ਦੇ ਵਿਰੋਧੀ ਹੋ ਨਿਬੜੇ। ਇਸ ਵਿਚਾਰਧਾਰਕ ਭੇੜ ਵਿਚ ਤ੍ਰਾਤਸਕੀ ਨੂੰ ਬਹੁਤ ਵੱਡੀ ਕੀਮਤ ਤਾਰਨੀ ਪਈ। ਇਸ ਕੋਣ ਤੋਂ ਸਤਾਲਿਨ ਦੀ ਅੱਜ ਤੱਕ ਨੁਕਤਾਚੀਨੀ ਹੋ ਰਹੀ ਹੈ ਜਿਸ ਨੇ ਆਪਣੇ ਵਿਰੋਧੀਆਂ ਖਿਲਾਫ ਸਫਾਏ ਦੀ ਮੁਹਿੰਮ ਵਿੱਢ ਦਿੱਤੀ ਸੀ। ਪੰਜਾਬ ਟਾਈਮਜ਼ ਵਿਚ ਡਾ. ਅੰਮ੍ਰਿਤਪਾਲ ਸਿੰਘ ਦਾ ਤ੍ਰਾਤਸਕੀ ਦੇ ਵਿਚਾਰਾਂ ਬਾਰੇ ਲੇਖ ਦੋ ਕਿਸ਼ਤਾਂ ਵਿਚ ਛਾਪਿਆ ਗਿਆ ਸੀ ਜਿਸ ਵਿਚ ਉਨ੍ਹਾਂ ਲੈਨਿਨ ਅਤੇ ਸਤਾਲਿਨ ਦੇ ਹਵਾਲੇ ਨਾਲ ਤ੍ਰਾਤਸਕੀ ਦੀ ਗੱਲ ਛੇੜੀ ਸੀ। ਇਸ ਤੋਂ ਬਾਅਦ ਪਿਛਲੇ ਦੋ ਅੰਕਾਂ ਵਿਚ ਗੁਰਦਿਆਲ ਸਿੰਘ ਬੱਲ ਦਾ ਲੇਖ ਪਾਠਕਾਂ ਨਾਲ ਸਾਂਝਾ ਕੀਤਾ ਗਿਆ। ਸਭ ਧਿਰਾਂ ਨੂੰ ਆਪਣੀ ਗੱਲ ਕਹਿਣ ਦਾ ਮੌਕਾ ਦੇਣ ਦੇ ਅਸੂਲ ਅਨੁਸਾਰ ਇਸ ਅੰਕ ਵਿਚ ਬਘੇਲ ਸਿੰਘ ਬੱਲ ਦੇ ਲੰਮੇ ਲੇਖ ਦਾ ਦੂਜਾ ਹਿੱਸਾ ਛਾਪ ਰਹੇ ਹਾਂ। ਉਨ੍ਹਾਂ ਆਪਣੇ ਲੇਖ ਦਾ ਆਧਾਰ ਡਾ. ਅੰਮ੍ਰਿਤਪਾਲ ਸਿੰਘ ਦੇ ਲੇਖ ਨੂੰ ਬਣਾਇਆ ਹੈ ਅਤੇ ਨਾਲ ਹੀ ਤ੍ਰਾਤਸਕੀ ਦੀ ਸਿਆਸਤ ਦੀ ਗੱਲ ਕੀਤੀ ਹੈ। -ਸੰਪਾਦਕ***

**ਬਘੇਲ ਸਿੰਘ ਬੱਲ**
**ਫੋਨ: 91-81468-63344**

ਡਾ. ਅੰਮ੍ਰਿਤਪਾਲ ਨੇ ਬਰੈਸਤ-ਲਿਤੋਵਸਕ ਸੰਧੀ ਦੀ ਗੱਲ ਵੀ ਕੀਤੀ ਹੈ। ਇਨਕਲਾਬ ਤੋਂ ਬਾਅਦ ਅਜੇ ਰੂਸ ਦੀ ਆਰਥਿਕ ਹਾਲਤ ਖਰਾਬ ਸੀ ਅਤੇ ਫੌਜ ਵੀ ਜੰਗ ਤੋਂ ਅੱਕ ਚੁੱਕੀ ਸੀ, ਦੇਸ਼ ਲੜਨ ਦੀ ਹਾਲਤ ਵਿਚ ਨਹੀਂ ਸੀ। ਇਸ ਲਈ ਸੋਵੀਅਤ ਸਰਕਾਰ ਨੇ ਜਰਮਨੀ ਨਾਲ ਵੱਖਰੀ ਸ਼ਾਂਤੀ-ਸੰਧੀ ਬਾਰੇ ਵਿਚਾਰ ਕੀਤੀ ਤਾਂ ਕਿ ਇਨਕਲਾਬ ਉਸਾਰੀ ਦਾ ਕੰਮ ਸਿਰੇ ਲਾਇਆ ਜਾਵੇ ਪਰ ਇਨਕਲਾਬੀਆਂ ਵਿਚ ਇਸ ਸੰਧੀ ਬਾਰੇ ਤਿੱਖੇ ਮਤਭੇਦ ਹੋ ਗਏ ਅਤੇ ਉਹ ਦੋ ਧਿਰਾਂ ਵਿਚ ਵੰਡੇ ਗਏ। ਇਕ ਧਿਰ ਜਰਮਨੀ ਤੇ ਆਸਟਰੀਆ ਵੱਲੋਂ ਸ਼ਾਂਤੀ-ਸੰਧੀ ਲਈ ਲਾਈਆਂ ਗਈਆਂ ਸ਼ਰਤਾਂ ਮੰਨਣ ਲਈ ਤਿਆਰ ਨਹੀਂ ਸੀ। ਲੈਨਿਨ ਖੁਦ ਇਸ ਸ਼ਾਂਤੀ-ਸੰਧੀ ਬਾਰੇ ਆਖਦਾ ਸੀ, "ਸ਼ਰਮਨਾਕ ਸ਼ਾਂਤੀ-ਸੰਧੀ ਜਿਸ ਵਿਚ ਪੋਲੈਂਡ ਨਾਲ ਧੋਖਾ ਸ਼ਾਮਲ ਸੀ।" ਜਰਮਨੀ ਨਾਲ ਜੰਗ ਦੇ ਹੱਕ ਵਿਚ ਬੁਖਾਰਿਨ, ਦਰਜਿੰਸਕੀ, ਰਾਦੇਕ, ਯੋਫ, ਯੂਰਿਤਸਕੀ, ਕੋਲੋਨਤਾਈ, ਬੁਬਨੋਵ, ਪਿਆਤਾਕੋਵ, ਸਮਿਰਨੋਵ ਅਤੇ ਰਿਆਜ਼ਾਨੋਵ ਆਦਿ ਕਾਮਰੇਡ ਨੇਤਾ ਸਨ। ਇਹ ਨੇਤਾ ਜਰਮਨੀ ਵੱਲੋਂ ਸ਼ਾਂਤੀ ਬਦਲੇ ਰੱਖੀਆਂ ਗਈਆਂ ਸ਼ਰਤਾਂ ਮੰਨਣਾ ਪ੍ਰੋਲੇਤਾਰੀ ਨਾਲ ਧੋਖਾ ਅਤੇ ਸਾਮਰਾਜ ਅੱਗੇ ਗੋਡੇ ਟੇਕਣਾ ਸਮਝਦੇ ਸਨ। ਉਹ ਸਮਝਦੇ ਸਨ ਕਿ ਇਸ ਤਰ੍ਹਾਂ ਨਾਲ ਰੂਸ ਤੇ ਪੱਛਮੀ ਯੂਰਪ ਦੇ ਦੇਸ਼ਾਂ ਜਿਵੇਂ ਜਰਮਨੀ, ਆਸਟਰੀਆ ਤੇ ਪੋਲੈਂਡ ਆਦਿ ਵਿਚਲੇ ਪ੍ਰੋਲੇਤਾਰੀ ਵਰਗਾਂ ਵਿਚ ਮਾਯੂਸੀ ਛਾ ਜਾਵੇਗੀ ਅਤੇ ਇਨਕਲਾਬੀ ਤਾਕਤਾਂ ਦਾ ਮਨੋਬਲ ਡਿੱਗੇਗਾ।

ਸ਼ਾਂਤੀ ਦੇ ਹੱਕ ਵਿਚ ਲੈਨਿਨ, ਸਤਾਲਿਨ, ਜਿਨੋਵੀਵ ਤੇ ਸਕੋਲਨੀਕੋਵ ਸਨ। ਇਨ੍ਹਾਂ ਨੇਤਾਵਾਂ ਦਾ ਵਿਚਾਰ ਸੀ ਕਿ ਹਰ ਹਾਲਤ ਵਿਚ ਜਰਮਨੀ ਨਾਲ ਸੰਧੀ ਕਰ ਕੇ ਪ੍ਰਾਪਤ ਕੀਤੇ ਸ਼ਾਂਤੀ ਭਰੇ ਸਮੇਂ ਨੂੰ ਇਨਕਲਾਬ ਨੂੰ ਪਰਪੱਕ ਕਰਨ ਲਈ ਵਰਤਿਆ ਜਾਵੇ ਅਤੇ ਲਾਲ ਫੌਜ ਜਥੇਬੰਦ ਕੀਤੀ ਜਾਵੇ। ਕਮਿਊਨਿਸਟ ਪਾਰਟੀ ਦੀ ਕੇਂਦਰੀ ਕਮੇਟੀ ਦੀ ਬਹੁਸੰਮਤੀ ਜਰਮਨੀ ਨਾਲ ਜੰਗ ਦੇ ਹੱਕ ਵਿਚ ਸੀ। ਤ੍ਰਾਤਸਕੀ ਅਰੰਭ ਵਿਚ ਚਾਹੁੰਦਾ ਸੀ ਜਰਮਨੀ ਨਾਲ 'ਨਾ ਜੰਗ, ਨਾ ਸ਼ਾਂਤੀ' ਵਾਲੀ ਸਥਿਤੀ ਕਾਇਮ ਰੱਖੀ ਜਾਵੇ। ਇਸ ਨਾਲ ਇਕ ਤਾਂ ਜਰਮਨੀ ਵੱਲੋਂ ਰੱਖੀਆਂ ਅਪਮਾਨਜਨਕ ਸ਼ਰਤਾਂ ਤੋਂ ਬਚਿਆ ਜਾ ਸਕਦਾ ਹੈ ਤੇ ਦੂਜਾ ਬਾਲਸ਼ਵਿਕ ਪਾਰਟੀ ਵਿਚਲੀ ਸੰਭਾਵੀ ਫੁੱਟ ਤੋਂ ਬਚਿਆ ਜਾ ਸਕਦਾ ਹੈ। ਤ੍ਰਾਤਸਕੀ ਦੀ ਅਗਵਾਈ ਵਿਚ ਵਫਦ ਨੇ ਬਰੈਸਤ-ਲਿਤੋਵਸਕ ਵਿਚ ਜਰਮਨੀ ਨਾਲ ਸ਼ਾਂਤੀ ਵਾਰਤਾ ਵਿਚ ਹਿੱਸਾ ਲਿਆ ਤੇ ਆਪਣਾ ਪੱਖ ਦਲੇਰੀ ਨਾਲ ਰੱਖਿਆ। ਸ਼ਾਂਤੀ ਵਾਰਤਾ ਵਿਚ ਹਿੱਸਾ ਲੈ ਰਹੇ ਆਸਟਰੀਆ ਦੇ ਵਿਦੇਸ਼ ਮੰਤਰੀ ਕਾਊਂਟ ਸਜ਼ਰਨਿਨ ਨੇ ਆਪਣੀ ਪੁਸਤਕ 'ਸੰਸਾਰ ਜੰਗ ਸਮੇਂ' ਦੇ ਪੰਨਾ 234 ਉਤੇ ਤ੍ਰਾਤਸਕੀ ਦੀ ਇਸ ਵਾਰਤਾ ਵਿਚ ਕਾਰਗੁਜ਼ਾਰੀ ਬਾਰੇ ਲਿਖਿਆ, "ਇਕ ਚਲਾਕ ਤੇ ਬਹੁਤ ਹੀ ਖਤਰਨਾਕ ਵਿਰੋਧੀ... ਅਸਾਧਾਰਨ ਤੌਰ 'ਤੇ ਪ੍ਰਭਿਤਾਵਾਨ, ਜੋ ਗੱਲ ਦਾ ਜਵਾਬ ਦੇਣ ਵਿਚ ਬਹੁਤ ਤੇਜ਼ ਤੇ ਮਾਹਿਰ ਸੀ। ਇਹੋ ਜਿਹੀ ਤੇਜ਼ੀ ਤੇ ਮੁਹਾਰਤ ਮੈਂ ਪਹਿਲਾਂ ਘੱਟ ਹੀ ਕਿਧਰੇ ਵੇਖੀ ਸੀ।" ਤ੍ਰਾਤਸਕੀ ਨੇ ਇਹ ਕਹਿੰਦਿਆਂ ਸ਼ਾਂਤੀ ਸੰਧੀ 'ਤੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ, "ਅਸੀਂ ਜ਼ਾਰ ਤੇ ਬੁਰਜੂਆਜ਼ੀ ਨੂੰ ਇਸ ਕਰ ਕੇ ਨਹੀਂ ਹਰਾਇਆ ਕਿ ਜਰਮਨੀ ਦੇ ਕੈਂਸਰ ਅੱਗੇ ਗੋਡੇ ਟੇਕ ਦਈਏ। ਕੇਂਦਰੀ ਕਮੇਟੀ ਦੇ ਬਹੁਮਤ ਨੇ ਤ੍ਰਾਤਸਕੀ ਦੇ ਹੱਕ ਵਿਚ ਮਤਾ ਪਾਸ ਕੀਤਾ ਤੇ ਉਸ ਦੀ ਨੀਤੀ ਨੂੰ ਯੋਗ ਠਹਿਰਾਇਆ ਪਰ ਜਦ ਜਰਮਨੀ ਨੇ ਰੂਸ 'ਤੇ ਹਮਲਾ ਕਰ ਕੇ ਇਸ ਦੇ ਕੁਝ ਭਾਗ 'ਤੇ ਕਬਜ਼ਾ ਕਰ ਲਿਆ ਤਾਂ ਲੈਨਿਨ ਨੇ ਸ਼ਾਂਤੀ ਸੰਧੀ ਦੇ ਵਿਰੋਧੀਆਂ ਨੂੰ ਸਰਕਾਰ ਤੇ ਕੇਂਦਰੀ ਕਮੇਟੀ ਵਿਚੋਂ ਆਪਣਾ ਅਸਤੀਫਾ ਦੇ ਦੇਣ ਦੀ ਧਮਕੀ ਦਿੱਤੀ। ਇਸ 'ਤੇ ਤ੍ਰਾਤਸਕੀ ਨੇ ਕੇਂਦਰੀ ਕਮੇਟੀ ਵਿਚ ਲੈਨਿਨ ਦੇ ਹੱਕ ਵਿਚ ਮਤਾ ਪਾਸ ਹੋ ਜਾਣ ਦਿੱਤਾ ਅਤੇ ਨਾਲ ਹੀ ਆਪ ਵਿਦੇਸ਼ੀ ਮਾਮਲਿਆਂ ਦੇ ਕਮੀਸਾਰ ਵਜੋਂ ਅਸਤੀਫਾ ਦੇ ਦਿੱਤਾ।

ਤ੍ਰਾਤਸਕੀ ਦੀ ਥਾਂ 'ਤੇ ਹੁਣ ਹੋਰ ਕੋਈ ਵੀ ਕਾਮਰੇਡ ਨੇਤਾ ਸ਼ਾਂਤੀ ਵਾਰਤਾ ਲਈ ਸਹਿਮਤ ਨਹੀਂ ਹੋ ਰਿਹਾ ਸੀ। ਇੱਥੋਂ ਤੱਕ ਕਿ ਸਕਾਲਨੀਕੋਵ ਜਿਸ ਨੇ ਤ੍ਰਾਤਸਕੀ ਤੋਂ ਬਾਅਦ ਸ਼ਾਂਤੀ-ਵਾਰਤਾ ਲਈ ਜਾਣ ਵਾਲੇ ਵਫਦ ਦੀ ਅਗਵਾਈ ਕੀਤੀ, ਨੇ ਵੀ ਪਹਿਲਾਂ ਵਫਦ ਦੀ ਅਗਵਾਈ ਕਰਨ ਤੋਂ ਨਾਂਹ ਕਰ ਦਿੱਤੀ ਸੀ ਤੇ ਮਜਬੂਰ ਕਰਨ 'ਤੇ ਸੈਂਟਰਲ ਕਮੇਟੀ ਤੋਂ ਅਸਤੀਫਾ ਦੇਣ ਬਾਰੇ ਕਹਿ ਦਿੱਤਾ ਸੀ। ਬੜੀ ਮੁਸ਼ਕਿਲ ਨਾਲ ਸਕਾਲਨੀਕੋਵ ਨੂੰ ਮਨਾਇਆ ਗਿਆ। ਸ਼ਾਂਤੀ-ਸੰਧੀ 'ਤੇ ਦਸਤਖਤ ਹੁੰਦਿਆਂ ਸਾਰ ਹੀ ਜਰਮਨੀ ਨੇ ਉਹੋ ਕੰਮ ਕੀਤਾ ਜਿਸ ਤੋਂ ਡਰਦਿਆਂ ਲੈਨਿਨ ਨੇ ਇਹ 'ਅਪਮਾਨਜਨਕ ਸੰਧੀ' ਕੀਤੀ ਸੀ। ਸੰਧੀ ਉਤੇ ਦਸਤਖਤ ਹੋਣ ਤੋਂ ਪੰਦਰਾਂ ਦਿਨਾਂ ਦੇ ਅੰਦਰ ਹੀ ਜਰਮਨੀ ਨੇ ਹਮਲਾ ਕਰ ਦਿੱਤਾ ਅਤੇ ਕੀਵ ਤੇ ਯੂਕਰੇਨ ਦੇ ਵੱਡੇ ਭਾਗ 'ਤੇ ਕਬਜ਼ਾ ਕਰ ਲਿਆ। ਆਸਟਰੀਆ ਓਡੇਸਾ ਵਿਚ ਦਾਖਲ ਹੋ ਗਿਆ ਤੇ ਟਰਕ ਟਰੇਥੀ ਜੋਂਡ ਵਿਚ ਪਹੁੰਚ ਗਏ। ਯੂਕਰੇਨ ਵਿਚ ਫੌਜਾਂ ਨੇ ਸੋਵੀਅਤਾਂ ਨੂੰ ਹਰਾ ਦਿੱਤਾ ਤੇ ਰਾਡਾ ਨੂੰ ਬਹਾਲ ਕਰ ਦਿੱਤਾ। ਹੁਣ ਜਰਮਨੀ ਇਕ ਤੋਂ ਬਾਅਦ ਇਕ ਹੇਠੀ ਭਰੀਆਂ ਸ਼ਰਤਾਂ ਲੈਨਿਨ ਅੱਗੇ ਰੱਖਣ ਲੱਗਾ।

ਜਰਮਨਾਂ ਨੇ ਲੈਨਿਨ ਨੂੰ 'ਸੁਤੰਤਰ ਯੂਕਰੇਨ' ਨਾਲ ਵੱਖਰੀ ਸੰਧੀ ਕਰਨ ਨੂੰ ਕਿਹਾ ਜਿਸ ਦਾ ਸਿੱਧਾ ਮਤਲਬ ਯੂਕਰੇਨ ਦੇ ਜਰਮਨੀ ਖਿਲਾਫ ਲੜ ਰਹੇ ਕਾਮਿਆਂ ਨਾਲ ਗੱਦਾਰੀ ਸੀ। ਕੋਈ ਵੀ ਸੰਧੀ ਦੇ ਹੱਕ ਵਿਚ ਨਹੀਂ ਸੀ ਪਰ ਲੈਨਿਨ ਹਰ ਸ਼ਰਤ ਮੰਨਣ ਨੂੰ ਤਿਆਰ ਸੀ। ਜਰਮਨ ਭੈਅ ਇੰਨਾ ਵਧ ਗਿਆ ਸੀ ਕਿ ਸਾਰੇ ਕਮੀਸਾਰ ਪੀਤਰੋਗਰਾਦ ਖਾਲੀ ਕਰਨ ਤਿਆਰ ਹੋ ਗਏ। ਸਿਰਫ ਤ੍ਰਾਤਸਕੀ ਹੀ ਉਥੇ ਯੁੱਧ ਲਈ ਡਟਿਆ ਸੀ। ਚਾਰ ਚੁਫੇਰੇ ਸ਼ਾਂਤੀ-ਸੰਧੀ ਦਾ ਵਿਰੋਧ ਹੋਣ ਲੱਗਾ। ਲੈਨਿਨ ਨੇ ਵੀ ਪ੍ਰਧਾਨ ਵਿਲਸਨ ਨਾਲ ਗੱਲ ਚਲਾਈ ਕਿ ਜੇ ਉਹ ਮਦਦ ਕਰਨ ਲਈ ਤਿਆਰ ਹੋਵੇ ਤਾਂ ਬਰੈਸਤ-ਲਿਤੋਵਸਕ ਸੰਧੀ ਰੱਦ ਕੀਤੀ ਜਾਵੇਗੀ। ਲੈਨਿਨ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਹੋ ਸਕਦਾ ਹੈ, ਉਹ ਖੁਦ ਇਕ ਦੋ ਦਿਨਾਂ ਤੱਕ ਇਸ ਸੰਧੀ ਨੂੰ ਰੱਦ ਕਰ ਦੇਵੇ। ਜੇ ਅਜਿਹੀ ਹਾਲਤ ਵਿਚ ਜਦੋਂ ਜਰਮਨੀ ਤ੍ਰਾਤਸਕੀ ਕੋਲੋਂ ਸ਼ਾਂਤੀ-ਸੰਧੀ ਬਦਲੇ ਲਿਥੂਏਨੀਆ, ਕੋਰਟਲੈਂਡ, ਲਿਵੋਨੀਆ, ਮੂਨ ਸਾਊਂਡ ਤੇ ਦਸ ਹਜ਼ਾਰ ਮਿਲੀਅਨ ਰੂਬਲ ਦੀ ਮੰਗ ਕਰ ਰਿਹਾ ਸੀ, ਤਾਂ ਤ੍ਰਾਤਸਕੀ ਨੇ ਜੇ 'ਨਾ ਸ਼ਾਂਤੀ ਨਾ ਜੰਗ' ਦੀ ਨੀਤੀ ਅਪਨਾਈ ਤਾਂ ਇਹ ਕਿੰਨੀ ਕੁ ਵੱਡੀ ਗ਼ਲਤੀ ਸੀ; ਉਹ ਵੀ ਉਦੋਂ ਜਦੋਂ ਲੈਨਿਨ ਖੁਦ ਇਸ ਸੰਧੀ ਨੂੰ ਅਪਮਾਨਜਨਕ ਕਹਿ ਰਿਹਾ ਸੀ ਤੇ ਇਸ ਸੰਧੀ ਤੋਂ ਬਚਣ ਲਈ ਸਾਮਰਾਜੀ ਦੇਸ਼ਾਂ ਤੋਂ ਮਦਦ ਮੰਗ ਰਿਹਾ ਸੀ। ਜੇ ਬਰੈਸਤ-ਲਿਤੋਵਸਕ ਨਾਲ ਸਬੰਧਤ ਤ੍ਰਾਤਸਕੀ ਦੀ ਨੀਤੀ ਇੰਨੀ ਹੀ ਗ਼ਲਤ ਸੀ ਤਾਂ ਇਸ ਪਿਛੋਂ ਤ੍ਰਾਤਸਕੀ ਨੂੰ ਭਾਰੀ ਬਹੁਮਤ ਨਾਲ ਪਾਰਟੀ ਦੀ ਸੈਂਟਰਲ ਕਮੇਟੀ ਦਾ ਮੈਂਬਰ ਕਿਉਂ ਬਣਾਇਆ ਗਿਆ? ਉਸ ਨੂੰ 'ਕਮੀਸਾਰ ਆਫ ਵਾਰ' ਬਣਾ ਕੇ ਦੇਸ਼ ਦੀ ਡਾਵਾਂਡੋਲ ਤੇ ਖਹਿਬਾਜ਼ੀ ਵਾਲੀ ਸਥਿਤੀ ਵਿਚੋਂ 'ਲਾਲ ਫੌਜ' ਖੜ੍ਹੀ ਕਰਨ ਦੀ ਜ਼ਿੰਮੇਵਾਰੀ ਕਿਉਂ ਸੌਂਪੀ ਗਈ?

ਡਾ. ਅੰਮ੍ਰਿਤਪਾਲ ਨੇ ਤ੍ਰਾਤਸਕੀ ਨੂੰ 'ਲਾਲ ਫੌਜ ਦਾ ਨਿਰਮਾਤਾ' ਕਹੇ ਜਾਣ ਉਤੇ ਵੀ ਸਵਾਲ ਉਠਾਇਆ ਹੈ। ਤ੍ਰਾਤਸਕੀ ਨੂੰ 'ਕਮੀਸਾਰ ਆਫ ਵਾਰ' ਅਤੇ 'ਪਰੈਜ਼ੀਡੈਂਟ ਆਫ ਸੁਪਰੀਮ ਵਾਰ ਕਾਊਂਸਲ' ਬਣਾਏ ਜਾਣ ਸਮੇਂ ਰੂਸੀ ਫੌਜ ਲਗਭਗ ਖਤਮ ਹੋ ਚੁੱਕੀ ਸੀ। ਸਿਰਫ ਲਾਤਵੀਆ ਰਾਈਫਲਮੈਨ ਦੀ ਇਕ ਡਵੀਜ਼ਨ ਹੀ ਬਚੀ ਸੀ, ਜਾਂ ਕੁਝ ਰੈਡ ਗਾਰਡਜ਼ ਦੇ ਟੋਲੇ ਸਨ ਜਿਹੜੇ ਮਿਲਟਰੀ ਟਰੇਨਿੰਗ ਤੋਂ ਕੋਰੇ ਸਨ। ਰੈਡ ਗਾਰਡ ਦੀ ਗਿਣਤੀ 1000 ਤੋਂ ਵੀ ਘੱਟ ਸੀ। ਅਜਿਹੀ ਹਾਲਤ ਵਿਚੋਂ ਢਾਈ ਸਾਲ ਤੋਂ ਘੱਟ ਸਮੇਂ ਵਿਚ ਤ੍ਰਾਤਸਕੀ ਨੇ 5 ਮਿਲੀਅਨ ਫੌਜ ਭਰਤੀ ਕਰ ਕੇ ਉਸ ਨੂੰ ਟਰੇਨਿੰਗ ਦੇ ਦਿੱਤੀ ਸੀ। ਬਾਲਸ਼ਵਿਕਾਂ ਵਿਚ ਇਸ ਸਮੇਂ ਰੈਗੂਲਰ ਫੌਜ ਦੇ ਸੰਗਠਨ ਦਾ ਵਿਰੋਧ ਵੀ ਚੱਲ ਰਿਹਾ ਸੀ ਤੇ ਉਹ ਫੌਜ ਨੂੰ ਕਰੜੇ ਅਨੁਸ਼ਾਸਨ ਤੇ ਅਫਸਰਾਂ ਵਿਰੁਧ ਵੀ ਉਕਸਾ ਰਹੇ ਸਨ। ਤ੍ਰਾਤਸਕੀ ਨੇ ਸਾਰਿਆਂ ਲਈ ਮਿਲਟਰੀ ਟਰੇਨਿੰਗ ਲਾਜ਼ਮੀ ਕਰ ਦੇਣ ਲਈ ਸਰਕਾਰ ਕੋਲ ਪਹੁੰਚ ਕੀਤੀ। ਫੌਜ ਦੇ ਕਮਾਂਡਿੰਗ ਸਟਾਫ ਦੀ ਸਥਾਪਨਾ ਤੋਂ ਬਾਅਦ ਦੇਸ਼ ਦੇ ਵੱਖ-ਵੱਖ ਭਾਗਾਂ ਵਿਚ ਰੀਕਰੂਟਿੰਗ ਸੈਂਟਰ ਸਥਾਪਤ ਕੀਤੇ ਗਏ। ਫੌਜ ਦੀ ਟਰੇਨਿੰਗ ਲਈ ਜ਼ਾਰ ਦੇ ਜਨਰਲਾਂ ਦੀ ਵੀ ਸਹਾਇਤਾ ਲਈ। ਜਰਮਨੀ ਵਿਚੋਂ ਹਥਿਆਰਾਂ ਦੇ ਕਾਰੀਗਰ ਮੰਗਵਾ ਕੇ ਫੌਜ ਨੂੰ ਹਥਿਆਰਾਂ ਨਾਲ ਲੈਸ ਕੀਤਾ। ਸਭ ਤੋਂ ਪਹਿਲਾਂ ਕਾਮਿਆਂ ਨੂੰ ਫੌਜ ਵਿਚ ਭਰਤੀ ਕੀਤਾ ਤੇ ਬਾਅਦ ਵਿਚ ਕਿਸਾਨਾਂ ਵਿਚੋਂ ਭਰਤੀ ਕੀਤੀ ਗਈ। ਲਾਲ ਫੌਜ ਵਿਚ ਅਨੁਸ਼ਾਸਨ ਨੂੰ ਬਹੁਤ ਸਖਤੀ ਨਾਲ ਲਾਗੂ ਕੀਤਾ ਗਿਆ। ਇਹ ਕਿਹਾ ਗਿਆ ਕਿ ਜੇ ਕੋਈ ਫੌਜੀ ਟੁਕੜੀ ਜੰਗ ਵਿਚ ਪਿੱਠ ਵਿਖਾਏਗੀ ਤਾਂ ਉਸ ਟੁਕੜੀ ਦੇ ਕਮਾਂਡਰ ਤੇ ਕਮੀਸਾਰ 'ਤੇ ਸਖਤੀ ਵਰਤੀ ਜਾਵੇਗੀ।

ਤ੍ਰਾਤਸਕੀ ਨੇ ਪੱਛਮੀ ਦੇਸਾਂ ਦੇ ਮਿਲਟਰੀ ਸਾਹਿਤ ਦਾ ਗੰਭੀਰ ਅਧਿਐਨ ਕੀਤਾ ਹੋਇਆ ਸੀ ਤੇ ਉਹ ਆਪ ਮਿਲਟਰੀ ਮਸਲਿਆਂ ਦਾ ਕੁਸ਼ਲ ਲੇਖਕ ਸੀ। ਗੋਰਕੀ ਨੇ ਲੈਨਿਨ ਨਾਲ ਸਬੰਧਤ ਆਪਣੀਆਂ ਯਾਦਾਂ ਬਾਰੇ ਲਿਖੀ ਪੁਸਤਕ 'ਵਲਾਦੀਮੀਰ ਲੈਨਿਨ' ਦੇ ਪੰਨਾ 23 ਉਤੇ ਲਿਖਿਆ ਹੈ, "ਮੇਜ਼ 'ਤੇ ਮੁੱਕੀ ਮਾਰਦਿਆਂ ਲੈਨਿਨ ਨੇ ਕਿਹਾ- ਮੈਨੂੰ ਕੋਈ ਹੋਰ ਅਜਿਹਾ ਆਦਮੀ ਵਿਖਾਉ ਜਿਹੜਾ ਇਕ ਸਾਲ ਵਿਚ ਨਮੂਨੇ ਦੀ ਫੌਜ ਖੜ੍ਹੀ ਕਰ ਸਕਦਾ ਹੋਵੇ ਅਤੇ ਫੌਜੀ ਮਾਹਰਾਂ ਤੋਂ ਸ਼ਾਬਾਸ਼ ਲੈ ਸਕਦਾ ਹੋਵੇ। ਸਾਡੇ ਕੋਲ ਅਜਿਹਾ ਆਦਮੀ ਹੈ।"

ਘਰੇਲੂ ਜੰਗ ਦਾ ਵਰਣਨ ਕਰਦਿਆਂ ਜ਼ਾਰਤੀਸਿਨ ਦੇ ਜਿਸ ਮੋਰਚੇ ਦਾ ਵਰਣਨ ਕੀਤਾ ਗਿਆ ਹੈ, ਉੱਥੇ ਅਸਲ ਵਿਚ ਵੋਰੋਸ਼ੀਲੋਵ, ਸਤਾਲਿਨ ਦੀ ਸ਼ਹਿ 'ਤੇ ਤ੍ਰਾਤਸਕੀ ਤੋਂ ਆਕੀ ਹੋਇਆ ਪਿਆ ਸੀ। ਤ੍ਰਾਤਸਕੀ ਨੇ ਪੁਰਾਣੀ ਫੌਜ ਦੇ ਜਨਰਲ ਸਾਈਟਿਨ ਨੂੰ ਦੱਖਣੀ ਫਰੰਟ ਦਾ ਕਮਾਂਡਰ ਬਣਾ ਕੇ ਭੇਜ ਦਿਤਾ ਜਿਸ ਨੇ ਵੋਰੋਸ਼ੀਲੋਵ ਨੂੰ ਬੰਦਾ ਬਣਨ ਲਈ ਕਿਹਾ। ਸਤਾਲਿਨ ਦੀ ਥਾਂ 'ਤੇ ਤ੍ਰਾਤਸਕੀ ਨੇ ਸ਼ਲਯਾਪਨੀਕੋਵ ਨੂੰ ਨਿਯੁਕਤ ਕਰ ਦਿੱਤਾ। ਬਾਅਦ ਵਿਚ ਲੈਨਿਨ ਨੇ ਸਤਾਲਿਨ ਨੂੰ ਮਾਸਕੋ ਬੁਲਾ ਲਿਆ ਤੇ ਵੋਰੋਸ਼ੀਲੋਵ ਨੇ ਤ੍ਰਾਤਸਕੀ ਦੇ ਆਦੇਸ਼ਾਂ ਦੀ ਪਾਲਣਾ ਕਰਨੀ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਜ਼ਾਰਤੀਸਿਨ ਦੇ ਮੋਰਚੇ 'ਤੇ ਫੈਸਲਾਕੁਨ ਕੰਮ ਤ੍ਰਾਤਸਕੀ ਦੀ ਦੇਖ-ਰੇਖ ਵਿਚ ਹੋਇਆ। ਪੂਰਬੀ ਮੋਰਚੇ 'ਤੇ ਸਤਾਲਿਨ ਦੀ ਕੋਈ ਕਾਰਗੁਜ਼ਾਰੀ ਨਹੀਂ ਸੀ। ਇਹ ਮੋਰਚਾ ਜ਼ਾਰ ਦੀ ਫੌਜ ਵਿਚ ਕਰਨਲ ਰਹੇ ਐਸ. ਕਾਮੇਨੇਵ ਨੇ ਫਤਿਹ ਕੀਤਾ ਸੀ ਤੇ ਕੋਲਚਕ ਦਾ ਦੂਰ ਤੱਕ ਪਿੱਛਾ ਕਰ ਕੇ ਉਸ ਨੂੰ ਭਾਂਜ ਦਿੱਤੀ ਸੀ। ਸਤਾਲਿਨ ਨੇ ਸਿਰਫ ਯੂਦਨਿਚ ਤੋਂ ਪੀਤਰੋਗਰਾਦ ਦੀ ਹੀ ਰੱਖਿਆ ਕੀਤੀ ਸੀ।



*ਪੀਤਰੋਗਰਾਦ ਵਿਚ 5 ਮਈ 1920 ਨੂੰ ਰੂਸੀ ਫੌਜੀਆਂ ਨੂੰ ਸੰਬੋਧਨ ਕਰ ਰਿਹਾ ਲੈਨਿਨ। ਤਸਵੀਰ ਵਿਚ ਤ੍ਰਾਤਸਕੀ ਵੀ ਦਿਖਾਈ ਦੇ ਰਿਹਾ ਹੈ।*

ਸਤਾਲਿਨ ਸ਼ੁਰੂ ਤੋਂ ਤ੍ਰਾਤਸਕੀ ਦੀ ਯੁੱਧ ਨੀਤੀ ਦਾ ਵਿਰੋਧ ਕਰ ਰਿਹਾ ਸੀ, ਆਖਰ ਤ੍ਰਾਤਸਕੀ ਦੀ ਯੁੱਧ ਨੀਤੀ ਦੀ ਵਕਾਲਤ ਕਰਨ ਲੱਗ ਪਿਆ। ਘਰੇਲੂ ਯੁੱਧ ਦੇ ਫੈਸਲਾਕੁਨ ਸਮੇਂ ਜਦੋਂ ਯੂਦਨਿਚ ਪੀਤਰੋਗਰਾਦ ਦੇ ਨੇੜੇ ਪਹੁੰਚ ਗਿਆ ਸੀ ਤਾਂ ਤ੍ਰਾਤਸਕੀ ਆਪ ਘੋੜੇ 'ਤੇ ਸਵਾਰ ਹੋ ਕੇ ਜੰਗ ਦੇ ਮੋਹਰਲੇ ਮੋਰਚਿਆਂ 'ਤੇ ਪਹੁੰਚਿਆ। ਤ੍ਰਾਤਸਕੀ ਦਾ ਮੁੱਖ ਵਿਰੋਧੀ ਲੈਸ਼ੀਵਿਚ ਵੀ ਤ੍ਰਾਤਸਕੀ ਦੀ ਪ੍ਰਸ਼ੰਸਾ ਕਰਨ ਤੋਂ ਰਹਿ ਨਾ ਸਕਿਆ। ਡੇਨੀਕਿਨ ਨੂੰ ਹਰਾ ਕੇ ਮਾਸਕੋ ਨੂੰ ਬਚਾ ਲਿਆ ਗਿਆ ਜਿਸ ਦੀ ਚਿੰਤਾ ਲੈਨਿਨ ਤੇ ਪੋਲਿਟ ਬਿਊਰੋ ਨੂੰ ਖਾ ਰਹੀ ਸੀ। ਘਰੇਲੂ ਯੁੱਧ ਸਮੇਂ ਇਨ੍ਹਾਂ ਜਿੱਤਾਂ ਕਾਰਨ ਤ੍ਰਾਤਸਕੀ ਨੂੰ 'ਫਾਦਰ ਆਫ ਵਿਕਟਰੀ' ਅਤੇ 'ਆਰਡਰ ਆਫ ਰੈਡ ਬੈਨਰ' ਦੀਆਂ ਉਪਾਧੀਆਂ ਨਾਲ ਸਨਮਾਨਿਤ ਕੀਤਾ ਗਿਆ ਸੀ।

ਡਾ. ਅੰਮ੍ਰਿਤਪਾਲ ਤ੍ਰਾਤਸਕੀ ਬਾਰੇ ਕਹਿੰਦਾ ਹੈ, "ਤ੍ਰਾਤਸਕੀ ਦੀ ਇਹ ਧਾਰਨਾ ਸੀ ਕਿ ਮਜ਼ਦੂਰ ਜਮਾਤ ਬਿਨਾਂ ਪਾਰਟੀ ਤੋਂ ਹੀ ਸਮੁੱਚੀ ਜਮਾਤ ਦੇ ਰੂਪ ਵਿਚ ਸਿਆਸੀ ਸੰਘਰਸ਼ ਚਲਾ ਸਕਦੀ ਹੈ ਅਤੇ ਚਲਾਏਗੀ", ਪਰ ਤ੍ਰਾਤਸਕੀ ਦੇ ਅਜਿਹੇ ਕੋਈ ਵਿਚਾਰ ਨਹੀਂ ਸਨ। ਉਹ ਸੰਗਠਿਤ ਕਮਿਊਨਿਸਟ ਪਾਰਟੀ ਨੂੰ ਹੀ ਇਨਕਲਾਬ ਦੀ ਅਗਵਾਈ ਦੇ ਯੋਗ ਸਮਝਦਾ ਸੀ। ਉਸ ਦੇ ਸ਼ਬਦ ਸਨ, "ਪਾਰਟੀ ਤੋਂ ਬਿਨਾਂ, ਪਾਰਟੀ ਤੋਂ ਵੱਖਰਾ, ਪਾਰਟੀ ਦੇ ਉਪਰੋਂ ਦੀ ਜਾਂ ਪਾਰਟੀ ਦਾ ਕੋਈ ਹੋਰ ਬਦਲ ਪ੍ਰੋਲੇਤਾਰੀ ਇਨਕਲਾਬ ਨੂੰ ਜਿੱਤ ਨਹੀਂ ਦਿਵਾ ਸਕਦਾ।" ('ਅਕਤੂਬਰ ਦੇ ਸਬਕ ਪੰਨਾ' 117)। "ਪ੍ਰੋਲੇਤਾਰੀ ਇਨਕਲਾਬ ਦੀ ਅਗਵਾਈ ਕਰਨ ਵਾਲੀ ਪਾਰਟੀ ਤੋਂ ਬਿਨਾਂ ਇਨਕਲਾਬ ਅਸੰਭਵ ਹੋ ਜਾਂਦਾ ਹੈ। ਪ੍ਰੋਲੇਤਾਰੀ ਆਪ-ਮੁਹਾਰੀ ਬਗ਼ਾਵਤ ਰਾਹੀਂ ਇਨਕਲਾਬ ਨਹੀਂ ਲਿਆ ਸਕਦਾ... ਹੋਰ ਕੋਈ ਚੀਜ਼ ਪ੍ਰੋਲੇਤਾਰੀ ਲਈ ਇਸ ਪਾਰਟੀ ਦਾ ਬਦਲ ਨਹੀਂ ਹੋ ਸਕਦੀ... ਪ੍ਰੋਲੇਤਾਰੀ ਲਈ ਇਨਕਲਾਬ ਦਾ ਮੁਢਲਾ ਹਥਿਆਰ ਪਾਰਟੀ ਹੀ ਹੈ।"

ਨਵੀਂ ਆਰਥਿਕ ਨੀਤੀ (ਐਨ.ਈ.ਪੀ.) ਬਾਰੇ ਵੀ ਤ੍ਰਾਤਸਕੀ ਦੇ ਵਿਚਾਰਾਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਤ੍ਰਾਤਸਕੀ ਐਨ.ਈ.ਪੀ. ਦੇ ਵਿਰੁਧ ਨਹੀਂ ਸੀ। ਉਸ ਨੇ ਤਾਂ ਸਗੋਂ ਖੁਦ 1920 ਦੇ ਸ਼ੁਰੂ ਵਿਚ ਕਿਸਾਨੀ ਅਰਥਚਾਰੇ ਦੀ ਹਾਲਤ ਬਾਰੇ ਆਪਣੇ ਵਿਸ਼ਲੇਸ਼ਣ ਦੇ ਆਧਾਰ 'ਤੇ ਪੋਲਿਟ ਬਿਊਰੋ ਨੂੰ ਐਨ.ਈ.ਪੀ. ਵਿਚਲੇ ਸੁਝਾਵਾਂ ਦੇ ਸਮਰੂਪ ਸੁਝਾਅ ਸਾਲ ਪਹਿਲਾਂ ਪੇਸ਼ ਕੀਤੇ ਸਨ। ਪਾਰਟੀ ਵੱਲੋਂ ਐਨ.ਈ.ਪੀ. ਅਪਨਾਉਣ ਤੋਂ ਬਾਅਦ ਉਸ ਨੇ ਇਸ ਨੂੰ ਕਮਿਊਨਿਸਟ ਇੰਟਰਨੈਸ਼ਨਲ ਦੀ 1921 ਤੇ 1922 ਦੀਆਂ ਤੀਜੀ ਤੇ ਚੌਥੀ ਕਾਂਗਰਸਾਂ ਵਿਚ ਸਮਰਥਨ ਦਿੱਤਾ। ਉਸ ਦੇ ਮਤਭੇਦ ਐਨ.ਈ.ਪੀ. ਦੀ ਨੀਤੀ ਬਾਰੇ ਨਹੀਂ ਸਨ, ਸਗੋਂ ਇਸ ਦੀ ਗ਼ਲਤ ਵਰਤੋਂ ਬਾਰੇ ਸਨ। ਉਹ ਚਾਹੁੰਦਾ ਸੀ ਕਿ ਐਨ.ਈ.ਪੀ. ਦਾ ਫਾਇਦਾ ਸਰਮਾਏਦਾਰੀ ਤੱਤ ਨਾ ਉਠਾਉਣ। ਇਸ ਦੀ ਵਰਤੋਂ ਸਿਰਫ ਰੂਸ ਦੇ ਆਰਥਿਕ ਸੋਮਿਆਂ ਦੇ ਵਿਕਾਸ ਤੇ ਇਸ ਵਿਕਾਸ ਨੂੰ ਸਮਾਜਵਾਦੀ ਲੀਹਾਂ 'ਤੇ ਲਿਆਉਣ ਲਈ ਕੀਤੀ ਜਾਵੇ। ਲੈਨਿਨ ਐਨ.ਈ.ਪੀ. ਨੂੰ 'ਮਜਬੂਰਨ ਪਿਛੇ ਹਟਣਾ' ਆਖਦਾ ਸੀ, ਕਿਉਂਕਿ ਇਨਕਲਾਬ ਤੋਂ ਤੁਰੰਤ ਬਾਅਦ ਢਹਿ-ਢੇਰੀ ਹੋਏ ਅਰਥਚਾਰੇ ਨੂੰ ਠੀਕ ਕਰਨ ਲਈ ਛੋਟੇ ਕਿਸਾਨਾਂ, ਮੱਧਵਰਗੀ ਕਿਸਾਨਾਂ ਤੇ ਛੋਟੇ ਵਪਾਰੀਆਂ ਨੂੰ ਕੁਝ ਪੂੰਜੀਵਾਦੀ ਰਿਆਇਤਾਂ ਦਿਤੀਆਂ ਗਈਆਂ ਸਨ। 'ਵਰਕਰਜ਼ ਅਪੋਜੀਸ਼ਨ' ਵਾਲੇ ਐਨ.ਈ.ਪੀ. ਨੂੰ ਨਿਊ ਐਕਸਪਲੋਇਟੇਸ਼ਨ ਆਫ ਪਰੋਲੇਟੇਰੀਅਟ ਕਹਿੰਦੇ ਸਨ। ਤ੍ਰਾਤਸਕੀ ਅਨੁਸਾਰ ਐਨ.ਈ.ਪੀ. ਦਾ ਫਾਇਦਾ ਤਦ ਹੀ ਸੀ ਜੇ ਇਹ ਅਰਥਚਾਰੇ ਵਿਚਲੇ ਪੂੰਜੀਵਾਦੀ ਤੱਤਾਂ ਦੀ ਥਾਂ ਸਮਾਜਵਾਦੀ ਤੱਤਾਂ ਨੂੰ ਮਜ਼ਬੂਤ ਕਰੇ। ਉਂਜ ਇਹ ਸੱਚ ਹੈ ਕਿ ਐਨ.ਈ.ਪੀ. ਨੇ ਜਿੱਥੇ ਰੂਸੀ ਅਰਥਚਾਰੇ ਨੂੰ ਕੁਝ ਹੁਲਾਰਾ ਦਿੱਤਾ, ਉੱਥੇ ਰੂਸ ਵਿਚ ਸਰਮਾਏਦਾਰੀ ਦੀ ਬਹਾਲੀ ਦੇ ਬੀਜ ਵੀ ਬੀਜੇ।

ਡਾ. ਅੰਮ੍ਰਿਤਪਾਲ ਨੇ ਤ੍ਰਾਤਸਕੀ ਨੂੰ ਗ਼ਲਤ ਇਤਿਹਾਸਕਾਰ ਦੱਸਦਿਆਂ ਉਸ ਦੀਆਂ ਜਿਨੋਵੀਵ, ਕਮੇਨੇਵ, ਸਵੇਰਦਲੋਵ, ਦਜ਼ੇਰਜਿੰਸਕੀ, ਬੁਖਾਰਿਨ, ਰੀਕੋਵ, ਨੋਗਿਨ, ਲੋਮੋਵ, ਬੁਬਨੋਵ ਤੇ ਮਿਲਿਉਤਿਨ ਬਾਰੇ ਟਿੱਪਣੀਆਂ 'ਤੇ ਵੀ ਇਤਰਾਜ਼ ਕੀਤਾ ਹੈ ਪਰ ਡਾ. ਸਾਹਿਬ ਨੂੰ ਇਹ ਵੀ ਪਤਾ ਹੋਵੇਗਾ ਕਿ ਇਨ੍ਹਾਂ ਵਿਚੋਂ ਜਿਨੋਵੀਵ, ਕਮੇਨੇਵ ਤੇ ਬੁਬਨੋਵ ਨੂੰ ਸਤਾਲਿਨ ਨੇ ਇਨਕਲਾਬ ਦੇ ਦੁਸ਼ਮਣ ਕਹਿ ਕੇ ਗੋਲੀ ਮਰਵਾ ਦਿੱਤੀ ਸੀ ਜਦੋਂ ਕਿ ਰੀਕੋਵ, ਨੋਗਿਨ ਤੇ ਮਿਲਿਉਤਿਨ ਲੈਨਿਨ ਵਿਰੋਧੀ ਸਨ, ਤੇ ਲੈਨਿਨ ਆਪ ਉਨ੍ਹਾਂ ਨੂੰ ਠੀਕ ਨਹੀਂ ਸਮਝਦਾ ਸੀ। ਫਿਰ ਤ੍ਰਾਤਸਕੀ ਦੀਆਂ ਟਿੱਪਣੀਆਂ 'ਤੇ ਇਤਰਾਜ਼ ਕਿਉਂ?

ਤ੍ਰਾਤਸਕੀ ਨੇ ਬਰੈਸਤ-ਲਿਤੋਵਸਕ ਦੀ ਸੰਧੀ ਸਮੇਂ ਅਕਤੂਬਰ ਇਨਕਲਾਬ ਬਾਰੇ ਪੁਸਤਕ ਲਿਖੀ ਸੀ ਜਿਸ ਦੀਆਂ ਕਈ ਅਡੀਸ਼ਨਾਂ ਰੂਸ ਦੀਆਂ ਕਈ ਭਾਸ਼ਾਵਾਂ ਵਿਚ ਛਪੀਆਂ ਸਨ। ਇਸ ਪੁਸਤਕ ਨੂੰ ਬਹੁਤ ਸਾਰੇ ਪਾਰਟੀ ਵਰਕਰਾਂ ਨੇ ਪੜ੍ਹਿਆ ਸੀ ਤੇ ਕਿਸੇ ਨੇ ਵੀ ਇਹ ਇਲਜ਼ਾਮ ਨਹੀਂ ਸੀ ਲਾਇਆ ਕਿ ਇਸ ਵਿਚ ਸਤਾਲਿਨ ਦੀ ਇਨਕਲਾਬ ਪ੍ਰਤੀ ਦੇਣ ਨੂੰ ਅਣਡਿੱਠ ਕੀਤਾ ਗਿਆ ਹੈ। 1922 ਵਿਚ ਆਰਗੇਨਾਈਜੇਸ਼ਨ ਬਿਊਰੋ, ਜਿਸ ਦਾ ਮੁਖੀ ਉਦੋਂ ਸਤਾਲਿਨ ਸੀ, ਨੇ ਆਪ ਤ੍ਰਾਤਸਕੀ ਨੂੰ ਅਕਤੂਬਰ ਇਨਕਲਾਬ ਦੇ ਇਤਿਹਾਸ ਬਾਰੇ ਕਿਤਾਬ ਐਡਿਟ ਕਰਨ ਨੂੰ ਕਿਹਾ ਸੀ, ਜਦੋਂ ਕਿ ਇਸ ਤੋਂ ਪਹਿਲਾਂ ਵੀ ਤ੍ਰਾਤਸਕੀ ਦੀਆਂ ਦੋ ਪੁਸਤਕਾਂ ਰੂਸੀ ਇਨਕਲਾਬ ਬਾਰੇ ਛਪ ਚੁੱਕੀਆਂ ਸਨ। ਡਾ. ਅੰਮ੍ਰਿਤਪਾਲ ਖੁਦ ਰੂਸ ਦੇ ਇਨਕਲਾਬ ਦੇ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕਰਦੇ ਹੋਏ ਲਿਖਦੇ ਹਨ, "ਹਥਿਆਰਬੰਦ ਇਨਕਲਾਬ ਦੀ ਅਗਵਾਈ ਲਈ ਪਾਰਟੀ-ਕੇਂਦਰ ਦਾ ਸੰਚਾਲਕ ਸਤਾਲਿਨ ਨੂੰ ਥਾਪਿਆ ਗਿਆ ਤੇ ਇਸ ਕੇਂਦਰ ਵਿਚ ਇਨਕਲਾਬ ਦਾ ਨੇਤਾ ਤ੍ਰਾਤਸਕੀ ਸ਼ਾਮਿਲ ਨਹੀਂ ਸੀ।" ਡਾ. ਸਾਹਿਬ ਇੱਥੇ ਭੁੱਲ ਜਾਂਦੇ ਹਨ ਕਿ ਇਸ ਪਾਰਟੀ ਕੇਂਦਰ 'ਕਰਾਂਤੀਕਾਰੀ ਸੋਵੀਅਤ ਕਮੇਟੀ' ਦਾ ਪ੍ਰਧਾਨ ਵੀ ਤ੍ਰਾਤਸਕੀ ਸੀ। ਜੇ ਡਾ. ਸਾਹਿਬ ਦੀ ਮੰਨੀਏ ਤਾਂ ਕਿਉਂਕਿ ਲੈਨਿਨ ਵੀ 'ਪਾਰਟੀ ਕੇਂਦਰ'

***(ਬਾਕੀ ਅਗਲੇ ਸਫੇ 'ਤੇ)***

# ਹਿਮਕਰ ਰੁਤਿ ਮਨਿ ਭਾਵਤੀ

**ਸ਼ਬਦ ਝਰੋਖਾ**



ਬਲਜੀਤ ਬਾਸੀ
ਫੋਨ: 734-259-9353

ਅਮਰੀਕਾ ਦੀ ਮਿਸ਼ੀਗਨ ਸਟੇਟ, ਜਿਥੇ ਮੈਂ ਰਹਿੰਦਾ ਹਾਂ, ਵਿਚ ਇਨ੍ਹਾਂ ਸਰਦੀਆਂ ਵਿਚ ਏਨੀ ਠੰਡ ਪੈ ਰਹੀ ਹੈ ਕਿ ਰਹੇ ਰੱਬ ਦਾ ਨਾਂ। ਮਹੀਨੇ ਤੋਂ ਉਪਰ ਹੋ ਗਿਆ, ਸਮਝੋ ਬਰਫ ਵਿਚ ਹੀ ਲੰਗੇ ਹੋਏ ਹਾਂ। ਕੈਨੇਡਾ ਦੇ ਨੇੜਲੇ ਸ਼ਹਿਰ ਟੋਰਾਂਟੋ ਵਿਚ ਤਾਂ ਕਈ ਦਿਨ ਬਿਜਲੀ ਵੀ ਨਹੀਂ ਆਈ। ਮੇਰੇ ਆਪਣੇ ਸ਼ਹਿਰ ਵਿਚ ਇਕ ਦਿਨ ਚਾਰ ਘੰਟੇ ਬਿਜਲੀ ਗੁੱਲ ਰਹੀ। ਅਜਿਹੇ ਵਿਚ ਬੱਚਿਆਂ ਤੇ ਬਜ਼ੁਰਗਾਂ ਦੀ ਬੜੀ ਸ਼ਾਮਤ ਆਈ। ਇਨ੍ਹਾਂ ਦੇਸ਼ਾਂ ਵਿਚ ਕਦ ਸੁਣਿਆ ਸੀ ਕਿ ਇਹ ਸਦਾ ਵਫਾਦਾਰ ਸ਼ੈਅ ਵੀ ਕਦੇ ਧੋਖਾ ਦੇ ਸਕਦੀ ਹੈ। ਅਜਿਹੇ ਹੰਗਾਮੀ ਹਾਲਾਤ ਲਈ ਰੋਸ਼ਨੀ ਜਾਂ ਗਰਮੀ ਦਾ ਕੋਈ ਮੁਤਬਦਲ ਪ੍ਰਬੰਧ ਵੀ ਨਹੀਂ ਕੀਤਾ ਜਾਂਦਾ। ਮੌਸਮ ਦੇ ਕਹਿਰ ਕਾਰਨ ਭਾਰਤ ਜਿਹੇ ਦੇਸ਼ਾਂ ਵਿਚ ਤਾਂ ਅਕਸਰ ਹੀ ਮੌਤਾਂ ਸੁਣੀਂਦੀਆਂ ਹਨ ਪਰ ਇਸ ਵਾਰ ਏਧਰ ਵੀ ਬਥੇਰਾ ਜਾਨੀ-ਮਾਲੀ ਨੁਕਸਾਨ ਹੋਇਆ ਹੈ। ਪਿਛਲੇ ਕਾਫੀ ਸਮੇਂ ਤੋਂ ਬਹੁਤ ਚਿੰਤਾ ਜਤਾਈ ਜਾ ਰਹੀ ਸੀ ਕਿ ਧਰਤੀ ਗਰਮ ਹੋ ਰਹੀ ਹੈ ਪਰ ਹੁਣ ਇਹ ਗੱਲ ਕੋਈ ਨਹੀਂ ਕਰਦਾ।

ਇਸ ਕਹਿਰ ਦੇ ਮੌਸਮ ਦਾ ਕੁਝ ਨਿੱਜੀ ਲਾਭ ਵੀ ਹੋਇਆ। ਸੜਕਾਂ 'ਤੇ ਬਰਫ ਦਾ ਰਾਜ ਹੋ ਗਿਆ, ਕਾਰਾਂ ਕਿਧਰੋਂ ਚੱਲਣੀਆਂ ਸਨ। ਅਚਾਨਕ ਕੰਮ ਤੋਂ ਦੋ ਛੁੱਟੀਆਂ ਛੱਤ ਪਾੜ ਕੇ ਆਈ ਨਿਆਮਤ ਹੀ ਸਨ। ਇਸ ਦੌਰਾਨ ਦਿਮਾਗ ਨੂੰ ਵੀ ਠੰਡੇ ਬਸਤੇ ਵਿਚ ਪਾਈ ਰੱਖਿਆ। ਘਰ ਦੇ ਅੰਦਰ ਹੀ ਮਸਤੀ ਕਰਦਿਆਂ ਅਚਾਨਕ ਖਿਆਲ ਆਇਆ ਕਿ ਮੈਂ ਤਾਂ ਕਾਲਮ ਲਿਖਣਾ ਹੈ ਜਿਸ ਦਾ ਵਿਸ਼ਾ ਅਜੇ ਤਕ ਸੋਚਿਆ ਹੀ ਕੋਈ ਨਹੀਂ! ਚਿੰਤਿਤ ਹੁੰਦਿਆਂ ਖਿੜਕੀ ਥਾਣੀਂ ਬਾਹਰ ਝਾਕਿਆ ਤਾਂ ਬਰਫਾਂ ਦੇ ਅੰਬਾਰ ਨਜ਼ਰ ਆਏ। ਚਿੱਟੀ ਬਰਫ ਉਤੇ ਪੈ ਰਹੀ ਧੁੱਪ ਦੀ ਲਿਸ਼ਕੋਰ ਨਾਲ ਅੱਖਾਂ ਚੁੰਧਿਆ ਰਹੀਆਂ ਸਨ। ਇਸੇ ਲਿਸ਼ਕੋਰ ਨੇ ਦਿਮਾਗ ਦੀ ਬੱਤੀ ਜਗਾ ਦਿੱਤੀ, ਕੋਈ ਬਰਫਾਂ ਦੀ ਗੱਲ ਕਰੀਏ।

ਭਾਵੇਂ ਪੰਜਾਬੀ ਵਿਚ ਬਰਫ ਸ਼ਬਦ ਬਹੁਤ ਪ੍ਰਚਲਿਤ ਹੈ ਪਰ ਇਹ ਫਾਰਸੀ ਵਲੋਂ ਆਇਆ ਹੋਣ ਕਰਕੇ ਸੋਚਿਆ ਇਸ 'ਤੇ ਬਹੁਤੀ ਕਲਮ ਨਹੀਂ ਚੱਲਣੀ। ਇਸ ਨੂੰ ਫਿਰ ਕਿਸੇ ਵੇਲੇ ਲਈ ਛੱਡ ਦੇਈਏ। ਬਰਫ ਲਈ ਸੰਸਕ੍ਰਿਤ ਵਲੋਂ ਹਿੰਮ ਸ਼ਬਦ ਹੈ ਪਰ ਪੰਜਾਬੀ ਇਸ ਦੀ ਕਦੀ ਵਰਤੋਂ ਨਹੀਂ ਕਰਦੇ। ਇਹ ਸ਼ਬਦ ਜ਼ਰੂਰ ਕਿਸੇ ਵੇਲੇ ਸਾਡੀ ਭਾਸ਼ਾ ਵਿਚ ਆਮ ਵਰਤਿਆ ਜਾਂਦਾ ਰਿਹਾ ਹੋਵੇਗਾ। ਅਰਬੀ-ਫਾਰਸੀ ਦੇ ਲੰਮੇ ਰਾਜ ਨੇ ਇਸ ਨੂੰ ਖਦੇੜ ਦਿੱਤਾ ਤੇ ਇਸ ਦੀ ਜਗਾਹ ਬਰਫ ਨੇ ਲੈ ਲਈ। ਕੋਈ ਗੱਲ ਨਹੀਂ, ਅੱਜ ਇਸ ਨਾਲ ਨਿਆਂ ਕਰਦੇ ਹਾਂ, ਇਸ ਸ਼ਬਦ ਦੇ ਭਾਈਬੰਦੀਆਂ ਦੀ ਗੱਲ ਕਰਦੇ ਹਾਂ।

ਸਭ ਤੋਂ ਪਹਿਲਾਂ ਤਾਂ ਬਰਫਬਾਰੀ ਲਈ ਹਿਮਪਾਤ ਸ਼ਬਦ ਹੀ ਲੈ ਲਓ। ਪਤਿਤ ਸਬੰਧੀ ਲੇਖ ਵਿਚ ਅਸੀਂ ਪਾਤ ਸ਼ਬਦ ਦਾ ਜ਼ਿਕਰ ਕਰ ਆਏ ਹਾਂ। ਇਸ ਦਾ ਅਰਥ ਹੁੰਦਾ ਹੈ ਡਿਗਣਾ, ਗਿਰਨਾ। ਸੋ ਹਿਮਪਾਤ ਦਾ ਅਰਥ ਹੋਇਆ ਬਰਫ ਡਿਗਣਾ। ਪੰਜਾਬ ਦੇ ਬਹੁਤੇ ਲੋਕਾਂ ਨੇ ਹਿਮਾਲਾ ਪਰਬਤ ਦੇ ਰਮਣੀਕ ਥਾਂਵਾਂ ਜਿਵੇਂ ਸ਼ਿਮਲਾ, ਕਸੌਲੀ, ਮਸੂਰੀ ਆਦਿ ਵਿਚ ਬਰਫ ਪੈਂਦੀ ਜ਼ਰੂਰ ਦੇਖੀ ਹੋਵੇਗੀ। ਹਿਮਾਲਾ ਦਾ ਅਰਥ ਹੀ ਉਹ ਜਗਾਹ ਹੈ ਜਿਥੇ ਹਿਮ ਪੈਂਦੀ ਹੈ: ਹਿਮ=ਬਰਫ, ਆਲਾ=ਘਰ। ਆਲਾ ਪਿਛੇਤਰ ਵਾਲੇ ਕੁਝ ਹੋਰ ਸ਼ਬਦ ਹਨ, ਸ਼ਿਵਾਲਾ, ਮੇਘਾਲਿਆ ਆਦਿ। ਜੇ ਅਜੇ ਤਸੱਲੀ ਨਹੀਂ ਹੋਈ ਤਾਂ ਆਲ੍ਹਣਾ ਸ਼ਬਦ ਵਿਚਾਰ ਲਵੋ ਜੋ ਹੈ ਹੀ ਪੰਛੀਆਂ ਦਾ ਘਰ।



ਸੰਸਕ੍ਰਿਤ ਵਿਚ ਹਿਮ ਦੇ ਠੰਡ ਨਾਲ ਸਬੰਧਤ ਕਈ ਭਾਵ ਹਨ। ਇਸ ਦਾ ਪਹਿਲਾ ਅਰਥ ਸਰਦੀ ਦਾ ਮੌਸਮ ਜਾਂ ਪਾਲਾ ਹੀ ਹੈ। ਫਿਰ ਠੰਡ ਦੇ ਅੰਦਰੂਨੀ ਗੁਣਾਂ ਜਾਂ ਤਾਸੀਰ ਵਾਲੀਆਂ ਚੀਜ਼ਾਂ ਜਿਵੇਂ ਚੰਦਨ ਦਾ ਰੁੱਖ, ਚੰਦ, ਕੱਕਰ, ਬਰਫ, ਟੀਨ, ਮੋਤੀ, ਤਾਜ਼ਾ ਮੱਖਣ, ਕਮਲ, ਮੁਸ਼ਕ ਕਾਫੂਰ ਆਦਿ ਵੀ ਹਿਮ ਹੀ ਹਨ। ਗੁਰੂ ਗ੍ਰੰਥ ਸਾਹਿਬ ਵਿਚ ਹਿਮ ਸ਼ਬਦ ਨਹੀਂ ਆਇਆ ਪਰ ਇਸ ਤੋਂ ਬਣਿਆ ਹਿਮਕਰ ਜ਼ਰੂਰ ਹੈ। ਗੁਰੂ ਅਰਜਨ ਦੇਵ ਜੀ ਨੇ ਇਹ ਸ਼ਬਦ ਵਰਤਿਆ ਹੈ, "ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ॥" ਭਾਵ ਗੁਣਾਂ ਨਾਲ ਭਰੀ ਹੋਈ ਮਾਘ ਫੱਗਣ ਦੀ ਬਰਫਾਨੀ ਰੁੱਤ ਮਨ ਨੂੰ ਚੰਗੀ ਲਗਦੀ ਹੈ। ਹਿਰਦਾ ਠੰਡਾ ਹੋਣ ਦਾ ਭਾਵ ਹੁੰਦਾ ਹੈ, ਸ਼ਾਂਤੀ ਹੋਣੀ, ਸੰਤੁਸ਼ਟੀ ਹੋਣੀ। ਗੁਰੂ ਸਾਹਿਬ ਅਜਿਹੀ ਠੰਡਕ ਪਰਮਾਤਮਾ ਦੇ ਮਿਲਾਪ ਵਿਚ ਦੇਖਦੇ ਹਨ ਪਰ ਦੁਨੀਆਂਦਾਰ ਹਮਾਤੜ ਨੂੰ ਪਾਲਾ ਹੀ ਮਾਰਦਾ ਰਹਿੰਦਾ ਹੈ।

ਸੰਸਕ੍ਰਿਤ ਵਿਚ ਹਿਮਕਰ ਦਾ ਅਰਥ ਚੰਦ ਵੀ ਹੁੰਦਾ ਹੈ, ਮਤਲਬ ਜੋ ਠੰਡ ਵਰਤਾਉਂਦਾ ਹੈ। ਹਿਮ ਦੇ ਪਿਛੇ 'ਅਚਲ' ਲੱਗ ਕੇ ਹਿਮਾਚਲ ਬਣ ਗਿਆ। ਇਸ ਵਿਚ ਲੱਗੇ ਅਚਲ ਦਾ ਅਰਥ ਹੈ, ਜੋ ਨਾ ਚੱਲੇ (ਅ+ਚਲ), ਸਥਿਰ ਰਹੇ। ਪਰਬਤ ਜਾਂ ਪਹਾੜ ਤੋਂ ਵਧ ਕੇ ਹੋਰ ਕਿਹੜੀ ਚੀਜ਼ ਅਚਲ ਹੋ ਸਕਦੀ ਹੈ। ਸੋ, ਹਿਮਾਚਲ ਪ੍ਰਦੇਸ਼ ਦਾ ਅਰਥ ਹੋਇਆ ਬਰਫਾਨੀ ਪਹਾੜ ਵਾਲਾ ਪਰਦੇਸ਼। ਗੁਰੂ ਨਾਨਕ ਦੇਵ ਨੇ ਇਸ ਲਈ ਹੈਮੰਚਲਿ ਸ਼ਬਦ ਵਰਤਿਆ ਹੈ, "ਤਨੁ ਹੈਮੰਚਲਿ ਗਾਲੀਐ ਭੀ ਮਨ ਤੇ ਰੋਗੁ ਨਾ ਜਾਇ॥" ਅਰਥਾਤ ਜੇ ਮਨ ਨੂੰ ਬਰਫਾਨੀ ਹਿਮਾਚਲ ਦੀ ਠੰਡ ਵਿਚ ਵੀ ਗਾਲਿਆ ਜਾਵੇ ਤਾਂ ਹਉਮੈ ਰੋਗ ਦੂਰ ਨਹੀਂ ਹੁੰਦਾ। ਮਈਆ ਸਿੰਘ ਦੇ ਪੰਜਾਬੀ ਕੋਸ਼ ਵਿਚ ਬਰਫ ਲਈ ਹਿਮ ਤੋਂ ਹੀ ਬਣੇ ਹਿਉਂ ਸ਼ਬਦ ਦਾ ਇੰਦਰਾਜ ਹੈ। ਇਸੇ ਤੋਂ ਬਣਿਆ ਇਕ ਸ਼ਬਦ ਹੇਨਤ ਹੈ, ਜਿਸ ਦਾ ਅਰਥ ਖੱਡ ਵਿਚ ਡਿਗਦੀ ਬਰਫ ਦੱਸਿਆ ਗਿਆ ਹੈ।

ਐਪਰ ਪੰਜਾਬੀ, ਖਾਸ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਵਿਚ ਹਿਮ ਦਾ ਭੇਦ ਹਿਵ ਤੇ ਇਸ ਤੋਂ ਵਿਉਤਪਤ ਹੋਰ ਸ਼ਬਦ ਮਿਲਦੇ ਹਨ। 'ਮ' ਅਤੇ 'ਵ' ਧੁਨੀ ਕਈ ਹਾਲਤਾਂ ਵਿਚ ਇਕ ਦੂਜੇ ਦੀ ਥਾਂ ਲੈ ਲੈਂਦੀ ਹੈ, ਜਿਵੇਂ ਕਿਵੇਂ/ਕਿਮੇਂ, ਰਵਾਂ/ਰਮਾਂ ਆਦਿ। "ਗੁਰ ਹਿਵ ਸੀਤਲੁ ਅਗਨਿ ਬੁਝਾਵੈ" (ਗੁਰੂ ਨਾਨਕ) ਅਰਥਾਤ ਗੁਰੂ ਬਰਫ ਵਾਂਗ ਠੰਡਾ ਹੈ ਜੋ ਮਨ ਦੀ ਅਗਨੀ ਬੁਝਾਉਂਦਾ ਹੈ। ਗੁਰੂ ਸਾਹਿਬ ਨੇ ਬਰਫ ਦੇ ਘਰ ਲਈ 'ਹਿਵੈ ਘਰ' ਸ਼ਬਦ ਜੁੱਟ ਵੀ ਵਰਤਿਆ ਹੈ। ਭਗਤ ਨਾਮਦੇਵ ਨੇ ਹਿਮਾਲੇ ਨੂੰ 'ਹਿਵਾਲੇ' ਕਿਹਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਠੰਡਾ ਦੇ ਅਰਥਾਂ ਵਿਚ ਹੇਂਵ ਸ਼ਬਦ ਵੀ ਮਿਲਦਾ ਹੈ, "ਮਨ ਤਨ ਹੇਂਵ ਭਏ ਸਚ ਪਾਇਆ॥" ਇਸ ਤੋਂ ਇਕ ਹੋਰ ਦਿਲਚਸਪ ਸ਼ਬਦ ਬਣਿਆ ਹੈ, ਹੇਂਵਹੀ, ਜੋ ਗੁਰੂ ਨਾਨਕ ਦੇਵ ਨੇ ਇਸਤੇਮਾਲ ਕੀਤਾ ਹੈ, "ਇਕਿ ਪਾਲਾ ਕਕਰੁ ਭੰਨਿ ਸੀਤਲੁ ਜਲੁ ਹੇਂਵਹੀ॥" ਇਥੇ ਹੇਂਵਹੀ ਦਾ ਅਰਥ 'ਸਹਾਰਦਾ ਹੈ' ਲਿਆ ਜਾਂਦਾ ਹੈ ਜੋ ਅਸਲ ਵਿਚ 'ਬਰਫਾਨੀ ਠੰਡ ਸਹਾਰਦਾ' ਹੈ।

ਹੇਵਤ ਦਾ ਵੀ ਇਹੋ ਅਰਥ ਹੈ, "ਜਲੁ ਹੇਵਤ ਭੂਖ ਅਰੁ ਨੰਗ॥" ਇਹ ਸ਼ਬਦ ਸੰਸਕ੍ਰਿਤ ਹਿਮਵਤ ਦਾ ਸੁੰਗੜਿਆ ਰੂਪ ਹੈ ਜਿਸ ਦਾ ਸੰਸਕ੍ਰਿਤ ਵਿਚ ਇਕ ਅਰਥ ਆਪਣੇ ਆਪ ਨੂੰ ਠੰਡ ਲੁਆਉਣਾ ਜਾਂ ਠੰਡ ਸਹਾਰਨਾ ਹੈ। ਇਸ ਤੋਂ ਬਣੇ ਇਕ ਸ਼ਬਦ ਹੀਵ ਦਾ ਅਰਥ ਕਾਂਬੇ ਵਾਲਾ ਬੁਖਾਰ ਹੁੰਦਾ ਹੈ। ਭਾਰਤ ਦੀਆਂ ਹੋਰ ਆਰਿਆਈ ਭਾਸ਼ਾਵਾਂ ਵਿਚ ਇਸ ਦੇ ਸਹਿਮੂਲਕ ਸ਼ਬਦ ਮਿਲਦੇ ਹਨ ਜਿਵੇਂ ਤਿਰਾਹੀ ਵਿਚ ਐਮਨ, ਸ਼ੁਮਾਸਤੀ ਵਿਚ ਯੇਮਨ, ਨਿੰਗਰਾਮੀ ਵਿਚ ਈਮੰਦ, ਗਾਵਾਰ ਬਾਤੀ ਵਿਚ ਹੇਮਾਂਦ, ਕਸ਼ਮੀਰੀ ਵਿਚ ਸ਼ੀਨ ਸ਼ਬਦ। ਇਸੇ ਤਰ੍ਹਾਂ ਦਾਰਦ ਭਾਸ਼ਾਵਾਂ ਵਿਚ ਵੀ ਇਸ ਦੇ ਪ੍ਰਤਿਰੂਪ ਹਨ। ਕੁਝ ਵਿਚ ਇਸ ਦੀ ਅਨੁਨਾਸਿਕਤਾ ਗਾਇਬ ਹੋ ਗਈ ਹੈ।

ਰਾਮ ਵਿਲਾਸ ਸ਼ਰਮਾ ਅਨੁਸਾਰ ਹਿਮਾਚਲ ਪ੍ਰਦੇਸ਼ ਦੇ ਸ਼ਹਿਰ ਸ਼ਿਮਲਾ ਦਾ ਇਹ ਨਾਂ ਹਿਮ ਸ਼ਬਦ ਦੇ ਕਿਸੇ ਪੁਰਾਤਨ ਰਹੇ ਰੂਪ ਸ਼ਿਮ ਤੋਂ ਬਣਿਆ ਹੋ ਸਕਦਾ ਹੈ। ਉਸ ਅਨੁਸਾਰ ਪੂਰਵਵੈਦਿਕ ਭਾਸ਼ਾਵਾਂ ਵਿਚ ਹਿਮ ਦਾ ਰੂਪ ਘਿਮ ਸੀ। ਸਲਾਵ ਅਤੇ ਕੈਲਟ ਭਾਸ਼ਾਵਾਂ ਦੇ ਧੁਨੀ ਰੂਪਾਂ ਦੀ ਤੁਲਨਾ ਕਰਦੇ ਹੋਏ ਉਹ ਇਸ ਸਥਾਪਨਾ ਕਰਦੇ ਹਨ। ਲਾਤਿਵਾਈ ਵਿਚ ਹਿਮ ਦਾ ਰੂਪ ਜ਼ੀਐਮ, ਲਿਥੁਐਨੀ ਵਿਚ ਝੀਅਮ ਹੈ। ਇਸ ਤਰ੍ਹਾਂ 'ਝ' ਧੁਨੀ ਵਿਚੋਂ 'ਹ' ਦੀ ਧੁਨੀ ਅਲੋਪ ਹੋਈ ਤਾਂ ਪੁਰਾਣੀ ਪਰਸ਼ੀਅਨ ਵਿਚ ਸੱਮਾ ਜਿਹਾ ਸ਼ਬਦ ਸਾਹਮਣੇ ਆਇਆ। ਹਿਮ ਦੇ ਪੁਰਾਤਨ ਰੂਪ ਘਿਮ ਦੀ ਜਾਣਕਾਰੀ ਇਥੋਂ ਵੀ ਮਿਲਦੀ ਹੈ ਕਿ ਗਰੀਕ ਵਿਚ Kiem ਸ਼ਬਦ ਹੈ। ਸੱਮਾ ਜਿਹੇ ਰੂਪ ਤੋਂ ਹੀ ਸ਼ਿਮਲਾ ਦੇ ਸ਼ਿਮ ਦੇ ਵਿਕਾਸ ਦੀ ਕਹਾਣੀ ਸਮਝ ਆਉਂਦੀ ਹੈ। ਕਸ਼ਮੀਰੀ ਵਿਚ ਹਿਮਭੰਡਾਰ ਦੇ ਲਈ ਮਾਨ/ਮੋਨੁ ਸ਼ਬਦ ਵੀ ਹਨ। ਸੰਸਕ੍ਰਿਤ ਵਿਚ ਸਰਦੀ ਦੇ ਮੌਸਮ ਨੂੰ ਹੇਮੰਤ ਕਿਹਾ ਜਾਂਦਾ ਹੈ। ਇਥੇ ਹੇਮ ਵੀ ਹਿਮ ਤੋਂ ਹੀ ਬਦਲਿਆ ਹੈ। ਹੇਮੰਤ ਦਾ 'ਤ' ਅਲੋਪ ਹੋ ਕੇ ਪਹਾੜੀ ਬੋਲੀਆਂ ਵਿਚ ਹਿਮਨ, ਹੇਮਨ, ਹਿਮਾਨ, ਖਿਮਾਨ ਜਿਹੇ ਰੂਪ ਬਣਦੇ ਹਨ। ਸਰਦੀ ਦਾ ਬਰਫੀਲਾ ਜਾਂ ਸੀਤ ਜਿਹੇ ਅਰਥਾਂ ਵਿਚ ਇਸ ਦਾ ਪ੍ਰਯੋਗ ਹੁੰਦਾ ਹੈ। ਸਪਸ਼ਟ ਹੈ ਕਿ ਹਿਮਾਲਾ ਤੋਂ ਹਿਮਾਲ ਰੂਪ ਤਾਂ ਹਿਮਾਚਲੀ ਅਤੇ ਨੇਪਾਲੀ ਵਿਚ ਵੀ ਬਣਦੇ ਹਨ। ਹਿਮਾਲ ਤੋਂ ਸ਼ਿਮਾਲ ਤੇ ਫਿਰ ਸ਼ਿਮਲਾ ਰੁਪਾਂਤਰ ਦੂਰ ਦੀ ਕੌਡੀ ਨਹੀਂ ਲਗਦੇ।

ਸ਼ਰਮਾ ਦੇ ਇਨ੍ਹਾਂ ਵਿਚਾਰਾਂ 'ਤੇ ਗੌਰ ਕਰਨਾ ਚਾਹੀਦਾ ਹੈ ਭਾਵੇਂ ਕਿ ਅਸੀਂ ਸ਼ਿਮਲਾ ਦਾ ਨਾਂ ਸ਼ਿਆਮਲਾ ਦੇਵੀ ਦੇ ਨਾਂ ਨਾਲ ਜੋੜਦੇ ਹਾਂ। ਸ਼ਿਆਮਲਾ ਸ਼ਿਆਮ ਅਰਥਾਤ ਸ਼ਾਮ (ਕਾਲਾ) ਤੋਂ ਬਣਿਆ ਹੈ। ਸਾਡੇ ਗਲੇ ਵਿਚ ਇਹ ਗੱਲ ਅਜੇ ਅਟਕਦੀ ਨਹੀਂ।

ਹਿਮ ਦੇ ਸੁਜਾਤੀ ਸ਼ਬਦ ਭਾਰਤ ਦੀਆਂ ਸਰਹੱਦਾਂ ਤੋਂ ਬਾਹਰ ਵੀ ਹਨ। ਜਿਵੇਂ ਉਪਰ ਰਾਮ ਵਿਲਾਸ ਸ਼ਰਮਾ ਦੇ ਹਵਾਲੇ ਨਾਲ ਦੱਸਿਆ ਗਿਆ ਹੈ। ਇਸ ਦਾ ਭਾਰੋਪੀ ਮੂਲ gheim ਹੈ। ਲਾਤੀਨੀ ਵਿਚ ਇਸ ਤੋਂ ਵਿਕਸਿਤ hiem ਮਿਲਦਾ ਹੈ। ਅੰਗਰੇਜ਼ੀ ਵਿਚ ਇਕ ਸ਼ਬਦ ਕਿਮੀਰਾ ਮਿਲਦਾ ਹੈ ਜੋ ਇਕ ਮਿਥਿਹਾਸਕ ਜਾਨਵਰ ਦਾ ਨਾਂ ਹੈ। ਇਸ ਜਾਨਵਰ ਦਾ ਸਿਰ ਸ਼ੇਰ ਜਿਹਾ, ਧੜ ਬੱਕਰੀ ਵਰਗਾ ਅਤੇ ਪੂਛ ਸੱਪ ਵਰਗੀ ਹੁੰਦੀ ਹੈ। ਮੰਨਿਆ ਜਾਂਦਾ ਹੈ ਕਿ ਜਾਨਵਰ ਦੀ ਕਲਪਨਾ ਵਿਚ ਸਰਦ ਰੁੱਤ ਦਾ ਮਾਨਵੀਕਰਨ ਕੀਤਾ ਗਿਆ ਹੈ। ਅੱਜ ਕਲ੍ਹ ਕਿਸੇ ਵੀ ਅਜੀਬੋ-ਗਰੀਬ ਜਾਨਵਰ, ਅਦਭੁਤ ਕਲਾ ਵਸਤੂ ਜਾਂ ਖਾਮ ਖਿਆਲੀ ਲਈ ਇਹ ਸ਼ਬਦ ਵਰਤਿਆ ਜਾਂਦਾ ਹੈ। ਇਸ ਸ਼ਬਦ ਦਾ ਗਰੀਕ ਵਿਚ ਰੂਪ ਖਮਾਇਰਾ ਜਿਹਾ ਹੈ ਜਿਸ ਦਾ ਸ਼ਾਬਦਿਕ ਅਰਥ ਇਕ ਸਾਲ (ਜਿਸ ਨੇ ਇਕ ਸਰਦੀ ਹੰਢਾਈ) ਦੀ ਬੱਕਰੀ ਹੈ। ਇਹ ਸ਼ਬਦ ਗਰੀਕ ਤੋਂ ਲਾਤੀਨੀ ਤੇ ਫਿਰ ਫਰਾਂਸੀਸੀ ਵਿਚ ਹੁੰਦਾ ਹੋਇਆ ਅੰਗਰੇਜ਼ੀ ਵਿਚ ਪੁੱਜਾ।

ਪੰਜਾਬੀ ਵਿਚ ਹਿਮ ਦੇ ਰੂਪ ਹਿਵ ਜਿਹਾ ਅੰਗਰੇਜ਼ੀ ਵਿਚ ਵੀ ਸ਼ਬਦ ਮਿਲਦਾ ਹੈ ਜੋ ਇਸ ਦਾ ਸਕਾ ਹੀ ਹੈ, ਉਹ ਹੈ hibernation. ਇਸ ਦਾ ਸ਼ਾਬਦਿਕ ਅਰਥ ਤਾਂ ਸਿਆਲ ਬਿਤਾਉਣਾ ਹੀ ਹੁੰਦਾ ਹੈ ਪਰ ਜੰਤੂ-ਵਿਗਿਆਨ ਵਿਚ ਇਸ ਦਾ ਅਰਥ ਕੁਝ ਜਾਨਵਰਾਂ ਜਿਵੇਂ ਡੱਡੂਆਂ, ਕਿਰਲੀਆਂ ਆਦਿ ਵਲੋਂ ਸਿਆਲ ਭਰ ਬਿਨਾ ਕੁਝ ਖਾਧੇ ਪੀਤੇ ਕ੍ਰਿਆਹੀਣ ਸੁਪਤ ਅਵਸਥਾ ਵਿਚ ਰਹਿਣਾ। ਇਸ ਲਈ ਤਕਨੀਕੀ ਸ਼ਬਦ ਸੀਤਸਵਾਪਨ ਬਣਾਇਆ ਗਿਆ ਹੈ। ਫਾਰਸੀ ਵਿਚ ਬਰਫ ਲਈ ਜ਼ਮ ਲਫਜ਼ ਹੈ ਜਦਕਿ ਸਰਦੀ ਲਈ ਜ਼ਿੰਮਸਤਾਨ। ਫਰਾਂਸੀਸੀ ਵਿਚ ਸਰਦੀ ਲਈ ਸ਼ਬਦ ਹਿਵਰ ਹੈ।

# ਬਰੈਸਤ-ਲਿਤੋਵਸਕ ਸੰਧੀ ਦਾ ਸੱਚ

*(ਪਿਛਲੇ ਸਫੇ ਤੋਂ ਜਾਰੀ)*

ਦਾ ਮੈਂਬਰ ਨਹੀਂ ਸੀ, ਇਸ ਲਈ ਉਸ ਦੀ ਵੀ ਇਨਕਲਾਬ ਲਈ ਕੋਈ ਵਿਸ਼ੇਸ਼ ਭੂਮਿਕਾ ਨਹੀਂ ਸੀ!

ਤ੍ਰਾਤਸਕੀ 'ਤੇ ਇਹ ਵੀ ਦੋਸ਼ ਲਾਇਆ ਗਿਆ ਹੈ, "ਉਹ ਕੌਮੀ ਮੁਕਤੀ ਦੇ ਸੰਘਰਸ਼ ਨੂੰ ਖਾਰਜ ਕਰ ਦਿੰਦਾ ਹੈ।" ਨਾਲ ਇਹ ਵੀ ਕਿਹਾ ਗਿਆ ਹੈ ਕਿ ਤੀਜੀ ਇੰਟਰਨੈਸ਼ਨਲ ਸਮੇਂ ਤ੍ਰਾਤਸਕੀ ਤੇ ਲੈਨਿਨ ਦੇ ਵਿਚਾਰ ਬਸਤੀਆਂ ਤੇ ਅਰਧ-ਬਸਤੀਆਂ ਵਿਚ ਇਨਕਲਾਬ ਬਾਰੇ ਇਕੋ ਜਿਹੇ ਸਨ ਪਰ ਲੈਨਿਨ ਦੀ ਮੌਤ ਤੋਂ ਬਾਅਦ ਤ੍ਰਾਤਸਕੀ ਦੇ ਵਿਚਾਰ ਬਦਲ ਗਏ। ਤ੍ਰਾਤਸਕੀ ਲੈਨਿਨ ਦੇ ਫਾਰਮੂਲੇ 'ਮਜ਼ਦੂਰ-ਕਿਸਾਨੀ ਜਮਹੂਰੀ ਤਾਨਾਸ਼ਾਹੀ' ਦੇ ਵਿਰੁੱਧ ਹੋ ਗਿਆ ਸੀ। ਲੈਨਿਨ ਤਾਂ ਆਪ ਆਪਣੇ ਫਾਰਮੂਲੇ ਬਾਰੇ ਕਹਿੰਦਾ ਹੈ, "ਪੁਰਾਣੇ ਬਾਲਸ਼ਵਿਕਾਂ ਨੇ ਇਕ ਤੋਂ ਵੱਧ ਵਾਰ ਸਾਡੀ ਪਾਰਟੀ ਦੇ ਇਤਿਹਾਸ ਵਿਚ ਪਛਤਾਵੇ ਵਾਲਾ ਰੋਲ ਅਦਾ ਕੀਤਾ ਹੈ। ਉਹ ਮੂੰਹ ਜ਼ੁਬਾਨੀ ਰਟੇ ਹੋਏ ਵਾਹਯਾਤ ਫਾਰਮੂਲੇ ਦੁਹਰਾਈ ਜਾਂਦੇ ਹਨ ਤੇ ਜਿਊਂਦੀ ਤੇ ਨਵੀਂ ਅਸਲੀਅਤ ਦੀਆਂ ਵਿਸ਼ੇਸ਼ਤਾਈਆਂ ਨੂੰ ਅਣਡਿੱਠਾ ਕਰਦੇ ਹਨ।... ਸਾਨੂੰ ਪੁਰਾਣੇ ਫਾਰਮੂਲਿਆਂ ਦੇ ਹਮਸਫਰ ਨਹੀਂ ਬਣਨਾ ਚਾਹੀਦਾ ਸਗੋਂ ਨਵੀਂ ਅਸਲੀਅਤ ਦੇ ਅਨੁਸਾਰ ਚਲਣਾ ਚਾਹੀਦਾ ਹੈ। ਕੀ ਕਾਮਰੇਡ ਕਾਮੇਨੇਵ ਦੇ ਪੁਰਾਣੇ ਬਾਲਸ਼ਵਿਕ ਫਾਰਮੂਲੇ ਕਿ ਅਜੇ ਬੁਰਜੂਆ ਜਮਹੂਰੀ ਇਨਕਲਾਬ ਪੂਰਾ ਨਹੀਂ ਹੋਇਆ, ਵਿਚ ਕੁਝ ਅਸਲੀਅਤ ਹੈ? ਨਹੀਂ, ਕੋਈ ਅਸਲੀਅਤ ਜਾਂ ਸੱਚਾਈ ਨਹੀਂ ਹੈ। ਇਹ ਫਾਰਮੂਲਾ ਹੁਣ ਪੁਰਾਣਾ ਹੋ ਗਿਆ ਹੈ। ਇਹ ਹੁਣ ਬੇਕਾਰ ਹੈ। ਇਹ ਹੁਣ ਖਤਮ ਹੈ। ਇਸ ਫਾਰਮੂਲੇ ਨੂੰ ਦੁਬਾਰਾ ਜਿੰਦਾ ਕਰਨਾ ਵਿਅਰਥ ਹੈ।" (ਲੈਨਿਨ ਲਿਖਤਾਂ 14 ਪੰਨਾ 28, 33) ਲੈਨਿਨ ਦਾ ਇਹ ਫਾਰਮੂਲਾ ਰੂਸ ਦੇ ਉਸ ਸਮੇਂ ਦੇ ਹਾਲਾਤ ਅਨੁਸਾਰ ਘੜਿਆ ਗਿਆ ਸੀ। ਦੁਨੀਆਂ ਦੇ ਬਾਕੀ ਸਭ ਦੇਸ਼ਾਂ ਵਿਚ ਇਨਕਲਾਬ ਇਸੇ ਫਾਰਮੂਲੇ ਅਨੁਸਾਰ ਹੀ ਨਹੀਂ ਆਏ।

ਹੁਣ ਟਰੇਡ ਯੂਨੀਅਨ ਦੇ ਫੌਜੀਕਰਨ ਦੀ ਗੱਲ ਕਰਦੇ ਹਾਂ। ਇਨਕਲਾਬ ਤੋਂ ਬਾਅਦ ਜਦੋਂ ਰੂਸ ਦੀ ਆਰਥਿਕ ਹਾਲਤ ਅਜੇ ਠੀਕ ਨਹੀਂ ਸੀ ਹੋਈ, ਉਸ ਸਮੇਂ ਪੋਲਿਟ ਬਿਊਰੋ ਨੇ ਗੜਬੜਾ ਗਏ ਟਰਾਂਸਪੋਰਟ ਸਿਸਟਮ ਨੂੰ ਪੈਰਾਂ 'ਤੇ ਖੜ੍ਹੇ ਕਰਨ ਲਈ ਤ੍ਰਾਤਸਕੀ ਦੀ ਡਿਊਟੀ ਲਾਈ। ਤ੍ਰਾਤਸਕੀ ਨੇ ਕਾਮਿਆਂ ਤੇ ਟਰੇਡ ਯੂਨੀਅਨਾਂ ਉਪਰ ਸਖਤ ਡਸਿਪਲਨ ਲਾਗੂ ਕਰਨ ਅਤੇ ਵਧੇਰੇ ਕੰਮ ਕਰਨ ਦੀ ਗੱਲ ਕੀਤੀ। ਉਸ ਨੇ ਖਾਸ ਹਾਲਾਤ ਵਿਚ ਜਬਰੀ ਕਿਰਤ ਨੂੰ ਜਾਇਜ਼ ਠਹਿਰਾਇਆ। ਉਸ ਅਨੁਸਾਰ 'ਜਬਰੀ ਕਿਰਤ' ਵਿਕਸਤ ਸਮਾਜਵਾਦੀ ਸਮਾਜ ਵਿਚੋਂ ਲੋਪ ਹੋ ਜਾਂਦੀ ਹੈ ਪਰ ਸਰਮਾਏਦਾਰੀ ਤੋਂ ਸਮਾਜਵਾਦ ਵੱਲ ਤਬਦੀਲੀ ਦੇ ਦੌਰ ਵਿਚ ਇਹ ਚਰਮ ਸੀਮਾ 'ਤੇ ਹੁੰਦੀ ਹੈ। ਇਸ ਲਈ ਉਸ ਨੇ ਕਿਰਤ ਤੋਂ ਭਗੌੜਿਆਂ ਨੂੰ ਸਖਤ ਸਜ਼ਾ ਦਾ ਉਪਬੰਧ ਕੀਤਾ।

ਤ੍ਰਾਤਸਕੀ ਨੂੰ ਰੂਸ ਵਿਚੋਂ ਜਲਾਵਤਨ ਕਰਨ ਤੋਂ ਬਾਅਦ ਸਤਾਲਿਨ ਵੱਲੋਂ ਕਰਵਾਈ ਗਈ ਵਗਾਰ ਤ੍ਰਾਤਸਕੀ ਵੱਲੋਂ 'ਟਰੇਡ ਯੂਨੀਅਨ ਦੇ ਫੌਜੀਕਰਨ' ਨਾਲੋਂ ਕਿਤੇ ਵੱਧ ਦਮਨਕਾਰੀ ਸੀ। ਸੋਵੀਅਤ ਰੂਸ ਦੇ ਸਨਅਤੀਕਰਨ ਤੇ ਖੇਤੀ ਦੇ ਸਮੂਹੀਕਰਨ ਕਰਨ ਲਈ ਜੋ ਤਸ਼ੱਦਦ ਲੋਕਾਂ 'ਤੇ ਕੀਤਾ ਗਿਆ, ਉਸ ਦੀ ਮਿਸਾਲ ਜ਼ਾਰ ਦੇ ਸ਼ਾਸਨ ਕਾਲ ਵਿਚ ਵੀ ਨਹੀਂ ਮਿਲਦੀ। ਉਹ ਸਿਰਫ ਇਸ ਲਈ ਕੀਤੇ ਗਏ ਜਬਰ ਤੇ ਉਜਾੜੇ ਦਾ ਵਿਰੋਧੀ ਸੀ। ਤ੍ਰਾਤਸਕੀ ਨੇ ਸਤਾਲਿਨ ਦੇ ਸਮੇਂ ਕਮਿਊਨਿਸਟ ਪਾਰਟੀ ਤੇ ਰਾਜਸੀ ਮਸ਼ੀਨਰੀ ਵਿਚ ਵਧ ਰਹੀ ਅਫਸਰਸ਼ਾਹੀ ਨੂੰ ਸਭ ਤੋਂ ਪਹਿਲਾਂ ਨੰਗਿਆਂ ਕੀਤਾ। ਸਾਲਾਂ ਬੱਧੀ ਉਹ ਇਕੱਲਾ ਹੀ ਪਾਰਟੀ ਅੰਦਰਲੀ ਘਟ ਰਹੀ ਜਮਹੂਰੀਅਤ ਤੇ ਵਧ ਰਹੇ ਅਫਸਰਸ਼ਾਹੀ ਅਤੇ ਸਰਮਾਏਦਾਰੀ ਤੱਤਾਂ ਵਿਰੁਧ ਲੜਦਾ ਰਿਹਾ। ਲੈਨਿਨ ਨੇ ਵੀ ਆਪਣੇ ਜੀਵਨ ਦੇ ਆਖਰੀ ਸਮੇਂ ਵਿਚ ਪਾਰਟੀ ਅੰਦਰ ਫੈਲ ਚੁੱਕੀ ਅਫਸਰਸ਼ਾਹੀ ਖਤਮ ਕਰਨ ਲਈ ਤ੍ਰਾਤਸਕੀ ਨੂੰ ਆਪਣੇ ਨਾਲ ਮਿਲ ਕੇ ਬਲਾਕ ਬਣਾਉਣ ਦਾ ਸੱਦਾ ਦਿੱਤਾ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਤ੍ਰਾਤਸਕੀ ਨੇ ਸੋਵੀਅਤ ਰੂਸ ਵਿਚ ਇਨਕਲਾਬ ਕਰਨ, ਲਾਲ ਫੌਜ ਦਾ ਨਿਰਮਾਣ ਕਰਨ, ਕਮਿਊਨਿਸਟ ਇੰਟਰਨੈਸ਼ਨਲ ਦੀਆਂ ਨੀਤੀਆਂ ਘੜਨ, ਘਰੋਗੀ ਜੰਗ ਫਤਿਹ ਕਰਨ, ਸਮਾਜਵਾਦ ਦੀ ਉਸਾਰੀ ਕਰਨ, ਪਾਰਟੀ ਅੰਦਰਲੀ ਅਫਸਰਸ਼ਾਹੀ ਨਾਲ ਲੜਨ, ਪਾਰਟੀ ਪ੍ਰਾਪੇਗੰਡਾ ਕਰਨ ਤੇ ਮਾਰਕਸਵਾਦੀ ਸਾਹਿਤ ਰਚਣ ਲਈ ਲੈਨਿਨ ਨਾਲ ਮਿਲ ਕੇ ਕੰਮ ਕੀਤਾ। ਤ੍ਰਾਤਸਕੀ ਨੇ ਆਪਣੀ ਵਿਦਵਤਾ ਅਤੇ ਅਸਾਧਾਰਨ ਭਾਸ਼ਣ ਸ਼ਕਤੀ ਨਾਲ ਵਿਸ਼ਾਲ ਜਨ ਸਮੂਹਾਂ ਨੂੰ ਸਮਾਜਵਾਦ ਲਈ ਪ੍ਰੇਰਿਆ। ਤ੍ਰਾਤਸਕੀ ਨੇ ਕਈ ਪੁਸਤਕਾਂ ਰਾਜਨੀਤੀ, ਇਤਿਹਾਸ, ਫੌਜੀ ਮਸਲਿਆਂ ਤੇ ਰਚਨਾਤਮਿਕ ਸਾਹਿਤ ਬਾਰੇ ਲਿਖੀਆਂ। ਉਸ ਨੂੰ ਆਪਣੇ ਕੰਮ ਬਦਲੇ ਜੇਲ੍ਹ, ਤਸੀਹੇ, ਜਲਾਵਤਨੀ ਤੇ ਝੂਠੀਆਂ ਤੋਹਮਤਾਂ ਵੀ ਸਹਿਣੀਆਂ ਪਈਆਂ। ਜਿਸ ਇਨਕਲਾਬ ਲਈ ਉਹ ਸਾਰੀ ਉਮਰ ਲੜਦਾ ਰਿਹਾ, ਉਸੇ ਇਨਕਲਾਬ ਦੇ ਵਾਰਸਾਂ ਨੇ ਉਸ ਨੂੰ ਤੇ ਉਸ ਦੇ ਸਮੁੱਚੇ ਪਰਿਵਾਰ ਨੂੰ ਮਾਰ ਮੁਕਾਇਆ।

ਲੈਨਿਨ ਤ੍ਰਾਤਸਕੀ ਦੇ ਇਨਕਲਾਬ ਲਈ ਯੋਗਦਾਨ ਨੂੰ ਮੰਨਦਾ ਸੀ। ਇਸੇ ਲਈ ਉਸ ਨੇ ਤ੍ਰਾਤਸਕੀ ਨੂੰ ਦੋ ਵਾਰ ਡਿਪਟੀ ਪ੍ਰੀਮੀਅਰ ਬਣਨ ਦੀ ਪੇਸ਼ਕਸ਼ ਕੀਤੀ ਪਰ ਤ੍ਰਾਤਸਕੀ ਨੇ ਨਿਮਰਤਾ ਸਹਿਤ ਅਸਵੀਕਾਰ ਕਰ ਦਿੱਤੀ। ਲੈਨਿਨ ਨਾਲ ਤ੍ਰਾਤਸਕੀ ਦੇ ਤਿੱਖੇ ਮਤਭੇਦ ਵੀ ਰਹੇ ਤੇ ਦੋਵਾਂ ਨੇ ਕਈ ਵਾਰ ਇਕ ਦੂਜੇ ਲਈ ਬਹੁਤ ਸਖਤ ਸ਼ਬਦਾਂ ਦੀ ਵਰਤੋਂ ਵੀ ਕੀਤੀ। ਤ੍ਰਾਤਸਕੀ ਨੇ ਕਈ ਗਲਤੀਆਂ ਵੀ ਕੀਤੀਆਂ ਪਰ ਉਹ ਹਮੇਸ਼ਾ ਆਪਣੀਆਂ ਗਲਤੀਆਂ ਮੰਨ ਲੈਂਦਾ ਸੀ। ਪਾਰਟੀ ਨਾਲ ਆਪਣੇ ਪਾਟਵੇਂ ਵਿਚਾਰਾਂ ਨੂੰ ਤਿਆਗ ਵੀ ਦਿੰਦਾ ਸੀ। ਜੁਲਾਈ 1918 ਵਿਚ ਸੋਵੀਅਤਾਂ ਦੀ ਪੰਜਵੀਂ ਕਾਂਗਰਸ ਵਿਚ ਉਸ ਨੇ ਸਟੇਜ ਤੋਂ ਕਿਹਾ ਸੀ, "ਰੂਸ ਦੇ ਕਾਮਿਆਂ ਤੇ ਕਿਸਾਨਾਂ ਦੇ ਪ੍ਰਤੀਨਿਧ ਵੀਰੋ, ਮੈਂ ਤੁਹਾਡੇ ਸਾਹਮਣੇ ਜਵਾਬਦੇਹ ਹਾਂ। ਜੇ ਤੁਸੀਂ ਮੇਰੀ ਆਲੋਚਨਾ ਕਰੋਗੇ ਤੇ ਮੈਥੋਂ ਕੋਈ ਵੱਖਰਾ ਫੈਸਲਾ ਕਰੋਗੇ ਜਿਸ ਨਾਲ ਮੈਂ ਸਹਿਮਤ ਹੋਵਾਂ ਜਾਂ ਨਾ, ਤਾਂ ਮੈਂ ਇਨਕਲਾਬ ਦਾ ਸਿਪਾਹੀ ਹੋਣ ਦੇ ਨਾਤੇ ਤੁਹਾਡੇ ਫੈਸਲੇ ਨੂੰ ਮੰਨਾਂਗਾ ਤੇ ਇਸ ਨੂੰ ਪੂਰਾ ਕਰਨ ਲਈ ਆਪਣੀ ਪੂਰੀ ਵਾਹ ਲਾਵਾਂਗਾ।"

ਤ੍ਰਾਤਸਕੀ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ ਵਾਲਾ ਬੰਦਾ ਸੀ। ਆਪਣੇ ਕਸ਼ਟਾਂ ਭਰੇ ਜਲਾਵਤਨੀ ਦੇ ਦਿਨਾਂ ਵਿਚ ਵੀ ਕਤਲ ਕੀਤੇ ਜਾਣ ਤੋਂ ਕੁਝ ਸਮਾਂ ਪਹਿਲਾਂ ਉਸ ਨੇ ਆਪਣੀ ਡਾਇਰੀ ਵਿਚ ਲਿਖਿਆ, "ਜ਼ਿੰਦਗੀ ਖ਼ੂਬਸੂਰਤ ਹੈ। ਆਉਣ ਵਾਲੀਆਂ ਪੀੜ੍ਹੀਆਂ ਲਈ ਮੇਰੀ ਇੱਛਾ ਹੈ ਕਿ ਉਹ ਜ਼ਿੰਦਗੀ ਨੂੰ ਸਾਰੀਆਂ ਬੁਰਿਆਈਆਂ, ਜ਼ੁਲਮ ਤੇ ਤਸ਼ੱਦਦ ਤੋਂ ਮੁਕਤ ਕਰਨ ਤੇ ਇਸ ਦਾ ਭਰਭੂਰ ਅਨੰਦ ਮਾਣਨ। ਮੈਂ ਕਮਿਊਨਿਸਟ ਭਵਿੱਖ ਵਿਚ ਅਟੁੱਟ ਵਿਸ਼ਵਾਸ ਰੱਖਦਾ ਹੋਇਆ ਮਰਾਂਗਾ। ਮਨੁੱਖ ਤੇ ਉਸ ਦੇ ਭਵਿੱਖ ਵਿਚ ਮੇਰਾ ਇਹ ਵਿਸ਼ਵਾਸ ਮੈਨੂੰ ਹੁਣ ਵੀ ਜ਼ੁਲਮ ਦਾ ਟਾਕਰਾ ਕਰਨ ਲਈ ਅਜਿਹੀ ਸ਼ਕਤੀ ਦਿੰਦਾ ਹੈ ਜੋ ਦੁਨੀਆਂ ਦਾ ਕੋਈ ਵੀ ਧਰਮ ਨਹੀਂ ਦੇ ਸਕਦਾ।" ਆਪਣੇ ਦੁਸ਼ਮਣਾਂ ਨੂੰ ਵੀ ਉਸ ਨੇ ਕਿਹਾ ਸੀ,

You can juggle citations, hide the reports of your own speeches, forbid the propagation of the letters and articles of Lenin, fabricate yards of dishonestly selected quotations. You can suppress, conceal, and burn up historical documents. You can extend your censorship even to the photographic and moving picture records of revolutionary events. All these things Stalin is doing. But the results will not justify his hopes. Only a limited mind like Stalin's could imagine that these pitiful secretarical machinations will make men forget the gigantic events of modern history. (From Stalin Falsifies History)

ਕਹਾਣੀ

# ਬਾਉਲਾ

**ਹਰਭਜਨ ਸਿੰਘ ਸਾਗਰ**

***ਸੰਵੇਦਨਸ਼ੀਲ ਵਿਅਕਤੀਆਂ ਦੀਆਂ ਭਾਵਨਾਵਾਂ ਆਪਣੇ ਪੁਰਖਾਂ ਦੇ ਵਿਰਸੇ ਨਾਲ ਡੂੰਘੀਆਂ ਜੁੜੀਆਂ ਹੁੰਦੀਆਂ ਹਨ। ਜੋ ਲੋਕ 1947 ਦੀ ਵੰਡ ਵੇਲੇ ਇਧਰੋਂ ਉਧਰ ਤੇ ਉਧਰੋਂ ਇਧਰ ਉਠ ਕੇ ਆਏ, ਉਹ 7 ਦਹਾਕੇ ਬੀਤ ਜਾਣ ਬਾਅਦ ਵੀ ਆਪਣੀਆਂ ਜੜ੍ਹਾਂ ਨਹੀਂ ਭੁੱਲੇ ਅਤੇ ਉਨ੍ਹਾਂ ਨੂੰ ਆਪਣੀਆਂ ਜੜ੍ਹਾਂ ਤੋਂ ਵਿਛੋੜੇ ਦਾ ਸੱਲ ਅਜ ਵੀ ਚੋਭਾਂ ਲਾਉਂਦਾ ਹੈ। ਜੰਮੂ-ਕਸ਼ਮੀਰ ਦੇ ਦਹਿਸ਼ਤਪਸੰਦੀ ਦੇ ਦਿਨਾਂ ਵਿਚ ਕੁਝ ਅਜਿਹੇ ਹੀ ਦੌਰ ਵਿਚੋਂ ਇਸ ਕਹਾਣੀ ਦਾ ਮੁਖ ਪਾਤਰ ਪ੍ਰਤਾਪ ਸਿੰਘ ਗੁਜਰਦਾ ਹੈ, ਜਿਸ ਦੇ ਦੁਖੜੇ ਨੂੰ ਕਥਾਕਾਰ ਹਰਭਜਨ ਸਿੰਘ ਸਾਗਰ ਨੇ ਬਾਖੂਬੀ ਬਿਆਨਿਆ ਹੈ।-ਸੰਪਾਦਕ***

ਕੀ ਪ੍ਰਤਾਪ ਸਿੰਘ ਬਾਉਲਾ ਹੋ ਗਿਆ ਹੈ?

ਪਰ ਇਹ ਕਿੰਞ ਹੋ ਸਕਦਾ ਹੈ? ਉਸ ਦਾ ਸ਼ੁਮਾਰ ਤਾਂ ਪਿੰਡ ਦੇ ਸਿਆਣੇ ਬਿਆਣੇ ਲੋਕਾਂ ਵਿਚ ਹੁੰਦਾ ਹੈ। ਲੋਕ ਵੀ ਕੋਈ ਕੰਮ ਆਰੰਭ ਕਰਨ ਤੋਂ ਪਹਿਲਾਂ ਉਸ ਦੀ ਰਾਇ ਲੈਣਾ ਉਚਿਤ ਸਮਝਦੇ ਹਨ। ਉਹ ਅਕਸਰ ਲੋਕਾਂ ਦਿਆਂ ਝਗੜਿਆਂ ਦੇ ਵੀ ਨਿਪਟਾਰੇ ਕਰਦਾ ਰਿਹਾ ਹੈ। ਫਿਰ ਉਹ ਬਾਉਲਾ ਕਿੰਞ ਹੋ ਸਕਦਾ ਹੈ? ਸ਼ਾਇਦ ਇਹ ਗੱਲ ਇਸ ਕਾਰਨ ਫੈਲ ਗਈ ਹੋਵੇ ਕਿ ਜਦ ਦਾ ਉਹ ਹਿਜਰਤ ਕਰਕੇ ਜੰਮੂ ਆਇਆ ਹੈ, ਕੁਝ ਊਲ ਜਲੂਲ ਬਕਣ ਲੱਗ ਪਿਆ ਹੈ। ਇਥੇ ਉਜੜ ਕੇ ਆਏ ਲੋਕਾਂ ਨੂੰ ਜਾਨ ਮਾਲ ਦੀਆਂ ਫਿਕਰਾਂ ਨੇ ਪ੍ਰੇਸ਼ਾਨ ਕੀਤਾ ਹੈ। ਪਰ ਉਸ ਨੂੰ ਚਿੰਤਾ ਖਾ ਰਹੀ ਹੈ ਆਪਣੇ ਅਖਰੋਟ ਦੇ ਬੂਟੇ ਦੀ। ਹਰ ਵੇਲੇ, ਕੁਵੇਲੇ ਸਿਰਫ ਅਖਰੋਟ ਦੇ ਬੂਟੇ ਦੀ ਹੀ ਗੱਲ ਛੇੜ ਬਹਿੰਦਾ ਹੈ। ਪੁੱਤਰ ਵੀ ਕਈ ਵਾਰ ਟੋਕਦੇ, "ਬਾਪੂ! ਅੱਗ ਲੱਗ ਗਈ ਖੋਤੀ ਦੇ ਬੂਟੇ ਕੋ। ਗਰਾਂ ਲੱਖਾਂ ਦੀ ਜਾਇਦਾਦ ਛੋੜ ਆਏ ਹਾਂ, ਜ਼ਮੀਨਾਂ, ਬਾਗਾਤ, ਮਕਾਨ, ਮਾਲ ਬੱਛਾ। ਪਰ ਤੁਸਾਂ ਕੋ ਚੌਵੀ ਘੰਟੇ ਸਿਰਫ ਖੋਤੇ ਦੇ ਬੂਟੇ ਦੀ ਹੀ ਪਈ ਰਹਿੰਦੀ ਹੈ। ਅਜੀ ਦਫਾ ਕਰੋ। ਜਿਥਾ ਇਨੀਆਂ ਚੀਜ਼ਾਂ ਰਹਿ ਗਈਆਂ, ਉਥਾ ਇਹ ਖੋਤ ਵੀ। ਜਾਨੀ ਕੋਲੋਂ ਚੰਗਾ ਵਾ ਇਹ ਬੂਟਾ?"

ਉਸ ਦੇ ਕੁਝ ਰਿਸ਼ਤੇਦਾਰ ਵੀ ਉਸ ਦੀ ਇਸ ਹਾਸੋਹੀਣੀ ਗੱਲ 'ਤੇ ਹੈਰਾਨ ਹੁੰਦੇ ਅਤੇ ਸੋਚਦੇ ਕਿ ਉਸ ਵਰਗੇ ਸਿਆਣੇ ਵਿਅਕਤੀ ਨੂੰ ਹਰ ਵੇਲੇ ਅਖਰੋਟ ਦੇ ਬੂਟੇ ਦੀ ਹੀ ਗੱਲ ਕਰਨੀ ਸੋਭਦੀ ਨਹੀਂ। ਇੰਜ ਬੰਦਾ ਹੌਲਾ ਪੈ ਜਾਂਦਾ ਹੈ। ਸੋ ਉਹ ਵੀ ਗੱਲਾਂ ਗੱਲਾਂ ਵਿਚ ਉਸ ਨੂੰ ਸਮਝਾਉਣ ਦਾ ਯਤਨ ਕਰਦੇ, "ਹੈਂ ਵਾ ਪ੍ਰਤਾਪ ਭਾਈਆ! ਜੋ ਪਿਛਾ ਰਹਿ ਗਿਆ, ਸੋ ਰਹਿ ਗਿਆ। ਹੁਣ ਅਗਾਂ ਦੀ ਸੋਚ। ਜੇ ਜੀਂਦੇ ਰਹੇ ਤਾਂ ਮੁੜ ਜਾਇਦਾਦਾਂ ਬਣ ਗੈਸਨ, ਖੋਤੀਆਂ ਦੇ ਕਈ ਬਾਗ ਬਣ ਗੈਸਨ, ਫਿਰ ਨਾ ਹੇਕ ਬੂਟਾ! ਵਾਹਿਗੁਰੂ ਕਰਦਾ ਕਰ।" ਪਰ ਕਿੱਥੇ? ਉਸ ਦੀ ਜ਼ੁਬਾਨ 'ਤੇ ਅਖਰੋਟ ਦਾ ਬੂਟਾ ਐਸਾ ਚੜ੍ਹਿਆ ਕਿ ਹਰ ਵੇਲੇ ਉਸੇ ਦੀ ਕਥਾ ਛੇੜ ਬਹਿੰਦਾ, "ਲੋਕਾਂ ਟੁਕ ਖੜਿਆ ਹੋਸੀ ਬੂਟਾ, ਬੂਟੇ ਬਿਨਾਂ ਹੁਣ ਬਾੜੀ ਵੀ ਵੀਰਾਨ ਜਿਹੀ ਲੱਗਦੀ ਹੋਸੀ।"

ਕੁਝ ਵੀ ਹੋਵੇ ਪ੍ਰਤਾਪ ਸਿੰਘ ਬਾਉਲਾ ਨਹੀਂ ਹੋ ਸਕਦਾ। ਉਸ ਦੀ ਸਿਆਣਪ 'ਤੇ ਕਿੰਤੂ ਤਾਂ ਕੀਤਾ ਹੀ ਨਹੀਂ ਜਾ ਸਕਦਾ। ਉਹ ਉਡਦੀਆਂ ਚਿੜੀਆਂ ਦੇ ਪਰ ਗਿਣ ਲੈਂਦਾ ਹੈ। ਲੋਕਾਂ ਦੀ ਨਬਜ਼ ਪਛਾਣ ਲੈਂਦਾ ਹੈ। ਭਲਾ ਐਸਾ ਆਦਮੀ ਬਾਉਲਾ ਕਿੰਞ ਹੋ ਸਕਦੈ। ਉਹ ਤਾਂ ਹੁਣ ਸਹਿਜੇ ਹੀ ਭਾਂਪ ਗਿਆ ਹੈ ਕਿ ਲੋਕ ਅਖਰੋਟ ਵਾਲੀ ਗੱਲ ਨੂੰ ਲੈ ਕੇ ਉਸ ਦਾ ਮਖੌਲ ਉਡਾਣ ਲੱਗ ਪਏ ਹਨ। ਇਸ ਲਈ ਉਹ ਕੋਸ਼ਿਸ਼ ਕਰਦਾ ਹੈ ਕਿ ਕਿਸੇ ਸਾਹਮਣੇ ਅਖਰੋਟ ਦੇ ਬੂਟੇ ਦੀ ਗੱਲ ਨਾ ਕੀਤੀ ਜਾਵੇ।

ਕਦੀ ਕਦੀ ਉਹ ਸੈਰ ਕਰਦੇ ਕਰਦੇ ਵੱਡੀ ਸੜਕ 'ਤੇ ਆ ਜਾਂਦਾ। ਜੇ ਕੋਈ ਨਾਲ ਹੁੰਦਾ ਤਾਂ ਅਖਰੋਟ ਦੇ ਬੂਟੇ ਦੀ ਗੱਲ ਟਾਲ ਕੇ ਕੋਈ ਹੋਰ ਗੱਲ ਛੇੜ ਬਹਿੰਦਾ, "ਹੈਂ ਵਾ! ਇਹ ਸੜਕ ਕਸ਼ਮੀਰ ਹੀ ਗਹਿੰਦੀ ਆ? ਇਥੋਂ ਕਿੰਨੇ ਦੂਰ ਹੋਸੀ ਅਸਾਡਾ ਗਰਾਂ? ਖਬਰਾ, ਅੱਜ ਕੈਸੇ ਹਾਲਾਤ ਹੋਸਨ ਉਧਰ?" ਹਾਲਾਂਕਿ ਉਹ ਜਾਣਦਾ ਹੈ ਕਿ ਇਹ ਵੱਡੀ ਸੜਕ ਕਸ਼ਮੀਰ ਹੀ ਜਾਂਦੀ ਹੈ। ਉਸ ਨੂੰ ਇਹ ਵੀ ਪਤਾ ਹੈ ਕਿ ਇਥੋਂ ਉਸ ਦਾ ਪਿੰਡ ਕਿੰਨੀ ਦੂਰ ਹੈ ਤੇ ਉਸ ਨੂੰ ਉਥੋਂ ਦੇ ਅਜੋਕੇ ਹਾਲਾਤ ਦੀ ਵੀ ਜਾਣਕਾਰੀ ਹੈ। ਪਰ ਇੰਜ ਗੱਲਾਂ ਕਰਕੇ ਉਹ ਆਪਣੇ ਅੰਦਰ ਦੀ ਗੱਲ ਨੂੰ ਬਾਹਰ ਆਉਣ ਤੋਂ ਰੋਕਣ ਦੀ ਕੋਸ਼ਿਸ਼ ਕਰਦਾ ਹੈ ਤੇ ਇਹ ਪ੍ਰਭਾਵ ਦੇਣਾ ਚਾਹੁੰਦਾ ਹੈ ਕਿ ਉਸ ਦੇ ਮਗਜ਼ ਠੀਕ ਕੰਮ ਕਰ ਰਹੇ ਹਨ। ਪਰ ਕੀ ਕੀਤਾ ਜਾਵੇ ਕਿ ਗੱਲਾਂ ਕਰਦਿਆਂ ਕਰਦਿਆਂ ਉਸ ਦੀ ਘੜਿਆਲ ਦੀਆਂ ਸੂਈਆਂ ਵਰਗੀ ਸੋਚ ਪੂਰੇ ਗਰਾਂ ਦਾ ਚੱਕਰ ਕੱਟ ਆਉਂਦੀ ਤੇ ਅਖੀਰ ਵਿਚ ਸੋਚ ਦੀ ਸੂਈ ਮੁੜ ਅਖਰੋਟ ਦੇ ਬੂਟੇ 'ਤੇ ਹੀ ਆ ਟਿਕਦੀ, "ਲੋਕਾਂ ਕਪ ਟੁਕ ਕੇ ਬੇਚ ਛੋੜੀ ਹੋਸੀ ਮਾੜੀ ਖੋਤੀ ਦੀ ਲਕੜ। ਹਾਂ ਜੀ! ਭਲਾ ਬੇਖਸਮੀ ਚੀਜ਼ਾਂ ਕੋ ਕੌਣ ਛੋੜਦਾ। ਚਲੋ ਅਸਾਡਾ ਵੀ ਵਾਹਿਗੁਰੂ ਆ।"

ਲੋਕ ਭਾਵੇਂ ਮੂੰਹ 'ਤੇ ਕੁਝ ਨਹੀਂ ਕਹਿੰਦੇ। ਪਰ ਪਿੱਠ ਪਿੱਛੇ ਅਕਸਰ ਗੱਲਾਂ ਕਰਦੇ ਹਨ, "ਪ੍ਰਤਾਪਾ ਭਾਈਆ ਬਉਲਾ ਹੋ ਗਿਆ।" ਉਹ ਸ਼ਾਇਦ ਸੋਚਦੇ ਹੋਣ ਕਿ ਉਹ ਆਪਣੇ ਪਿੰਡ ਲੱਖਾਂ ਰੁਪਿਆਂ ਦੀ ਜਾਇਦਾਦ ਛੱਡ ਆਇਆ ਹੈ, ਜਿਸ ਬਾਰੇ ਉਹ ਕਦੀ ਗੱਲ ਨਹੀਂ ਕਰਦਾ, ਪਰ ਇਕ ਅਖਰੋਟ ਦੇ ਬੂਟੇ ਦੀ ਚੁੰਝ-ਚਰਚਾ ਉਹ ਹਰ ਆਏ ਗਏ ਨਾਲ ਕਰਦਾ ਹੈ। ਬੂਟਾ ਵੀ ਕੀ ਜਿਸ ਨੂੰ ਹੁਣ ਪਹਿਲੇ ਵਰਗਾ ਫਲ ਵੀ ਨਹੀਂ ਲਗਦਾ। ਸਗੋਂ ਉਲਟਾ ਬਾੜੀ ਦਾ ਸਤਿਆਨਾਸ ਕਰ ਰੱਖਿਆ ਹੈ। ਇਹ ਬਾਉਲਿਆਂ ਵਰਗੇ ਲੱਛਣ ਹੀ ਤਾਂ ਹਨ।

ਪਰ ਨਹੀਂ! ਪ੍ਰਤਾਪ ਸਿੰਘ ਬਾਉਲਾ ਨਹੀਂ ਹੋਇਆ। ਉਸ ਦੇ ਊਲ ਜਲੂਲ ਪਿਛੇ ਵੀ ਇਕ ਨਿੱਕੀ ਜਿਹੀ ਘਟਨਾ ਦਾ ਹੱਥ ਹੈ। ਅਸਲ ਵਿਚ ਉਸ ਦੇ ਪਿੰਡ ਉਸ ਦਾ ਦੋ ਮੰਜ਼ਿਲਾ ਮਕਾਨ ਹੈ। ਮਕਾਨ ਹੀ ਨਹੀਂ, ਸਗੋਂ ਭਰਿਆ ਸਰਿਆ ਇਕ ਘਰ ਵੀ। ਘਰ ਦੇ ਪਿਛਵਾੜੇ ਇਕ ਬਹੁਤ ਵੱਡੀ ਬਾੜੀ ਹੈ। ਜੋ ਸਬਜ਼ੀਆਂ ਉਗਾਣ ਦੇ ਕੰਮ ਆ ਸਕਦੀ ਹੈ। ਪਰ ਬਾੜੀ ਵੀਰਾਨ ਹੈ, ਕਿਉਂਕਿ ਬਾੜੀ ਵਿਚ ਅਖਰੋਟ ਦਾ ਇਕ ਬਹੁਤ ਵੱਡਾ ਪੁਰਾਣਾ ਬੂਟਾ ਹੈ। ਇਤਨਾ ਪੁਰਾਣਾ ਕਿ ਉਸ ਦੀਆਂ ਜੜ੍ਹਾਂ ਪੂਰੀ ਬਾੜੀ ਮਲ ਬੈਠੀਆਂ ਹਨ ਤੇ ਟਾਹਣੀਆਂ ਦੇ ਪਰਛਾਵੇਂ ਸਾਰਾ ਦਿਨ ਬਾੜੀ 'ਤੇ ਫੈਲੇ ਰਹਿੰਦੇ ਹਨ। ਅਖਰੋਟ ਦੀਆਂ ਦੂਰ ਦੂਰ ਤੱਕ ਫੈਲੀਆਂ ਜੜ੍ਹਾਂ ਅਤੇ ਸੰਘਣੇ ਪਰਛਾਵਿਆਂ ਕਾਰਨ ਬਾੜੀ ਵਿਚ ਪਿਛਲੇ ਕਈ ਵਰ੍ਹਿਆਂ ਤੋਂ ਸਬਜ਼ੀਆਂ ਦੀ ਉਪਜ ਹੀ ਨਹੀਂ ਹੋਈ। ਪਿੰਡਾਂ ਵਿਚ ਬਾੜੀਆਂ ਦਾ ਵੀਰਾਨ ਪਿਆ ਰਹਿਣਾ ਕਾਫੀ ਚਿੰਤਾਜਨਕ ਗੱਲ ਹੁੰਦੀ ਹੈ, ਪਰ ਪ੍ਰਤਾਪ ਸਿੰਘ ਖੌਰੇ ਕਿਸ ਮਿੱਟੀ ਦਾ ਬਣਿਆ ਹੋਇਆ ਹੈ, ਉਸ ਨੇ ਕਦੀ ਬਾੜੀ ਬਾਰੇ ਸੰਜੀਦਗੀ ਨਾਲ ਸੋਚਿਆ ਹੀ ਨਹੀਂ। ਜਦ ਸੋਚਿਆ ਹੀ ਨਹੀਂ ਤਾਂ ਚਿੰਤਾ ਕਿਸ ਗੱਲ ਦੀ। ਚਿੰਤਾ ਸ਼ਾਇਦ ਇਸ ਕਾਰਨ ਵੀ ਨਹੀਂ ਹੋਈ ਕਿ ਉਸ ਨੇ ਕਦੀ ਸਬਜ਼ੀ ਦੀ ਥੁੜ ਹੀ ਮਹਿਸੂਸ ਨਹੀਂ ਸੀ ਕੀਤੀ। ਕਦੀ ਕੋਈ ਕਾਸ਼ਤਕਾਰ ਦੇ ਗਿਆ, ਕਦੀ ਕੋਈ ਗੁਆਂਢੀ। ਕਦੀ ਭਤੀਜੇ ਦੀ ਬਾੜੀ ਵਿਚੋਂ ਕੱਢ ਲਿਆਂਦੀ, ਕਦੀ ਖਰੀਦ ਲਈ।

ਪਰ ਇਕ ਦਿਨ ਘਰ ਵਿਚ ਇਸ ਗੱਲ ਦੀ ਚਰਚਾ ਹੋ ਹੀ ਗਈ। ਚਰਚਾ ਦਾ ਉਦੇਸ਼ ਭੁਚਾਲ ਲਿਆਉਣਾ ਨਹੀਂ, ਸਗੋਂ ਘਰ ਦੇ ਭਲੇ ਸਬੰਧੀ ਵਿਚਾਰ ਕਰਨਾ ਸੀ। ਜਿਵੇਂ ਜ਼ਿਕਰ ਆ ਚੁੱਕਾ ਹੈ ਕਿ ਉਸ ਦੇ ਦੋ ਪੁੱਤਰ ਹਨ। ਪੁੱਤਰ ਹੀ ਨਹੀਂ, ਸਗੋਂ ਸਪੁੱਤਰ, ਪੜ੍ਹੇ ਲਿਖੇ, ਪਿਓ ਦਾ ਆਦਰ ਕਰਨ ਵਾਲੇ। ਪੱਕੇ ਦੁਕਾਨਦਾਰ, ਨਫੇ ਨੁਕਸਾਨ ਦੀਆਂ ਬਾਰੀਕੀਆਂ ਤੋਂ ਜਾਣੂ। ਦੋਵੇਂ ਪੁੱਤਰ ਵਿਆਹੇ ਹੋਏ ਹਨ। ਵੱਡਾ ਲੜਕਾ ਕਿਸੇ ਸਰਕਾਰੀ ਸਕੂਲ ਵਿਚ ਟੀਚਰ ਹੈ। ਲੋਕ ਉਸ ਨੂੰ ਮਾਸਟਰ ਜੀ ਕਹਿ ਕੇ ਸੱਦਦੇ ਹਨ। ਅੱਗੋਂ ਉਸ ਦੇ ਵੀ ਦੋ ਬੱਚੇ ਹਨ। ਛੋਟਾ ਪੁੱਤਰ ਕਿਸੇ ਸਰਕਾਰੀ ਡਿਸਪੈਂਸਰੀ ਵਿਚ ਮੈਡੀਕਲ ਅਸਿਸਟੈਂਟ ਹੈ। ਲੋਕ ਉਸ ਨੂੰ ਡਾਕਟਰ ਸਾਹਿਬ ਕਹਿ ਕੇ ਬੁਲਾਂਦੇ ਹਨ। ਉਸ ਦਾ ਵੀ ਇਕ ਲੜਕਾ ਹੈ। ਭਲਾ ਐਸੇ ਪੜ੍ਹੇ ਲਿਖੇ ਆਗਿਆਕਾਰ ਬੇਟੇ ਕੋਈ ਗਲਤ ਗੱਲ ਛੇੜ ਕੇ ਘਰ ਦੀ ਸੁਖ ਸ਼ਾਂਤੀ ਕਿਉਂ ਭੰਗ ਕਰਦੇ। ਇਹ ਤਾਂ ਸੁਭਾਵਿਕ ਤੌਰ 'ਤੇ ਹੀ ਮਾਸਟਰ ਨੇ ਪੁੱਛ ਲਿਆ, "ਬਾਪੂ! ਅਸਾਡੀ ਖੋਤੀ ਦਾ ਬੂਟਾ ਕਿੰਨਾ ਕੁ ਪੁਰਾਣਾ ਹੋਸੀ?"

"ਤੂੰ ਕੇ ਕਰਨਾ ਇਸ ਦੀ ਉਮਰ ਪੁੱਛ ਕੇ? ਵੈਸੇ ਮੇਰੇ ਜੰਮੇ ਤੋਂ ਢੇਰ ਚਿਰ ਪਹਿਲਾਂ ਦਾ ਲੱਗੇ ਦਾ ਇਹ ਬੂਟਾ। ਸ਼ਾਇਦ ਮਾੜੇ ਦਾਦੇ ਲਾਏ ਦਾ ਹੋਵਾ।"

"ਦਿਖ ਬਾਪੂ! ਇਹ ਬੂਟਾ ਆਪਣੀ ਉਮਰ ਹੰਢਾ ਚੁੱਕੇ ਦਾ। ਹੁਣ ਇਸ ਕੋ ਫਲ ਵੀ ਘੱਟ ਹੀ ਲਗਦਾ।"

"ਹੈਂ ਵਾ! ਤੂੰ ਆਖਣਾ ਕੀ ਚਾਹੁੰਦੇ?" ਪ੍ਰਤਾਪ ਸਿੰਘ ਨੇ ਉਤਸੁਕਤਾ ਨਾਲ ਪੁੱਛਿਆ।

"ਗੱਲ ਕੋਈ ਖਾਸ ਨੀ ਬਾਪੂ। ਮਾਂ ਮਰੇ ਕੋ ਦਸ ਸਾਲ ਹੋ ਗਏ ਨਾ। ਘਰ ਕੋਈ ਭੈਣ ਵੀ ਨਾ ਆਸੀ ਕਿ ਬਾੜੀ ਵਿਚ ਸਾਗ ਸਬਜ਼ੀਆਂ ਉਗਾਂਦੀ। ਕਿਉਂਕਿ ਬਾੜੀਆਂ ਕਮਾਣੀਆਂ ਔਰਤਾਂ ਦਾ ਹੀ ਕੰਮ ਹੁੰਦਾ ਹੈ। ਹੁਣ ਘਰ ਵਿਚ ਸੁਖ ਨਾਲ ਤੁਸਦੀਆਂ ਦੋ ਨੂੰਹਾਂ ਹਨ, ਜੋ ਚੁੱਲ੍ਹੇ ਚੌਂਕੇ ਦੇ ਕੰਮਾਂ ਤੋਂ ਵਿਹਲੀਆਂ ਹੋ ਕੇ ਸਾਰੀ ਦਿਹਾੜੀ ਗੱਪਾਂ ਮਾਰਦੀਆਂ ਹਨ। ਇਹ ਬਾੜੀ ਦਾ ਕੰਮ ਵੀ ਤਾਂ ਸਾਂਭ ਸਕਦੀਆਂ ਹਨ। ਗਰਾਂ ਵਿਚ ਸਿਰਫ ਅਸਾਡਾ ਹੀ ਘਰ ਹੈ, ਜਿਨ੍ਹਾਂ ਕੋ ਚੰਗੀ ਭਲੀ ਬਾੜੀ ਹੁੰਦਿਆਂ ਸੁੰਦਿਆਂ ਵੀ ਸਾਗ ਸਬਜ਼ੀਆਂ ਵਾਸਤੇ ਲੋਕਾਂ ਦੇ ਮੂੰਹਾਂ ਦਰ ਵੇਖਣਾ ਪੈਂਦਾ।"

"ਫਿਰ?"

"ਬਾਪੂ! ਅਸਲ ਗੱਲ ਇਹ ਵਾ ਕਿ ਅਸਾਂਦੀ ਬਾੜੀ ਕੋ ਖੋਤੀ ਦੇ ਬੂਟੇ ਬਰਬਾਦ ਕਰ ਛੋੜਦੇ ਦਾ। ਮੈਂ ਸੋਚਦਾ ਕੀਆਂ ਨਾ ਅਸੀਂ ਇਸ ਕੋ ਕਪ ਛੁੜੀਏ। ਇਸ ਦੀ ਲਕੜੀ ਦੇ ਵੀ ਪੈਸੇ ਚਾਰ ਚੰਗਾ ਧਾ ਮੈਸਨ, ਨਾਲੇ ਬਾੜੀ ਵੀ ਬਚ ਗੈਸੀ। ਸਗੋਂ ਕਲ ਠੇਕੇਦਾਰ ਵੀ ਮਿਲਿਆ ਆਸਿਆ। ਆਖਣ ਲੱਗਾ ਖੋਤੀ ਦਾ ਬੂਟਾ ਹੁਣ ਤੁਸਦੇ ਕਿਸ ਕੰਮ ਆਸੀ। ਬੇਚੋ ਇਸ ਨੋ।"

ਡਾਕਟਰ ਨੇ ਮਾਸਟਰ ਦੀ ਗੱਲ ਦੀ ਹਾਮੀ ਭਰੀ। ਪਰ ਪ੍ਰਤਾਪ ਸਿੰਘ ਨੇ ਮਹਿਸੂਸ ਕੀਤਾ, ਜਿਵੇਂ ਦੋਵਾਂ ਭਰਾਵਾਂ ਨੇ ਮਿਲ ਕੇ ਅਖਰੋਟ ਦਾ ਬੂਟਾ ਨਹੀਂ, ਸਗੋਂ ਉਸੇ ਨੂੰ ਹੀ ਖੁੰਡੀ ਕੁਹਾੜੀ ਨਾਲ ਵੱਢ ਦਿੱਤਾ ਹੋਵੇ। ਉਹ ਕੁਝ ਚਿਰ ਚੁੱਪ ਸਾਧ ਕੇ ਬੈਠਾ ਰਿਹਾ। ਫਿਰ ਉਨ੍ਹਾਂ ਦੀ ਗੱਲ ਦਾ ਜਵਾਬ ਦਿੱਤੇ ਬਿਨਾਂ ਹੀ ਕਮਰੇ ਵਿਚੋਂ ਬਾਹਰ ਨਿਕਲ ਗਿਆ।

ਇਹ ਗੱਲ ਚੋਖਾ ਚਿਰ ਖਾਮੋਸ਼ੀ ਦੀ ਪਟਾਰੀ ਵਿਚ ਪਈ ਰਹੀ। ਲੜਕੇ ਸਿਆਣੇ ਸਨ। ਪਿਓ ਦੀ ਬੂਟੇ ਨਾਲ ਜੁੜੀ ਭਾਵੁਕਤਾ ਨੂੰ ਸਮਝਦੇ ਹਨ। ਇਸ ਲਈ ਸਮਝਦਾਰ ਪੁੱਤਰਾਂ ਵਾਂਗ ਕੁਝ ਚਿਰ ਚੁੱਪ ਰਹਿਣ ਵਿਚ ਹੀ ਚੰਗਿਆਈ ਸਮਝੀ। ਪਰ ਉਨ੍ਹਾਂ ਦੀ ਸਲਾਹ ਵੀ ਤਾਂ ਅਜਾਈਂ ਛੱਡਣ ਯੋਗ ਨਹੀਂ ਸੀ। ਅਜੋਕੇ ਯੁੱਗ ਦੀ ਪੜ੍ਹੀ ਲਿਖੀ ਸਮਝਦਾਰ ਔਲਾਦ ਲਾਭਦਾਇਕ ਸੌਦਾ ਛੱਡ ਕੇ ਕੇਵਲ ਭਾਵੁਕਤਾ ਨਾਲ ਸਮਝੌਤਾ ਤਾਂ ਕਰ ਨਹੀਂ ਸਕਦੀ। ਉਨ੍ਹਾਂ ਸਾਹਮਣੇ ਅਖਰੋਟ ਦੇ ਪੁਰਾਣੇ ਬੂਟੇ ਨਾਲੋਂ ਸਬਜ਼ੀਆਂ ਦੀ ਪੈਦਾਵਾਰ ਦਾ ਸੌਦਾ ਵੱਧ ਲਾਭਦਾਇਕ ਸੀ। ਨਾਲੇ ਅਖਰੋਟ ਦੀ ਲੱਕੜ ਵੀ ਤਾਂ ਬਹੁਤ ਮਹਿੰਗੇ ਭਾਅ ਵਿਕਦੀ ਹੈ। ਇਸ ਲਈ ਆਪਣੇ ਮਨਸੂਬੇ ਨੂੰ ਨੇਪਰੇ ਚਾੜ੍ਹਨ ਲਈ ਉਹ ਚੁੱਪ ਚਾਪ ਕਿਸੇ ਯੋਗ ਸਮੇਂ ਦੀ ਉਡੀਕ ਕਰਨ ਲੱਗੇ ਅਤੇ ਜਦੋਂ ਯੋਗ ਸਮਾਂ ਆਇਆ ਤਾਂ ਪੁੱਤਰਾਂ ਨੇ ਝੱਟ ਗੱਲ ਛੇੜ ਦਿੱਤੀ। ਪਰ ਐਤਕਾਂ ਪ੍ਰਤਾਪ ਸਿੰਘ ਵੀ ਖਾਮੋਸ਼ ਨਹੀਂ ਰਿਹਾ,

"ਮੈਂ ਸੋਚਿਆ ਆਸਿਆ ਮਾੜੀ ਚੁੱਪ ਤੋਂ ਤੁਸਾਂ ਮਾੜਾ ਜਵਾਬ ਘਿਨਿਆ ਹੋਸੀ। ਪਰ ਨਹੀਂ। ਸ਼ਾਇਦ ਤੁਸੀਂ ਵੀ ਆਪਣਾ ਹਠ ਛੱਡਣ ਕੇ ਤਿਆਰ ਨਹੀਂ। ਪੁਤਰੋ ਹੇਕ ਗੱਲ ਧਿਆਨ ਨਾਲ ਸੁਣ ਘਿਨੋ ਕਿ ਖੋਤੀ ਦਾ ਇਹ ਬੂਟਾ ਮਾੜੀ ਪੈਦਾਇਸ਼ ਤੋਂ ਲਗ ਚਿਰ ਪਹਿਲਾਂ ਦਾ ਲਾਗੇ ਦਾ। ਸ਼ਾਇਦ ਮਾੜੇ ਦਾਦੇ ਦੇ ਹੱਥਾਂ ਦਾ ਲਗੇ ਦਾ ਹੋਸੀ। ਸ਼ਾਇਦ ਮਾੜੇ ਅਸਾਡੇ ਬਜ਼ੁਰਗਾਂ ਦੀ ਐਸੀ ਨਿਸ਼ਾਨੀ ਹੈ ਜਿਸ ਦੀਆਂ ਜੜ੍ਹਾਂ ਪਾਤਾਲ ਤੱਕ ਪੁੱਜਦੀਆਂ ਹੈਨ। ਮੈਂ ਇਸ ਬੂਟੇ ਦੀਆਂ ਸੁਆਦਲੀਆਂ ਗਿਰੀਆਂ ਖਾਧੀਆਂ ਹੈਨ। ਤੁਸੀਂ ਵੀ ਖਾਂਦੇ ਰਹੇ ਹੋ। ਪਰ ਤੁਅੱਜਬ ਹੁੰਦਾ ਹੈ ਦਿਖ ਕੇ ਕਿ ਹੁਣ ਤੁਸੀਂ ਵੀ ਇਸ ਦੇ ਵੱਢ ਟੁੱਕ ਦੀਆਂ ਗੱਲਾਂ ਕਰਦੇ ਹੋ। ਕੈਸੇ ਆਦਮੀ ਹੋ ਤੁਸੀਂ? ਇਸੇ ਕੋ ਆਖਦੇ ਹਨ ਕਲਜੁਗ। ਮਾੜੇ ਕੋਲੋਂ ਪੁੱਛੋ ਤਾਂ ਮੈਂ ਇਸ ਕੋ ਵੀ ਆਪਣੇ ਹੀ ਟੱਬਰਾਂ ਦਾ ਹੇਕ ਜੀਅ ਸਮਝਦਾ ਵਾਂ। ਜੇ ਇਹ ਬੂਟਾ ਆਪ ਸੁੱਕਦਾ ਜਾਂ ਕਿਸੇ ਝੱਖੜ ਨਾਲ ਝੜਦਾ ਤਾਂ ਬੇਸ਼ਕ ਝੜੇ। ਪਰ ਮੈਂ ਕਿਸੇ ਵੀ ਹਾਲਤ ਵਿਚ ਨੀਲੇ ਬੂਟੇ ਤੇ ਕੁਹਾੜੀ ਨਹੀਂ ਚੱਲਣ ਦੇਣੀ। ਇਸ ਦੀ ਹੇਕ ਛਿੰਗ ਵੀ ਟੁਕਣ ਨਹੀਂ ਦੇਣੀ।"

ਪਿਓ ਦਾ ਦੋ ਟੁੱਕ ਜਵਾਬ ਸੁਣ ਕੇ ਪੁੱਤਰਾਂ ਨੂੰ ਦੁੱਖੀ ਹੋਣਾ ਚਾਹੀਦਾ ਸੀ, ਪਰ ਸ਼ਾਬਾਸ਼ੇ ਉਨ੍ਹਾਂ ਨੂੰ ਕਿ ਉਹ ਉਕਾ ਦੁਖੀ ਨਹੀਂ ਹੋਏ। ਸਗੋਂ ਪਿਓ ਦੀਆਂ ਦਲੀਲਾਂ ਨੂੰ ਕੇਵਲ ਜਜ਼ਬਾਤ ਦਾ ਵਹਿਣ ਕਹਿ ਕੇ ਗੱਲ ਨੂੰ ਕਿਸੇ ਹੋਰ ਪਾਸੇ ਲਈ ਟਾਲ ਦਿੱਤਾ, ਕਿਸੇ ਸਿਆਣੇ ਰਾਜਨੇਤਾ ਵਾਂਗ ਸਮੱਸਿਆ ਨੂੰ ਸਮਾਪਤ ਨਹੀਂ ਹੋਣ ਦਿੱਤਾ, ਸਗੋਂ ਸਮੱਸਿਆ ਵਾਂਗ ਹੀ ਲਟਕਿਆ ਰਹਿਣ ਦਿੱਤਾ। ਭਲਾ ਉਹ ਵੀ ਕੈਸੀ ਸਮੱਸਿਆ ਹੋਈ, ਜੋ ਸੁਲਝ ਜਾਵੇ।

ਇਸ ਵਿਚਕਾਰ ਕਸ਼ਮੀਰ ਵਿਚ ਵੀ ਗੰਭੀਰ ਸਮੱਸਿਆ ਨੇ ਫਨੀਅਰ ਸੱਪ ਵਾਂਗ ਸਿਰ ਚੁੱਕਿਆ, ਆਤੰਕਵਾਦ ਦੀ ਸਮੱਸਿਆ। ਇਸ ਸਮੱਸਿਆ ਦਾ ਆਗਮਨ ਹਜ਼ਾਰਾਂ ਨਿਰਦੋਸ਼ ਲੋਕਾਂ ਦੀਆਂ ਹੱਤਿਆਵਾਂ ਨਾਲ ਹੋਇਆ। ਮੌਤ ਦੇ ਡਰ ਤੋਂ ਲੱਖਾਂ ਘਬਰਾਏ ਹੋਏ ਲੋਕ ਕਸ਼ਮੀਰ ਤੋਂ ਪ੍ਰਵਾਸ ਕਰ ਗਏ। ਪਰ ਪ੍ਰਤਾਪ ਸਿੰਘ ਅਤੇ ਉਸ ਦੇ ਭਾਈਚਾਰੇ ਦੇ ਲੋਕ ਸ਼ਹਿਰਾਂ ਵਿਚ, ਕਸਬਿਆਂ ਵਿਚ ਅਤੇ ਦੂਰ ਦਰਾਜ਼ ਦੇ ਪਿੰਡਾਂ 'ਚ ਸਹਿਮ ਦੀ ਕਾਲੀ ਚਾਦਰ ਤਾਣ ਕੇ ਵਸਦੇ ਰਹੇ। ਕਈ ਪ੍ਰਵਾਸ ਬਾਰੇ ਸੋਚਦੇ। ਪਰ ਕਈ ਮਹਿਸੂਸ ਕਰਦੇ ਜਿਵੇਂ ਉਨ੍ਹਾਂ ਦੇ ਪੈਰਾਂ ਹੇਠ ਮੂਲ ਲਗ ਗਏ ਹੋਣ। ਭੈਅਭੀਤ ਤਾਂ ਉਹ ਵੀ ਸਨ। ਪਰ ਵਿਚਾਰੇ ਜੜ੍ਹੋਂ ਉਖੜ ਕੇ ਜਾਂਦੇ ਵੀ ਕਿੱਥੇ? ਕਰਦੇ ਵੀ ਕੀ? ਗੱਲ ਤਾਂ ਚੱਲ ਰਹੀ ਸੀ ਪ੍ਰਤਾਪ ਸਿੰਘ ਦੇ ਘਰ ਪੈਦਾ ਹੋਈ ਅਖਰੋਟ ਦੇ ਬੂਟੇ ਦੀ ਸਮੱਸਿਆ ਦੀ, ਜਿਸ ਦਾ ਵੇਖਣ ਨੂੰ ਆਤੰਕਵਾਦ ਨਾਲ ਕੋਈ ਜੋੜ ਨਹੀਂ, ਕਿਉਂਕਿ ਅਖਰੋਟ ਦੇ ਬੂਟੇ ਨੂੰ ਲੈ ਕੇ ਚੱਲ ਰਿਹਾ ਵਿਵਾਦ ਤਾਂ ਪ੍ਰਤਾਪ ਸਿੰਘ ਤੇ ਉਸ ਦੇ ਪੁੱਤਰਾਂ ਦੀ ਸਮੱਸਿਆ ਹੈ। ਭਲਾ ਇਸ ਦਾ ਆਤੰਕਵਾਦ ਨਾਲ ਕੀ ਲੈਣ ਦੇਣ। ਪਰ ਸੰਜੋਗ ਹੀ ਸਮਝੋ ਕਿ ਪ੍ਰਤਾਪ ਸਿੰਘ ਦੇ ਪਰਿਵਾਰ ਦੀ ਇਸ ਸਮੱਸਿਆ ਨੂੰ ਆਤੰਕਵਾਦ ਨੇ ਬੁਰੀ ਤਰ੍ਹਾਂ ਉਲਝਾ ਕੇ ਰੱਖ ਦਿੱਤਾ ਹੈ।

ਹੋਇਆ ਇੰਜ ਕਿ ਮਸ਼ਹੂਰ ਵਿਅਕਤੀ ਸੂਬੇਦਾਰ ਰਘੁਨਾਥ ਸਿੰਘ ਨੂੰ ਆਤੰਕਵਾਦੀਆਂ ਨੇ ਬਸ ਵਿਚੋਂ ਉਤਾਰਿਆ ਤੇ ਧੂਹ ਕੇ ਆਪਣੇ ਨਾਲ ਲੈ ਗਏ। ਅਗਲੇ ਦਿਨ ਗੋਲੀਆਂ ਨਾਲ ਛਲਨੀ ਉਸ ਦੀ ਲਾਸ਼ ਧਾਈਂ ਦੇ ਖੇਤਾਂ ਵਿਚੋਂ ਮਿਲੀ। ਇਸ ਘਟਨਾ ਨੇ ਪੂਰੇ ਭਾਈਚਾਰੇ ਨੂੰ ਹਿਲਾ ਕੇ ਰੱਖ ਦਿੱਤਾ। ਇਸ ਗੱਲ ਨੂੰ ਲੈ ਕੇ ਲੋਕਾਂ ਵਿਚ ਗੁੱਸੇ ਦੇ ਨਾਲ ਨਾਲ ਸ਼ੰਕੇ ਵੀ ਪੈਦਾ ਹੋਏ। ਆਖਰ ਉਸ ਨਿਰਦੋਸ਼ ਨੇ ਉਨ੍ਹਾਂ ਦਾ ਕੀ ਵਿਗਾੜਿਆ ਸੀ। ਅੰਦਰਖਾਤੇ ਲੋਕਾਂ ਦੇ ਦਿਲਾਂ ਵਿਚ ਕਿਸੇ ਆਉਣ ਵਾਲੇ ਵੱਡੇ ਹਾਦਸੇ ਦਾ ਭੈਅ ਪੈਦਾ ਹੋ ਗਿਆ ਸੀ। ਇਸ ਡਰ ਦੇ ਪਰਛਾਵੇਂ ਮੱਧਮ ਪੈਣ ਲੱਗ ਪਏ। ਇੰਨੇ ਨੂੰ ਇਕ ਹੋਰ ਮਨਹੂਸ ਖਬਰ ਜੰਗਲ ਦੀ ਅੱਗ ਵਾਂਗ ਫੈਲ ਗਈ ਕਿ ਬਾਰਾਮੂਲਾ ਵਿਖੇ ਇਕ ਸਿੱਖ ਨੌਜਵਾਨ ਨੂੰ ਉਸ ਦੇ ਘਰ ਜਾ ਕੇ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਫਿਰ ਇਕ ਹੋਰ ਵਾਰਦਾਤ ਵਾਪਰ ਗਈ ਕਿ ਖਾਰਾਂ ਵਾਲੇ ਪਾਸੇ ਫੌਜ ਦੇ ਇਕ ਵੱਡੇ ਅਫਸਰ ਨੂੰ ਮਾਰਿਆ ਗਿਆ, ਜੋ ਜੰਮੂ ਤੋਂ ਆਪਣੇ ਮਰੇ ਹੋਏ ਭਰਾ ਦੀ ਲਾਸ਼ ਲੈ ਕੇ ਘਰ ਆਇਆ ਸੀ। ਇੰਜ ਇਸ ਨਿੱਕੇ ਜਿਹੇ ਭਾਈਚਾਰੇ ਅੰਦਰ ਇਕਾ-ਦੁੱਕਾ ਵਾਰਦਾਤਾਂ, ਕਤਲਾਂ, ਦੁਰਘਟਨਾਵਾਂ ਦਾ ਵਾਪਰਨਾ ਨਿੱਤ ਦਾ ਕੰਮ ਹੋ ਗਿਆ। ਵਾਰਦਾਤਾਂ ਮਗਰੋਂ ਲੋਕਾਂ ਅੰਦਰ ਸੋਗ, ਮੌਤ ਦੇ ਭੈਅ ਨਾਲ ਸਹਿਮ ਜਾਣਾ, ਅਸੁਰਖਿਆ ਮਹਿਸੂਸ ਕਰਨਾ ਅਤੇ ਮਗਰੋਂ ਐਸੇ ਹਾਲਾਤ ਨਾਲ ਸਮਝੌਤਾ ਕਰ ਲੈਣਾ ਜੀਵਨ ਦਾ ਇਕ ਢੰਗ ਹੀ ਬਣ ਗਿਆ।



ਅਖਰੋਟ ਦਾ ਇਕ ਦਰਖਤ

ਐਸੇ ਹਾਲਾਤ ਵਿਚ ਮਾਸਟਰ ਅਤੇ ਡਾਕਟਰ ਵਲੋਂ ਪਿਓ ਨਾਲ ਅਖਰੋਟ ਦੇ ਬੂਟੇ ਦੀ ਚਰਚਾ ਬੇਤੁਕੀ ਜਿਹੀ ਗੱਲ ਲੱਗਦੀ ਹੈ। ਇਕ ਪਾਸੇ ਤਾਂ ਉਹ ਅਖਰੋਟ ਦੇ ਬੂਟੇ ਨੂੰ ਵੱਢਣ ਲਈ ਉਤਾਵਲੇ ਹਨ, ਪਰ ਦੂਜੇ ਪਾਸੇ ਰੋਜ਼ ਕੋਈ ਨਾ ਕੋਈ ਦੁਰਘਟਨਾ ਵਾਪਰ ਜਾਂਦੀ ਹੈ। ਜਿਸ ਕਾਰਨ ਪੂਰਾ ਭਾਈਚਾਰਾ ਸਹਿਮ ਜਾਂਦਾ ਹੈ। ਉਹ ਆਪ ਵੀ ਸਹਿਮ ਜਾਂਦੇ ਹਨ ਅਤੇ ਉਨ੍ਹਾਂ ਦੇ ਪ੍ਰਸਤਾਵ ਦੀ ਪੂਰਤੀ ਦੇ ਰਸਤੇ ਵਿਚ ਅੜਿੱਕੇ ਪੈਦਾ ਹੋ ਜਾਂਦੇ। ਇੰਜ ਇਹ ਮਸਲਾ ਉਲਝ ਜਾਂਦਾ। ਉਹ ਸੋਚਦੇ, ਲੋਕ ਗਰਾਂ ਛੱਡ ਕੇ ਕਿਸੇ ਸੁਰਖਸ਼ਤ ਥਾਂ ਜਾਣ ਦਾ ਵਿਚਾਰ ਬਣਾ ਰਹੇ ਹਨ, ਜਿਥੇ ਆਦਮੀਆਂ ਨੂੰ ਆਦਮੀਆਂ ਦਾ ਡਰ ਨਾ ਹੋਵੇ। ਕਈਆਂ ਨੇ ਤਾਂ ਜ਼ਮੀਨਾਂ ਵੀ ਵੇਚ ਦਿੱਤੀਆਂ ਹਨ। ਪਰ ਬਾਪੂ ਹੇਕ ਖੋਤੀ ਦੇ ਬੂਟੇ ਕੋ ਘਿਨ ਕੇ ਬਹਿ ਗਏ ਦਾ। ਜੇ ਅਸੀਂ ਆਪ ਨਾ ਰਹੇ ਤਾਂ ਬੂਟੇ ਕਿਸ ਕੰਮ ਦੇ। ਉਹ ਤਾਂ ਕਿਸੇ ਪਾਸਿਓਂ ਵੀ ਆਟੇ ਗੋਟੇ ਨਹੀਂ ਆ ਰਿਹਾ।

ਪਰ ਬਾਪੂ ਯਾਨਿ ਪ੍ਰਤਾਪ ਸਿੰਘ ਨੇ ਆਟੇ ਗੋਟੇ ਕੀ ਆਣਾ ਸੀ। ਉਸ ਨੂੰ ਤਾਂ ਆਤੰਕਵਾਦ ਦੇ ਭੈਅ ਨੇ ਬਖੇਰ ਕੇ ਰੱਖ ਦਿੱਤਾ ਸੀ। ਉਸ ਨੇ ਤਾਂ ਸੰਤਾਲੀ ਵਿਚ ਵਾਪਰੀ ਦੁਰਦਸ਼ਾ ਵੀ ਵੇਖੀ ਸੀ। ਨਵੀਂ ਨਸਲ ਨੂੰ ਘਲੂਘਾਰਿਆਂ ਦੇ ਸੰਤਾਪ ਦਾ ਤਾਂ ਅੰਦਾਜ਼ਾ ਵੀ ਨਹੀਂ ਹੋ ਸਕਦਾ। ਉਹ ਘਰ ਵਿਚ ਹੁੰਦਾ ਤਾਂ ਕਦੀ ਚੁੱਪ ਚਾਪ ਜਵਾਨ ਪੁੱਤਰਾਂ, ਸੁਘੜ ਨੂੰਹਾਂ ਤੇ ਪਿਆਰੇ ਪਿਆਰੇ ਪੋਤਰਿਆਂ ਵੱਲ ਚਿੰਤਾਜਨਕ ਨਿਗਾਹਾਂ ਨਾਲ ਵੇਖਦਾ ਅਤੇ ਰੋਣਹਾਕਾ ਜੇਹਾ ਹੋ ਜਾਂਦਾ। ਵਿਹੜੇ ਵਿਚ ਬੈਠਿਆ ਹੁੰਦਾ ਤਾਂ ਮਹਿਸੂਸ ਕਰਦਾ ਜਿਵੇਂ ਕਿਸੇ ਓਪਰੀ ਥਾਂ ਬੈਠਿਆ ਹੋਵੇ। ਫਿਰ ਉਸ ਦੇ ਮੂੰਹੋਂ ਆਪ ਮੁਹਾਰੇ ਵਾਹਿਗੁਰੂ ਵਾਹਿਗੁਰੂ ਦਾ ਜਾਪ ਡਰੀ ਹੋਈ ਆਵਾਜ਼ ਵਿਚ ਨਿਕਲ ਪੈਂਦਾ ਅਤੇ ਮਹਿਸੂਸ ਕਰਦਾ ਜਿਵੇਂ ਉਹ ਡੂੰਘੀ ਨੀਂਦਰੋਂ ਜਾਗ ਪਿਆ ਹੋਵੇ। ਉਹ ਆਪਣੇ ਸੱਜੇ ਖੱਬੇ, ਅੱਗੇ ਪਿੱਛੇ ਵੇਖਦਾ ਅਤੇ ਸੰਭਲ ਕੇ ਬੈਠਣ ਦਾ ਯਤਨ ਕਰਦਾ ਤਾਂ ਜੋ ਕੋਈ ਵੇਖਣ ਵਾਲਾ ਸਮਝੇ ਕਿ ਉਹ ਜਾਗ ਰਿਹਾ ਹੈ ਜਾਂ ਉਸ ਦੇ ਅੰਦਰ ਪ੍ਰੇਸ਼ਾਨੀ ਵਰਗਾ ਕੁਝ ਵੀ ਨਹੀਂ ਜਾਂ ਉਸ ਨੂੰ ਕਿਸੇ ਗੱਲ ਦੀ ਚਿੰਤਾ ਹੀ ਨਹੀਂ।

"ਕੇ ਵਾ! ਅਸਦੇ ਲੀਡਰ ਸੁੱਤੇ ਦਿਅਨ?" ਇਕ ਦਿਨ ਉਸ ਨੇ ਪੁੱਤਰਾਂ ਕੋਲੋਂ ਪੁੱਛਿਆ।

"ਕਿਸ ਦੇ ਲੀਡਰ ਬਾਪੂ? ਕਿਹੜੇ ਲੀਡਰ? ਸਾਰਿਆਂ ਆਪਣੇ ਆਪਣੇ ਟਿਕਾਣੇ ਬਣਾ ਲਏ ਦਿਅਨ। ਹੁਣ ਅਸਾਂ ਜਹੇ ਗਰੀਬ ਗੁਰਬਿਆਂ ਕੋ ਰਖੇ ਦਖ ਅਪਨੀਆਂ ਲੀਡਰੀਆਂ ਚਮਕਾਣ ਵਾਸਤ, ਨਾਲੇ ਗੋਲੀਆਂ ਦਾ ਨਿਸ਼ਾਨਾ ਬਨਾਣ ਵਾਸਤੇ।"

"ਫਿਰ ਕੇ ਬਣਸੀ ਅਸਦਾ?" ਪ੍ਰਤਾਪ ਸਿੰਘ ਨੇ ਚਿੰਤਾ ਪ੍ਰਗਟਾਈ।

"ਬਣਨਾ ਕੇ ਆ। ਸਿੱਧਾ ਬੇਮੌਤੇ ਮਰ ਗੈਣਾ। ਕੁਝ ਸਿਆਣੇ ਲੋਕ ਲਗੇ ਦਿਅਨ ਜ਼ਮੀਨ ਜਾਇਦਾਦਾਂ ਬੇਚੇ ਕੇ। ਉਹ ਲੀਡਰਾਂ ਕੋ ਨੀ ਡੀਕਦੇ। ਮਗਰ ਤੁਸੀਂ ਹੇਕ ਖੋਤੀ ਦੇ ਬੂਟੇ ਕੋ ਥਪ ਕਰ ਕੇ ਬੈਠੇ ਦੇ ਹੋ। ਐ ਜੀ, ਜੇ ਅਸੀਂ ਆਪੇ ਨਾ ਰਹੇ ਤਾਂ ਇਹ ਬੂਟਾ ਕਿਸ ਕੰਮ ਦਾ। ਕੌਣ ਦਿਖਸੀ ਅਸਦੇ ਬਜ਼ੁਰਗਾਂ ਦੀ ਨਿਸ਼ਾਨੀ ਕੋ।"

ਡਾਕਟਰ ਪੁੱਤਰ ਦੀ ਗੱਲ ਸੁਣ ਕੇ ਪ੍ਰਤਾਪ ਸਿੰਘ ਚੁੱਪ ਹੋ ਗਿਆ। ਚੁੱਪ ਹੋ ਕੇ ਕੁਝ ਸੋਚਣ ਲੱਗਾ। ਸੋਚਣ ਮਗਰੋਂ ਬੋਲਿਆ, "ਚੰਗਾ ਪੁੱਤਰੋ! ਕਰੋ ਜੋ ਤੁਸਾਂ ਕੋ ਚੰਗਾ ਲੱਗਾ।"

ਬਾਪੂ ਦੀ ਗੱਲ ਸੁਣ ਕੇ ਪੁੱਤਰ ਹੈਰਾਨ ਪ੍ਰੇਸ਼ਾਨ ਹੋ ਗਿਆ। ਸ਼ਾਇਦ ਸੋਚ ਰਹੇ ਹੋਣ, ਕੀ ਬਾਪੂ ਨੇ ਆਗਿਆ ਦੇ ਦਿੱਤੀ ਹੈ? ਭਾਵੇਂ ਦਿਲੋਂ ਨਹੀਂ, ਪਰ ਨੀਮ ਰਜ਼ਾਮੰਦੀ ਤਾਂ ਸੀ। ਨੀਮ ਰਜ਼ਾਮੰਦੀ ਭਾਵ ਪੂਰੀ ਰਜ਼ਾਮੰਦੀ। ਉਨ੍ਹਾਂ ਨੇ ਪਿਓ ਵੱਲ ਵੇਖਿਆ। ਫਿਰ ਇਕ ਦੂਜੇ ਵੱਲ ਤੱਕਿਆ। ਚਾਣਚੱਕ ਦੋਵਾਂ ਦੇ ਚਿਹਰੇ ਖੁਸ਼ੀ ਨਾਲ ਖਿੜ ਗਏ।

ਹੁਣ ਉਹ ਬੂਟੇ ਨੂੰ ਵੱਢਣ ਦੀਆਂ ਵਿਉਂਤਾਂ ਬਣਾਉਣ ਲੱਗੇ। ਪਰ ਬੂਟਾ ਵੀ ਜਿਵੇਂ ਕੋਈ ਰਿਸ਼ੀ ਸੀ ਜਾਂ ਅੰਤਰਜਾਮੀ ਸੀ, ਜੋ ਪ੍ਰੀਤਮ ਸਿੰਘ ਦੇ ਪੁੱਤਰਾਂ ਦੀਆਂ ਸਾਜਿਸ਼ਾਂ ਤੋਂ ਝੱਟ ਜਾਣੂ ਹੋ ਜਾਂਦਾ ਅਤੇ ਫਿਰ ਚਾਣਚੱਕ ਕੋਈ ਭਾਣਾ ਵਰਤ ਜਾਂਦਾ, ਜਿਸ ਕਾਰਨ ਬੂਟੇ ਦੀ ਕਟਾਈ ਦਾ ਕੰਮ ਪਿੱਛੇ ਪੈ ਜਾਂਦਾ। ਪਰ ਹੁਣ ਤਾਂ ਬਾਪੂ ਨੇ ਇਜਾਜ਼ਤ ਦੇ ਦਿੱਤੀ

*(ਬਾਕੀ ਅਗਲੇ ਸਫੇ 'ਤੇ)*

ਹੈ, ਭਾਵੇਂ ਬੇਦਿਲੀ ਨਾਲ। ਸੋ ਉਨ੍ਹਾਂ ਦੇ ਰਸਤੇ ਦੇ ਸਾਰੇ ਹੀ ਅੜਿੱਕੇ ਮੁੱਕ ਗਏ ਸਨ।

ਘਟਨਾ ਦੇ ਇਸ ਪੜਾਅ 'ਤੇ ਪੁੱਜ ਕੇ ਦੋਵਾਂ ਭਰਾਵਾਂ ਨੂੰ ਰਮਜ਼ਾਨ ਤਬਰਦਾਰ ਦੇ ਮਸ਼ਵਰੇ ਦੀ ਲੋੜ ਪਈ, ਅਜੇ ਉਹ ਉਸ ਨੂੰ ਮਿਲਣ ਬਾਰੇ ਸੋਚ ਹੀ ਰਹੇ ਸਨ ਕਿ ਚਿੱਠੀ ਸਿੰਘ ਪੁਰੇ ਦਾ ਦਰਦਨਾਕ ਕਾਂਡ ਵਾਪਰ ਗਿਆ। 36 ਨਿਰਦੋਸ਼ ਸਿੱਖਾਂ ਨੂੰ ਘਰੋਂ ਬਾਹਰ ਕੱਢ ਕੇ ਗੁਰਦੁਆਰੇ ਦੇ ਹਾਤੇ ਵਿਚ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਹਰ ਕੋਈ ਇਸ ਘਟਨਾ ਦੀ ਨਿਖੇਧੀ ਕਰਨ ਲੱਗਾ। ਦਿੱਲੀ ਤੋਂ ਕਈ ਕੇਂਦਰੀ ਮੰਤਰੀ ਚਿੱਠੀ ਸਿੰਘ ਪੁਰਾ ਪੁੱਜ ਗਏ। ਅੰਮ੍ਰਿਤਸਰ ਤੋਂ ਧਾਰਮਿਕ ਨੇਤਾ ਆ ਗਏ। ਦਿੱਲੀ ਤੋਂ ਵਾਜਪਾਈ ਨੇ ਇਸ ਅਣਮਨੁੱਖੀ ਘਟਨਾ ਨੂੰ ਨਿੰਦਿਆ। ਇਸਲਾਮਾਬਾਦ ਤੋਂ ਪਰਵੇਜ਼ ਮੁਸ਼ੱਰਫ਼ ਨੇ ਇਸ ਹਾਦਸੇ ਦੀ ਆਲੋਚਨਾ ਕੀਤੀ। ਬਿਲ ਕਲਿੰਟਨ ਨੇ ਅਫ਼ਸੋਸ ਪ੍ਰਗਟ ਕੀਤਾ। ਹੁਰੀਅਤ ਕਾਨਫਰੰਸ ਦੇ ਨੇਤਾਵਾਂ ਨੇ ਇਸ ਘਟਨਾ ਨੂੰ ਇਨਸਾਨੀਅਤ ਦਾ ਕਤਲ ਦੱਸਦਿਆਂ ਮੰਗ ਕੀਤੀ ਕਿ ਇਸ ਕਾਰੇ ਦੀ ਕਿਸੇ ਨਿਰਪੱਖ ਸੰਸਥਾ ਤੋਂ ਜਾਂਚ ਕਰਾਈ ਜਾਵੇ। ਮਿਲੀਟੈਂਟ ਜਮਾਤਾਂ ਨੇ ਵੀ ਇਸ ਨੂੰ ਗੈਰ ਇਸਲਾਮੀ ਘਟਨਾ ਕਹਿ ਕੇ ਨਿੰਦਿਆ। ਪਰ ਪ੍ਰਤਾਪ ਸਿੰਘ ਹੈਰਾਨ ਪ੍ਰੇਸ਼ਾਨ ਹੋ ਕੇ ਪੁੱਤਰਾਂ ਤੋਂ ਪੁੱਛਦਾ, "ਹੈ ਵਾ! ਸਾਰੇ ਹੀ ਇਸ ਕਾਂਡ ਦੀ ਨਿੰਦਿਆ ਕਰ ਰਹੇ ਹਨ। ਮਗਰ ਮੁੰਗੋ ਤਾਂ ਸਮਝਾਓ ਕਿ ਆਖਰ ਇਹ ਕਤਲ ਕੀਤੇ ਕਿਸ ਹੈਨ? ਕੋਈ ਵੀ ਜ਼ਿੰਮੇਵਾਰੀ ਨਹੀਂ ਲੈ ਰਿਹਾ।"

"ਬਾਪੂ! ਇਸ ਕੋ ਆਖਦਿਅਨ ਬੇਮੌਤ ਮਰਨਾ। ਇਤਨੀ ਬੜੀ ਵਾਰਦਾਤ ਹੋ ਗਈ ਹੈ, ਪਰ ਸਰਕਾਰ ਜਾਂਚ ਦਾ ਹੁਕਮ ਹੀ ਨਹੀਂ ਕਰਦੀ।" ਮਾਸਟਰ ਨੇ ਘਬਰਾਈ ਹੋਈ ਆਵਾਜ਼ ਵਿਚ ਕਿਹਾ।

"ਲੀਡਰ ਕੇ ਆਖਦਿਅਨ?"

"ਆਖਦਿਅਨ ਮਾਉ ਆਪਣੀ ਦਾ ਸਿਰ। ਸਾਰੇ ਹੀ ਮਨਿਸਟਰਾਂ ਦੀ ਬੋਲੀ ਬੋਲ ਕੇ ਆਪਣਾ ਲੁੱਚ ਸੇਕਦੇ ਹਨ। ਅਖਾ ਘਰ ਛੋੜ ਕੇ ਨਾ ਜਾਓ, ਬੇਸ਼ਕ ਏਥੇ ਹੀ ਮਰਦੇ ਰਹੋ। ਮਗਰ ਨੌਜਵਾਨ ਤਾਂ ਇਥਾ ਰਹਿਣਾਂ ਮੰਨਦੇ ਹੀ ਨਹੀਂ।"

ਲੋਕਾਂ ਨੇ ਇਕ ਵਾਰ ਫਿਰ ਮੁੜ ਪਰਵਾਸ ਸਬੰਧੀ ਜ਼ੋਰਦਾਰ ਢੰਗ ਨਾਲ ਵਿਚਾਰ ਕੀਤਾ। ਬਹੁਤ ਲੰਮੀ ਬਹਿਸ ਚੱਲੀ। ਬਹਿਸ ਇਤਨੀ ਲੰਮੀ ਹੋ ਗਈ ਕਿ ਪਰਵਾਸ ਦਾ ਮਸਲਾ ਹੀ ਮੱਠਾ ਪੈ ਗਿਆ ਜਾਂ ਫਿਰ ਲੋਕਾਂ ਦੇ ਪੈਰਾਂ ਹੇਠ ਉਗੀਆਂ ਜੜ੍ਹਾਂ ਧਰਤੀ ਵਿਚੋਂ ਪੁਟਣੀਆਂ ਔਖੀਆਂ ਹੋ ਗਈਆਂ।

ਐਸੀਆਂ ਹੋਰ ਕਈ ਕਠੋਰ ਘਟਨਾਵਾਂ ਨੇ ਮਾਸਟਰ ਨੂੰ ਮਾਯੂਸ ਕਰ ਦਿੱਤਾ। ਕਾਫੀ ਚਿਰ ਤੋਂ ਉਸ ਨੇ ਅਖਰੋਟ ਦੇ ਬੂਟੇ ਬਾਰੇ ਸੋਚਣਾ ਹੀ ਛੱਡ ਦਿੱਤਾ। ਸਵੇਰੇ ਚੁੱਪ ਚੁਪੀਤੇ ਸਕੂਲ ਤੁਰ ਪੈਂਦਾ। ਸਕੂਲੋਂ ਆਉਂਦਿਆਂ ਧਾਈਂ ਦੇ ਖੇਤਾਂ ਵੱਲ ਨਜ਼ਰ ਮਾਰ ਆਉਂਦਾ। ਫਿਰ ਘਰੋਂ ਬਾਹਰ ਹੀ ਨਹੀਂ ਨਿਕਲਦਾ। ਇਕ ਦਿਨ ਡਾਕਟਰ ਨੇ ਪੁੱਛਿਆ, "ਭਾਪਾ! ਤੁਸੀਂ ਕਿੰਝ ਢਿੱਲੇ ਪੈ ਗਏ ਦੇ ਲਗਦੇ ਹੋ। ਹੁਣ ਖੋੜੀ ਦੇ ਬੂਟੇ ਬਾਰੇ ਸੋਚਦੇ ਹੀ ਨਹੀਂ।"

"ਨਾ ਵਾ! ਐਸੀ ਗੱਲ ਨਹੀਂ।" ਮਾਸਟਰ ਬਹੁਤ ਧੀਮੇ ਸੁਰ ਵਿਚ ਬੋਲਿਆ, "ਪਰ ਲੱਗਦਾ ਜੀਆਂ ਇਹ ਬੂਟਾ ਪੁਰਾਣੇ ਵੇਲਿਆਂ ਦਾ ਕੋਈ ਪੀਰ ਹੋਣਾ। ਜਿਲੇ ਵੀ ਅਸਾਂ ਇਸ ਕੋ ਟੁਕੇ ਬਾਰੇ ਸੋਚਿਆ ਕੋਈ ਨਾ ਕੋਈ ਭਾਣਾ ਵਰਤ ਗੈਂਦਾ।"

"ਭਾਪਾ! ਕਿਹੜੇ ਵੇਲਿਆਂ ਦੀ ਗੱਲ ਕਰਦੇ ਹੋ। ਵਹਿਮਾਂ ਭਰਮਾਂ ਵਿਚ ਨਹੀਂ ਪੈਣਾ। ਮੈਂ ਕਲ ਹੀ ਰਮਜ਼ਾਨ ਤਬਰਦਾਰਾ ਕੋ ਸਦ ਆਵਸਾਂ।"

ਅਗਲੇ ਦਿਨ ਇਕ ਰਮਜ਼ਾਨ ਤਬਰਦਾਰ ਮੋਢੇ 'ਤੇ ਕੁਹਾੜੀ ਰੱਖ ਕੇ ਹਾਜ਼ਰ ਹੋ ਗਿਆ। ਉਸ ਨੇ ਬਹੁਤ ਤਜ਼ਰਬਾਕਾਰ ਨਜ਼ਰਾਂ ਨਾਲ ਅਖਰੋਟ ਦਾ ਬੂਟਾ ਵੇਖਿਆ। ਵੇਖਦਿਆਂ ਹੀ ਉਸ ਦੇ ਮੱਥੇ ਦੀਆਂ ਝੁਰੜੀਆਂ ਹੋਰ ਗਹਿਰੀਆਂ ਹੋ ਗਈਆਂ। ਉਸ ਨੇ ਬੂਟੇ ਦੀਆਂ ਧਰਤੀ ਅੰਦਰ ਡੂੰਘੀਆਂ ਧੱਸੀਆਂ ਜੜ੍ਹਾਂ ਦਾ ਨੀਝ ਨਾਲ ਜਾਇਜ਼ਾ ਲਿਆ। ਬਾੜੀ ਵੱਲ ਨਿਗਾਹ ਮਾਰੀ। ਉਸ ਦੀ ਬਦਹਾਲੀ ਦਾ ਅੰਦਾਜ਼ਾ ਲਾਇਆ ਅਤੇ ਕਿਹਾ, "ਮਾਸਟਰ ਜੀ! ਬੂਟਾ ਬਹੁਤ ਪੁਰਾਣਾ ਹੈ। ਇਸ ਦੀਆਂ ਜੜ੍ਹਾਂ ਧਰਤੀ ਅੰਦਰ ਬਹੁਤ ਡੂੰਘੀਆਂ ਲੱਕ ਗਈਆਂ ਹਨ। ਸੋ ਇਸ ਨੂੰ ਮੁੱਢ ਦੇ ਬਜਾਏ ਮੂਲੋਂ ਹੀ ਵੱਢਣਾ ਪਵੇਗਾ। ਨਹੀਂ ਤਾਂ ਜੜ੍ਹਾਂ ਧਰਤੀ ਅੰਦਰ ਹੀ ਰਹਿ ਜਾਣਗੀਆਂ ਅਤੇ ਕਿਸੇ ਦਿਨ ਬੂਟੇ ਨੇ ਮੁੜ ਉਗ ਪੈਣਾ। ਇੰਜ ਸਮੱਸਿਆ ਉਥੇ ਦੀ ਉਥੇ ਹੀ ਰਹਿ ਜਾਵੇਗੀ। ਸੋ ਇਸ ਨੂੰ ਜੜ੍ਹੋਂ ਉਖਾੜਨ ਲਈ ਇਸ ਦੇ ਆਸੇ ਪਾਸੇ ਬਹੁਤ ਡੂੰਘਾ ਟੋਇਆ ਪੁੱਟਣਾ ਪੈਣਾ ਹੈ। ਦੱਸੋ ਤੁਸੀਂ ਕੀ ਕਹਿੰਦੇ ਹੋ?"

"ਰਮਜ਼ਾਨਾ! ਤੂੰ ਠੀਕ ਆਖਦੇਂ।"

ਰੁੱਖ ਕੋਈ ਰਿਸ਼ੀ ਸੀ ਜਾਂ ਪੀਰ। ਅੱਜ ਤੀਕ ਉਸ ਨੂੰ ਵੱਢਣ ਦੇ ਸਾਰੇ ਮਨਸੂਬੇ ਹੀ ਅਸਫਲ ਹੁੰਦੇ ਰਹੇ। ਪਰ ਲਗਦੈ ਹੁਣ ਰਮਜ਼ਾਨ ਤਬਰਦਾਰ ਦੇ ਹੱਥੋਂ ਇਹ ਬੂਟਾ ਨਹੀਂ ਬਚਣਾ। ਅਗਲੇ ਦਿਨ ਉਹ ਦੋ ਮਜ਼ਦੂਰ, ਕੁਹਾੜੀਆਂ, ਗੈਂਤੀਆਂ, ਬੇਲਚੇ ਲੈ ਕੇ ਥਾਂ 'ਤੇ ਪੁੱਜ ਗਿਆ। ਲਓ ਜੀ ਇਕ ਮਜ਼ਦੂਰ ਬੂਟੇ 'ਤੇ ਕੁਹਾੜੀ ਲੈ ਕੇ ਚੜ੍ਹ ਗਿਆ ਤੇ ਲੱਗਾ ਬੂਟੇ ਦੇ ਟਾਹਣ ਵੱਢਣ। ਅਜੇ ਕੁਝ ਹੀ ਟਾਹਣ ਵੱਢੇ ਸਨ ਕਿ ਰਮਜ਼ਾਨ ਤਬਰਦਾਰ ਨੇ ਉਸ ਨੂੰ ਥੱਲ੍ਹੇ ਆਉਣ ਦਾ ਇਸ਼ਾਰਾ ਕਰ ਦਿੱਤਾ। ਹੁਣ ਉਹ ਸਾਰੇ ਹੀ ਮਿਲ ਕੇ ਬੂਟੇ ਦੇ ਆਸੇ ਪਾਸੇ ਟੋਆ ਪੁੱਟਣ ਲੱਗੇ। ਉਹ ਜਿਵੇਂ ਜ਼ਮੀਨ ਪੁੱਟਦੇ ਜਾਂਦੇ, ਅੱਗੋਂ ਉਸ ਦੀਆਂ ਜੜ੍ਹਾਂ ਦਾ ਤਣਿਆ ਜਾਲ ਵੇਖ ਕੇ ਉਨ੍ਹਾਂ ਦੇ ਪਸੀਨੇ ਛੁੱਟ ਪੈਂਦੇ। ਪੂਰੇ ਦਿਨ ਦੀ ਮਿਹਨਤ ਮਗਰੋਂ ਮਸਾਂ ਕੁਝ ਕੁ ਟਾਹਣ, ਜੜ੍ਹਾਂ ਅਤੇ ਛੇ ਕੁ ਫੁੱਟ ਟੋਆ ਹੀ ਪੁਟ ਸਕੇ ਸਨ ਕਿ ਅੰਦਰੋਂ ਪਾਣੀ ਦੇ ਫੁਹਾਰੇ ਫੁੱਟ ਪਏ। ਪਾਣੀ ਨਾਲ ਟੋਆ ਭਰ ਗਿਆ। ਜਿਸ ਕਾਰਨ ਰਮਜ਼ਾਨ ਤਬਰਦਾਰ ਦਾ ਕੰਮ ਹੋਰ ਔਖਾ ਹੋ ਗਿਆ। ਹੁਣ ਜ਼ਰੂਰੀ ਸੀ ਕਿ ਪਹਿਲਾਂ ਟੋਏ ਵਿਚੋਂ ਪਾਣੀ ਕੱਢਿਆ ਜਾਵੇ। ਪਾਣੀ ਕੱਢਣ ਲਈ ਘੱਟੋ ਘੱਟ ਸੱਤ ਫੁੱਟ ਡੂੰਘੀ ਨਾਲ ਕੱਢਣੀ ਪੈਣੀ ਸੀ। ਇਕ ਤਾਂ ਟੋਆ ਪੁੱਟਦਿਆਂ, ਦੂਜਾ ਕੁਝ ਟਾਹਣ ਤੇ ਕੁਝ ਜੜ੍ਹਾਂ ਵੱਢਦਿਆਂ ਉਹ ਸਾਰੇ ਹੀ ਹਫ਼ ਚੁੱਕੇ ਸਨ। ਉਪਰੋਂ ਟੋਏ ਵਿਚ ਪਾਣੀ ਨਿਕਲ ਆਉਣ 'ਤੇ ਉਹ ਕੁਝ ਸੋਚਾਂ ਵਿਚ ਪੈ ਗਏ। ਤਰਕਾਲਾਂ ਦਾ ਵੇਲਾ ਹੋ ਗਿਆ। ਸੋ ਉਨ੍ਹਾਂ ਨੇ ਕੰਮ ਰੋਕ ਕੇ ਅਗਲੇ ਦਿਨ 'ਤੇ ਪਾ ਦਿੱਤਾ। ਜਾਣ ਤੋਂ ਪਹਿਲਾਂ ਰਮਜ਼ਾਨ ਤਬਰਦਾਰ ਨੇ ਬੂਟੇ ਨੂੰ ਪੂਰੇ ਜ਼ੋਰ ਦਾ ਹਿਲਾ ਕੇ ਵੇਖਿਆ। ਉਸ ਨੂੰ ਅਸਚਰਜਤਾ ਹੋਈ ਕਿ ਇੰਨੀਆਂ ਜੜ੍ਹਾਂ ਕੱਟਣ ਮਗਰੋਂ ਵੀ ਬੂਟਾ ਅਹਿਲ ਖੜ੍ਹਾ ਸੀ, ਇਕ ਪਹਾੜ ਦੀ ਤਰ੍ਹਾਂ।



*ਚਿੱਟੀਸਿੰਘਪੁਰਾ ਦੁਖਾਂਤ ਦੇ ਪੀੜਤ*

ਪਰ ਅਗਲੇ ਦਿਨ ਰਮਜ਼ਾਨ ਤਬਰਦਾਰ ਕੰਮ 'ਤੇ ਨਹੀਂ ਆਇਆ। ਇਸ ਲਈ ਨਹੀਂ ਕਿ ਕੰਮ ਮੁਸ਼ਕਿਲ ਸੀ, ਸਗੋਂ ਇਸ ਲਈ ਕਿ ਇਕ ਹੋਰ ਕਾਂਡ ਵਾਪਰ ਗਿਆ ਸੀ। ਮਹਿਜੂਰ ਨਗਰ ਵਿਚ ਅੱਠ ਸਿੱਖਾਂ ਦਾ ਕਤਲ ਕਰ ਦਿੱਤਾ ਗਿਆ, ਜਿਸ ਨਾਲ ਸਿੱਖਾਂ ਵਿਚ ਕਰੋਧ ਦੀ ਇਕ ਲਹਿਰ ਦੌੜ ਗਈ ਸੀ। ਪ੍ਰਤਾਪ ਸਿੰਘ ਅਤੇ ਉਸ ਦਾ ਪਰਿਵਾਰ ਵੀ ਪ੍ਰੇਸ਼ਾਨ ਸੀ। ਸ਼ਾਇਦ ਇਹ ਖ਼ਬਰ ਰਮਜ਼ਾਨ ਤਬਰਦਾਰ ਨੇ ਵੀ ਸੁਣ ਲਈ ਹੋਵੇ, ਜਿਸ ਕਾਰਨ ਉਹ ਕੰਮ 'ਤੇ ਨਹੀਂ ਆਇਆ।

ਪਰ ਮਾਸਟਰ ਦੀ ਪ੍ਰੇਸ਼ਾਨੀ ਦਾ ਦੂਜਾ ਕਾਰਨ ਵੀ ਸੀ ਅਤੇ ਉਹ ਸੀ ਰੁੱਖ ਦੀ ਕਟਾਈ ਸਬੰਧੀ। ਹੁਣ ਉਸ ਦਾ ਸ਼ੱਕ ਯਕੀਨ ਵਿਚ ਬਦਲ ਗਿਆ ਕਿ ਅਖਰੋਟ ਦਾ ਬੂਟਾ ਜ਼ਰੂਰ ਕੋਈ ਪੁਰਾਣੇ ਜ਼ਮਾਨੇ ਦਾ ਰਿਸ਼ੀ ਹੈ ਜਾਂ ਪੀਰ। ਉਸ ਨੇ ਆਪਣੀ ਹਠਧਰਮੀ 'ਤੇ ਅਫਸੋਸ ਹੋਣ ਲੱਗਾ ਕਿ ਉਹ ਇਕ ਹਤਿਆਰੇ ਵਾਂਗ ਹੱਥ ਧੋ ਕੇ ਬੂਟੇ ਪਿਛੇ ਪੈ ਗਿਆ ਹੈ।

ਫਿਰ ਇਕ ਦਿਨ ਪਿੰਡ ਦੇ ਲੋਕਾਂ ਨੇ ਵੇਖਿਆ ਕਿ ਪ੍ਰਤਾਪ ਸਿੰਘ ਦੇ ਮਕਾਨ 'ਤੇ ਤਾਲਾ ਚੜ੍ਹਿਆ ਹੋਇਆ ਸੀ।

ਬਸ ਇਹ ਕਹਾਣੀ ਹੈ ਪ੍ਰਤਾਪ ਸਿੰਘ ਦੀ।

ਪਰ ਕਹਾਣੀ ਇਥੇ ਹੀ ਸਮਾਪਤ ਨਹੀਂ ਹੁੰਦੀ। ਕਹਾਣੀ ਦੇ ਅੱਗੇ ਤੁਰਨ ਦਾ ਕਾਰਨ ਹੈ ਪ੍ਰਤਾਪ ਸਿੰਘ ਦੇ ਊਲ ਜਲੂਲ ਨੂੰ ਲੈ ਕੇ ਉਸ ਦੇ ਪੁੱਤਰਾਂ ਦਾ ਪ੍ਰੇਸ਼ਾਨ ਹੋਣਾ। ਇਕ ਤਾਂ ਅਣ ਦੇਖਿਆ ਭਾਲਿਆ ਪ੍ਰਦੇਸ਼। ਉਪਰੋਂ ਪ੍ਰਦੇਸ਼ ਵਿਚ ਘਰ ਦੇ ਬਜ਼ੁਰਗ ਦਾ ਬਾਉਲਾ ਹੋ ਜਾਣਾ ਚਿੰਤਾਜਨਕ ਸਥਿਤੀ ਹੀ ਤਾਂ ਸੀ। ਇਸ ਤੋਂ ਛੁਟਕਾਰਾ ਪਾਉਣ ਲਈ ਇਕ ਦਿਨ ਪੁੱਤਰਾਂ ਨੇ ਰਲ ਬੈਠ ਕੇ ਵਿਚਾਰ ਕੀਤਾ। ਮਾਸਟਰ ਨੇ ਕਿਹਾ, "ਡਾਕਟਰਾ! ਇਹ ਬੜੀ ਪ੍ਰੇਸ਼ਾਨੀ ਵਾਲੀ ਗੱਲ ਹੈ ਕਿ ਇਸ ਪ੍ਰਦੇਸਾਂ ਵਿਚ ਵੀ ਖੋੜੀ ਦਾ ਬੂਟਾ ਬਾਪੂ ਦਾ ਪਿੱਛਾ ਨਹੀਂ ਛੱਡਦਾ। ਮੈਂ ਪਹਿਲੇ ਵੀ ਆਖਿਆ ਆਸਿਆ ਕਿ ਉਹ ਕੋਈ ਮਾਮੂਲੀ ਬੂਟਾ ਨਹੀਂ, ਸਗੋਂ ਕੋਈ ਪੁਜੇ ਦਾ ਪੀਰ ਹੈ। ਅਸਦੀ ਜਹਾਲਤ ਦਾ ਫਲ ਹੁਣ ਬਾਪੂ ਭੋਗ ਰਿਹਾ। ਦਸ ਹੁਣ ਕੇ ਕਰੀਏ?"

"ਭਾਪਾ! ਹੇਕ ਗੱਲ ਹੋ ਸਕਦੀ ਹੈ।"

"ਕੇ?"

"ਕਿਉਂ ਨਾ ਅਸੀਂ ਬਾਪੂ ਕੋ ਚਰਨੇ ਦਾ ਸੁਮੋ ਬਿਚ ਬਿਠਾ ਕੇ ਗਰਾਂ ਭੇਜ ਦੇਈਏ। ਉਥਾ ਉਹ ਅਪਨਾ ਮਕਾਨ ਦਿਖ ਕੇ ਠੀਕ ਹੋ ਗੈਸੀ।"

"ਮਗਰ ਉਸ ਦੀ ਰੂਹ ਤਾਂ ਖੋੜੀ ਦੇ ਬੂਟੇ ਬਿਚ ਹੈ। ਖੋੜ ਲੋਕਾਂ ਟੁਕ ਖੜੀ ਦੀ ਹੋਸੀ। ਫਿਰ ਖੋੜ ਨਾ ਦਿਖ ਕੇ ਤਾ ਉਹ ਪਾਗਲ ਹੋ ਗੈਸੀ।"

"ਇੰਜ ਨਹੀਂ ਹੁੰਦਾ ਭਾਪਾ। ਤੂੰ ਮਾੜੀ ਜ਼ਿੰਮੇਵਾਰੀ ਤਾਂ ਭੈਜਸ। ਹਾਂ ਚਰਨੇ ਕੋ ਆਖਸਾਂ ਕਿ ਵਾਪਸੀ ਤਾਂ ਨਾਲ ਘਿਨ ਆਵਸ।"

ਪਿੰਡ ਜਾਣ ਦੀ ਗੱਲ ਸੁਣ ਕੇ ਪ੍ਰਤਾਪ ਸਿੰਘ ਬਹੁਤ ਖੁਸ਼ ਸੀ।

ਕੁਝ ਦਿਨਾਂ ਮਗਰੋਂ ਰਤਨ ਸਿੰਘ ਨੇ ਉਸ ਨੂੰ ਗਰਾਂ ਪੁਜਾ ਦਿੱਤਾ। ਰਾਤੀਂ ਉਹ ਲੰਬੜਦਾਰ ਕਰਤਾਰ ਸਿੰਘ ਦੇ ਘਰ ਰਿਹਾ। ਸਵੇਰ ਹੁੰਦਿਆਂ ਹੀ ਉਹ ਚਾਬੀਆਂ ਦਾ ਗੁੱਛਾ ਲੈ ਕੇ ਆਪਣੇ ਘਰ ਵੱਲ ਤੁਰ ਪਿਆ। ਦੂਰੋਂ ਹੀ ਆਪਣਾ ਮਕਾਨ ਦੇਖ ਕੇ ਉਹ ਪ੍ਰਸੰਨ ਹੋ ਗਿਆ ਅਤੇ ਉਸ ਦਾ ਚਿਹਰਾ ਫੁੱਲ ਵਾਂਗ ਖਿੜ ਗਿਆ। ਮਕਾਨ ਆਪਣੀ ਹੀ ਸਹੀ ਹਾਲਤ ਵਿਚ ਖੜ੍ਹਾ ਸੀ। ਮਕਾਨ ਦੀ ਛੱਤ ਉਪਰੋਂ ਅਖਰੋਟ ਦੇ ਬੂਟੇ ਦੀਆਂ ਟਾਹਣੀਆਂ ਨੂੰ ਹਵਾ ਨਾਲ ਝੂਲਦਿਆਂ ਵੇਖ ਕੇ ਉਸ ਦਾ ਦਿਲ ਜ਼ੋਰ ਜ਼ੋਰ ਨਾਲ ਧੜਕਣ ਲੱਗਾ। ਇੰਜ ਲੱਗ ਰਿਹਾ ਸੀ ਜਿਵੇਂ ਕਿਸੇ ਪੀਰ ਨੇ ਆਪਣੇ ਮੁਰੀਦ ਦੇ ਸਿਰ 'ਤੇ ਮਿਹਰ ਭਰਿਆ ਹੱਥ ਰੱਖਿਆ ਹੋਵੇ ਜਾਂ ਕੋਈ ਰਿਸ਼ੀ ਉਸ ਦੇ ਮਕਾਨ ਦੀ ਰੱਖਿਆ ਕਰ ਰਿਹਾ ਹੋਵੇ। ਅਖਰੋਟ ਦਾ ਬੂਟਾ ਸੱਚ ਮੁੱਚ ਆਪਣੀ ਥਾਂ 'ਤੇ ਮਹਿਫੂਜ਼ ਖੜ੍ਹਾ ਸੀ? ਉਸ ਨੂੰ ਅਜੇ ਵੀ ਅੱਖੀਂ ਡਿੱਠੇ ਦ੍ਰਿਸ਼ 'ਤੇ ਵਿਸ਼ਵਾਸ ਨਹੀਂ ਹੋ ਰਿਹਾ ਸੀ। ਹੁਣ ਉਹ ਮਕਾਨ ਵੱਲ ਜਾਣ ਦੀ ਬਜਾਏ ਸਿੱਧਾ ਬਾੜੀ ਵੱਲ ਤੁਰ ਪਿਆ, ਜਿਥੇ ਉਸ ਨੇ ਅਖਰੋਟ ਦੇ ਖੜ੍ਹੇ ਬੂਟੇ ਨੂੰ ਹੱਥ ਲਾ ਕੇ ਵੇਖਿਆ। ਉਹ ਹੈਰਾਨ ਸੀ ਕਿ ਬੂਟਾ ਅਜੇ ਵੀ ਸਾਬਤ ਸਾਲਮ ਖੜ੍ਹਾ ਸੀ ਅਤੇ ਰਮਜ਼ਾਨ ਤਬਰਦਾਰ ਵਲੋਂ ਪੁੱਟਿਆ ਟੋਆ ਵੀ ਭਰ ਗਿਆ ਸੀ। ਖੌਰੇ ਕਿੰਝਾਂ? ਬੂਟਾ ਸੱਚ ਮੁੱਚ ਕਿਸੇ ਪੁੱਜੇ ਹੋਏ ਰਿਸ਼ੀ ਵਾਂਗ ਪਹਿਲਾਂ ਵਰਗੀ ਸ਼ਾਨ ਨਾਲ ਮੁੜ ਹਰਿਆਲੇ ਪੱਤਿਆਂ ਦੀ ਚਾਦਰ ਹੇਠ ਕੱਜਿਆ ਹੋਇਆ ਖੜ੍ਹਾ ਸੀ ਤੇ ਮੁਸਕਰਾ ਰਿਹਾ ਸੀ। ਪ੍ਰਤਾਪ ਸਿੰਘ ਨੇ ਸੁੱਖ ਦਾ ਇਕ ਲੰਮਾ ਸਾਹ ਲਿਆ।

ਜਦ ਚਰਨ ਸਿੰਘ ਕੁਝ ਦਿਨਾਂ ਮਗਰੋਂ ਉਹਨੂੰ ਵਾਪਸ ਜੰਮੂ ਲੈ ਜਾਣ ਲਈ ਆਇਆ ਤਾਂ ਉਹ ਪ੍ਰੇਸ਼ਾਨ ਜਿਹਾ ਹੋ ਗਿਆ ਤੇ ਸਿਰ ਪਕੜ ਕੇ ਕੰਜ 'ਤੇ ਬੈਠ ਗਿਆ, ਜਿਵੇਂ ਕੁਝ ਸੋਚ ਰਿਹਾ ਹੋਵੇ। ਫਿਰ ਚਰਨ ਸਿੰਘ ਵੱਲ ਵੇਖ ਕੇ ਕਹਿਣ ਲੱਗਾ, "ਸੁਣ ਤਾਂ ਚਰਨਿਆ। ਜੰਮੂ ਗਛ ਕੇ ਮਾੜੇ ਬੱਚਿਆਂ ਕੋ ਆਖੀਂ ਕਿ ਅਜਾਂ ਉਨ੍ਹਾਂ ਲਰ ਦੁਨੀਆਂ ਦਿਖਣੀ ਹੈ। ਸੋ ਸੋਚ ਘਿਨਣ ਕਿ ਇਥਾਂ ਰਹਿਸਨ ਮੁਸ਼ਕਲ ਹੈ। ਕੀਆਂ ਜੇ ਮਾੜੇ ਮੂਲ ਇਸੇ ਧਰਤ ਬਿਚ ਹਨ। ਮੈਂ ਹੁਣ ਇਸ ਬੁੱਢੇ ਬਾਰੇ ਇਥੋਂ ਉਖੜ ਕੇ ਕਿਦੇ ਹੋਰ ਨਹੀਂ ਜਾਣਾ। ਚੰਗਾ ਤੂੰ ਸੁਖਾਂ ਨਾਲ ਗੱਛ।"

ਚਰਨ ਸਿੰਘ ਨੇ ਹੈਰਾਨ ਹੋ ਕੇ ਪ੍ਰਤਾਪ ਸਿੰਘ ਵੱਲ ਵੇਖਿਆ। ਫਿਰ ਉਸ ਦੀ ਨਿਗਾਹ ਮਕਾਨ ਪਿਛੋਂ ਝਾਕ ਰਹੇ ਅਖਰੋਟ ਦੇ ਬੂਟੇ 'ਤੇ ਪਈ। ਹਵਾ ਸੰਗ ਝੂਲ ਰਹੇ ਉਸ ਦੇ ਟਾਹਣ ਤੇ ਹਰਿਆਲੇ ਪੱਤੇ। ਉਸ ਨੇ ਅਸਚਰਜ ਨਾਲ ਪੁੱਛਿਆ, "ਪ੍ਰਤਾਪਾ ਭਾਈਆ! ਤੂੰ ਕਿਦੇ ਬਾਊਲਾ ਤਾਂ ਨਹੀਂ ਹੋ ਗਏ ਦਾ?"

# ਸਆਦਤ ਹਸਨ ਮੰਟੋ ਦੇ ਸਮਿਆਂ ਦਾ ਸਮਾਜ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com


18 ਜਨਵਰੀ ਨੂੰ ਸਆਦਤ ਹਸਨ ਮੰਟੋ ਨੂੰ ਇਸ ਦੁਨੀਆਂ ਤੋਂ ਵਿਦਾ ਹੋਇਆਂ 59 ਵਰ੍ਹੇ ਹੋ ਗਏ ਹਨ। 2012-2013 ਦਾ ਵਰ੍ਹਾ 11 ਮਈ 1912 ਨੂੰ ਜਨਮੇ ਇਸ ਲੇਖਕ ਦੀ ਜਨਮ ਸ਼ਤਾਬਦੀ ਦਾ ਵਰ੍ਹਾ ਸੀ। ਏਧਰ ਤੇ ਓਧਰ ਦੇ ਪੰਜਾਬਾਂ ਨੇ ਹੀ ਨਹੀਂ, ਦੁਨੀਆਂ ਭਰ ਦੇ ਪੰਜਾਬੀਆਂ ਨੇ ਉਸ ਨੂੰ ਰੱਜ ਕੇ ਚੇਤੇ ਕੀਤਾ। ਸਮਰਾਲਾ, ਮਲੇਰਕੋਟਲਾ, ਪਟਿਆਲਾ, ਚੰਡੀਗੜ੍ਹ ਤੇ ਦਿੱਲੀ ਦੇ ਸਮਾਗਮ ਤਾਂ ਮੈਂ ਖੁਦ ਤੱਕੇ ਹਨ। ਹਰ ਥਾਂ ਉਸ ਦੀ ਕਲਮ ਦੀ ਸ਼ਕਤੀ ਦੇ ਚਰਚੇ ਹੋਏ। ਇਹ ਗੱਲ ਵੀ ਸਾਹਮਣੇ ਆਈ ਕਿ ਉਸ ਨੂੰ ਕਹਾਣੀਕਾਰ ਬਣਾਉਣ ਵਾਲਾ ਜਲ੍ਹਿਆਂਵਾਲਾ ਬਾਗ ਦਾ ਸਾਕਾ ਸੀ। ਉਸ ਦੀ ਸਭ ਤੋਂ ਪਹਿਲੀ ਕਹਾਣੀ ਇਸ ਸਾਕੇ ਬਾਰੇ ਸੀ, ਜਿਸ ਨੂੰ ਉਸ ਨੇ 'ਤਮਾਸ਼ਾ' ਨਾਂ ਦੇ ਕੇ ਛਪਵਾਇਆ ਪਰ ਇਸ ਦੇ ਲੇਖਕ ਵਜੋਂ ਆਪਣਾ ਨਾਂ ਨਹੀਂ ਸੀ ਦਿੱਤਾ। ਨੌਜਵਾਨ ਮੰਟੋ ਲਈ ਭਾਰਤੀ ਜਨਤਾ ਦਾ ਕਤਲੇਆਮ ਗੋਰੇ ਹਾਕਮਾਂ ਲਈ ਇਕ ਤਮਾਸ਼ਾ ਸੀ। ਗੋਰੀ ਸਰਕਾਰ ਨੇ ਛਾਪਣ ਵਾਲੇ ਰਸਾਲੇ ਦੇ ਮਾਲਕਾਂ ਨੂੰ ਤਾਂ ਪ੍ਰੇਸ਼ਾਨ ਕੀਤਾ ਪਰ ਮੰਟੋ ਬਚ ਰਿਹਾ।

ਉਸ ਦੀ ਰਚਨਾਕਾਰੀ ਨੂੰ ਅਸਲੀ ਜਾਗ ਉਦੋਂ ਲੱਗੀ ਜਦੋਂ 1930 ਵਿਚ ਉਸ ਨੂੰ ਤਪਦਿਕ ਦੇ ਇਲਾਜ ਲਈ ਜੰਮੂ ਕਸ਼ਮੀਰ ਵਿਚ ਬਟੋਟ ਦੇ ਸੈਨੇਟੋਰੀਅਮ ਵਿਚ ਦਾਖਲ ਹੋਣਾ ਪਿਆ। ਇਥੇ ਉਸ ਦੇ ਮਨ ਉਤੇ ਬੇਗੋ ਨਾਂ ਦੀ ਇਕ ਪਹਾੜਨ ਚਰਵਾਹੀ ਦਾ ਭੂਤ ਸਵਾਰ ਹੋ ਗਿਆ। ਸਰੀਰਕ ਛੂਹ ਤੋਂ ਵਾਂਝੀ ਇਹ ਖਿੱਚ ਉਸ ਦੇ ਮਨ ਉਤੇ ਇਸ ਕਦਰ ਸਵਾਰ ਹੋਈ ਕਿ ਉਸ ਨੇ ਚਾਰ ਕਹਾਣੀਆਂ ਬਟੋਟ ਰਹਿੰਦਿਆਂ ਹੀ ਲਿਖ ਮਾਰੀਆਂ। ਉਨ੍ਹਾਂ ਦੇ ਨਾਂ ਹਨ 'ਮੌਸਮ ਦੀ ਸ਼ਰਾਰਤ', 'ਬੇਗੋ', 'ਲਾਲਟੈਣ' ਤੇ 'ਮਿਸਰੀ ਦੀ ਡਲੀ'। ਪਾਰੂਖ ਤਾਂ ਇਹ ਵੀ ਕਹਿੰਦੇ ਹਨ ਕਿ ਬਹੁਤ ਪਿੱਛੋਂ ਲਿਖੀ ਗਈ ਉਸ ਦੀ ਕਹਾਣੀ 'ਚੁਗਦ' ਵੀ ਉਸ ਪਹਾੜਨ ਬਾਰੇ ਸੀ ਜਿਸ ਨੂੰ ਪੜ੍ਹ ਕੇ ਮੰਟੋ ਦੀ ਸਮਕਾਲੀ ਲੇਖਿਕਾ ਇਸਮਤ ਚੁਗ਼ਤਾਈ ਨੇ ਗੱਲਾਂ ਗੱਲਾਂ ਵਿਚ ਮੰਟੋ ਦਾ ਮਜ਼ਾਕ ਵੀ ਉਡਾਇਆ ਸੀ।

ਕੁਝ ਵੀ ਕਹੀਏ, ਸੈਕਸ ਤੇ ਸੰਗ੍ਰਾਮ ਉਸ ਦੀਆਂ ਕਹਾਣੀਆਂ ਦਾ ਧੁਰਾ ਬਣੇ। ਲਿੰਗ ਤੇ ਵਾਸਨਾ ਬਾਰੇ ਉਸ ਦੇ ਨਿੱਜੀ ਵਿਚਾਰ ਕੀ ਸਨ? ਇਸ ਦਾ ਨਿਤਾਰਾ ਕਰਨਾ ਤਾਂ ਸੌਖਾ ਨਹੀਂ ਪਰ ਉਸ ਨੇ ਵੇਸਵਾਵਾਂ ਦੇ ਜੀਵਨ ਬਾਰੇ ਵੀ 'ਕਾਲੀ ਸਲਵਾਰ' ਤੇ 'ਹੱਤਕ' ਵਰਗੀਆਂ ਲਾਜਵਾਬ ਕਹਾਣੀਆਂ ਲਿਖੀਆਂ। ਉਨ੍ਹਾਂ ਬੇਸਵਾਵਾਂ ਬਾਰੇ ਜਿਨ੍ਹਾਂ ਨੂੰ ਚਕਲੇ ਬੈਠੀਆਂ ਦੇਖ ਉਨ੍ਹਾਂ ਦੀ ਉਪਮਾ ਅਜਿਹੇ ਰੰਗ-ਬਰੰਗੇ ਫਲਾਂ ਨਾਲ ਕੀਤੀ ਸੀ ਜੋ ਪੱਕ ਚੁੱਕੇ ਹੋਣ ਤੇ ਜਿਨ੍ਹਾਂ ਨੂੰ ਪੱਥਰ ਮਾਰ ਕੇ ਕੋਈ ਵੀ ਥੱਲੇ ਸੁੱਟ ਸਕਦਾ ਹੋਵੇ।

ਉਸ ਦੀ ਕਲਮ ਦੀ ਚੋਭ 'ਤਮਾਸ਼ਾ' ਤੱਕ ਹੀ ਸੀਮਤ ਨਹੀਂ ਰਹੀ, ਇਸ ਦੀ ਤੇਜ਼ ਧਾਰਾ 'ਖੋਲ੍ਹ ਦੋ' ਤੇ 'ਠੰਢਾ ਗੋਸ਼ਤ' ਵਰਗੀਆਂ ਉਨ੍ਹਾਂ ਕਹਾਣੀਆਂ ਵਿਚ ਵੀ ਪ੍ਰਤੱਖ ਹੈ ਜਿਹੜੀਆਂ ਦੇਸ਼-ਵੰਡ ਸਮੇਂ ਮਨੁੱਖੀ ਮਨ ਦੇ ਵਹਿਸ਼ੀਪੁਣੇ ਨੂੰ ਨੰਗਾ ਕਰਦੀਆਂ ਹਨ। ਉਨ੍ਹਾਂ ਸਮਿਆਂ ਬਾਰੇ ਮੰਟੋ ਦਾ ਆਪਣਾ ਕਥਨ ਪੜ੍ਹਨ ਵਾਲਾ ਹੈ, ''ਜ਼ਮਾਨੇ ਦੇ ਜਿਸ ਦੌਰ ਵਿਚੋਂ ਅਸੀਂ ਲੰਘ ਰਹੇ ਹਾਂ ਜੇ ਤੁਸੀਂ ਉਸ ਤੋਂ ਜਾਣੂ ਨਹੀਂ ਤਾਂ ਮੇਰੇ ਅਫਸਾਨੇ ਪੜ੍ਹੋ। ਜੇ ਤੁਸੀਂ ਇਨ੍ਹਾਂ ਅਫਸਾਨਿਆਂ ਨੂੰ ਬਰਦਾਸ਼ਤ ਨਹੀਂ ਕਰ ਸਕਦੇ ਤਾਂ ਸਪਸ਼ਟ ਹੈ ਕਿ ਇਹ ਜ਼ਮਾਨਾ ਬਰਦਾਸ਼ਤ ਕਰਨ ਦੇ ਯੋਗ ਹੀ ਨਹੀਂ।''

ਮੰਟੋ ਦੇ ਸਵੈ-ਕਥਨ ਦਾ ਵਜ਼ਨ ਇਸ ਗੱਲੋਂ ਵੀ ਸਪਸ਼ਟ ਹੈ ਕਿ ਉਸ ਦੇ ਅਫਸਾਨਿਆਂ ਦੀ ਕਚਹਿਰੀ ਵਿਚ ਪੈਰਵੀ ਕਰਨ ਲਈ ਹੀਰਾ ਲਾਲ ਸਿੱਬਲ ਵਰਗੇ ਨਾਮੀ ਵਕੀਲ ਆਪਣੇ ਆਪ ਮੈਦਾਨ ਵਿਚ ਆਏ ਤੇ ਮੰਟੋ ਦੇ ਹੱਕ ਵਿਚ ਗਵਾਹੀਆਂ ਦੇਣ ਵਾਲਿਆਂ ਵਿਚ ਅਬਦੁਲ ਰਹਿਮਾਨ ਚੁਗਤਾਈ, ਕਨ੍ਹਈਆ ਲਾਲ ਕਪੂਰ, ਰਾਜਿੰਦਰ ਸਿੰਘ ਬੇਦੀ ਤੇ ਆਈ ਐਲ ਲੱਤੀਫ ਵਰਗੇ ਦਾਨਸ਼ਮੰਦ ਤੇ ਉਚ ਕੋਟੀ ਦੇ ਅਦੀਬ ਨਿੱਤਰੇ। ਧਾਰਮਕ ਕਟੜਪੁਣੇ, ਮੂਲਵਾਦ ਤੇ ਵਹਿਸ਼ੀਪੁਣੇ ਨੂੰ ਨੰਗਾ ਕਰਨ ਵਾਲੇ ਮੰਟੋ ਦੇ ਇਹ ਸ਼ਬਦ ਵੀ ਨੋਟ ਕਰਨ ਵਾਲੇ ਹਨ, ''ਇਹ ਨਾ ਕਹੋ ਕਿ ਇੱਕ ਲੱਖ ਹਿੰਦੂ ਤੇ ਇੱਕ ਲਖ ਮੁਸਲਮਾਨ ਮਰੇ-ਇਹ ਕਹੋ ਕਿ ਦੋ ਲੱਖ ਇਨਸਾਨ ਮਰੇ।'' ਇਹ ਵੀ ਕਿ ਗਿਣਤੀ ਦੇ ਬੰਦਿਆਂ ਨੂੰ ਮਾਰ ਕੇ ਹਿੰਦੂ ਧਰਮ ਜਾਂ ਇਸਲਾਮ ਨੂੰ ਖਤਮ ਨਹੀਂ ਕੀਤਾ ਜਾ ਸਕਦਾ ਕਿਉਂਕਿ ਦੀਨ, ਈਮਾਨ ਧਰਮ, ਯਕੀਨ ਅਕੀਦਤ ਜੋ ਕੁਝ ਵੀ ਹੈ ਕਿਸੇ ਦੇ ਜਿਸਮ ਵਿਚ ਨਹੀਂ ਉਸ ਦੀ ਰੂਹ ਵਿਚ ਹੁੰਦਾ ਹੈ ਜਿਸ ਨੂੰ ਛੁਰੀ, ਚਾਕੂ ਜਾਂ ਗੋਲੀ ਨਾਲ ਖਤਮ ਨਹੀਂ ਕੀਤਾ ਜਾ ਸਕਦਾ।



*ਸਆਦਤ ਹਸਨ ਮੰਟੋ*

ਪ੍ਰੋ. ਵਹਾਬ ਅਸ਼ਰਫ ਦੇ ਸ਼ਬਦਾਂ ਵਿਚ, ''ਮੰਟੋ ਦਾ ਕਮਾਲ ਇਹ ਸੀ ਕਿ ਉਹ ਬਰਫ਼ ਵਿਚੋਂ ਅੱਗ ਪੈਦਾ ਕਰ ਸਕਦਾ ਸੀ ਪਰ ਇਹ ਅੱਗ ਜਲਾਉਣ ਵਾਸਤੇ ਨਹੀਂ ਸੀ, ਕਿਸੇ ਵਸਤੂ ਨੂੰ ਖਾਸ ਸੱਚੇ ਵਿਚ ਢਾਲਣ ਲਈ ਤੇ ਪਿਘਲਾਉਣ ਲਈ ਸੀ।'' ਇਹੀਓ ਕਾਰਨ ਸੀ ਅੱਧੀ ਦਰਜਨ ਤੋਂ ਵੱਧ ਕੇਸਾਂ ਵਿਚ ਮੰਟੋ ਬਰੀ ਹੀ ਨਹੀਂ ਹੋਇਆ, ਇਨ੍ਹਾਂ ਕੇਸਾਂ ਉਤੇ ਹੋਏ ਖਰਚੇ ਦਾ ਹੱਕਦਾਰ ਵੀ ਹੋਇਆ। ਫੈਜ਼ ਅਹਿਮਦ ਫੈਜ਼ ਨੇ ਉਸ ਨੂੰ ਉਸ ਦੀਆਂ ਸਭ ਕਮਜ਼ੋਰੀਆਂ ਦੇ ਬਾਵਜੂਦ ਬਹੁਤ ਪਿਆਰਾ ਇਨਸਾਨ ਕਿਹਾ ਜਿਸ ਦੇ ਨਾਲ ਚੈਖੋਵ, ਫਰਾਇਡ, ਮੋਪਾਸਾਂ ਕਿਸੇ ਬਾਰੇ ਵੀ ਗੱਲ ਕੀਤਿਆਂ ਮਜ਼ਾ ਆ ਜਾਂਦਾ ਸੀ। ਐਵੇਂ ਤਾਂ ਅੱਬੂ ਸਈਦ ਕੁਰੈਸ਼ੀ ਨੇ ਉਸ ਦੇ ਘਰੇਲੂ ਜੀਵਨ ਨੂੰ 'ਕਾਬਲੇ ਰਸ਼ਕ' ਕਹਿ ਕੇ ਉਹਦੇ ਦੰਪਤੀ ਪਿਆਰ ਨੂੰ ਇਹ ਕਹਿ ਕੇ ਸਮੇਟਿਆ ਕਿ ਓਸ ਘਰ ਵਿਚ ਇੱਕ ਪਾਸੇ ਉਸ ਦੀ ਪਤਨੀ 'ਸਾਫੀਆ' ਹੁੰਦੇ ਤੇ ਦੂਜੇ ਪਾਸੇ 'ਸਆਦਤ ਸਾਹਬ।' ਬਸ!

ਮੇਰੀ ਪੀੜ੍ਹੀ ਦੇ ਲੋਕ ਸੁਭਾਗੇ ਹਨ ਜਿਹੜੇ ਮੰਟੋ ਦੀ ਜਨਮ ਸ਼ਤਾਬਦੀ ਦੇ ਸਾਲ ਵਿਚ ਹਾਜ਼ਰ ਸਨ। ਉਨ੍ਹਾਂ ਨੂੰ ਪਾਕਿਸਤਾਨ ਤੋਂ ਚੱਲ ਕੇ ਆਈਆਂ ਮੰਟੋ ਦੀਆਂ ਤਿੰਨ ਧੀਆਂ ਵੀ ਮਿਲੀਆਂ ਤੇ ਏਸ ਵਰ੍ਹੇ ਦੇ ਪ੍ਰਮੁਖ ਸਮਾਗਮਾਂ ਨੂੰ ਕਲਮਬੰਦ ਕਰਨ ਲਈ 94 ਸਾਲਾ ਉਰਦੂ ਅਦੀਬ ਕਸ਼ਮੀਰੀ ਲਾਲ ਜ਼ਾਕਿਰ ਵੀ ਮਿਲ ਗਿਆ ਜਿਸ ਨੇ ਮੰਟੋ ਤੇ ਉਸ ਦੀ ਬੇਗੋ ਨੂੰ 1930 ਵਿਚ ਵੇਖਿਆ ਸੀ। ਮੰਟੋ ਬਾਰੇ ਹੋਰ ਬਹੁਤ ਕੁਝ ਜਾਨਣਾ ਹੋਵੇ ਤਾਂ ਹੁਣੇ ਹੁਣੇ ਪ੍ਰਕਾਸ਼ਤ ਹੋਈ ਜ਼ਾਕਿਰ ਦੀ ਪੁਸਤਕ ''ਨਾ ਅੱਬ ਹਮ ਸਾਥ ਸੈਰ ਏ ਗੁੱਲ ਕਰੇਂਗੇ'' ਜਿਹੜੀ ਅੰਜਮਨ ਏ ਤਰੱਕੀ ਏ ਉਰਦੂ ਦਿੱਲੀ ਨੇ ਛਾਪੀ ਹੈ। ਇਸ ਵਿਚ ਕੁਝ ਕਹਾਣੀਆਂ ਤੇ 'ਸ਼ਿਆਹ ਹਾਸ਼ੀਏ' ਦੇ ਟੁਕੜੇ ਵੀ ਹਨ। ਪੁਸਤਕ ਦੇ ਨਾਂ ਦੀ ਖੂਬੀ ਇਹ ਹੈ ਕਿ ਇਹ ਫੈਜ਼ ਦੇ ਉਸ ਸ਼ਿਅਰ ਦਾ ਪਹਿਲਾ ਮਿਸਰਾ ਹੈ ਜਿਹੜਾ ਫੈਜ਼ ਨੇ ਆਪਣੇ ਮਿੱਤਰ ਸੱਜਾਦ ਜ਼ਹੀਰ ਦੇ ਤੁਰ ਜਾਣ 'ਤੇ ਲਿਖਿਆ ਸੀ। ਦੇਖੋ ਅੰਤਿਕਾ,

**ਅੰਤਿਕਾ:** (ਫੈਜ਼ ਅਹਿਮਦ ਫੈਜ਼)
ਨਾ ਅੱਬ ਹਮ ਸਾਥ ਸੈਰ ਏ ਗੁੱਲ ਕਰੇਂਗੇ।
ਨਾ ਅੱਬ ਮਿਲ ਕੇ ਸੂ ਏ ਮਕਤਲ ਚਲੇਂਗੇ।

## ਛਾਤੀ ਅੰਦਰਲੇ ਥੇਹ (20)

# ਮਾਏ ਨੀ ਹੁਣ ਮਾਰ ਉਡਾਰੀ

***ਗੁਰਦਿਆਲ ਦਲਾਲ ਬੁਨਿਆਦੀ ਰੂਪ ਵਿਚ ਗਲਪਕਾਰ ਹੈ। ਹੁਣੇ-ਹੁਣੇ ਉਨ੍ਹਾਂ ਦਾ ਵੱਡ-ਆਕਾਰੀ ਨਾਵਲ 'ਪੈੜਾਂ' ਛਪਿਆ ਹੈ। 'ਛਾਤੀ ਅੰਦਰਲੇ ਥੇਹ' ਲੇਖ-ਲੜੀ ਵਿਚ ਉਨ੍ਹਾਂ ਆਪਣੇ ਜੀਵਨ ਅਤੇ ਤਜਰਬੇ ਨੂੰ ਆਧਾਰ ਬਣਾ ਕੇ ਕੁਝ ਗੱਲਾਂ ਵੱਖਰੇ ਢੰਗ ਨਾਲ ਕੀਤੀਆਂ ਹਨ ਜਿਹੜੀਆਂ ਅਸੀਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰਦੇ ਆ ਰਹੇ ਹਾਂ। ਪੇਸ਼ ਹੈ ਇਸ ਦੀ ਆਖਰੀ ਲੜੀ। -ਸੰਪਾਦਕ***

ਮੇਰੀ ਮਾਂ ਦੀ ਉਮਰ ਸੌ ਸਾਲ ਤੋਂ ਵੱਧ ਹੋ ਗਈ ਹੈ। ਸਭ ਉਸ ਨੂੰ ਬੇਬੇ ਕਹਿੰਦੇ ਹਨ। ਕੋਈ ਜ਼ਮਾਨਾ ਸੀ, ਸਾਰਾ ਘਰ ਉਸ ਦੁਆਲੇ ਘੁੰਮਦਾ ਸੀ। ਹਰ ਗੱਲ ਉਸ ਦੀ ਸਲਾਹ ਨਾਲ ਹੁੰਦੀ ਸੀ ਪਰ ਹੁਣ ਬੁਢਾਪੇ ਵਿਚ ਜਦੋਂ ਉਸ ਦਾ ਸਰੀਰ, ਅੱਖਾਂ, ਕੰਨ, ਗੋਡੇ ਉਸ ਦੇ ਸਾਥ ਦੀ ਬਹੁਤੀ ਹਾਮੀ ਨਹੀਂ ਭਰਦੇ ਅਤੇ ਦਿਮਾਗ ਤਾਂ ਉਸ ਤੋਂ ਪਿੱਛਾ ਛੁਡਾਉਣ ਲਈ



**ਗੁਰਦਿਆਲ ਦਲਾਲ**
**ਫੋਨ: 91-98141-85363**

ਹੀ ਤੁਲਿਆ ਹੋਇਆ ਹੈ, ਉਹ ਪਰਿਵਾਰ ਦੇ ਮੈਂਬਰਾਂ ਦੇ ਅਧੀਨ ਹੋ ਗਈ ਹੈ ਅਤੇ ਤਰਸ ਦਾ ਪਾਤਰ ਵੀ ਬਣ ਗਈ ਹੈ। ਉਸ ਦੀ ਹਰ ਗੱਲ, ਹਰ ਰਾਇ ਬੇਮਾਅਨੇ ਹੋ ਕੇ ਰਹਿ ਗਈ ਹੈ ਪਰ ਉਹ ਅਜੇ ਵੀ ਆਪਣਾ ਹੁਕਮ ਚਲਾਉਣ ਦਾ ਲਹਿਜ਼ਾ ਅਤੇ ਘਰ ਵਿਚ ਦਖ਼ਲ-ਅੰਦਾਜ਼ੀ ਨਹੀਂ ਛੱਡਦੀ। ਇਸ ਲਈ ਸੁਭਾਵਿਕ ਹੈ ਕਿ ਘਰ ਦੇ ਜੀਆਂ ਨੂੰ ਉਸ ਉਤੇ ਗੁੱਸਾ ਆਉਂਦਾ ਹੈ। ਜਦੋਂ ਵੀ ਕਿਸੇ ਨੂੰ ਉਸ ਉਤੇ ਗੁੱਸਾ ਆਉਂਦਾ ਹੈ ਤਾਂ ਉਹ ਉਸ ਨੂੰ 'ਏ ਮਾਈ' ਕਹਿ ਕੇ ਟੋਕਦਾ ਹੈ ਤੇ ਜਦੋਂ ਗੁੱਸੇ ਦਾ ਪਾਰਾ ਜ਼ਰਾ ਹੋਰ ਚੜ੍ਹ ਜਾਵੇ ਤਾਂ 'ਏ ਬੁੜ੍ਹੀਏ' ਕਹਿ ਕੇ ਫਿਟਕਾਰਦਾ ਹੈ। ਅਸੀਂ ਸਾਰੇ ਉਸ ਨੂੰ ਟੋਕਦੇ, ਵਰਜਦੇ ਰਹਿੰਦੇ ਹਾਂ ਪਰ ਉਸ ਉਤੇ ਕੋਈ ਅਸਰ ਨਹੀਂ ਹੁੰਦਾ। ਵਾਰ-ਵਾਰ ਉਹੀ ਕੁਝ ਕਰਦੀ ਹੈ।

ਉਹ ਸਾਥੋਂ ਐਨੀ ਦੁਖੀ ਹੈ ਕਿ ਜੇ ਵੱਸ ਚੱਲੇ ਤਾਂ ਅਲੱਗ ਚੁੱਲ੍ਹਾ ਬਾਲ ਲਵੇ। ਟਿੰਡ ਫੌੜ੍ਹੀ ਚੁੱਕ ਪਿੰਡ ਨੂੰ ਦੌੜ ਜਾਵੇ। ਮੇਰੇ ਬਾਕੀ ਭਰਾ ਜੋ ਉਸ ਤੋਂ ਦੂਰ ਰਹਿੰਦੇ ਹਨ, ਉਸ ਲਈ ਸਰਵਣ ਪੁੱਤ ਹਨ। ਉਨ੍ਹਾਂ ਦੀਆਂ ਘਰਵਾਲੀਆਂ ਉਸ ਦੀਆਂ ਲਾਡਲੀਆਂ ਨੂੰਹਾਂ ਹਨ। ਬੇਬੇ ਹੁਣ ਕਿਧਰੇ ਆਉਣ ਜਾਣ ਜੋਗੀ ਨਹੀਂ ਰਹੀ। ਅਸੀਂ ਕਿਸੇ ਆਏ ਗਏ ਨਾਲ ਗੱਲਾਂ ਕਰ ਰਹੇ ਹੋਈਏ ਤਾਂ ਉਹ ਵਿਚ ਆ ਬਹਿੰਦੀ ਹੈ। ਲੋਕ ਲਾਜ ਤੋਂ ਡਰਦੇ ਉਸ ਵੇਲੇ ਤਾਂ ਉਸ ਨੂੰ ਕੁਝ ਨਹੀਂ ਕਹਿੰਦੇ ਪਰ ਮਗਰੋਂ ਲਾਹ-ਪਾਹ ਜ਼ਰੂਰ ਕਰਦੇ ਹਾਂ, ਕਿਉਂਕਿ ਉਸ ਦੀਆਂ ਗੱਲਾਂ ਦਾ ਚੈਨਲ ਹੀ ਕੋਈ ਹੋਰ ਹੁੰਦਾ ਹੈ ਜਿਥੋਂ ਪੰਜਾਹ ਸਾਲ ਪਹਿਲਾਂ ਦੀਆਂ ਗੱਲਾਂ ਹੀ ਰਿਲੇਅ ਹੁੰਦੀਆਂ ਹਨ। ਉਹ ਗੱਲ ਸ਼ੁਰੂ ਕਰ ਦੇਵੇਗੀ, "ਲੈ ਭਾਈ, ਇਕ ਵਾਰੀ ਮੈਂ ਰਾਇਪੁਰ ਫਲਾਣੇ ਦੇ ਗੁਹਾਰਾ ਲਿਪਾਉਣ...।"

ਬੇਬੇ ਦੀਆਂ ਪਤਲੀਆਂ ਸੁੱਕੀਆਂ ਲੱਤਾਂ ਵਿਚ ਅਜੇ ਜਾਨ ਹੈ, ਤਦੇ ਤਾਂ ਉਹ ਹਰ ਰੋਜ਼ ਕੋਠੇ ਉਤੇ ਗੇੜੇ ਕੱਢਦੀ ਰਹਿੰਦੀ ਹੈ। ਮੇਰੀ ਘਰਵਾਲੀ ਨੂੰ ਉਸ ਦੀ ਇਹ ਸੈਰ ਬੜੀ ਚੁਭਦੀ ਹੈ, ਕਿਉਂਕਿ ਕਈ ਵਾਰ ਉਸ ਨਾਲ ਟੱਕਰ ਜੋ ਹੋ ਜਾਂਦੀ ਹੈ, ਜਾਂ ਉਹ ਉਸ ਦੇ ਮੂਹਰੇ ਆ ਜਾਂਦੀ ਹੈ। ਹਫ਼ਤੇ, ਦਸ ਦਿਨਾਂ ਮਗਰੋਂ ਘੁੰਮਦੀ-ਘੁੰਮਦੀ ਮਾਈ ਲੁੜ੍ਹਕ ਜਾਂਦੀ ਹੈ। ਸਿਰ ਗੋਡੇ ਫੁੱਟਦੇ ਹਨ, ਲਹੂ ਨਿਕਲਦਾ ਹੈ। ਚੁੰਨੀ ਨਾਲੋਂ ਲੀਰ ਪਾੜ ਪੱਟੀ ਬੰਨ੍ਹਦੀ ਇਕਬਾਲ ਕਹੇਗੀ, "ਲਹੂ ਦੇਖ ਲਉ ਬੁੜ੍ਹੀ ਵਿਚ ਕਿਵੇਂ ਭਰਿਆ ਪਿਆ ਏ, ਫ਼ੁਹਾਰਾ ਹੀ ਚੱਲ ਰਿਹਾ ਏ।... ਬੁੜ੍ਹੀਏ, ਬਹਿ ਕੇ ਰਾਮ ਦਾ ਨਾਂ ਲੈ ਲਿਆ ਕਰ। ਟਿਗ ਘੁਮਾਉਂਦੀ ਫਿਰਦੀ ਰਹਿੰਦੀ ਏਂ ਸਾਰਾ ਦਿਨ ਬੰਬੂਕਾਟ ਬਣੀ। ਅਜੇ ਹੋਰ ਮੇਰੇ ਕਿੰਨੇ ਕੁ ਲੇਖੇ ਲੈਣੇ ਨੇ, ਤੈਂ?"

ਉਹ ਉਸ ਦੀ ਬਾਂਹ ਨੂੰ ਝਪਟਾ ਮਾਰ ਕੇ ਬੋਲੇਗੀ, "ਤੇਰੀਆਂ ਟੰਗਾਂ ਨਾਲ ਨੀ ਘੁੰਮਦੀ, ਵੱਡੀਏ ਰਕਾਨੇ। ਮੈਨੂੰ ਤੁਰਦੀ ਦੇਖ ਕੇ ਮੇਰੇ ਡੋਬੂ ਕਿਉਂ ਪੈਂਦੇ ਨੇ?"

ਉਹ ਕਦੀ-ਕਦੀ ਬੈਠੀ ਹੀ ਆਲਮਾਲ ਹੋ ਜਾਂਦੀ ਹੈ। ਅਵਾ ਤਵਾ ਮਾਰਨ ਲੱਗ ਪੈਂਦੀ ਹੈ, ਆਪਣੇ ਮਰ ਚੁੱਕੇ ਭਰਾ-ਭਰਜਾਈ ਨੂੰ ਮਿਲਣ ਜਾਣ ਲਈ ਕਹਿੰਦੀ ਹੈ। ਇਕ ਦਿਨ ਕੱਪੜਿਆਂ ਦੀ ਗਠੜੀ ਬਣਾ ਕੇ ਮੈਨੂੰ ਕਹਿਣ ਲੱਗੀ, "ਚੱਲ ਮੈਨੂੰ ਮਾਂ ਕੋਲ ਛੱਡ ਕੇ ਆ। ਮੈਂ ਨਈਂ ਤੁਹਾਡੇ ਕੋਲ ਰਹਿਣਾ ਹੁਣ। ਮੁੜ ਕੇ ਐਧਰ ਨੂੰ ਮੂੰਹ ਨਹੀਂ ਕਰਾਂਗੀ।" ਪਰ ਮਾਂ (ਮੇਰੀ ਨਾਨੀ) ਤਾਂ ਪੈਂਤੀ ਸਾਲ ਪਹਿਲਾਂ ਮਰ ਚੁੱਕੀ ਹੈ। ਮੈਂ ਬੇਬੇ ਨੂੰ ਸੁਰਗਾਂ ਵਿਚ ਕਿਵੇਂ ਲੈ ਜਾਂਦਾ? ਅਚਾਨਕ ਮੇਰੀ ਸਾਲੀ ਰਕਸ਼ਾ ਅੰਬਾਲੇ ਤੋਂ ਆ ਗਈ। ਮੈਂ ਬੇਬੇ ਨੂੰ ਕਿਹਾ, "ਲੈ ਮਿਲ ਲੈ, ਆ ਗਈ ਤੇਰੀ ਮਾਂ।" ਡਰਾਮੇਬਾਜ਼ ਸਾਲੀ ਨੇ ਉਸ ਦੀ ਮਾਂ ਹੋਣ ਦਾ ਪੂਰਾ ਸਵਾਂਗ ਕੀਤਾ।

ਘਰਵਾਲਿਆਂ ਨੂੰ ਉਸ ਦੀਆਂ ਅਜਿਹੀਆਂ ਗੱਲਾਂ ਵਿਚੋਂ ਸ਼ੁਗਲ ਮਿਲ ਜਾਂਦਾ ਹੈ। ਉਹ ਉਸ ਨੂੰ ਟਿੱਚਰਾਂ ਕਰਨ ਲੱਗਦੇ ਹਨ ਪਰ ਉਸ ਨੂੰ ਕੁਝ ਪਤਾ ਨਹੀਂ ਲਗਦਾ। ਮੈਂ ਬੇਬੇ ਨੂੰ ਪਹਿਲਾਂ ਤੋਂ ਹੀ ਕਦੀ ਕਿਸੇ ਮੰਦਰ-ਗੁਰਦੁਆਰੇ ਜਾਂਦੀ ਨੂੰ ਨਹੀਂ ਦੇਖਿਆ। ਰੱਬ ਦਾ ਨਾਉਂ ਉਸ ਤੋਂ ਕੋਹਾਂ ਦੂਰ ਹੈ। ਉਸ ਦਾ ਧਿਆਨ ਰੱਬ ਵੱਲ ਲਾਉਣ ਦੇ ਖਿਆਲ ਨਾਲ ਮੈਂ ਉਸ ਨੂੰ ਮਾਲਾ ਲਿਆ ਕੇ ਦਿੱਤੀ ਤੇ ਕਿਹਾ, "ਬੇਬੇ ਆਖਰੀ ਸਮਾਂ ਏ। ਵਾਹਿਗੁਰੂ ਵਾਹਿਗੁਰੂ ਕਰ ਕੇ ਘੁਮਾਇਆ ਕਰ ਮਣਕੇ। ਛੱਡ ਦੇ ਘਰ ਦੇ ਫਿਕਰਾਂ ਨੂੰ।" ਉਸ ਨੇ ਮਾਲਾ ਫੜ ਕੇ ਪਰ੍ਹੇ ਵਗ੍ਹਾ ਮਾਰੀ ਤੇ ਬੋਲੀ, "ਤੁਸੀਂ ਮੈਨੂੰ ਮਰੀ ਹੀ ਤਕਾ ਲਿਆ। ਤੁਸੀਂ ਹੀ ਫੜ ਲਉ ਰੱਬ ਦੀ ਪੂਛ, ਮੈਨੂੰ ਨੀ ਲੋੜ!"

ਉਹ ਘਰ ਦੇ ਕੰਮਾਂ ਵਿਚੋਂ ਮਨਫੀ ਹੋਣਾ ਹੀ ਨਹੀਂ ਚਾਹੁੰਦੀ। ਇਕਬਾਲ ਉਸ ਦੇ ਹੱਥੋਂ ਝਾੜੂ ਖੋਂਹਦੀ ਹੈ ਤਾਂ ਉਹ ਰਸੋਈ ਵਿਚ ਵੜ ਕੇ ਮਾਂਜੇ ਹੋਏ ਭਾਂਡੇ ਮੁੜ ਮਾਂਜਣ ਲੱਗਦੀ ਹੈ। ਤਾਰ 'ਤੇ ਪਾਏ ਕੱਪੜੇ ਖਿੱਚ-ਖਿੱਚ ਪਲਟਾਉਣ ਲੱਗਦੀ ਹੈ, ਜਾਂ ਮੋਗਰੀ ਚੁੱਕ ਕੇ ਕੱਪੜੇ ਕੁੱਟਣ ਬੈਠ ਜਾਂਦੀ ਹੈ। ਗਲਾਸ ਟੁੱਟਦੇ ਹਨ, ਭਾਂਡੇ ਖੜਕਦੇ ਹਨ, ਕੱਪੜੇ ਗੰਦੇ ਹੁੰਦੇ ਹਨ ਤਾਂ ਅਗਲੇ ਨੇ ਤੰਗ ਆ ਕੇ ਡਾਂਟਣਾ ਹੀ ਤਾਂ ਹੈ। ਹਰ ਕੋਈ ਕਹਿੰਦਾ ਹੈ, "ਏ ਬੁੜ੍ਹੀਏ, ਤੈਤੋਂ ਬੈਠੀ ਤੋਂ ਖਾਇਆ ਨਹੀਂ ਜਾਂਦਾ? ਸਾਰਾ ਦਿਨ ਪੰਗੇ ਲੈਂਦੀ ਫਿਰਦੀ ਰਹਿੰਦੀ ਏ।"

ਡਾਂਟ ਖਾ ਕੇ ਉਹ ਭੁੱਲ ਜਾਂਦੀ ਹੈ ਤੇ ਕੋਈ ਨਾ ਕੋਈ ਕੰਮ ਮੁੜ ਸ਼ੁਰੂ ਕਰ ਦਿੰਦੀ ਹੈ। ਹੋਰ ਨਹੀਂ ਤਾਂ ਵਾਰ-ਵਾਰ ਟੂਟੀ ਚਲਾ ਕੇ ਮੂੰਹ, ਹੱਥ ਪੈਰ ਧੋਂਦੀ ਰਹਿੰਦੀ ਹੈ। ਜਦੋਂ ਉਸ ਦੀ ਜਾਗ ਖੁੱਲ੍ਹੇ, ਚਾਹੇ ਅੱਧੀ ਰਾਤ ਹੀ ਕਿਉਂ ਨਾ ਹੋਵੇ, ਉਠ ਕੇ ਹਾਕਾਂ ਮਰਨ ਲੱਗੇਗੀ, "ਵੇ ਉਠ ਖੜੋ ਵੇ, ਘੋੜੇ ਵੇਚ ਕੇ ਸੌਂ ਗਏ। ਗੋਡੇ-ਗੋਡੇ ਦਿਨ ਚੜ੍ਹ ਆਇਆ ਏ। ਅੱਜ ਉਠਣਾ ਨਹੀਂ?" ਨੀਂਦ ਵਿਚੋਂ ਜਾਗ ਕੇ ਕੋਈ ਦਹਾੜੇਗਾ, "ਤੇਰੇ ਲੜ ਜੇ ਸੱਪ ਬੁੜ੍ਹੀਏ! ਦਫ਼ਾ ਹੋ ਜਾ। ਪੈ ਜਾ, ਜਾ ਕੇ। ਅਜੇ ਅੱਧੀ ਰਾਤ ਏ।" ਪਰ ਉਹ ਥੋੜ੍ਹੀ ਦੇਰ ਬਾਅਦ ਫਿਰ ਗੇੜਾ ਲਾ ਕੇ ਹਾਕਾਂ ਮਾਰਨ ਲੱਗ ਪਵੇਗੀ।

ਖ਼ੁਰਾਕ ਉਸ ਦੀ ਪੂਰੀ ਹੈ। ਦਿਨ ਦੀਆਂ ਅੱਠ ਦਸ ਰੋਟੀਆਂ, ਦਾਲ-ਸਬਜ਼ੀ, ਦੁੱਧ ਫਲ। ਜਿੰਨੀ ਚੀਜ਼ ਮਰਜ਼ੀ ਦੇ ਦਿਉ, ਖਾ ਜਾਵੇਗੀ। ਉਸ ਦੀ ਅੱਖ ਚਾਹੇ ਦਿਨ ਨੂੰ ਖੁੱਲੇ, ਚਾਹੇ ਰਾਤ ਨੂੰ; ਉਸ ਦੇ ਭਾਅ ਦਾ ਦਿਨ ਚੜ੍ਹਦਾ ਹੈ। ਅੱਖ ਖੁੱਲ੍ਹਦੀ ਸਾਰ ਉਹ ਟੱਟੀ ਵਿਚ ਜਾ ਵੜਦੀ ਹੈ। ਫਿਰ ਕਬਜ਼ ਦੀ ਸ਼ਿਕਾਇਤ ਕਰਦੀ ਹੈ। ਹਰ ਕਿਸੇ ਨੂੰ ਫੱਕੀ ਲਿਆਉਣ ਲਈ ਕਹਿੰਦੀ ਹੈ। ਇਕ ਵਾਰੀ ਰੋਟੀ ਖਾ ਲਵੇਗੀ, ਥੋੜ੍ਹੀ ਦੇਰ ਬਾਅਦ ਫਿਰ ਬੋਲੇਗੀ, "ਅੱਜ ਰੋਟੀ ਨਹੀਂ ਦੇਣੀ ਮੈਨੂੰ?" ਗੇਟ ਦੇ ਬਾਹਰ ਬੈਠ ਕਿਸੇ ਲੰਘਣ ਵਾਲੇ ਦੀ ਪੈੜਚਾਲ ਸੁਣ ਕੇ ਬੋਲੇਗੀ, "ਦੇਖ ਲਉ ਭਾਈ, ਰੋਟੀ ਨਹੀਂ ਦਿੰਦੇ ਮੈਨੂੰ।"

ਉਸ ਨੇ ਆਪਣੀ ਪੇਟੀ ਅਤੇ ਟਰੰਕ ਦੀ ਚਾਬੀ ਆਪਣੇ ਨਾਲੇ ਨਾਲ ਬੰਨ੍ਹੀ ਹੋਈ ਹੈ। ਉਹ ਪੇਟੀਆਂ 'ਤੇ ਪਿਆ ਟਰੰਕ ਦਿਨ ਰਾਤ ਕਈ ਵਾਰੀ ਲਾਹੁੰਦੀ ਹੈ। ਆਪਣੇ ਸੂਟ, ਪੈਸੇ, ਗਹਿਣੇ ਆਦਿ ਗਿਣਦੀ ਹੈ ਤੇ ਮੇਰੇ ਕੋਲ ਸ਼ਿਕਾਇਤ ਕਰਨ ਆਉਂਦੀ ਹੈ, "ਅੱਜ ਫੇਰ ਇਕ ਸੂਟ ਚੋਰੀ ਹੋ ਗਿਆ।"

"ਮਾਈ ਐਥੇ ਚੋਰ ਕੌਣ ਏ? ਨਾਲੇ ਤੇਰਾ ਸੂਟ ਦੱਸ ਕਿਸੇ ਨੇ ਕੀ ਕਰਨਾ ਏ?" ਮੈਂ ਕਹਿੰਦਾ ਹਾਂ।

"ਤੇਰੀ ਘਰਵਾਲੀ ਏ ਚੋਲਟੀ। ਆਪਣੀ ਮਾਂ ਨੂੰ ਦੇ ਆਈ ਹੋਊ।"

"ਉਹਦੀ ਮਾਂ ਮਰੀ ਨੂੰ ਤਾਂ ਹੋ ਗਏ ਪੰਦਰਾ ਸਾਲ। ਮੜ੍ਹੀਆਂ 'ਚ ਦੇ ਕੇ ਆਊ?" ਆਪਣੀਆਂ ਸ਼ਿਕਾਇਤਾਂ ਸੁਣ ਕੇ ਘਰਵਾਲੀ ਵੀ ਦੈਂਅ-ਦੈਂਅ ਕਰਦੀ ਚੜ੍ਹ ਆਉਂਦੀ ਹੈ। ਰੋਂਦੀ ਹੈ। ਦੋਹਾਂ ਧਿਰਾਂ ਵਿਚ ਮਹਾਂਭਾਰਤ ਛਿੜਦਾ ਹੈ। ਮੈਂ ਕਦੀ ਪਤਨੀ ਵੱਲ, ਤੇ ਕਦੇ ਬੇਬੇ ਵੱਲ; ਦੋਹਾਂ ਮੁਹਾਜ਼ਾਂ 'ਤੇ ਲੜਦਾ ਹਾਂ।

ਇਕ ਦਿਨ ਡਿਊਟੀ ਤੋਂ ਵਾਪਸ ਆਇਆ ਤਾਂ ਬੇਬੇ ਦੋ ਲਿਟਰ ਵਾਲਾ ਪੇਂਟ ਦਾ ਡੱਬਾ ਨਾਲੀ ਵਿਚ ਮਧਿਆ ਕੇ ਸਾਫ਼ ਕਰਨ ਲੱਗੀ ਹੋਈ। ਉਹਦਾ ਮੂੰਹ, ਵਾਲ ਤੇ ਕੱਪੜੇ ਪੇਂਟ ਨਾਲ ਲਿੱਪੇ ਪਏ ਸਨ। ਮੈਂ ਗੁੱਸੇ ਨਾਲ ਕਿਹਾ, "ਏ ਮਾਈ, ਤੈਨੂੰ ਦੌਰਾ ਪੈ ਗਿਆ? ਆਹ ਕੀ ਕਰ'ਤਾ ਤੂੰ? ਇਹ ਪੇਂਟ ਤਾਂ ਦਰਵਾਜ਼ਿਆਂ ਨੂੰ ਕਰਾਉਣਾ ਸੀ। ਤੂੰ ਇਹ ਖਾਲੀ ਡੱਬਾ ਫੂਕਣਾ ਏਂ?" ਤਾਂ ਉਹ ਡੱਬਾ ਪਰ੍ਹੇ ਵਗ੍ਹਾ ਕੇ ਸੁੱਟਦੀ ਬੋਲੀ, "ਆਹ ਚੁੱਕ, ਮੈਂ ਕੀ ਕਰਨਾ ਏਂ। ਮੈਂ ਤਾਂ ਘਰ ਸੁਆਰਦੀ ਹੀ ਹਾਂ। ਜੇ ਨਹੀਂ ਕਰਨ ਦੇਣਾ, ਨਾ ਸਹੀ।" ਮੈਂ ਕਿਹਾ, "ਮੈਂ ਤਾਂ ਤੈਨੂੰ ਕੁਛ ਨਹੀਂ ਕਹਿੰਦਾ। ਹੁਣ ਤੇਰੀ ਨੂੰਹ ਆਉਣ ਵਾਲੀ ਏ। ਸਮਝੀਂ ਉਹਦੇ ਨਾਲ ਆਪ ਈ।"

ਇਕ ਦਿਨ ਸਿਖਿਆ ਮਹਿਕਮੇ ਦੇ ਦੋ ਪ੍ਰਿੰਸੀਪਲ ਤੇ ਡਿਪਟੀ ਡੀ.ਈ.ਓ. ਕਿਸੇ ਡਿਊਟੀ ਸਬੰਧੀ ਮੇਰੇ ਕੋਲ ਘਰ ਆਏ। ਅਸੀ ਬੈਠੇ ਚਾਹ ਪੀ ਰਹੇ ਸਾਂ ਕਿ ਬੇਬੇ ਨੇ ਰੱਸੀ ਵਿਚ ਬੰਨ੍ਹੀਆਂ ਟੁੱਟੀਆਂ ਚਪਲਾਂ ਦਾ ਬੰਡਲ ਸਾਡੇ ਮੂਹਰੇ ਮੇਜ਼ 'ਤੇ ਲਿਆ ਧਰਿਆ ਤੇ ਬੋਲੀ, "ਆਹ ਵੇਚ ਦਿਆਂ ਕੁਆੜੀਏ ਨੂੰ?" ਮੇਰੀ ਤਾਂ ਜਿਵੇਂ ਸੁਆਹ ਹੀ ਹੋ ਗਈ।

ਇਕ ਦਿਨ ਉਹ ਮੇਰੀ ਪੋਤੀ ਤਾਨੀਆ ਨੂੰ ਗੋਦ ਵਿਚ ਲਈ ਕੁਰਸੀ 'ਤੇ ਬੈਠੀ ਬੇਹੋਸ਼ ਹੋ ਗਈ ਤੇ ਲੁੜ੍ਹਕ ਗਈ। ਇਕਬਾਲ ਦੌੜੀ ਆਈ। ਉਸ ਨੇ ਬੇਬੇ ਨੂੰ ਚੁੱਕਿਆ। ਨਬਜ਼ ਟੋਹੀ ਤੇ ਚੀਕਾਂ ਮਾਰਨ ਲੱਗ ਪਈ, "ਏ ਬੇਬੇ, ਏ ਬੇਬੇ, ਕੀ ਹੋ ਗਿਆ ਤੈਨੂੰ? ਅੱਖਾਂ ਖੋਲ੍ਹ... ਦੌੜ ਕੇ ਆਉ ਲੋਕੋ, ਸਾਡੀ ਬੇਬੇ ਨੂੰ ਪਤਾ ਨਹੀਂ ਕੀ ਹੋ ਗਿਆ।" ਮੈਂ ਦੌੜਿਆ ਉਸ ਕੋਲ ਗਿਆ। ਇਕਬਾਲ ਬੁਰੀ ਤਰ੍ਹਾਂ ਰੋ ਰਹੀ ਸੀ। ਉਸ ਦੀਆਂ ਅੱਖਾਂ ਵਿਚੋਂ ਪਰਲ-ਪਰਲ ਹੰਝੂ ਡਿੱਗ ਰਹੇ ਸਨ। ਮੇਰਾ ਭਰਾ ਜਸਵੰਤ ਵੀ ਆ ਗਿਆ ਤੇ ਚੀਕਣ ਲੱਗਾ। ਸਾਰਾ ਮੁਹੱਲਾ ਇਕੱਠਾ ਹੋ ਗਿਆ। ਮੈਂ ਉਸ ਨੂੰ ਬਾਹਾਂ ਵਿਚ ਚੁੱਕ ਪੌੜੀਆਂ ਉਤਰ ਕੇ ਉਸੇ ਤਰ੍ਹਾਂ ਡਾਕਟਰ ਭੰਗੂ ਵੱਲ ਦੌੜ ਪਿਆ। ਮੈਂ ਵੀ ਚੀਕ ਰਿਹਾ ਸਾਂ।

ਬੇਬੇ ਨੂੰ ਹੋਸ਼ ਆਈ, ਤਾਂ ਬੋਲੀ, "ਕੀ ਹੋ ਗਿਆ? ਕੋਈ ਮਰ ਗਿਆ?" ਪਤਨੀ ਬੋਲੀ, "ਤੇਰਾ ਬੇੜਾ ਬਹਿ ਜੇ ਬੁੜ੍ਹੀਏ। ਤੂੰ ਤਾਂ ਅੱਜ ਸਾਨੂੰ ਵਖ਼ਤ ਪਾ ਦਿਤਾ ਸੀ।" ਬੇਬੇ ਨੂੰ ਤਿੰਨ ਚਾਰ ਦਿਨ ਹਸਪਤਾਲ ਰੱਖਣਾ ਪਿਆ। ਇਕਬਾਲ ਨੇ ਸਕੂਲੋਂ ਛੁੱਟੀਆਂ ਲੈ ਲਈਆ। ਹਰ ਵੇਲੇ ਉਸ ਦੀਆਂ ਲੱਤਾਂ ਘੁੱਟਦੀ ਰਿਹਾ ਕਰੇ। ਇਕ ਦਿਨ ਮੈਂ ਹੱਸ ਕੇ ਕਿਹਾ, "ਕਰ ਲੈ ਸੱਸ ਦੀ ਸੇਵਾ, ਮੇਵਾ ਮਿਲੂ।" ਉਹ ਬੋਲੀ, "ਮੇਰੀ ਕਰਦੀ ਏ ਜੁੱਤੀ।"

ਫਿਰ ਉਹ ਕਾਫ਼ੀ ਢਿੱਲੀ ਹੋ ਗਈ। ਆਪਣੀ ਰਿਟਾਇਰਮੈਂਟ ਵਾਲੇ ਦਿਨ ਮੈਂ ਉਸ ਦੀ ਇਕੱਲੀ ਦੀ ਵੀ ਫ਼ੋਟੋ ਖਿਚਵਾ ਲਈ ਤੇ ਵੱਡੀ ਕਰਵਾ ਲਈ ਤਾਂ ਕਿ ਉਸ ਦੇ ਭੋਗ ਸਮੇਂ ਗੁਰੂ ਗ੍ਰੰਥ ਸਾਹਿਬ ਮੂਹਰੇ ਰੱਖ ਸਕਾਂ। ਲਾਭ ਡਾਕਟਰ ਦਾ ਕੰਪਾਊਡਰ ਦੂਜੇ ਤੀਜੇ ਦਿਨ ਉਸ ਦੇ ਤਾਕਤ ਦਾ ਟੀਕਾ ਲਾ ਕੇ ਜਾਂਦਾ ਹੈ ਤਾਂ ਪਤਨੀ ਕਹਿੰਦੀ ਹੈ, "ਬੰਦ ਕਰੋ ਇਹ ਟੀਕੇ, ਤੁਸੀ ਕਿਉਂ ਇਸ ਨੂੰ ਸ਼ੇਰਨੀ ਬਣਾਈ ਜਾਂਦੇ ਹੋ। ਅੱਜ ਨਲ੍ਹਾਉਣ ਲੱਗੀ ਦੀ ਉਂਗਲੀ ਮੋਚ'ਤੀ ਬੁੜ੍ਹੀ ਨੇ।"

ਮੇਰੇ ਬੇਟੇ ਕਰਨ ਨੇ ਜਦ ਤਕ ਕਾਰ ਨਹੀਂ ਸੀ ਲਈ, ਉਸ ਨੂੰ ਫਿਕਰ ਰਹਿੰਦਾ ਸੀ ਕਿ ਜੇ ਬੁੜ੍ਹੀ ਮਰ ਗਈ ਤਾਂ ਭੋਗ 'ਤੇ ਹੋਣ ਵਾਲੇ ਖਰਚਿਆਂ ਕਰ ਕੇ ਕਾਰ ਦੀ ਖ਼ਰੀਦ ਅੱਗੇ ਪੈ ਸਕਦੀ ਹੈ। ਹੁਣ ਕਾਰ ਲੈਣ ਮਗਰੋਂ ਬੇਬੇ ਦੇ ਮਰਨ ਦੀਆਂ ਦੁਆਵਾਂ ਕਰਨ ਲੱਗਾ ਹੈ। ਉਸ ਨੂੰ ਚਾਅ ਹੈ ਕਿ ਬੇਬੇ ਦੇ ਮਰਨ 'ਤੇ ਡੀ.ਜੇ. ਲਾਉਣਾ ਹੈ। ਯਾਰਾਂ ਦੋਸਤਾਂ ਦੀ ਹਰ ਤਰ੍ਹਾਂ ਸੇਵਾ ਕਰਨੀ ਹੈ। ਵਾਜੇ-ਗਾਜੇ ਨਾਲ ਭੰਗੜੇ ਪਾਉਂਦੇ ਬੇਬੇ ਦੀ ਅਰਥੀ ਨੂੰ ਸਜਾ ਕੇ ਮੜ੍ਹੀਆਂ ਤੀਕ ਲੈ ਕੇ ਜਾਣਾ ਹੈ।



*ਨੂੰਹ ਇਕਬਾਲ ਕੌਰ ਅਤੇ ਸੱਸ ਹੁਕਮ ਦੇਵੀ*

ਹਰ ਕਿਸੇ ਦੀ ਦਿਲੀ ਇੱਛਾ ਹੈ ਕਿ ਬੇਬੇ ਹੁਣ ਉਡਾਰੀ ਮਾਰ ਜਾਵੇ। ਹੁਣ ਉਸ ਦੇ ਕਰਨ ਵਾਲਾ ਕੋਈ ਐਸਾ ਕੰਮ ਦੁਨੀਆਂ 'ਤੇ ਨਹੀਂ ਰਿਹਾ ਜਿਸ ਨਾਲ ਕਿਸੇ ਦਾ ਫ਼ਾਇਦਾ ਹੋਵੇ। ਮਾਈ ਦਾ ਹੱਡੀਆਂ ਦਾ ਪਿੰਜਰ ਦੇਖ ਕੇ ਮੈਂ ਸੋਚਦਾ ਹਾਂ ਕਿ ਉਸ ਨੂੰ ਹੁਣ ਉਡਾਰੀ ਮਾਰ ਹੀ ਜਾਣੀ ਚਾਹੀਦੀ ਹੈ। ਆਪਣੀ ਰਿਟਾਇਰਮੈਂਟ ਵਾਲੇ ਦਿਨ ਮੈਂ ਬੇਬੇ ਨੂੰ ਹੱਸ ਕੇ ਕਿਹਾ, "ਬੇਬੇ, ਇਕ ਗੱਲ ਤਾਂ ਮੈਂ ਪੁੱਛਣੀ ਭੁੱਲ ਹੀ ਗਿਆ, ਤੈਨੂੰ ਦਾਗ਼ ਕਿੱਥੇ ਲਾਈਏ?"

"ਹਾਫ਼ਿਜ਼ਾਬਾਦ, ਜਿੱਥੇ ਤੇਰੇ ਪਿਉ ਨੂੰ ਲਾਇਆ ਸੀ।" ਉਹ ਬੋਲੀ ਤਾਂ ਮੈਂ ਰੋ ਪਿਆ। ਮੂੰਹ ਵਿਚ ਹੀ ਬੋਲਿਆ, "ਬੱਲੇ-ਬੱਲੇ! ਬੇਬੇ ਅਠਵੰਜਾ ਸਾਲਾਂ ਤੋਂ ਵਿਧਵਾ ਹੋਈ ਬੈਠੀ ਏ।"

---

ਬੇਬੇ 9 ਜਨਵਰੀ 2006 ਦੀ ਸਵੇਰ ਨੂੰ, ਦਾਲ ਨਾਲ ਮੱਕੀ ਦੀਆਂ ਦੋ ਰੋਟੀਆਂ ਖਾ ਕੇ, ਕੁਰਸੀ 'ਤੇ ਬੈਠੀ ਬੈਠੀ ਲੁੜ੍ਹਕ ਗਈ। ਉਸ ਨੂੰ ਚਾਹ ਦਾ ਗਲਾਸ ਫੜਾਉਣ ਲੱਗੀ ਮੇਰੀ ਪਤਨੀ ਨੇ ਚੀਕ ਮਾਰੀ ਤਾਂ ਮੈਂ ਦੌੜ ਕੇ ਰਸੋਈ ਵਿਚ ਗਿਆ। ਕਿਤੇ ਗਲੇ ਵਿਚ ਰੋਟੀ ਦੀ ਬੁਰਕੀ ਨਾ ਫਸ ਗਈ ਹੋਵੇ, ਮੈਂ ਤੇਜ਼ੀ ਨਾਲ ਉਸ ਦੇ ਹਲਕ ਵਿਚ ਉਂਗਲਾਂ ਘੁਮਾਈਆਂ ਤੇ ਚਿੱਥੀ ਹੋਈ ਆਖਰੀ ਬੁਰਕੀ ਦੇ ਕੁੱਝ ਭੋਰੇ ਬਾਹਰ ਕੱਢ ਦਿਤੇ। ਫਿਰ ਉਸ ਦੇ ਮੂੰਹ ਵਿਚ ਪਾਣੀ ਪਾਉਣ ਦੀ ਕੋਸ਼ਿਸ਼ ਕੀਤੀ ਪਰ ਸਾਰਾ ਪਾਣੀ 'ਘਰੜ-ਘਰੜ' ਕਰ ਕੇ ਬਾਹਰ ਨਿਕਲ ਗਿਆ। ਬੇਬੇ ਚਲੀ ਗਈ ਸੀ। ਅਸੀਂ ਰੋਣ ਲੱਗੇ ਤੇ ਉਸ ਨੂੰ ਮੰਜੇ 'ਤੇ ਗਦੈਲਾ ਵਿਛਾ ਕੇ, ਵਿਹੜੇ ਵਿਚ ਲਿਟਾ ਦਿੱਤਾ।

ਬੇਬੇ ਸੱਠ ਸਾਲ ਵਿਧਵਾ ਰਹੀ। ਚਾਰ ਪੁੱਤਰ, ਤਿੰਨ ਨੂੰਹਾਂ ਅਤੇ ਉਨ੍ਹਾਂ ਦੇ ਵੱਡੇ ਪਰਿਵਾਰ ਪਿੱਛੇ ਛੱਡ ਗਈ। ਉਸ ਨੇ ਆਪਣੇ ਤੋਂ ਬਾਅਦ ਦੀਆਂ ਚਾਰ ਪੀੜ੍ਹੀਆਂ ਦੇਖੀਆਂ ਜੋ ਦੋਰਾਹੇ ਤੋਂ ਆਸਟਰੇਲੀਆ ਤਕ ਫੈਲੀਆਂ ਹੋਈਆਂ ਹਨ।... ਇਕ ਵਾਰ ਮੇਰਾ ਵੱਡਾ ਭਰਾ (ਵੀਰ ਜੀ, ਉਦੋਂ ਉਮਰ ਅੱਸੀ ਸਾਲ) ਮੇਰੇ ਕੋਲ ਦੋਰਾਹੇ ਸੀ। ਰੋਟੀ ਖਾਣ ਮਗਰੋਂ ਉਸ ਨੇ ਉਠਣ ਦੀ ਕੋਸ਼ਿਸ਼ ਕੀਤੀ, ਪਰ ਉਠਿਆ ਹੀ ਨਾ ਗਿਆ। ਬੇਬੇ ਨੇ ਦੇਖਿਆ ਤੇ ਬਾਹੋਂ ਖਿੱਚ ਕੇ ਉਸ ਨੂੰ ਉਠਾ ਦਿਤਾ ਤੇ ਬੋਲੀ, "ਮੁੰਡਿਆ ਤੂੰ ਤਾਂ ਜਮ੍ਹਾਂ ਈ ਬੁੱਢਾ ਹੋ ਗਿਆ। ਦੇਖੀ ਕਿਤੇ ਮੇਰੇ ਜਾਣ ਤੋਂ ਪਹਿਲਾਂ...।"

ਇਹ ਗੱਲ ਮੈਂ ਅਕਸਰ ਸੋਚਦਾ ਸੀ ਕਿ ਬੇਬੇ ਮਰਨ ਤਕ ਮੇਰੇ ਸਾਰੇ ਭਰਾ ਸਹੀ ਸਲਾਮਤ ਰਹਿਣ ਤੇ ਬੇਬੇ ਦੀ ਮੌਤ ਮੇਰੇ ਮਰਨ ਤੋਂ ਪਹਿਲਾਂ-ਪਹਿਲਾਂ ਜ਼ਰੂਰ ਹੋ ਜਾਵੇ, ਤਾਂ ਕਿ ਬੇਬੇ ਨੂੰ ਮੇਰੀ ਔਲਾਦ 'ਤੇ ਨਿਰਭਰ ਨਾ ਹੋਣਾ ਪਵੇ। ਦੋਵੇਂ ਇੱਛਾਵਾਂ ਪੂਰੀਆਂ ਹੋਈਆਂ ਤਾਂ ਉਸ ਦੇ ਮਰਨ 'ਤੇ ਤਸੱਲੀ ਹੋਈ।

ਬੇਬੇ ਆਖਰੀ ਸਮੇਂ ਤਕ ਸਭ ਨੂੰ ਵਿਸਾਰ ਚੁੱਕੀ ਸੀ। ਉਸ ਨੂੰ ਕਿਸੇ ਦਾ ਨਾਂ ਚੇਤੇ ਨਹੀਂ ਸੀ ਰਿਹਾ। ਉਹ ਆਪ ਕੌਣ ਹੈ? ਕਿਥੇ ਹੈ? ਉਸ ਨੂੰ ਕੋਈ ਸੋਝੀ ਨਹੀਂ ਸੀ ਰਹੀ। ਉਸ ਨੂੰ ਉਸ ਦੇ ਮਾਂ, ਭਰਾ, ਭਰਜਾਈ, ਰਿਸ਼ਤੇਦਾਰ ਅਤੇ ਹੋਰ ਮਰ ਚੁੱਕੇ ਲੋਕ ਹੀ ਯਾਦ ਸਨ ਜੋ ਉਸ ਨੂੰ ਨਿੱਤ ਆ ਕੇ ਮਿਲਦੇ ਸਨ, ਜਾਂ ਦਿਖਾਈ ਦਿੰਦੇ ਸਨ। ਸਾਡੇ ਬਾਰੇ ਉਸ ਦਾ ਖਿਆਲ ਸੀ ਕਿ ਅਸੀ ਉਸ ਦੇ ਕੋਈ ਦੂਰ ਦੇ ਰਿਸ਼ਤੇਦਾਰ ਜਾਂ ਜਾਣੂ ਹਾਂ, ਤੇ ਉਸ ਸਾਨੂੰ ਮਿਲਣ ਆਈ ਹੋਈ ਹੈ। ਇਸੇ ਲਈ ਉਹ ਅਕਸਰ ਕਿਹਾ ਕਰਦੀ, "ਭਾਈ ਮੈਨੂੰ ਜਾਣ ਦਿਉ ਹੁਣ, ਮਾਂ ਉਡੀਕਦੀ ਹੋਊ।" ਰੋਟੀ ਜਾਂ ਖਾਣ ਲਈ ਕੁੱਝ ਦਿੰਦੇ ਤਾਂ ਕਹਿੰਦੀ, "ਕਾਹਨੂੰ ਖੇਚਲ ਕਰਨੀ ਤੀ ਭਾਈ, ਮੈਂ ਤਾਂ ਚਲੀਓ ਜਾਣੈ।"

ਘਰ ਦੇ ਸਾਰੇ ਜੀਅ ਨਿੱਤ ਆਪੋ ਅਪਣੀਆਂ ਨੌਕਰੀਆਂ 'ਤੇ ਚਲੇ ਜਾਂਦੇ। ਪਿੱਛੇ ਰਹਿ ਜਾਂਦੀ ਬੇਬੇ, ਮੇਰੀ ਪੋਤੀ ਤਾਨੀਆ ਤੇ ਮੈਂ। ਰਿਹਾਇਸ਼ ਉਪਰਲੀ ਮੰਜ਼ਿਲ 'ਤੇ ਹੋਣ ਕਰ ਕੇ ਮੈਂ ਹੇਠਾਂ ਗੇਟ ਨੂੰ ਤਾਲਾ ਮਾਰ ਆਉਂਦਾ ਤੇ ਵਿਹੜੇ ਵਿਚ ਮੰਜਾ ਡਾਹ ਕੇ ਸਵੇਰੇ ਨੌਂ ਵਜੇ ਤੋਂ ਸ਼ਾਮੀ ਤਿੰਨ ਵਜੇ ਤਕ ਲਿਖਣ ਪੜ੍ਹਨ ਦਾ ਝੱਸ ਪੂਰਾ ਕਰਦਾ, ਪੋਤੀ ਨੂੰ ਖਿਡਾਉਂਦਾ ਜਾਂ ਫਿਰ ਹੇਠਾਂ ਉਤਰ ਗਈ ਜਾਂ ਸਿਖਰਲੀ ਮੰਜ਼ਿਲ 'ਤੇ ਜਾ ਚੜ੍ਹੀ ਬੇਬੇ ਨੂੰ ਫੜ ਕੇ ਲਿਆਉਂਦਾ। ਮੈਂ ਉਸ ਨੂੰ ਮੰਜੇ 'ਤੇ ਬਿਠਾਉਂਦਾ, ਉਚੀ ਬੋਲਦਾ...ਉਹ ਗਾਲ੍ਹਾਂ ਕੱਢਣ ਲੱਗ ਪੈਂਦੀ। ਮੇਰੀ ਪੋਤੀ ਕੋਈ ਬੱਲਾ ਜਾਂ ਹਾਕੀ ਚੁੱਕ ਕੇ ਮਾਰਨ ਲੱਗਦੀ ਤੇ ਆਪਣੀ ਪੜਦਾਦੀ ਨੂੰ ਕਹਿੰਦੀ, "ਬੇਬੇ ਮੈਂ ਮਾਰਿਆ ਏ ਵੱਡੇ ਪਾਪਾ ਨੂੰ, ਚੱਲ ਤੂੰ ਘੁੰਮ।"

ਉਹ ਆਪਣੀਆਂ ਸਾਰੀਆ ਖੇਡਾਂ ਇਕੱਠੀਆਂ ਕਰ ਕੇ ਬੇਬੇ ਕੋਲ ਢੇਰੀ ਲਾ ਲੈਂਦੀ ਤੇ ਪਰਚੀ ਰਹਿੰਦੀ। ਬੇਬੇ ਨੂੰ ਕਹਿੰਦੀ, "ਖੋਲ੍ਹ ਦੇ ਦੰਦ।" ਬੇਬੇ ਦੰਦ ਬਾਹਰ ਕੱਢ ਕੇ ਦਿਖਾਉਂਦੀ। "ਲਾ ਦੇ ਦੰਦ।" ਉਹ ਲਾ ਲੈਂਦੀ। ਇਹ ਸਿਲਸਿਲਾ ਨਿੱਤ ਹੀ ਚਲਦਾ। ਪੋਤੀ ਹੈਰਾਨ ਹੁੰਦੀ। ਉਹ ਮੈਨੂੰ ਮੇਰੇ ਦੰਦ ਬਾਹਰ ਕੱਢ ਕੇ ਦਿਖਾਉਣ ਲਈ ਆਖਦੀ। ਕਦੀ ਕਹਿੰਦੀ, "ਖੋਲ੍ਹੋ ਮੇਰੇ ਦੰਦ।"

ਬੇਬੇ ਨੇ ਆਖਰੀ ਦਿਨ ਤਕ ਆਪਣੀ ਕਿਰਿਆ ਆਪ ਸੋਧੀ। ਕਿਸ ਤੋਂ ਕਰਵਾਈ ਉਸ ਨੇ ਸੇਵਾ? ਕਿਸੇ ਤੋਂ ਵੀ ਨਹੀਂ। ਉਹ ਕਿਸੇ 'ਤੇ ਭਾਰ ਨਹੀਂ ਬਣੀ। ਸਾਰੇ ਪੋਤੇ-ਪੋਤੀਆਂ ਦੇ ਵਿਆਹਾਂ 'ਤੇ ਆਪਣੀ ਪੇਟੀ ਵਿਚੋਂ ਕੋਈ ਨਾ ਕੋਈ ਗਹਿਣਾ ਗੱਟਾ ਕੱਢ ਕੇ ਦਿੰਦੀ ਰਹੀ। ਉਸ ਨੇ ਪਹਿਲਾਂ ਹੀ ਆਪਣੇ ਭੋਗ ਦਾ ਖਰਚਾ ਮੇਰੇ ਹਵਾਲੇ ਕਰ ਕੇ ਪੇਟੀ ਦੀ ਚਾਬੀ ਵੀ ਮੈਨੂੰ ਫੜਾ ਦਿਤੀ ਸੀ।

ਮਰਨ ਵਾਲੇ ਦਿਨ ਤੜਕੇ ਚਾਰ ਵਜੇ ਉਹ ਉਠ ਬੈਠੀ ਤੇ ਆਪਣੀ ਮਾਂ ਨੂੰ ਹਾਕਾਂ ਮਾਰਨ ਲੱਗੀ, "ਏ ਮਾਂ... ਮਾਂ... ਏ ਮਾਂ... ਚੱਲੀਏ?" ਮੈਂ ਉਠ ਕੇ ਉਸ ਨੂੰ ਕਿਹਾ, "ਕਿਥੋਂ ਆ ਗਈ ਤੇਰੀ ਮਾਂ ਇਸ ਵੇਲੇ? ਪੈ ਜਾ ਅਜੇ ਰਾਤ ਏ।" ਉਹ ਆਕੜ ਕੇ ਬੋਲੀ, "ਜਦੋਂ ਮੈਂ ਉੱਠਾਂ, ਇਹ ਜਾਗਦਾ ਹੀ ਪਿਆ ਹੁੰਦਾ ਏ।"

*(ਬਾਕੀ ਅਗਲੇ ਸਫੇ 'ਤੇ)*

# ਸਿੱਖ ਕੌਮ ਦੇ ਜਥੇਦਾਰ ਅਤੇ ਮੰਤਰੀ ਸਾਹਿਬਾਨ

**ਕੌੜੀ-ਕੁਸੈਲੀ**

ਬੀਬੀ ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਪਿਛਲੇ ਦਿਨਾਂ ਵਿਚ ਦੋ ਖਬਰਾਂ ਅਖਬਾਰਾਂ ਦੀਆਂ ਸੁਰਖੀਆਂ ਬਣੀਆਂ ਰਹੀਆਂ। ਪਹਿਲੀ ਅਨੁਸਾਰ, ਪੰਜਾਬ ਸਰਕਾਰ ਦੇ ਲੋਕ ਸੰਪਰਕ ਤੇ ਮਾਲ ਮੰਤਰੀ ਸ. ਬਿਕਰਮ ਸਿੰਘ ਮਜੀਠੀਆ ਨੂੰ ਸਰ੍ਹੇਆਮ ਡਰੱਗ ਸਮਗਲਰ ਗਰਦਾਨਿਆ ਜਾ ਰਿਹਾ ਹੈ। ਡਰੱਗ ਸਮਗਲਿੰਗ ਦੇ ਦੋਸ਼ਾਂ ਵਿਚ ਘਿਰੇ ਅਤੇ ਆਪਣੇ ਸਮੇਂ ਦੇ ਕੌਮਾਂਤਰੀ ਪਹਿਲਵਾਨ ਸਾਬਕਾ ਡੀ.ਐਸ.ਪੀ. ਜਗਦੀਸ਼ ਭੋਲਾ ਨੇ ਉਨ੍ਹਾਂ ਦਾ ਨਾਮ ਡਰੱਗ ਸਮਗਲਰਾਂ ਵਿਚ ਉਜਾਗਰ ਕਰ ਕੇ ਤਹਿਲਕਾ ਹੀ ਨਹੀਂ ਮਚਾਇਆ, ਬਲਕਿ ਸਮੁੱਚੀ ਕੌਮ ਨੂੰ ਵੀ ਹਿਲਾ ਕੇ ਰੱਖ ਦਿੱਤਾ ਹੈ।

ਦੂਜੇ ਖਬਰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਗਮਨ ਪੁਰਬ ਉਤੇ ਅਤੇ ਉਨ੍ਹਾਂ ਦੇ ਹੀ ਪਾਵਨ ਜਨਮ ਅਸਥਾਨ ਤਖਤ ਸ੍ਰੀ ਪਟਨਾ ਸਾਹਿਬ ਵਿਖੇ ਸਮਾਗਮਾਂ ਵਿਚ ਜੋ ਇਖਲਾਕ ਤੋਂ ਡਿਗਿਆ ਤਮਾਸ਼ਾ ਟੀ.ਵੀ. ਚੈਨਲਾਂ ਰਾਹੀਂ ਦੁਨੀਆਂ ਨੇ ਵੇਖਿਆ, ਉਸ ਦੀ ਜਿੰਨੀ ਵੀ ਨਿੰਦਿਆ ਕੀਤੀ ਜਾਵੇ, ਥੋੜ੍ਹੀ ਹੈ। ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਅਤੇ ਉਨ੍ਹਾਂ ਦੀ ਆਪੋਜ਼ੀਸ਼ਨ ਵਿਚ ਚਲਦੀਆਂ ਹੋਈਆਂ ਤਲਵਾਰਾਂ, ਜਥੇਦਾਰ ਸਾਹਿਬ ਅਤੇ ਹੋਰਾਂ ਦੀਆਂ ਢੱਠੀਆਂ ਹੋਈਆਂ ਦਸਤਾਰਾਂ, ਸਿੰਘਾਂ ਦੇ ਖਿਲਰੇ ਹੋਏ ਕੇਸ, ਲਹੂ-ਲੁਹਾਨ ਚਿਹਰੇ ਅਤੇ ਸੋਹਣੇ ਸਿੱਖੀ ਸਰੂਪ, ਉਸ ਸਭ ਨੂੰ ਵੇਖ-ਸੁਣ ਕੇ ਨਾ ਹੀ ਕਲਮ ਚੱਲਦੀ ਹੈ ਅਤੇ ਨਾ ਹੀ ਸ਼ਬਦ ਅਹੁੜਦੇ ਹਨ। ਜਥੇਦਾਰ ਇਕਬਾਲ ਸਿੰਘ ਅਤੇ ਉਨ੍ਹਾਂ ਦੇ ਸਾਹਮਣੇ ਵਾਲੀ ਪਾਰਟੀ ਦਾ ਹੁਣ ਕੋਈ ਬਹੁਤਾ ਦੋਸ਼ ਨਹੀਂ ਰਹਿ ਗਿਆ, ਕਿਉਂਕਿ ਸਾਡੇ ਧਾਰਮਿਕ ਜਾਂ ਸਮਾਜਕ ਲੀਡਰਾਂ ਦੇ ਅੰਦਰੋਂ ਰੱਬ, ਗੁਰੂ ਜਾਂ ਆਪਣੇ ਧਰਮ ਦੀ ਖਾਤਰ ਆਪਾ ਵਾਰੂ ਭਾਵਨਾ ਹੀ ਮਰ-ਮੁੱਕ ਗਈ ਹੈ। ਜਿਹੜਾ ਵੀ ਆਦਮੀ ਜਿਸ ਗੱਦੀ ਜਾਂ ਸਿੰਘਾਸਨ 'ਤੇ ਬੈਠ ਜਾਂਦਾ ਹੈ, ਉਹ ਉਸ ਗੱਦੀ ਜਾਂ ਸਿੰਘਾਸਨ ਨੂੰ ਇੰਨਾ ਘੁੱਟ ਕੇ ਫੜ ਲੈਂਦਾ ਹੈ ਕਿ ਜਿਉਂਦੇ ਜੀਅ ਉਸ ਦਾ ਛੱਡਣ ਨੂੰ ਜੀਅ ਨਹੀਂ ਕਰਦਾ। ਫਿਰ ਜਾਂ ਤਾਂ ਉਹਨੂੰ ਲੋਕ ਖਿੱਚ ਕੇ ਗੱਦੀਓਂ ਥੱਲੇ ਲਾਹੁਣ ਅਤੇ ਜਾਂ ਧਰਮ ਰਾਜ ਦੇ ਦੂਤ ਉਸ ਦੀ ਮੌਤ ਦਾ ਪ੍ਰਵਾਨਾ ਲੈ ਕੇ ਪਹੁੰਚਣ; ਵਰਨਾ ਕੋਈ ਚੌਧਰ ਛੱਡਣ ਨੂੰ ਤਿਆਰ ਨਹੀਂ।

ਕੁਝ ਸਮਾਂ ਪਹਿਲਾਂ ਦਿੱਲੀ ਦੇ ਤਖਤ 'ਤੇ ਕਾਬਜ਼ ਪਰਿਵਾਰ ਨੂੰ ਲੈ ਕੇ ਸਾਰੇ ਮੁਲਕ ਦੇ ਲੋਕ ਪਾਣੀ ਪੀ-ਪੀ ਕੇ ਗਾਲ੍ਹਾਂ ਕੱਢਦੇ ਹੁੰਦੇ ਸਨ ਕਿ ਕੁਨਬਾਪ੍ਰਸਤੀ ਦਾ ਦੌਰ ਚੱਲ ਰਿਹਾ ਹੈ, ਪਰ ਅੱਜ ਲੋੜ ਹੈ ਪੰਜਾਬ ਦੀ ਸਿਆਸਤ ਅਤੇ ਧਾਰਮਿਕ ਸੰਸਥਾਵਾਂ ਵੱਲ ਵੇਖਣ ਦੀ... ਜਿਸ ਤਰ੍ਹਾਂ ਇਨ੍ਹਾਂ ਦੋਹਾਂ ਖੇਤਰਾਂ ਦੇ ਲੋਕਾਂ ਦੇ ਅੰਦਰ ਕੁਨਬਾਪ੍ਰਸਤੀ ਨੇ ਪੈਰ ਪਸਾਰ ਲਏ ਹਨ ਅਤੇ ਪੰਥ ਦੀਆਂ ਜੜ੍ਹਾਂ ਵੱਢੀਆਂ ਜਾ ਰਹੀਆਂ ਹਨ, ਉਹ ਸ਼ਾਇਦ ਜੱਗੋਂ ਤੇਰ੍ਹਵੀਂ ਹੋ ਰਹੀ ਹੈ। ਪੰਜਾਬ ਦੀ ਸਿਆਸਤ ਉਤੇ ਵੀ ਇਕੋ ਪਰਿਵਾਰ ਦਾ ਡੰਕਾ ਵੱਜ ਰਿਹਾ ਹੈ ਅਤੇ ਸਾਡੇ ਧਾਰਮਿਕ ਅਸਥਾਨਾਂ ਉਤੇ ਕਾਬਜ਼ ਲੋਕ ਵੀ ਘੱਟ ਨਹੀਂ ਗੁਜ਼ਾਰ ਰਹੇ। ਕਿਸੇ ਸਿੰਘ ਸਾਹਿਬ ਦਾ ਸਪੁੱਤਰ ਉਥੇ ਹੀ ਹੈਡ ਗ੍ਰੰਥੀ ਹੈ ਅਤੇ ਕਿਸੇ ਜਥੇਦਾਰ ਦਾ ਸ਼ਹਿਜ਼ਾਦਾ ਹੈਡ ਕੀਰਤਨੀਆ ਹੈ। ਅੱਜ ਕੁਰਸੀ ਜਾਂ ਗੱਦੀ 'ਤੇ ਬੈਠਾ ਹਰ ਆਦਮੀ ਚੰਮ ਦੀਆਂ ਚਲਾ ਕੇ ਨਜ਼ਾਰੇ ਲੁੱਟ ਰਿਹਾ ਹੈ। ਜਦ ਕੁਰਸੀ ਹੈ ਤਾਂ ਮਾਇਆ ਹੈ; ਜਦ ਮਾਇਆ ਹੈ ਤਾਂ ਐਸ਼ਪ੍ਰਸਤੀ ਵੀ ਹੈ; ਫਿਰ ਕੁਰਸੀ ਜਾਂ ਗੱਦੀ ਛੱਡਣ ਨੂੰ ਕੋਈ ਕਿਵੇਂ ਤਿਆਰ ਹੋਵੇ?

ਉਧਰ ਸਾਡੇ ਮਾਲ ਮੰਤਰੀ ਸ. ਮਜੀਠੀਆ ਵੀ ਜਦੋਂ ਦੇ ਕੁਰਸੀ 'ਤੇ ਬਿਰਾਜੇ ਹਨ, ਉਨ੍ਹਾਂ ਦੇ ਨਿਤ ਕਰਮਾਂ ਦੇ ਕਿੱਸੇ ਅਤੇ ਉਨ੍ਹਾਂ ਦੇ ਗੈਂਗਾਂ ਦੀਆਂ ਗੱਲਾਂ ਵੀ ਗਾਹੇ-ਬਗਾਹੇ ਲੋਕਾਂ ਨੂੰ ਸੁਣਨ ਨੂੰ ਮਿਲਦੀਆਂ ਰਹਿੰਦੀਆਂ ਹਨ, ਪਰ ਸਾਡੇ ਵੱਡੇ ਵਡੇਰੇ ਵੀ ਆਖ ਗਏ ਹਨ ਕਿ ਜਿਹਦੀ ਡਾਂਗ ਉਸੇ ਦੀ ਮੱਝ ਤੇ ਜਾਂ ਫਿਰ ਤਕੜੇ ਦਾ ਸੱਤੀਂ ਵੀਹੀਂ ਸੌ। ਸੋ, ਸੱਚੀ ਗੱਲ ਤਾਂ ਇਹ ਹੈ ਕਿ ਜਗਦੀਸ਼ ਭੋਲਾ ਜਿੰਨਾ ਮਰਜ਼ੀ ਸੱਚ ਬੋਲੇ, ਬਾਦਲਕਿਆਂ ਨੇ ਸ. ਮਜੀਠੀਆ ਦਾ ਵਾਲ ਵਿੰਗਾ ਨਹੀਂ ਹੋਣ ਦੇਣਾ; ਤੇ ਮੰਤਰੀ ਦਾ ਬਚਾਉ ਇੰਜ ਕਰ ਲੈਣਾ ਹੈ ਜਿਵੇਂ ਮੱਖਣ ਵਿਚੋਂ ਵਾਲ ਕੱਢ ਲਈਦਾ ਹੈ। ਉਨ੍ਹਾਂ ਦੀ ਕੁਰਸੀ ਵੀ ਅਡੋਲ ਬਣੀ ਰਹਿਣੀ ਹੈ। ਬੱਸ, ਚਾਰ ਦਿਨ ਹੋਰ ਰੌਲਾ-ਰੱਪਾ ਪਵੇਗਾ, ਉਸ ਤੋਂ ਬਾਅਦ ਸਾਰਾ ਗਰਦ-ਗੁਬਾਰ ਹੌਲੀ-ਹੌਲੀ ਆਪੇ ਬੈਠ ਜਾਵੇਗਾ। ਇਹ ਕੋਈ ਪਹਿਲੀ ਜਾਂ ਆਖਰੀ ਵਾਰ ਨਹੀਂ ਹੈ। ਸਰਕਾਰ ਲੋਕਾਂ ਨੂੰ ਚੰਗੀ ਤਰ੍ਹਾਂ ਜਾਣਦੀ ਅਤੇ ਪਛਾਣਦੀ ਵੀ ਹੈ। ਇਸ ਨੂੰ ਪਤਾ ਹੈ ਕਿ ਲੋਕ ਹੁਣ ਰੱਜ ਕੇ ਸਹਿੰਦੜ ਹੋ ਚੁੱਕੇ ਹਨ। 'ਚੱਲ ਹੋਊ ਪਰੇ, ਸਾਨੂੰ ਕੀ' ਆਖ ਕੇ ਹਰ ਬੰਦਾ ਆਪਣਾ ਟਾਈਮ ਲੰਘਾ ਰਿਹਾ ਹੈ।

ਇਹ ਤਾਂ ਹੋਈ ਸਰਕਾਰ ਦੇ ਮੰਤਰੀਆਂ ਦੀ ਗੱਲ! ਸਾਡੇ ਧਾਰਮਿਕ ਲੋਕ ਤਾਂ ਆਪਣੇ ਗੁਰੂਆਂ ਨੂੰ ਅਤੇ ਗੁਰ ਅਸਥਾਨਾਂ ਨੂੰ ਟਿਚ ਸਮਝਦੇ, ਉਥੇ ਖਿਲਵਾੜ ਕਰਨੋਂ ਨਹੀਂ ਝਿਜਕਦੇ। ਫਿਰ ਆਮ ਚੌਧਰੀਆਂ ਦੀ ਗੱਲ ਹੀ ਕੀ ਹੈ? ਹੈਰਾਨੀ ਦੀ ਗੱਲ ਹੈ ਕਿ ਪਹਿਲੇ ਦਿਨ ਜਥੇਦਾਰ ਇਕਬਾਲ ਸਿੰਘ ਦੀ ਢੱਠੀ ਦਸਤਾਰ, ਤੇ ਸਿਰ ਵਿਚੋਂ ਵਗਦੇ ਖੂਨ ਦੀ ਫੋਟੋ ਆਉਂਦੀ ਹੈ। ਉਹ ਇਸ ਮਾਮਲੇ ਨੂੰ ਪੁਲਿਸ ਕੋਲ ਵੀ ਲੈ ਜਾਂਦੇ ਹਨ ਅਤੇ ਆਖਦੇ ਹਨ, 'ਮੈਂ ਨਵੇਂ ਜਥੇਦਾਰ ਭਾਈ ਪ੍ਰਤਾਪ ਸਿੰਘ ਨੂੰ ਜਥੇਦਾਰ ਮੰਨਦਾ ਹੀ ਨਹੀਂ, ਜਥੇਦਾਰ ਮੈਂ ਹਾਂ।' ਉਸ ਤੋਂ ਅਗਲੇ ਦਿਨ ਖਬਰ ਆਉਂਦੀ ਹੈ ਕਿ ਇਕਬਾਲ ਸਿੰਘ ਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਗਿਆ ਹੈ ਅਤੇ ਉਨ੍ਹਾਂ ਨੇ ਭਾਈ ਪ੍ਰਤਾਪ ਸਿੰਘ ਦੀ ਆਮਦ ਨੂੰ ਪ੍ਰਵਾਨ ਕਰ ਲਿਆ ਹੈ, ਤੇ ਉਹ ਪੁਲਿਸ ਕੋਲ ਕੀਤੀ ਸ਼ਿਕਾਇਤ ਵੀ ਵਾਪਸ ਲੈ ਰਹੇ ਹਨ। ਤੀਜੇ ਦਿਨ ਫਿਰ ਖਬਰ ਆਉਂਦੀ ਹੈ ਕਿ ਜਥੇਦਾਰ ਇਕਬਾਲ ਸਿੰਘ ਆਪਣੇ ਬਿਆਨ ਤੋਂ ਮੁੱਕਰ ਗਏ ਹਨ ਅਤੇ ਆਖ ਰਹੇ ਹਨ ਕਿ ਪਟਨਾ ਸਾਹਿਬ ਦਾ ਜਥੇਦਾਰ ਸਿਰਫ ਮੈਂ ਹਾਂ, ਮੈਨੂੰ ਕੋਈ ਤਖਤ ਤੋਂ ਥੱਲੇ ਲਾਹ ਕੇ ਵਿਖਾਵੇ!

ਉਧਰ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਡਾਵੀਂ ਡੋਲਚਿੱਤੀ ਵਿਚ ਹਨ ਕਿ ਜਾਈਏ ਤਾਂ ਕਿਸ ਪਾਸੇ ਜਾਈਏ? ਉਹ ਵੀ ਸੰਭਲ-ਸੰਭਲ ਕੇ ਬੋਲ ਰਹੇ ਹਨ ਅਤੇ ਡਰ ਵੀ ਰਹੇ ਹਨ ਕਿ ਕਿਤੇ ਮੂੰਹ ਵਿਚੋਂ ਕੁਝ ਧਰਮ ਦੇ ਹੱਕ ਵਿਚ ਨਾ ਬੋਲ ਬੈਠੀਏ! ਧਰਮ ਦਾ ਕੀ ਹੈ? ਇਹ ਤਾਂ ਸਿਰਫ ਦਿਖਾਵੇ ਦੀ ਚੀਜ਼ ਹੈ। ਹਾਇ ਰੱਬਾ! ਇਹ ਉਚੇ ਅਹੁਦੇ ਤੇ ਚੌਧਰਾਂ ਕਿਤੇ ਸੌਖੀਆਂ ਮਿਲ ਜਾਂਦੀਆਂ ਨੇ? ਨਾਲੇ ਜਥੇਦਾਰ ਨੇ ਤਾਂ ਸਾਰੇ ਧੋਣੇ ਇਕੱਠੇ ਹੀ ਧੋ ਛੱਡੇ ਹਨ।

ਇਥੇ ਅਮਰੀਕਾ ਵਿਚ ਤਾਂ ਆਏ ਦਿਨ ਹੀ ਗੁਰੂ ਘਰਾਂ ਵਿਚ ਤਲਵਾਰਾਂ ਡਾਂਗਾਂ ਚੱਲਦੀਆਂ ਰਹਿੰਦੀਆਂ ਹਨ, ਕੋਰਟ-ਕਚਹਿਰੀਆਂ ਵਿਚ ਵੀ ਸਿੰਘ ਆਉਂਦੇ-ਜਾਂਦੇ ਰਹਿੰਦੇ ਹਨ ਅਤੇ ਬੜੇ ਫਖਰ ਨਾਲ ਧੌਣ ਉਠਾ ਕੇ ਤੁਰਦੇ ਵੀ ਹਨ। ਇਸ ਲਈ ਜਥੇਦਾਰ ਨੇ ਸਾਰੀ ਕੌਮ ਨੂੰ ਹੀ ਸੁਰਖਰੂ ਕਰ ਦਿੱਤਾ ਹੈ ਕਿ ਘਬਰਾਓ ਨਾ, ਤੇ ਡਰੋ ਨਾ, ਹੁਣ ਜਥੇਦਾਰੀਆਂ ਅਤੇ ਪ੍ਰਧਾਨਗੀਆਂ ਤਲਵਾਰਾਂ ਦੇ ਸਿਰ 'ਤੇ ਹੀ ਚੱਲਣਗੀਆਂ! ਉਂਜ ਜੇ ਕਿਸੇ ਮੁਲਕ ਦੇ ਏਅਰਪੋਰਟ 'ਤੇ ਕਿਸੇ ਦੀ ਦਸਤਾਰ ਦੀ ਤਲਾਸ਼ੀ ਲੈਣ ਦੀ ਗੱਲ ਹੋਵੇ ਤਾਂ ਸਾਡਾ ਹੱਕ ਹੈ ਤੇ ਫਰਜ਼ ਹੈ ਕਿ ਅਸੀਂ ਉਥੇ ਹੀ ਧਰਨੇ 'ਤੇ ਵੀ ਬੈਠ ਜਾਵਾਂਗੇ, ਕਿਉਂਕਿ ਅਸੀਂ ਆਪਣੀਆਂ ਦਸਤਾਰਾਂ ਨੂੰ ਆਪੇ ਲਾਹੁਣ ਅਤੇ ਲੁਹਾਉਣ ਵਿਚ ਵੀ ਖਾਸੀ ਮੁਹਾਰਤ ਰੱਖਦੇ ਹਾਂ; ਕੋਈ ਸਾਡੀ ਪੱਗ ਨੂੰ ਹੱਥ ਕਿਉਂ ਪਾਵੇ; ਇਹ ਕੰਮ ਤਾਂ ਅਸੀਂ ਬਾਖੂਬੀ ਆਪੇ ਹੀ ਕਰ ਲੈਂਦੇ ਹਾਂ! ਸੋ ਹੁਣ ਹਰ ਗੁਰੂ ਘਰ ਦੇ ਸੇਵਾਦਾਰ ਸਾਹਿਬਾਨ ਉਪਰ ਦੱਸੇ ਇਸ ਮਾਰਗ ਉਤੇ ਚੱਲ ਕੇ ਆਪਣੇ ਆਪਣੇ ਨਾਮ ਦੇ ਸਿੱਕੇ ਚਲਾ ਸਕਦੇ ਹਨ। ਬਹੁਤ ਸਾਰੇ ਗੁਰੂ ਘਰਾਂ ਵਿਚ ਇਹ ਸਿਲਸਿਲਾ ਪਹਿਲਾਂ ਹੀ ਚਾਲੂ ਹੈ। ਬਾਕੀ ਬਚੇ ਹੋਏ ਵੀ ਹੁਣ ਹੱਕ ਅਜਮਾਉਣ ਤੇ ਲਾਭ-ਲਾਹਾ ਪ੍ਰਾਪਤ ਕਰਨ, ਇਹ ਜਥੇਦਾਰ ਜੀ ਦਾ ਹੁਕਮ ਹੈ।

ਅੱਜ ਕਿਹੜੇ ਪੰਥ ਨੂੰ ਆਵਾਜ਼ ਦੇਈਏ? ਕਿਹੜੇ ਪੰਥਕ ਦਰਦੀਆਂ ਅੱਗੇ ਰੋਣੇ ਰੋਈਏ? ਕਿਥੋਂ ਲੱਭ ਕੇ ਲਿਆਈਏ ਜਥੇਦਾਰ ਮਹਾਂ ਸਿੰਘ ਤੇ ਨਲੂਏ ਜਿਹੇ ਸਰਦਾਰ? ਕਿੱਥੋਂ ਬੁਲਾ ਕੇ ਲਿਆਈਏ ਭਾਈ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੂੰ? ਕਿਥੋਂ ਆਵਾਜ਼ਾਂ ਦੇ ਕੇ ਬੁਲਾਈਏ ਭਾਈ ਲਛਮਣ ਸਿੰਘ ਤੇ ਭਾਈ ਦਲੀਪ ਸਿੰਘ ਨੂੰ? ਅੱਜ ਹਰ ਪਾਸੇ ਧੁੰਦੂਕਾਰ ਛਾਇਆ ਪਿਆ ਹੈ। ਹਰ ਪਾਸੇ ਅਤਿਆਚਾਰ ਹੋ ਰਹੇ ਹਨ। ਹਰ ਧਾਰਮਿਕ ਦਿਸਦਾ ਆਦਮੀ ਕਿਰਦਾਰ ਤੋਂ ਡਿੱਗ ਕੇ ਆਚਰਨਹੀਣ ਹੋ ਕੇ ਤਮਾਸ਼ਾ ਦਿਖਾ ਰਿਹਾ ਹੈ ਅਤੇ ਸਮੁੱਚੀ ਕੌਮ ਇਹ ਤਮਾਸ਼ਾ ਦੇਖ ਰਹੀ ਹੈ।

# ਦੀਨ ਤੋਂ ਦੂਰ

ਪ੍ਰੋ. ਹਰਪਾਲ ਸਿੰਘ ਪੰਨੂ
ਫੋਨ: 91-94642-51454

ਥੋੜ੍ਹੇ ਥੋੜ੍ਹੇ ਅਰਸੇ ਬਾਅਦ ਮੀਡੀਆ ਰਾਹੀਂ ਪਤਾ ਲਗਦਾ ਰਹਿੰਦਾ ਹੈ ਕਿ ਫਲਾਣੀ ਥਾਂ ਫਲਾਣੇ ਗੁਰਦੁਆਰੇ ਵਿਚ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਵਿਚਾਲੇ ਕਿਰਪਾਨਾਂ ਚੱਲ ਗਈਆਂ, ਪੱਗਾਂ ਲੱਥ ਗਈਆਂ। ਇਸੇ ਤਰ੍ਹਾਂ ਦੀਆਂ ਖਬਰਾਂ ਤਖਤਾਂ ਦੇ ਜਥੇਦਾਰਾਂ ਬਾਰੇ ਪੜ੍ਹੀਆਂ, ਸੁਣੀਆਂ, ਦੇਖੀਆਂ ਜਾਂਦੀਆਂ ਹਨ। ਆਮ ਸੰਗਤ ਦੁਖੀ ਹਿਰਦੇ ਨਾਲ ਇਹ ਤਮਾਸ਼ਾ ਦੇਖਦੀ ਹੈ ਪਰ ਖਾਮੋਸ਼ ਰਹਿੰਦੀ ਹੈ। ਦੁਨੀਆਂ ਭਰ ਵਿਚ ਇੰਜ ਹੋ ਰਿਹਾ ਹੈ।

ਆਮ ਵਰਤੋਂ-ਵਿਹਾਰ ਵਿਚ ਵੀ ਆਪਸੀ ਗੱਲ ਕਰਦਿਆਂ ਘਟੀਆ ਲਫਜ਼ਾਂ ਦੀ ਵਰਤੋਂ ਕਰਨੀ ਸ਼ੋਭਨੀਕ ਨਹੀਂ। ਪਿੰਡਾਂ ਸ਼ਹਿਰਾਂ ਵਿਚ ਵਸਦੇ ਆਮ ਪੰਜਾਬੀਆਂ ਦੀ ਕੀ ਗੱਲ ਕਰਨੀ, ਮੈਂ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਸਰਸਰੀ ਗੱਲਬਾਤ ਦੌਰਾਨ ਅਸ਼ਲੀਲ ਗਾਲੀ-ਗਲੋਚ ਵਾਲੇ ਸ਼ਬਦ ਵਰਤਦੇ ਸੁਣਦਾ ਹਾਂ। ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਸ. ਸਵਰਨ ਸਿੰਘ ਬੋਪਾਰਾਏ ਸ਼ਾਮ ਸੈਰ ਕਰਨ ਨਿਕਲਦੇ, ਜਦੋਂ ਕਦੀ ਜੁਆਨਾਂ ਦੀ ਢਾਣੀ ਦੀਆਂ ਗੱਲਾਂ ਵਿਚ ਲਚਰ ਸ਼ਬਦਾਵਲੀ ਸੁਣਦੇ, ਰੁਕ ਜਾਂਦੇ, ਆਖਦੇ, ਬੱਚਿਓ ਤੁਹਾਡੇ ਲਿਬਾਸ ਤੋਂ ਅਤੇ ਉਚੀ ਵਿਦਿਆ ਪ੍ਰਾਪਤੀ ਦੀ ਇੱਛਾ ਤੋਂ ਮੈਨੂੰ ਲਗਦੈ ਤੁਸੀਂ ਵੱਡੇ, ਇੱਜ਼ਤਦਾਰ ਸ਼ਾਨਦਾਰ ਖਾਨਦਾਨਾਂ ਵਿਚੋਂ ਹੋ, ਪਰ ਤੁਹਾਡੀ ਬੋਲੀ ਇੰਨੇ ਨੀਵੇਂ ਪੱਧਰ ਦੀ ਕਿਵੇਂ ਹੋ ਗਈ?

ਪੜ੍ਹਾਈ ਦੌਰਾਨ ਮੈਂ ਪੰਜਾਬ ਯੂਨੀਵਰਸਿਟੀ-ਚੰਡੀਗੜ੍ਹ ਅਤੇ ਪੰਜਾਬੀ ਯੂਨੀਵਰਸਿਟੀ-ਪਟਿਆਲਾ ਦੇ ਹੋਸਟਲਾਂ ਵਿਚ ਰਹਿੰਦਾ ਰਿਹਾ। ਇਹ ਦੇਖ ਕੇ ਅਕਸਰ ਹੈਰਾਨੀ ਹੁੰਦੀ ਕਿ ਯੂਨੀਵਰਸਿਟੀ ਪੱਧਰ 'ਤੇ ਪੜ੍ਹਦੇ ਵਿਦਿਆਰਥੀ ਟੇਪ-ਰਿਕਾਰਡਰਾਂ ਉਪਰ ਲਚਰ ਬੇਸੁਰੇ ਪੰਜਾਬੀ ਗੀਤ ਉਚੀ ਆਵਾਜ਼ ਵਿਚ ਸੁਣਦੇ ਤੇ ਸੁਣਾਉਂਦੇ, ਫਿਰ ਬਾਤਚੀਤ ਦੌਰਾਨ ਅਸੱਭਿਅਕ ਲਫਜ਼ ਵਰਤਦੇ। ਏਨੇ ਵੱਡੇ ਵਿਦਿਅਕ ਅਦਾਰੇ ਵਿਚ ਜੇ ਇਨ੍ਹਾਂ ਦੀ ਬੋਲੀ ਨਹੀਂ ਸੁਧਰੀ ਸੰਵਰੀ, ਫਿਰ ਕਿਥੇ ਭੇਜੀਏ?

ਪਟਿਆਲੇ ਸੂਲਰ ਰੋਡ ਉਪਰ ਬਾਬਾ ਜੱਸਾ ਸਿੰਘ ਦਾ ਡੇਰਾ ਹੈ। ਬਚਿਆ ਲੰਗਰ ਕੁੱਤਿਆਂ ਨੂੰ ਪਾਉਣ ਵਕਤ ਉਚੀ ਆਵਾਜ਼ ਦਿੰਦੇ, ਆਵੋ ਜੀ, ਲੰਗਰ ਛਕੋ। ਪੂਛਾਂ ਹਿਲਾਉਂਦੇ ਖੁਸ਼ੀ ਖੁਸ਼ੀ ਕੁੱਤੇ ਦੌੜੇ ਆਉਂਦੇ। ਬਾਬਾ ਜੀ ਦਾ ਹੁਕਮ ਸੀ, ਪਸ਼ੂਆਂ ਨਾਲ ਗੱਲ ਕਰਨ ਲੱਗਿਆਂ ਵੀ ਜੀ ਸ਼ਬਦ ਦੀ ਵਰਤੋਂ ਕਰਨੀ ਹੈ।

ਪੰਜਾਬੀ ਯੂਨੀਵਰਸਿਟੀ ਦੇ ਅਧਿਆਪਕ ਡਾ. ਗੁਰਤੇਜ ਸਿੰਘ ਕੰਗ ਮੇਰੇ ਵਿਦਿਆਰਥੀ ਅਤੇ ਮਿੱਤਰ ਹਨ, ਹੁਣ ਕੈਨੇਡਾ ਆਬਾਦ ਹੋ ਗਏ ਹਨ। ਉਨ੍ਹਾਂ ਦਾ ਫੋਨ ਆਇਆ, ਗੱਲ ਤੁਰੀ, ਟੋਰਾਂਟੋ ਗੁਰਦੁਆਰੇ ਵਿਚ ਇਕ ਗੋਰੀ ਉਨ੍ਹਾਂ ਨੂੰ ਮਿਲੀ ਜਿਹੜੀ ਸੰਸਾਰ ਧਰਮਾਂ ਉਪਰ ਕਿਤਾਬ ਲਿਖ ਰਹੀ ਹੈ। ਉਸ ਨੇ ਧਰਮ ਗ੍ਰੰਥਾਂ ਦਾ ਪਾਠ ਕੀਤਾ, ਇਤਿਹਾਸ ਅਤੇ ਫਲਸਫੇ ਦੀ ਵਾਕਫੀ ਇਕੱਠੀ ਕੀਤੀ ਅਤੇ ਇਨ੍ਹਾਂ ਧਰਮਾਂ ਦੇ ਮੁਰੀਦਾਂ ਦਾ ਵਿਹਾਰ ਕਿਹੋ ਜਿਹਾ ਹੈ, ਧਾਰਮਿਕ ਰਸਮਾਂ ਕਿਵੇਂ ਨਿਭਾਉਂਦੇ ਹਨ ਆਦਿਕ ਜਾਣਕਾਰੀ ਇਕੱਤਰ ਕੀਤੀ। ਕੰਗ ਨੇ ਉਸ ਦਾ ਖਰੜਾ ਫੋਲਿਆ ਅਤੇ ਦੇਖਿਆ ਕਿ ਇਸ ਵਿਚ ਸਿੱਖ ਧਰਮ ਬਾਰੇ ਜਾਣਕਾਰੀ ਨਹੀਂ। ਕੰਗ ਨੇ ਪੁੱਛਿਆ, ਕੀ ਗੁਰਮਤਿ, ਧਰਮ ਨਹੀਂ ਹੈ? ਉਹ ਚੁਪ ਹੋ ਗਈ। ਕੰਗ ਨੇ ਕਿਹਾ, ਜੇ ਤੁਹਾਡੇ ਕੋਲ ਸਹਾਇਕ ਸਰੋਤ ਸਮੱਗਰੀ ਨਹੀਂ ਹੈ, ਮੈਂ ਦੇ ਦਿੰਨਾ ਪਰ ਇਸ ਕਿਤਾਬ ਵਿਚੋਂ ਸਿੱਖ ਧਰਮ ਗੈਰਹਾਜ਼ਰ ਨਹੀਂ ਹੋਣਾ ਚਾਹੀਦਾ। ਉਹ ਬੋਲੀ, "ਦਰਖਤ ਦੀ ਉਪਯੋਗਤਾ ਮੈਂ ਉਸ ਦੇ ਫਲ ਤੋਂ ਪਰਖਦੀ ਹਾਂ। ਫਲ ਚੰਗਾ ਹੈ, ਦਰਖਤ ਚੰਗਾ ਹੈ। ਧਰਮ ਸਥਾਨ ਧਰਮ ਦੇ ਫਲ ਹਨ। ਇਨ੍ਹਾਂ ਥਾਂਵਾਂ 'ਤੇ ਦੁਖੀਆਂ ਦੀਨਾਂ ਨੂੰ ਸਹਾਰਾ ਮਿਲਦਾ ਹੈ। ਗੁਰਦੁਆਰਿਆਂ ਵਿਚ ਮੈਂ ਸਿੱਖਾਂ ਨੂੰ ਸਿੱਖਾਂ ਉਤੇ ਹਮਲੇ ਕਰਦਿਆਂ ਦੇਖਿਆ ਹੈ। ਨਾ ਉਨ੍ਹਾਂ ਨੂੰ ਧਰਮ ਗ੍ਰੰਥ ਦੀ ਲਿਹਾਜ਼, ਨਾ ਸੰਗਤ ਦਾ ਅਦਬ। ਉਹ ਜਾਨਵਰਾਂ ਵਾਂਗ ਵਿਹਾਰ ਕਰਦੇ ਹਨ। ਮੁਸਲਮਾਨਾਂ ਬਾਰੇ ਅਕਸਰ ਸੁਣਨ ਨੂੰ ਮਿਲਦਾ ਹੈ ਕਿ ਉਹ ਗਰਮ ਮਿਜਾਜ਼ ਹਨ ਪਰ ਨਮਾਜ਼ ਅਦਾ ਕਰਨ ਵਾਸਤੇ ਮਸਜਿਦ ਵਿਚ ਜਾਂਦੇ ਹਨ ਤਾਂ ਉਥੇ ਭਰਾਵਾਂ ਵਾਂਗ ਗਲ ਲਗ ਕੇ ਮਿਲਦੇ ਹਨ, ਪ੍ਰੇਮ ਨਾਲ, ਸ਼ਾਂਤ ਚਿਤ ਹੋ ਕੇ ਨਮਾਜ਼ ਪੜ੍ਹਦੇ ਹਨ। ਸਿੱਖ, ਗੁਰਦੁਆਰੇ ਆ ਕੇ ਵੀ ਜੇ ਵਿਹਾਰ ਠੀਕ ਨਹੀਂ ਕਰਦੇ ਤਾਂ ਮੈਂ ਕਿਵੇਂ ਮੰਨਾ ਕਿ ਇਹ ਦਰਖਤ ਵਧੀਆ ਹੈ? ਜਿਹੜੀ ਚੀਜ਼ ਮੈਨੂੰ ਚੰਗੀ ਨਹੀਂ ਲਗਦੀ ਮੈਂ ਉਸ ਦੀ ਨਿੰਦਿਆ ਕਰਨ ਦੀ ਥਾਂ ਖਾਮੋਸ਼ ਹੋ ਜਾਂਦੀ ਹਾਂ। ਸਿੱਖਾਂ ਬਾਰੇ ਹਾਲੇ ਮੈਂ ਖਾਮੋਸ਼ ਰਹਾਂਗੀ।"

ਗਿਆਨੀ ਦਿੱਤ ਸਿੰਘ ਜਦੋਂ ਕਿਸੇ ਗੁਰਦੁਆਰੇ ਕਥਾ ਕਰਨ ਜਾਂਦੇ, ਉਨ੍ਹਾਂ ਦੇ ਬੋਲਾਂ ਦੇ ਪ੍ਰਸ਼ੰਸਕ ਵੱਡੀ ਗਿਣਤੀ ਵਿਚ ਪੁਜਦੇ, ਅੰਦਰ ਬੈਠਣ ਲਈ ਥਾਂ ਨਾ ਮਿਲਦੀ। ਕੰਧਾਂ ਤੋਂ ਬਾਹਰ ਦੂਰ ਦੂਰ ਤੱਕ ਸਰੋਤੇ ਕਥਾ ਸੁਣਦੇ। ਜਦੋਂ ਅਰਦਾਸ ਉਪਰੰਤ ਪ੍ਰਸ਼ਾਦ ਵਰਤਾਉਣ ਦਾ ਸਮਾਂ ਆਉਂਦਾ ਪੁਜਾਰੀਆਂ ਵਲੋਂ ਉਨ੍ਹਾਂ ਨੂੰ ਕਿਹਾ ਜਾਂਦਾ, ਉਥੇ ਜੋੜਿਆਂ ਵਾਲੀ ਥਾਂ ਤੇ ਬੈਠੋ। ਅਜਿਹਾ ਇਸ ਕਰਕੇ ਕੀਤਾ ਜਾਂਦਾ ਕਿ ਉਹ ਅਖੌਤੀ ਨੀਵੀਂ ਜਾਤ ਦੇ ਸਨ। ਪੱਤਰਕਾਰਾਂ ਨੇ ਪੁੱਛਿਆ, ਭਾਈ ਜੀ, ਇਸ ਵਰਤਾਰੇ ਸਦਕਾ ਤੁਹਾਨੂੰ ਗੁੱਸਾ ਨਹੀਂ ਆਉਂਦਾ? ਗਿਆਨੀ ਜੀ ਦਾ ਉਤਰ ਸੀ, ਨਹੀਂ। ਹਾਲੇ ਤਾਂ ਮੈਨੂੰ ਜੋੜਿਆਂ ਵਿਚ ਬੈਠਣ ਦਾ ਹੁਕਮ ਮਿਲਦਾ ਹੈ, ਜੇ ਜੋੜੇ ਵਿਚੋਂ ਚੁੱਕ ਕੇ ਛਕਣ ਲਈ ਕਹਿਣ, ਮੈਂ ਤਾਂ ਵੀ ਬੁਰਾ ਨਾ ਮਨਾਵਾਂ। ਇਨ੍ਹਾਂ ਵਿਚ ਅਤੇ ਮੇਰੇ ਵਿਚ ਕੋਈ ਫਰਕ ਹੋਣਾ ਚਾਹੀਦਾ ਹੈ। ਇਸ ਫਰਕ ਸਦਕਾ ਸਦੀ ਬਾਅਦ ਗਿਆਨੀ ਦਿਤ ਸਿੰਘ ਯਾਦ ਆਏ।

ਤਖਤ ਪਟਨਾ ਸਾਹਿਬ ਵਿਚ ਵਾਪਰੀਆਂ ਘਟਨਾਵਾਂ ਨੇ ਖਾਲਸਾ ਪੰਥ ਨੂੰ ਸ਼ਰਮਿੰਦਗੀ ਦਿੱਤੀ ਹੈ। ਖਬਰ ਆਈ ਹੈ ਕਿ ਜਥੇਦਾਰ ਇਕਬਾਲ ਸਿੰਘ ਨੇ ਪ੍ਰਬੰਧਕ ਕਮੇਟੀ ਨੂੰ ਮਾਫ ਕਰ ਦਿੱਤਾ ਹੈ ਤੇ ਪ੍ਰਬੰਧਕ ਕਮੇਟੀ ਨੇ ਜਥੇਦਾਰ ਨੂੰ ਖਿਮਾ ਕਰ ਦਿੱਤਾ ਹੈ। ਇਨ੍ਹਾਂ ਦੇ ਕਾਰਨਾਮਿਆਂ ਨੇ ਗੁਰੂ ਨਾਨਕ ਸਾਹਿਬ ਦੀ ਸੰਗਤ ਨੂੰ ਦੁਨੀਆਂ ਭਰ ਵਿਚ ਜੋ ਬਦਨਾਮੀ ਦਿਵਾਈ, ਉਸ ਦਾ ਇਨ੍ਹਾਂ ਕੋਲ ਕੀ ਇਲਾਜ ਹੈ?

ਗੁਰਦੁਆਰੇ ਵਿਚ ਦਾਖਲ ਹੋਣ ਸਾਰ ਸ਼ਰਧਾਲੂਆਂ ਦੀ ਬੋਲੀ ਵਿਚ ਤਬਦੀਲੀ ਆ ਜਾਂਦੀ ਹੈ, "ਜਲ ਛਕੋ ਜੀ, ਪ੍ਰਸ਼ਾਦ ਲਵੋ ਜੀ, ਸੀਸ ਢਕ ਲਵੋ ਜੀ," ਆਦਿਕ ਸੁਖਦਾਈ ਬੋਲ ਕੰਨੀ ਪੈਂਦੇ ਹਨ। ਪਰ ਇਹ ਤਾਂ ਆਮ ਆਦਮੀ ਹਨ, ਇਨ੍ਹਾਂ ਦਾ ਕੀ ਹੈ? ਖਾਸ ਆਦਮੀ ਗੁਰਦੁਆਰੇ ਜਾ ਕੇ ਵੀ ਬਦਜ਼ਬਾਨ ਬਦਕਲਾਮ ਰਹਿਗਾ ਅਤੇ ਸ਼ਰਮਨਾਕ ਵਰਤਾਰਾ ਕਰਨੋਂ ਨਹੀਂ ਝਿਜਕੇਗਾ। ਜਿਨ੍ਹਾਂ ਨੇ ਇਨ੍ਹਾਂ ਬੰਦਿਆਂ ਨੂੰ ਆਮ ਤੋਂ ਖਾਸ ਬਣਾਇਆ, ਉਹ ਕਦੀ ਇੱਧਰ ਧਿਆਨ ਦੇਣਗੇ? ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਲਿਖਿਆ ਸੀ,

ਔਰੰਗਜ਼ੇਬ ਸ਼ਹਿਨਸ਼ਾਹਿ ਆਲਮੀਂ।
ਦਾਰਾ ਇਦੌਰ ਅਸਤ, ਦੂਰ ਅਸਤ ਦੀਂ।

(ਤੂੰ ਦੁਨੀਆਂ ਦੇ ਸ਼ਾਹਾਂ ਦਾ ਸ਼ਹਿਨਸ਼ਾਹ ਹੈਂ ਔਰੰਗਜ਼ੇਬ, ਤੂੰ ਆਪਣੇ ਜ਼ਮਾਨੇ ਦਾ ਦਾਰਾ ਤਾਂ ਹੈਂ ਪਰ ਤੂੰ ਧਰਮ ਤੋਂ ਦੂਰ ਹੈਂ।)

ਗੁਰਦੁਆਰਾ ਪ੍ਰਬੰਧਕਾਂ ਅਤੇ ਜਥੇਦਾਰਾਂ ਪਾਸ ਵੀ ਥੋੜਾ ਕੁ ਧਰਮ ਆਵੇ, ਸਾਡੀ ਅਰਦਾਸ ਹੈ। ਆਮੀਨ।

# ਮਾਏ ਨੀ ਹੁਣ ਮਾਰ ਉਡਾਰੀ

(ਪਿਛਲੇ ਸਫੇ ਦੀ ਬਾਕੀ)

ਮੈਂ ਉਸ ਨੂੰ ਬਾਥਰੂਮ ਦਾ ਗੇੜਾ ਦੁਆ ਕੇ ਮੁੜ ਮੰਜੇ 'ਤੇ ਪਾ ਦਿੱਤਾ ਪਰ ਉਹ ਫਿਰ ਉਠ ਬੈਠੀ, "ਚੰਗਾ ਭਾਈ.. ਹੁਣ ਮੈਨੂੰ ਜਾਣ ਦਿਉ... ਦਿਨ ਚੜ੍ਹਦਾ ਜਾਂਦਾ ਏ। ਦੋ ਤੀਵੀਆਂ ਜਾਂਦੀਆਂ ਨੇ। ਮੈਂ ਉਨ੍ਹਾਂ ਦੇ ਨਾਲ ਲੰਘ ਜਾਣਾ ਏਂ। ਮੇਰੇ ਕੱਪੜੇ ਪਾ ਦੇ ਝੋਲੇ ਮਾ।"

"ਇਹਨੇ ਨਾ ਸੌਣਾ ਏ, ਨਾ ਸੌਣ ਦੇਣਾ ਏਂ।" ਪਤਨੀ ਪਾਸਾ ਪਰਤਦੀ ਬੋਲੀ।

"ਚੱਲ ਇਹਦੇ ਕਿਹੜਾ ਵੱਸ ਏ... ਹੁਣ ਨਾ ਕਿਹਾ ਕਰ ਕੁਛ ਵੀ...।"

... ਤੇ ਸਾਢੇ ਤਿੰਨ ਘੰਟੇ ਬਾਅਦ ਬੇਬੇ ਚਲੀ ਗਈ।

ਸ਼ਾਮ ਨੂੰ ਦਿੱਲੀ ਵਾਲੇ ਭਰਾ, ਅਜੀਤ ਸਿੰਘ ਦੇ ਪਹੁੰਚਣ ਸਾਰ ਅਸੀਂ ਪੂਰੇ ਢੋਲ ਢਮੱਕੇ ਅਤੇ ਬੈਂਡ ਵਾਜੇ ਨਾਲ ਬਵਾਨ ਕੱਢਦੇ ਹੋਏ ਬੇਬੇ ਨੂੰ ਦਾਗ ਲਾ ਕੇ ਆਏ।

ਰਾਤ ਨੂੰ ਨੀਂਦ ਪਤਾ ਨਹੀਂ ਕਿਉਂ ਨਾ ਆਈ। ਬੇਬੇ ਦੇ ਚਲੇ ਜਾਣ ਦੀ ਦਿਲ ਵਿਚ ਛੁਪੀ ਤਸੱਲੀ ਹੋਣ ਦੇ ਬਾਵਜੂਦ ਮੈਂ ਛਾਤੀ 'ਤੇ ਭਾਰ ਜਿਹਾ ਮਹਿਸੂਸ ਕਰਦਾ ਰਿਹਾ। ਸਵੇਰੇ ਜਦੋਂ ਉਠਿਆ, ਸਿਰ ਫਟ ਰਿਹਾ ਸੀ ਤੇ ਪਲਕਾਂ ਬੋਝਲ ਹੋ ਗਈਆਂ ਸਨ। ਅੱਖਾਂ ਮਲਦੀ ਪਤਨੀ ਬੋਲੀ, "ਰਾਤ ਨੀਂਦ ਜਮ੍ਹਾਂ ਵੀ ਨੀ ਆਈ। ਬੇਬੇ ਜੇ ਅਜੇ ਹੋਰ ਬੈਠੀ ਰਹਿੰਦੀ, ਕਿੰਨਾ ਚੰਗਾ ਸੀ, ਸਭ ਖਾਲੀ ਖਾਲੀ ਹੋ ਗਿਆ।" ਮੇਰੀਆਂ ਅੱਖਾਂ ਭਰ ਆਈਆਂ, ਪਰ ਮੈਂ ਇਕਬਾਲ ਨੂੰ ਪਤਾ ਨਾ ਲੱਗਣ ਦਿੱਤਾ।

ਮੈਂ ਮੰਜੇ 'ਤੇ ਬੈਠ ਕੰਘਾ ਚੁੱਕ ਕੇ ਸਿਰ ਦੇ ਵਾਲਾਂ ਦੀ ਜੂੜੀ ਕਰਨ ਲੱਗ ਪਿਆ ਪਰ ਵਾਲ ਲੋਟ ਹੀ ਨਹੀਂ ਸਨ ਆ ਰਹੇ। ਵਟਾ ਦਿੰਦਾ, ਘੁਮਾਉਂਦਾ, ਪਰ ਆਖਰੀ ਸਿਰੇ ਦੀ ਗੰਢ ਵੱਜਣ ਤੋਂ ਪਹਿਲਾਂ ਹੀ ਵਾਲ ਖੁੱਲ੍ਹ ਜਾਂਦੇ। ਕਾਫੀ ਦੇਰ ਖੌਝਲਦਾ ਰਿਹਾ। ਗੰਜੇ ਸਿਰ ਵਿਚ ਹੱਥ ਫੇਰ ਕੇ ਪਤਨੀ ਨੂੰ ਕਿਹਾ, "ਇਹ ਕੀ ਹੋ ਗਿਆ? ਜੂੜਾ ਹੀ ਨੀ ਹੁੰਦਾ।"

"ਚਾਰ ਤਾਂ ਵਾਲ ਨੇ, ਜੂੜਾ ਕੀ ਹੋਣਾ ਏ।" ਉਹ ਬੋਲੀ।

"ਪਰ ਕੱਲ੍ਹ ਤਕ ਤਾਂ ਹੁੰਦਾ ਸੀ। ਇਸ ਤਰ੍ਹਾਂ ਤਾਂ ਕਦੀ ਵੀ ਨੀ ਹੋਇਆ।" ਬੋਲ ਮੇਰੇ ਮੂੰਹ ਵਿਚ ਹੀ ਰਹਿ ਗਏ।

ਮੈਂ ਮੰਜੇ ਤੋਂ ਉਠਿਆ। ਸ਼ੀਸ਼ੇ ਮੂਹਰੇ ਜਾ ਖੜ੍ਹਿਆ। ਦੋਹਾਂ ਅੱਖਾਂ ਦੇ ਹੇਠੋਂ ਗੱਲ੍ਹਾਂ ਦਾ ਮਾਸ ਲਟਕ ਗਿਆ ਲੱਗਿਆ। ਮੈਨੂੰ ਅਜਿਹਾ ਰਾਹ ਦਿਖਾਈ ਦੇਣ ਲੱਗਾ ਜਿਹੜਾ ਮੈਨੂੰ, ਮੂਹਰੇ ਬੇਬੇ ਬੈਠੀ ਹੋਣ ਕਰ ਕੇ, ਕਦੀ ਵੀ ਨਹੀਂ ਦੀ ਦਿਖਿਆ-ਬੁਢਾਪੇ ਵੱਲ ਜਾਂਦਾ ਰਾਹ।

(ਸਮਾਪਤ)

## ਪੱਗ

ਸ਼ਾਨ ਸਰਦਾਰਾਂ ਦੀ ਜਾਣਦਾ ਜਹਾਨ ਏ।
ਪੱਗ ਵਾਲਾ ਪੰਜਾਬੀ ਦੂਰੋਂ ਹੁੰਦਾ ਪਛਾਣ ਏ।

ਪੱਗ ਦੀ ਨਿਸ਼ਾਨੀ ਇਕ ਸਿਰ ਉਤੇ ਤਾਜ ਏ
ਸਿੱਖ ਦੀ ਸ਼ਾਨੋ-ਸ਼ੌਕਤ ਤੇ ਇੱਜ਼ਤ ਦਸਤਾਰ ਏ
ਪੱਗ ਦਾ ਮਿਲਿਆ ਉਹਨੂੰ ਇਕ ਵਰਦਾਨ ਏ।
ਪੱਗ ਵਾਲਾ ਪੰਜਾਬੀ ਦੂਰੋਂ ਹੁੰਦਾ ਪਛਾਣ ਏ।

ਪੱਗ ਬੰਨਣ ਦਾ ਸ਼ੌਕ ਰੱਖਦਾ ਹਰ ਪੰਜਾਬੀ ਏ
ਪੇਚਵੀਂ ਪੱਗ 'ਚ ਉਸ ਦੀ ਟੌਰ੍ਹ ਨਵਾਬੀ ਏ
ਨਵੀਂ ਰੋਜ਼ ਪੱਗ ਵਿਚ ਉਸ ਦੀ ਵੱਖਰੀ ਸ਼ਾਨ ਏ।
ਪੱਗ ਵਾਲਾ ਪੰਜਾਬੀ ਦੂਰੋਂ ਹੁੰਦਾ ਪਛਾਣ ਏ।

ਪੱਗ ਦੀ ਕਹਾਣੀ ਲੋਕੋ ਸਦੀਆਂ ਪੁਰਾਣੀ ਏ
ਸਾਡੇ ਗੁਰੂਆਂ ਨੂੰ ਦਿੱਤੀ ਇਕ ਏ ਨਿਸ਼ਾਨੀ ਏ
ਦੇਸ਼ ਵਿਦੇਸ਼ ਵਿਚ ਪੱਗ ਦਾ ਗੁਣਗਾਨ ਏ।
ਪੱਗ ਵਾਲਾ ਪੰਜਾਬੀ ਦੂਰੋਂ ਹੁੰਦਾ ਪਛਾਣ ਏ।

ਪੱਗ ਬੰਨ ਕੇ ਬੰਦਾ ਰਾਜੇ ਮਹਾਰਾਜੇ ਵਾਂਗੂੰ ਲਗਦਾ
ਉਸ ਨੂੰ ਫਿਰ ਸਲਾਮਾਂ ਹੁੰਦੀਆਂ ਜੋ ਪੱਗ ਬੰਨਦਾ
ਪੱਗ ਵਾਲੇ ਸਰਦਾਰ ਉਤੇ ਸਭ ਨੂੰ ਹੀ ਮਾਣ ਏ।
ਪੱਗ ਵਾਲਾ ਪੰਜਾਬੀ ਦੂਰੋਂ ਹੁੰਦਾ ਪਛਾਣ ਏ।

*-ਦਿਲਪ੍ਰੀਤ ਮਾਨ*
*ਫੋਨ: 559-291-7116*


## ਲੋਹ-ਦੰਦ

ਮੇਰਾ ਗਮ ਬੈਠ ਸਿਰਹਾਣੇ
ਮੇਰਾ ਸਬਰ ਪਿਆ ਅਜ਼ਮਾਵੇ
ਚਾਹੇ ਮੈਨੂੰ ਮਾਰ ਮੁਕਾਵੇ।
ਪਰ! ਪਤਾ ਨਾ ਇਸ ਨੂੰ
ਅਸਾਂ ਲੋਹ-ਦੰਦਾਂ ਸੰਗ
ਚਣੇ ਚੱਬੇ ਹਨ।

*-ਪ੍ਰੋ. ਮਨਜੀਤ ਸ਼ਿਕਾਗੋ*
*ਫੋਨ: 815-436-2566*

### 'ਆਂਧੀ' ਵਿਚ ਸੁਚਿਤਰਾ ਸੇਨ ਦੀ ਅਦਾਕਾਰੀ...

# ਸਹਿਮ ਗਈ ਸੀ ਇੰਦਰਾ ਵੀ ...





ਉਤਮ ਕੁਮਾਰ ਨਾਲ ਸੁਚਿਤਰਾ





## ਸੁਚਿਤਰਾ ਦੀ ਸਭ ਨੂੰ ਆਖਰੀ ਅਲਵਿਦਾ

ਹਿੰਦੀ ਫਿਲਮ 'ਆਂਧੀ' ਨਾਲ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੀ ਸਹਿਮ ਗਈ ਸੀ। ਇਹ ਫਿਲਮ 1975 ਵਿਚ ਫਿਲਮਸਾਜ਼-ਗੀਤਕਾਰ ਗੁਲਜ਼ਾਰ ਨੇ ਬਣਾਈ ਸੀ। ਇਸ ਫਿਲਮ ਦਾ ਖਿਆਲ ਨਿਰੋਲ ਸਿਆਸੀ ਸੀ ਅਤੇ ਕਿਹਾ ਜਾਂਦਾ ਹੈ ਕਿ ਇਹ ਇੰਦਰਾ ਗਾਂਧੀ ਦੇ ਜੀਵਨ ਉਤੇ ਹੀ ਆਧਾਰਤ ਹੈ। ਉਦੋਂ ਐਮਰਜੈਂਸੀ ਦੌਰਾਨ ਇਸ ਫਿਲਮ ਉਤੇ ਪਾਬੰਦੀ ਲਾ ਦਿੱਤੀ ਗਈ ਸੀ ਅਤੇ ਐਮਰਜੈਂਸੀ ਟੁੱਟਣ ਤੋਂ ਬਾਅਦ ਜਦੋਂ ਜਨਤਾ ਸਰਕਾਰ ਬਣੀ ਤਾਂ ਇਸ ਫਿਲਮ ਤੋਂ ਪਾਬੰਦੀ ਹਟਾਈ ਗਈ, ਤੇ ਇਹ ਫਿਲਮ ਫਿਰ ਦੂਰਦਰਸ਼ਨ ਤੋਂ ਦਿਖਾਈ ਗਈ। ਇਸ ਫਿਲਮ ਵਿਚ ਇੰਦਰਾ ਵਾਲਾ ਕਿਰਦਾਰ ਨਿਭਾਉਣ ਵਾਲੀ ਅਦਾਕਾਰਾ ਸੁਚਿਤਰਾ ਸੇਨ ਸੀ। ਫਿਲਮ ਦੇਖ ਕੇ ਪਤਾ ਲੱਗ ਜਾਂਦਾ ਹੈ ਕਿ ਸੁਚਿਤਰਾ ਕਿਸ ਕਿਸਮ ਦੀ ਅਦਾਕਾਰਾ ਸੀ।

ਸੁਚਿਤਰਾ ਸੇਨ (6 ਅਪਰੈਲ 1931-17 ਜਨਵਰੀ 2014) ਪਹਿਲੀ ਬੰਗਲਾ ਅਦਾਕਾਰਾ ਸੀ ਜਿਸ ਨੇ 1963 ਵਿਚ ਪਹਿਲਾ ਕੌਮਾਂਤਰੀ ਫਿਲਮ ਪੁਰਸਕਾਰ ਹਾਸਲ ਕੀਤਾ। ਸਰਵੋਤਮ ਅਦਾਕਾਰਾ ਦਾ ਇਹ ਪੁਰਸਕਾਰ ਮਾਸਕੋ ਫਿਲਮ ਮੇਲੇ ਵਿਚ ਉਸ ਨੂੰ ਫਿਲਮ 'ਸਾਤ ਪਾਕੇ ਬਾਂਧਾ' ਲਈ ਮਿਲਿਆ। ਬੰਗਲਾ ਫਿਲਮਾਂ ਵਿਚ ਉਤਮ ਕੁਮਾਰ ਨਾਲ ਉਸ ਦੀ ਜੋੜੀ ਬੜੀ ਹਿੱਟ ਰਹੀ। ਦੋਹਾਂ ਨੇ 30 ਤੋਂ ਵੀ ਵੱਧ ਫਿਲਮਾਂ ਵਿਚ ਕੰਮ ਕੀਤਾ। ਫਿਲਮਸਾਜ਼ ਸੱਤਿਆਜੀਤ ਰੇਅ ਨੇ ਆਪਣੀ ਫਿਲਮ 'ਚੌਧਰਾਨੀ' ਲਈ ਉਸ ਨੂੰ ਸਾਈਨ ਕਰਨਾ ਚਾਹਿਆ ਪਰ ਰੁਝੇਵਿਆਂ ਕਾਰਨ ਸੁਚਿਤਰਾ ਨੂੰ ਇਨਕਾਰ ਕਰਨਾ ਪੈ ਗਿਆ। ਸੱਤਿਆਜੀਤ ਰੇਅ ਨੇ ਫਿਰ ਇਹ ਫਿਲਮ ਬਣਾਈ ਹੀ ਨਹੀਂ। 'ਦੇਵਦਾਸ' ਉਸ ਦੀ ਪਹਿਲੀ ਹਿੰਦੀ ਫਿਲਮ ਸੀ। ਬੰਗਲਾ ਲੇਖਕ ਸ਼ਰਤ ਚੰਦਰ ਚੱਟੋਪਾਧਿਆਇ ਦੇ 1917 ਵਿਚ ਛਪੇ ਨਾਵਲ 'ਦੇਵਦਾਸ' ਉਤੇ ਹੁਣ ਤੱਕ 16 ਫਿਲਮਾਂ ਬਣ ਚੁੱਕੀਆਂ ਹਨ। ਪਹਿਲੀ ਹਿੰਦੀ ਫਿਲਮ ਪੀ.ਸੀ. ਬਰੂਆ ਨੇ 1936 ਵਿਚ ਕੇ.ਐਲ. ਸਹਿਗਲ ਤੇ ਰਾਜਕੁਮਾਰੀ ਨੂੰ ਲੈ ਕੇ ਬਣਾਈ ਸੀ।

ਇਸ ਤੋਂ ਬਾਅਦ 1955 ਵਿਚ ਫਿਲਮਸਾਜ਼ ਬਿਮਲ ਰਾਏ ਨੇ ਦਿਲੀਪ ਕੁਮਾਰ, ਸੁਚਿਤਰਾ ਸੇਨ ਤੇ ਵੈਯੰਤੀ ਮਾਲਾ ਨਾਲ ਇਹ ਫਿਲਮ ਬਣਾਈ। ਇਸ ਵਿਚ ਸੁਚਿਤਰਾ ਨੇ ਪਾਰੋ ਦਾ ਕਿਰਦਾਰ ਨਿਭਾਇਆ ਸੀ। ਫਿਲਮੀ ਦਰਸ਼ਕ ਆਪਣੀ ਇਸ ਪਾਰੋ ਨੂੰ ਅੱਜ ਤਕ ਵੀ ਭੁੱਲ ਨਹੀਂ ਸਕੇ ਹਨ।

ਸੁਚਿਤਰਾ ਦੀ ਬੜੀ ਯਾਦਗਾਰੀ ਫਿਲਮ ਹੈ 'ਦੀਪ ਜਵੇਲੇ ਜਾਈ' ਹੈ ਜੋ 1959 ਵਿਚ ਆਈ ਸੀ। ਇਸ ਫਿਲਮ ਵਿਚ ਉਸ ਨੇ ਨਰਸ ਦਾ ਕਿਰਦਾਰ ਨਿਭਾਇਆ ਸੀ। ਫਿਲਮ ਵਿਚ ਉਹ ਮਾਨਸਿਕ ਰੋਗੀ ਬਣ ਚੁੱਕੇ ਨਾਇਕ ਨੂੰ ਤਾਂ ਠੀਕ ਕਰ ਦਿੰਦੀ ਹੈ ਪਰ ਖੁਦ ਬਿਮਾਰ ਹੋ ਜਾਂਦੀ ਹੈ। ਮਗਰੋਂ ਇਸ ਫਿਲਮ ਦੇ ਆਧਾਰ ਉਤੇ ਅਸਿਤ ਸੇਨ ਨੇ ਫਿਲਮ 'ਖਾਮੋਸ਼ੀ' ਬਣਾਈ। ਇਸ ਫਿਲਮ ਵਿਚ ਸੁਚਿਤਰਾ ਵਾਲਾ ਕਿਰਦਾਰ ਵਹੀਦਾ ਰਹਿਮਾਨ ਨੇ ਨਿਭਾਇਆ ਸੀ। ਸੁਚਿਤਰਾ ਦੀ ਇਕ ਹੋਰ ਫਿਲਮ 'ਉਤਰ ਫਾਲਗੁਨੀ' ਦੀ ਵੀ ਬਹੁਤ ਚਰਚਾ ਹੋਈ।



**ਗੁਲਜ਼ਾਰ ਦੀ ਫਿਲਮ 'ਆਂਧੀ' ਵਿਚ ਸੁਚਿਤਰਾ ਸੇਨ।**

ਇਹ ਫਿਲਮ 1963 ਵਿਚ ਬਣੀ ਸੀ ਅਤੇ ਉਸ ਨੇ ਇਸ ਫਿਲਮ ਵਿਚ ਨੌਕਰਾਣੀ ਪੰਨਾਬਾਈ ਦਾ ਕਿਰਦਾਰ ਅਦਾ ਕੀਤਾ ਹੈ। ਇਸ ਫਿਲਮ ਵਿਚ ਉਸ ਨੇ ਆਪਣੀ ਅਦਾਕਾਰੀ ਦਾ ਜੋ ਜਲੌਅ ਪੇਸ਼ ਕੀਤਾ ਹੈ, ਉਸ ਨਾਲ ਸਾਰਿਆਂ ਨੂੰ ਦੰਗ ਹੀ ਕਰ ਦਿੱਤਾ।

ਸੁਚਿਤਰਾ ਸੇਨ ਦਾ ਅਸਲੀ ਨਾਂ ਰਮਾ ਦਾਸਗੁਪਤਾ ਸੀ। ਉਹਦੀ ਪਹਿਲੀ ਫਿਲਮ 'ਸ਼ੇਸ਼ ਕੋਠੇ' (ਬੰਗਲਾ) 1952 ਵਿਚ ਆਈ ਸੀ ਅਤੇ ਬੇਹੱਦ ਹਿੱਟ ਰਹੀ। ਫਿਰ ਤਾਂ ਚੱਲ ਸੋ ਚੱਲ। ਉਹਦਾ ਦਾ ਵਿਆਹ 1947 ਵਿਚ ਬੰਗਾਲ ਦੇ ਧਨਾਢ ਸਨਅਤਕਾਰ ਆਦੀਨਾਥ ਸੇਨ ਦੇ ਪੁੱਤਰ ਦੀਬਾਨਾਥ ਸੇਨ ਨਾਲ ਹੋਇਆ ਸੀ। ਦੀਬਾਨਾਥ ਨੇ ਸੁਚਿਤਰਾ ਦਾ ਕਰੀਅਰ ਚਮਕਾਉਣ ਲਈ ਹਰ ਸੰਭਵ ਸਹਿਯੋਗ ਦਿੱਤਾ ਅਤੇ ਪੈਸਾ ਵੀ ਖਰਚਿਆ। ਸੁਚਿਤਰਾ ਆਪਣੇ ਪਤੀ ਦੀ ਇਸ ਅਦਾ ਤੋਂ ਵਾਰੇ-ਵਾਰੇ ਜਾਂਦੀ ਸੀ। ਦੀਬਾਨਾਥ ਦੀ ਮਦਦ ਮਿਲਣ ਕਰ ਕੇ ਹੀ ਉਸ ਨੇ ਫਿਲਮਾਂ ਵਿਚ ਪੈਰ ਧਰਿਆ ਅਤੇ ਫਿਰ ਫਿਲਮੀ ਦੁਨੀਆਂ ਵਿਚ ਪੂਰਾ ਡੰਕਾ ਵਜਾਇਆ। ਇਸ ਜੋੜੀ ਦੇ ਘਰ ਇਕ ਧੀ ਮੁਨਮੁਨ ਸੇਨ ਨੇ ਜਨਮ ਲਿਆ। ਮੁਨਮੁਨ ਨੇ ਵੀ ਫਿਲਮੀ ਦੁਨੀਆਂ ਵਿਚ ਪੈਰ ਰੱਖਿਆ ਅਤੇ ਆਪਣੀ ਮਾਂ ਵਾਂਗ ਬੰਗਲਾ ਫਿਲਮਾਂ ਤੋਂ ਇਲਾਵਾ ਹਿੰਦੀ, ਤਾਮਿਲ, ਕੰਨੜ, ਮਲਿਆਲਮ ਅਤੇ ਤੈਲਗੂ ਫਿਲਮਾਂ ਵਿਚ ਕੰਮ ਕੀਤਾ ਪਰ ਉਸ ਨੂੰ ਆਪਣੀ ਮਾਂ ਜਿੰਨੀ ਪ੍ਰਸਿੱਧੀ ਨਾ ਮਿਲ ਸਕੀ। ਮੁਨਮੁਨ ਸੇਨ ਦੀਆਂ ਅਗਾਂਹ ਦੋ ਧੀਆਂ ਰਾਈਮਾ ਸੇਨ ਤੇ ਰੀਆ ਸੇਨ ਹਨ।

ਸੁਚਿਤਰਾ ਦੀ ਆਖਰੀ ਫਿਲਮ 'ਪ੍ਰਣਾਏ ਪਾਸ਼ਾ' (ਬੰਗਲਾ) 1978 ਵਿਚ ਆਈ ਸੀ। ਇਸ ਤੋਂ ਬਾਅਦ ਉਹਨੇ ਫਿਲਮੀ ਦੁਨੀਆਂ ਤੋਂ ਕਿਨਾਰਾ ਹੀ ਕਰ ਲਿਆ। ਇਥੋਂ ਤਕ ਕਿ 2005 ਵਿਚ ਦਾਦਾ ਸਾਹਿਬ ਫਾਲਕੇ ਪੁਰਸਕਾਰ ਲੈਣ ਤੋਂ ਵੀ ਇਨਕਾਰ ਕਰ ਦਿੱਤਾ। ਉਂਜ 2012 ਵਿਚ ਪੱਛਮੀ ਬੰਗਾਲ ਦੀ ਸਰਕਾਰ ਨੇ ਆਪਣਾ ਸਭ ਤੋਂ ਵੱਡਾ ਖ਼ਿਤਾਬ 'ਬੰਗਾ ਬਿਭੂਸ਼ਨ' ਸੁਚਿੱਤਰਾ ਸੇਨ ਨੂੰ ਭੇਟ ਕੀਤਾ। ਫੇਫੜਿਆਂ ਦੀ ਇਨਫੈਕਸ਼ਨ ਕਾਰਨ ਉਸ ਨੂੰ 24 ਦਸੰਬਰ 2013 ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਉਸ ਦੀ ਬਿਮਾਰੀ ਨੂੰ ਪਹਿਲਾਂ ਇਕ ਵਾਰ ਮੋੜਾ ਪੈ ਗਿਆ ਸੀ ਪਰ 17 ਜਨਵਰੀ ਨੂੰ ਸਵੇਰੇ ਇਹ ਮਿਸਾਲੀ ਅਦਾਕਾਰਾ ਦਿਲ ਦੇ ਦੌਰੇ ਕਾਰਨ ਸਭਨਾਂ ਤੋਂ ਵਿਛੜ ਗਈ।

# ਪੰਜਾਬੀ ਸਿਨੇਮੇ ਦੀ ਵਾਪਸੀ ਦਾ ਮੁੱਦਾ




ਕਲਾ ਤੇ ਜ਼ਿੰਦਗੀ
ਜਤਿੰਦਰ ਮੌਹਰ
+91-97799-34747

ਗਿਣਤੀ ਅਤੇ ਵਿਤ ਪੱਖੋਂ ਫ਼ਿਲਮਸਾਜ਼ ਵਰਿੰਦਰ ਦਾ ਦੌਰ ਪੰਜਾਬੀ ਫ਼ਿਲਮਾਂ ਦਾ 'ਸੁਨਹਿਰਾ ਦੌਰ' ਕਿਹਾ ਜਾਂਦਾ ਹੈ। ਉਹ ਚਾਲੂ ਫ਼ਿਲਮ ਸੰਗੀਤ ਦੀ ਚੰਗੀ ਸਮਝ ਰੱਖਦਾ ਸੀ ਜਿਸ ਕਰ ਕੇ ਸੰਗੀਤ ਵਰਿੰਦਰ ਦੀਆਂ ਫ਼ਿਲਮਾਂ ਦੀ ਰੀੜ੍ਹ ਦੀ ਹੱਡੀ ਹੁੰਦਾ ਸੀ। ਇਹੀ ਦੌਰ ਪੰਜਾਬ ਦੇ ਸੰਤਾਪ ਦਾ ਦੌਰ ਵੀ ਸੀ। ਫ਼ਿਲਮਾਂ ਬਣਨੀਆਂ ਬੰਦ ਹੋ ਰਹੀਆਂ ਸਨ। ਰਹਿੰਦੀ-ਖੂੰਹਦੀ ਕਸਰ ਜੱਟ ਮਾਰਕਾ ਫ਼ਿਲਮਾਂ ਅਤੇ ਸ਼ੋਰੀਲੀ ਅਦਾਕਾਰੀ ਦੇ ਖਿਡਾਰੀਆਂ ਨੇ ਕੱਢ ਦਿੱਤੀ। ਪੰਜਾਬੀ ਫ਼ਿਲਮਾਂ ਬਣਨੀਆਂ ਲਗਭਗ ਬੰਦ ਹੋ ਗਈਆਂ ਸਨ। 1995 ਤੱਕ ਪੁਲਿਸ ਦੇ ਕਹਿਰ ਨੇ ਖਾਲਿਸਤਾਨੀ ਲਹਿਰ ਨੂੰ ਬੁਰੀ ਤਰ੍ਹਾਂ ਦਬਾ ਦਿੱਤਾ ਸੀ। ਪੰਜਾਬੀ ਅਜੇ ਤੱਕ ਸੂਰਤ ਸਿਰ ਨਹੀਂ ਹੋਏ। ਤ੍ਰਾਸਦੀ ਦੇ ਸਮਿਆਂ ਵਿਚ ਪੰਜਾਬੀ ਫ਼ਿਲਮਸਾਜ਼ੀ ਹਾਲਾਤ ਤੋਂ ਟੁੱਟ ਕੇ ਝੂਠੇ ਸੰਸਾਰ ਹੀ ਸਿਰਜਦੀ ਰਹੀ। ਇਕ ਵੀ ਫ਼ਿਲਮ ਸਮਕਾਲੀ ਹਾਲਾਤ ਨੂੰ ਪੇਸ਼ ਨਹੀਂ ਕਰ ਸਕੀ। 'ਸਾਡਾ ਪੰਜਾਬ' ਫ਼ਿਲਮ ਰਾਹੀਂ ਪੁਲਿਸ ਦੇ ਸੋਹਲੇ ਜ਼ਰੂਰ ਗਾਏ ਗਏ ਸਨ ਜਿਸ ਵਿਚ ਪੁਲਿਸ ਮੁਖੀ ਕੇ.ਪੀ.ਐਸ. ਗਿੱਲ ਨੇ ਮਹਿਮਾਨ ਭੂਮਿਕਾ ਨਿਭਾਈ ਸੀ। ਕਈ ਸਾਲਾਂ ਦੀ ਚੁੱਪ ਤੋਂ ਬਾਅਦ ਕੁਝ ਇਕ ਫ਼ਿਲਮਾਂ ਪਰਦਾਪੇਸ਼ ਹੋਈਆਂ ਪਰ ਪੰਜਾਬੀ ਦਰਸ਼ਕਾਂ ਨੂੰ ਸਿਨੇਮੇ ਤਕ ਖਿੱਚ ਲਿਆਉਣ ਦਾ ਸਿਹਰਾ ਮਨਮੋਹਣ ਸਿੰਘ ਅਤੇ ਹਰਭਜਨ ਮਾਨ ਹੋਰਾਂ ਦੇ ਸਿਰ ਬੰਨ੍ਹਿਆ ਜਾਂਦਾ ਰਿਹਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਜੋੜੀ ਦੀ ਪਹਿਲੀ ਫ਼ਿਲਮ 'ਜੀ ਆਇਆਂ ਨੂੰ' ਅਹਿਮ ਹੈ ਪਰ ਸਾਨੂੰ ਕੁਝ ਸਮਾਂ ਪਿੱਛੇ ਵੀ ਝਾਤ ਮਾਰ ਲੈਣੀ ਚਾਹੀਦੀ ਹੈ। ਗੁਰਦਾਸ ਮਾਨ ਅਤੇ ਹਦਾਇਤਕਾਰ ਮਨੋਜ ਪੁੰਜ ਦੀ ਫ਼ਿਲਮ 'ਸ਼ਹੀਦੇ-ਮੁਹੱਬਤ ਬੂਟਾ ਸਿੰਘ' ਸਾਡੇ ਦੌਰ ਦੀ ਪਹਿਲੀ ਅਹਿਮ ਫ਼ਿਲਮ ਸੀ। ਇਹ ਫ਼ਿਲਮ ਸੰਨ 1999 ਵਿਚ ਪਰਦਾਪੇਸ਼ ਹੋਈ ਸੀ। ਇਸ ਫ਼ਿਲਮ ਨੇ ਚਾਲੂ ਫ਼ਿਲਮਾਂ ਦੀ ਰਵਾਇਤ ਨੂੰ ਵੱਢ ਮਾਰਿਆ ਅਤੇ ਅਰਥ-ਭਰਪੂਰ ਫ਼ਿਲਮਾਂ ਦੀ ਨਵੀਂ ਪਿਰਤ ਪਾਈ। ਫ਼ਿਲਮ ਨੂੰ ਦਰਸ਼ਕਾਂ ਨੇ ਖ਼ੂਬ ਪਸੰਦ ਕੀਤਾ ਅਤੇ ਇਹ ਮਿੱਥ ਤੋੜੀ ਕਿ ਦਰਸ਼ਕਾਂ ਨੂੰ ਗੰਭੀਰ ਫ਼ਿਲਮਾਂ ਦੇਖਣ ਦੀ ਅਕਲ ਨਹੀਂ ਹੈ। ਇਸੇ ਸਾਲ ਪੁਲਿਸ ਮਹਿਕਮੇ ਦੀ ਕਾਰਜਸ਼ੈਲੀ 'ਤੇ ਵਿਅੰਗ ਕਰਦੀ ਫ਼ਿਲਮ 'ਮਾਹੌਲ ਠੀਕ ਹੈ' ਪਰਦਾਪੇਸ਼ ਹੋਈ। ਇਸ ਫ਼ਿਲਮ ਵੀ










ਵਿੱਤ ਪੱਖੋਂ ਕਾਮਯਾਬ ਰਹੀ ਸੀ। ਅਗਲੇ ਸਾਲ ਸੰਨ 2000 ਵਿਚ ਹਦਾਇਤਕਾਰ ਚਿਤਾਰਥ ਸਿੰਘ ਦੀ ਫ਼ਿਲਮ 'ਸ਼ਹੀਦ ਊਧਮ ਸਿੰਘ' ਪਰਦਾਪੇਸ਼ ਹੋਈ। ਇਹ ਇਤਿਹਾਸ ਅਤੇ ਜੀਵਨੀ ਨਾਲ ਸੰਬੰਧਤ ਵੰਨਗੀ ਦੀ ਫ਼ਿਲਮ ਸੀ। ਫ਼ਿਲਮ ਵਿਚ ਪੇਸ਼ ਕੀਤੇ ਕਿਰਦਾਰਾਂ ਦੀ ਪੇਸ਼ਕਾਰੀ ਅਤੇ ਇਤਿਹਾਸਕ ਤੱਥਾਂ ਨੂੰ ਲੈ ਕੇ ਵਾਦ-ਵਿਵਾਦ ਰਿਹਾ ਪਰ ਇਹ ਫ਼ਿਲਮ ਵੀ ਦਰਸ਼ਕਾਂ ਨੇ ਕਾਫ਼ੀ ਪਸੰਦ ਕੀਤੀ।

ਉਪਰਲੀਆਂ ਤਿੰਨੇ ਫ਼ਿਲਮਾਂ ਵੱਖਰੀਆਂ ਵੰਨਗੀਆਂ ਦੀਆਂ ਸਨ ਪਰ ਇਸ ਦੇ ਬਾਵਜੂਦ ਪੰਜਾਬੀ ਦਰਸ਼ਕਾਂ ਨੇ ਤਿੰਨੇ ਫ਼ਿਲਮਾਂ ਨੂੰ ਪਿਆਰ ਦਿੱਤਾ। ਪੰਜਾਬੀ ਸਿਨੇਮੇ ਦੀ ਵਾਪਸੀ ਇਨ੍ਹਾਂ ਫ਼ਿਲਮਾਂ ਨਾਲ ਮੰਨੀ ਜਾਣੀ ਚਾਹੀਦੀ ਹੈ। ਮਨਮੋਹਣ-ਹਰਭਜਨ ਮਾਨ ਜੋੜੀ ਦੀ ਫ਼ਿਲਮ 'ਜੀ ਆਇਆਂ ਨੂੰ' ਪੰਜਾਬੀ ਫ਼ਿਲਮਾਂ ਦੀ ਵਾਪਸੀ ਦੀ ਕੜੀ ਮੰਨੀ ਜਾਵੇਗੀ। ਇਹ ਫ਼ਿਲਮ 2002 ਵਿਚ ਪਰਦਾਪੇਸ਼ ਹੋਈ ਸੀ। ਇਸ ਫ਼ਿਲਮ ਰਾਹੀਂ ਪੰਜਾਬੀ ਫ਼ਿਲਮਾਂ ਨੇ ਵਿਦੇਸ਼ਾਂ ਵਿਚ ਨਵੀਂ ਮੰਡੀ ਲੱਭ ਲਈ ਅਤੇ ਪੰਜਾਬੀ ਫ਼ਿਲਮ ਦਾ ਸਮੁੰਦਰੋਂ ਪਾਰ ਪਰਦਾਪੇਸ਼ ਹੋ ਸਕਣਾ ਸੰਭਵ ਹੋ ਸਕਿਆ। ਇਸ ਨਾਲ ਨਵੀਆਂ ਪੰਜਾਬੀ ਫ਼ਿਲਮਾਂ ਬਣਨ ਦਾ ਸਬੱਬ ਬਣਿਆ ਪਰ ਇਸ ਸ਼ੁਰੂਆਤ ਨੇ ਫ਼ਿਲਮ ਦੇ ਵਿਸ਼ਿਆਂ ਨੂੰ ਵਿਦੇਸ਼ੀ ਕਿਰਦਾਰਾਂ ਅਤੇ ਕਹਾਣੀਆਂ ਦੁਆਲੇ ਸੁੰਗੇੜਨਾ ਸ਼ੁਰੂ ਕਰ ਦਿੱਤਾ। ਫ਼ਿਲਮ ਦਾ ਨਾਇਕ ਵਿਦੇਸ਼ ਨੂੰ ਵਡਿਆਉਂਦਾ ਹੋਇਆ ਵੱਡੀਆਂ ਕੋਠੀਆਂ ਵਿਚ ਰਹਿੰਦੇ ਧਨਾਢ ਪੰਜਾਬੀਆਂ ਨੂੰ ਸਾਕਾਰ ਕਰਨ ਦਾ ਸਬੱਬ ਬਣ ਗਿਆ। ਯੂ.ਪੀ.-ਬਿਹਾਰ ਤੋਂ ਆਏ ਪਰਵਾਸੀਆਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਸਮਝਣ ਦਾ ਰੁਝਾਨ ਪਰਦਾ 'ਤੇ ਦਿਖਣ ਲੱਗਿਆ। ਪੰਜਾਬ ਦੀਆਂ ਮੁਸ਼ਕਿਲਾਂ ਦਾ ਹੱਲ ਸੁਝਾਉਣ ਲਈ ਪਰਵਾਸੀ ਮਸੀਹਿਆਂ ਦੀ ਦੱਸ ਪੈਣ ਲੱਗੀ। ਮੂਧੇ ਹੋਏ ਪਏ ਪੰਜਾਬ ਨੂੰ ਮਹਿਲਾਂ ਅਤੇ ਸ਼ਾਨਦਾਰ ਕਾਰਾਂ ਦੀ ਚਮਕ ਹੇਠ ਲੁਕੋਣ ਦਾ ਸਬੱਬ ਇਹ ਫ਼ਿਲਮਾਂ ਬਣੀਆਂ। 'ਵਾਪਸੀ' ਦਾ ਇਹ 'ਸ਼ਾਨਦਾਰ' ਦੌਰ ਕਈ ਸਾਲ ਚੱਲਿਆ ਅਤੇ ਆਪਣੀ ਚਾਲੇ ਹੀ ਪਤਨ ਵੱਲ ਚਲਾ ਗਿਆ ਕਿਉਂਕਿ ਇਨ੍ਹਾਂ ਵਿਸ਼ਿਆਂ ਦੀ ਥਾਂ ਹੁਣ ਬੇਸਿਰ-ਪੈਰ ਦੀਆਂ ਹਾਸਰਸ ਫ਼ਿਲਮਾਂ ਨੇ ਲੈ ਲਈ ਹੈ। ਹਾਸਰਸ ਫ਼ਿਲਮਾਂ ਦਾ ਦੌਰ ਸਿਖਰਾਂ 'ਤੇ ਹੈ ਪਰ ਨੇੜ-ਭਵਿੱਖ ਵਿਚ ਇਹਦੇ ਵੀ ਪਤਨ ਵੱਲ ਜਾਣ ਦੀ ਸੰਭਾਵਨਾ ਹੈ। ਉਂਜ ਇਹ ਖਤਮ ਨਹੀਂ ਹੋਵੇਗਾ।

ਸੋਚਣਾ ਬਣਦਾ ਹੈ ਕਿ ਪਹਿਲੀਆਂ ਤਿੰਨ ਵੱਖਰੀਆਂ ਵੰਨਗੀਆਂ ਦੀਆਂ ਫ਼ਿਲਮਾਂ ਦੀ ਕੜੀ ਵਿਚ ਤਜਰਬੇ ਕਿਉਂ ਨਹੀਂ ਹੋ ਸਕੇ? ਪੰਜਾਬੀ ਸਿਨੇਮਾ ਉਲਟੇ ਪੈਰੀਂ ਕਿਵੇਂ ਹੋ ਗਿਆ? ਪੰਜਾਬੀ ਸਿਨੇਮੇ ਦੇ ਬਿਹਤਰ ਭਵਿੱਖ ਲਈ ਸਾਨੂੰ ਇਨ੍ਹਾਂ ਸਵਾਲਾਂ ਦੇ ਸਨਮੁੱਖ ਹੋਣਾ ਪਵੇਗਾ। ਪਿਛਲੇ ਦਹਾਕੇ ਵਿਚ ਦੋ-ਚਾਰ ਫ਼ਿਲਮਾਂ ਨੂੰ ਛੱਡ ਕੇ ਪੰਜਾਬੀ ਸਿਨੇਮਾ ਵਿਚ ਵਿਸ਼ੇ ਅਤੇ ਤਕਨੀਕ ਪੱਖੋਂ ਕੋਈ ਮਿਆਰੀ ਤਬਦੀਲੀ ਨਹੀਂ ਆਈ। ਹੁਣ ਵੀ ਪੰਜਾਬੀ ਫ਼ਿਲਮਾਂ ਦੇ ਸ਼ਾਨਦਾਰ ਦੌਰ ਦਾ ਦਾਅਵਾ ਕੀਤਾ ਜਾ ਰਿਹਾ ਹੈ ਜੋ ਵਰਿੰਦਰ ਵੇਲੇ ਵੀ ਕੀਤਾ ਜਾਂਦਾ ਸੀ।

ਵਿਸ਼ੇ ਪੱਖੋਂ ਤਜਰਬੇ ਕਰਨ ਬਿਨਾਂ ਸਾਡਾ ਗੁਜ਼ਾਰਾ ਨਹੀਂ ਹੋ ਸਕਦਾ। ਬੁਰੀਆਂ ਫ਼ਿਲਮਾਂ ਬਣਾ ਕੇ ਭਾਂਡਾ ਦਰਸ਼ਕਾਂ ਸਿਰ ਭੰਨ੍ਹਣ ਦੀ ਪਿਰਤ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ। ਦਰਸ਼ਕ ਹਰ ਵਿਸ਼ੇ 'ਤੇ ਬਣੀ ਫ਼ਿਲਮ ਦੇਖਣ ਦੇ ਸਮਰੱਥ ਹੁੰਦਾ ਹੈ। ਚੰਗੇ ਵਿਸ਼ੇ ਅਤੇ ਫ਼ਿਲਮ ਦੀ ਦਰਸ਼ਕਾਂ ਤੱਕ ਪਹੁੰਚ ਫ਼ਿਲਮਸਾਜ਼ਾਂ ਦਾ ਸੰਕਟ ਹੈ। ਦਰਸ਼ਕ ਇਹਦਾ ਕਸੂਰਵਾਰ ਨਹੀਂ ਹੈ।


HURRY! LIMITED-TIME OFFER!
your farmaish
jus punjabi
iPad mini
HOME ENTERTAINMENT ANYWHERE.
Only from DISH
Get an iPad® mini FREE when you sign up for DISH and the Hopper.®
Cannot be combined with promotional pricing. Must subscribe to qualifying American programming starting at $54.99/mo in addition to International programming. Requires 24-month commitment, credit qualification and qualifying programming.
Did you know that the first Indian woman in space was a Punjabi trailblazer? With the Hopper, we're trailblazing a new way to watch your home entertainment anywhere.
WATCH WHAT YOU LOVE
LOVE HOW YOU WATCH IT
PTC PUNJABI
etc ਪੰਜਾਬੀ
jus punjabi
GET ਪੰਜਾਬੀ
mh MH ONE
And many more!
PUNJABI PACK $24.99/mo
AMERICA'S TOP 120
Over 190 American channels starting at $29.99/month for 12 months.†
†Requires 24-month commitment and credit qualification. Monthly DVR and receiver fees apply.
Only the Hopper® gives you the power to:
• Watch all your live and recorded TV anywhere*
• Instantly skip commercials*
• Store up to 2,000 hours of your favorite shows
*Feature must be enabled by customer.
Call now! 1-888-926-5479
or visit DishPunjabiTV.com
dish™
Important Terms and Conditions: Promotional Offers: Require activation of new qualifying DISH service. All prices, fees, charges, packages, programming, features, functionality and offers subject to change without notice. After 12-month promotional period, then-current everyday monthly price applies and is subject to change. ETF: If you cancel service during first 24 months, early termination fee of $20 for each month remaining applies. For iPad mini offer, if you cancel service during first 24 months, early termination fee of $30 for each month remaining applies. Activation fee may apply.
Additional requirements: For iPad mini Offer: Customer must select Hopper system and minimum of America's Top 120 package; allow 4-6 weeks for delivery; offer not available in Puerto Rico or USVI. ETF based in part on everyday price (i.e. non-promotional price) for programming. Available while supplies last. Model subject to change without notice. Hopper Features: AutoHop feature is only available with playback the next day of select primetime shows on ABC, CBS, FOX, and NBC as part of PrimeTime Anytime feature. Both features are subject to availability. Installation/Equipment Requirements: Free Standard Professional Installation only. Certain equipment is leased and must be returned to DISH upon cancellation or unreturned equipment fees apply. Upfront and additional monthly fees apply. Recording hours vary; 2000 hours based on SD programming. Equipment comparison based on equipment available from major TV providers as of 1/17/14. Watching live and recorded TV anywhere requires an Internet-connected, Sling-enabled DVR and compatible mobile device. Miscellaneous: Offers available for new and qualified former customers, and subject to terms of applicable Promotional and Residential Customer agreements. State reimbursement charges may apply. Additional restrictions and taxes may apply. Offers end 6/12/14.
© 2014 DISH Network L.L.C. All rights reserved. iPad is a trademark of Apple Inc., registered in the U.S. and other countries. Apple is not a participant in or sponsor of this promotion.

# ਉਤਰੀ ਕੈਲੀਫੋਰਨੀਆ ਦੇ ਵਾਸੀਆਂ ਦੇ ਧਿਆਨਯੋਗ

# ਨਵੇਂ ਡਾਕਟਰੀ ਇਲਾਜ ਰਾਹੀਂ ਲੱਤਾਂ ਦੇ ਦਰਦ, ਪੈਰਾਂ ਦੇ ਦਰਦ ਅਤੇ ਨਸਾਂ ਦੇ ਦਰਦ ਤੋਂ ਤੁਰੰਤ ਰਾਹਤ ਮਿਲਦੀ ਹੈ

(ਮੈਡੀਕੇਅਰ ਅਤੇ ਮੈਡੀਕੈਲ ਕਵਰ ਕਰਦੀ ਹੈ)




ਨੀਲੀਆਂ (ਵੈਰੀਕੋਜ਼) ਨਸਾਂ — ਸੋਜ਼ਿਸ਼ — ਅਲਸਰ

## ਯੂਬਾ ਸਿਟੀ, ਸੈਕਰਾਮੈਂਟੋ, ਸਟਾਕਟਨ, ਮਾਡੈਸਟੋ, ਮਰਸਡ, ਫਰਿਜ਼ਨੋ, ਬੇਕਰਜ਼ਫੀਲਡ

ਅਤੇ ਨਾਲ ਲੱਗਦੇ ਹੋਰ ਸ਼ਹਿਰਾਂ ਵਿਚ ਵੀ ਕਲੀਨਿਕ ਖੁਲ੍ਹ ਚੁਕੀ ਹੈ। ਸਲਾਹ ਲੈਣ, ਇਹ ਪਤਾ ਲਾਉਣ ਕਿ ਤੁਸੀਂ ਇਸ ਬਹੁਤ ਹੀ ਕਾਰਗਰ ਇਲਾਜ਼ ਲਈ ਯੋਗ ਹੋ, ਅੱਜ ਹੀ ਕਾਲ ਕਰੋ

## ਫੋਨ: 1-888-473-0372

## ਸਾਡੇ ਮਰੀਜ ਆਪਣੇ ਅਨੁਭਵ ਬਾਰੇ ਕੀ ਕਹਿੰਦੇ ਹਨ?

ਪਿਛਲੇ ਦਸ ਸਾਲਾਂ ਤੋਂ ਮੈਂ ਲੱਤਾਂ ਵਿਚ ਹੁੰਦੇ ਦਰਦ ਤੋਂ ਬੇਹਦ ਪ੍ਰੇਸ਼ਾਨ ਸੀ ਅਤੇ ਵਰ੍ਹਿਆਂ ਤੋਂ ਕੌਮਾਡੀਨ ਲੈਂਦਾ ਆ ਰਿਹਾ ਸਾਂ।
ਮੈਂ ਪੈਸਿਫਿਕ ਕੋਸਟ ਮੈਡੀਕਲ ਸੈਂਟਰ ਤੋਂ ਇਲਾਜ ਕਰਵਾਇਆ ਤਾਂ ਮੇਰੀਆਂ ਲੱਤਾਂ ਅਤੇ ਪੈਰ ਪਹਿਲਾਂ ਦੇ ਮੁਕਾਬਲੇ ਕਿਤੇ ਚੰਗੇ ਹਨ।
ਕਲੀਨਿਕ ਦਾ ਸਟਾਫ ਬਹੁਤ ਹੀ ਚੰਗਾ ਲੱਗਿਆ ਅਤੇ ਇਲਾਜ ਦੌਰਾਨ ਜ਼ਰਾ ਜਿੰਨੀ ਵੀ ਤਕਲੀਫ ਨਹੀਂ ਹੋਈ। ਮੈਂ ਆਪਣੇ ਰੋਜ਼-ਬਰੋਜ਼ ਦੇ ਕੰਮ-ਕਾਜ ਉਸੇ ਹੀ ਦਿਨ ਤੋਂ ਕਰਨ ਲੱਗ ਪਿਆ। ਮੈਂ ਹਰ ਉਸ ਸਖਸ਼ ਨੂੰ ਇਹ ਇਲਾਜ ਕਰਵਾਉਣ ਦੀ ਸਲਾਹ ਦਿਆਂਗਾ ਜੋ ਲੱਤਾਂ ਅਤੇ ਵੈਰੀਕੋਜ਼ ਵੀਨਜ਼ ਦੇ ਦਰਦ ਤੋਂ ਪ੍ਰੇਸ਼ਾਨ ਹੈ।

*-ਹਾਵਰਡ ਡੈਂਪਸੀ (ਰਿਟਾਇਰਡ), ਉਮਰ 74 ਸਾਲ*

ਮੇਰੀਆਂ ਲੱਤਾਂ ਵਿਚ ਜਾਨ ਕੱਢ ਲੈਣ ਵਾਲੀ ਦਰਦ ਹੋਇਆ ਕਰਦੀ ਸੀ। ਮੇਰੀਆਂ ਲੱਤਾਂ ਵਿਚ ਹਮੇਸ਼ਾ ਹੀ ਕੜੱਲ ਪੈਂਦੇ ਰਹਿੰਦੇ ਸਨ।
ਮੈਂ ਪੈਸਿਫਿਕ ਮੈਡੀਕਲ ਕੋਸਟ ਸੈਂਟਰ ਬਾਰੇ ਇਕ ਲੇਖ ਪੜ੍ਹਿਆ ਜਿਸ ਤੋਂ ਪਤਾ ਲੱਗਾ ਕਿ ਉਹ ਲੱਤਾਂ ਦੇ ਦਰਦ ਦੇ ਮਰੀਜ ਹਨ, ਦਾ ਇਲਾਜ ਕਰਦੇ ਹਨ। ਮੈਂ ਕਲੀਨਿਕ ਜਾਣ ਅਤੇ ਸਲਾਹ ਲੈਣ ਦਾ ਫੈਸਲਾ ਕੀਤਾ। ਰੱਬ ਦਾ ਸ਼ੁਕਰ ਹੈ ਕਿ ਮੈਂ ਇੰਜ ਕੀਤਾ।
ਹੁਣ ਮੈਨੂੰ 75% ਆਰਾਮ ਹੈ ਅਤੇ ਕੜੱਲ ਬਿਲਕੁਲ ਨਹੀਂ ਪੈਂਦੇ।
ਪੈਸਿਫਿਕ ਕੋਸਟ ਮੈਡੀਕਲ ਸੈਂਟਰ ਵਾਲਿਆਂ ਦਾ ਬਹੁਤ ਬਹੁਤ ਧੰਨਵਾਦ ਜਿਨ੍ਹਾਂ ਮੈਨੂੰ ਮੁੜ ਜ਼ਿੰਦਗੀ ਦੇ ਰਾਹ ਪਾਇਆ।

*-ਫਲੋਰਾ ਐਸ (ਰਿਟਾਇਰਡ), ਉਮਰ 77 ਸਾਲ।*

## ਅਸੀਂ ਮਹੀਨੇ ਵਿਚ ਸਿਰਫ 30 ਅਪੁਆਇੰਟਮੈਂਟਾਂ ਹੀ ਲੈਂਦੇ ਹਾਂ, ਸੋ ਅੱਜ ਹੀ ਕਾਲ ਕਰੋ

## ਫੋਨ: 1-888-473-0372